
Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763

WEBSITE: DHOLRADIO.ORG
Dhol Radio
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
Request Song

Listen On Phone
Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210
Music 24/7
Application for android and iPhone- Dhol Radio

ਵਧੀਆ ਅਤੇ ਸਸਤੀ ਇੰਸ਼ੋਰੈਂਸ
GILL FINANCIAL
AND INSURANCE SERVICES
AUTO.HOME.LIFE.BUSINESS.HEALTH
(510)888-1180 (209)524-4008
31080 UNION CITY BLVD. STE#201 UNION CITY, CA 94587
WWW.GILLFINANCIAL.COM
ਕਾਰ, ਘਰ, ਲਿਕਰ ਸਟੋਰ ਅਤੇ ਬਿਜਨਸ ਇੰਸ਼ੋਰੈਂਸ

Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 27, July 5, 2014 20451 N Plum Grove Rd., Palatine, IL 60074 Ph:847-359-0746, Fax:847-705-9388

# ਧਰਮ ਉਤੇ ਸਿਆਸਤ ਦਾ ਸਾਇਆ

## ਵੱਖਰੀ ਕਮੇਟੀ ਦੀ ਮੰਗ ਨੂੰ ਵੀ ਬਾਦਲਾਂ ਨੇ ਧਰਮ ਵਿਚ ਦਖਲਅੰਦਾਜ਼ੀ ਨਾਲ ਜੋੜਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਦੇ ਉਤੇ ਸਿਆਸਤ ਇਸ ਕਦਰ ਭਾਰੂ ਪੈ ਗਈ ਹੈ ਕਿ ਧਰਮ ਨੂੰ ਉੱਕਾ ਹੀ ਲਾਂਭੇ ਕਰ ਕੇ ਆਪਣੇ ਹਿੱਤਾਂ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ। ਇਕ ਪਾਸੇ ਹਰਿਆਣਾ ਦੇ ਬਹੁ-ਗਣਿਤੀ ਸਿੱਖ ਕਾਂਗਰਸ ਦੀ ਸਿੱਧੀ ਹਮਾਇਤ ਨਾਲ ਵੱਖਰੀ ਗੁਰਦੁਆਰਾ ਕਮੇਟੀ ਦੇ ਹੱਕ ਵਿਚ ਡਟ ਗਏ ਹਨ, ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਕਵਾਇਦ ਨੂੰ ਰੋਕਣ ਲਈ ਹਰ ਹਰਬਾ ਵਰਤ ਰਹੀ ਹੈ। ਹਰਿਆਣਾ ਦੇ ਸਿੱਖ ਵੱਖਰੀ ਕਮੇਟੀ ਨੂੰ ਆਪਣਾ ਹੱਕ ਦੱਸ ਰਹੇ ਹਨ ਪਰ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਇਸ ਨੂੰ ਕਾਂਗਰਸ ਦੀ ਸਿਆਸੀ ਚਾਲ ਕਰਾਰ ਦੇ ਕੇ ਸਿੱਧੇ ਵਿਰੋਧ 'ਤੇ ਉਤਰ ਆਏ ਹਨ।

ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦੇ ਮਾਮਲੇ ਵਿਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੀ ਕੁੱਦ ਪਏ ਅਤੇ ਉਨ੍ਹਾਂ ਵੱਖਰੀ ਕਮੇਟੀ ਦੇ ਅਮਲ ਨੂੰ ਮੋੜਾ ਪਾਉਣ ਖਾਤਰ ਹਰਿਆਣਾ ਦੇ ਸਿੱਖ ਆਗੂ ਜਗਦੀਸ਼ ਸਿੰਘ ਝੀਂਡਾ ਸਮੇਤ ਪੰਜ ਆਗੂਆਂ ਨੂੰ ਇਸ ਮਾਮਲੇ ਬਾਰੇ ਵਿਚਾਰ ਕਰਨ ਲਈ ਅੰਮ੍ਰਿਤਸਰ ਬੁਲਾਇਆ। ਇਨ੍ਹਾਂ ਆਗੂਆਂ ਵਿਚ ਦੀਦਾਰ ਸਿੰਘ ਨਲਵੀ, ਅਪਾਰ ਸਿੰਘ, ਹਰਮਨਪ੍ਰੀਤ ਸਿੰਘ ਤੇ ਮੌਜੂਦਾ ਸ਼੍ਰੋਮਣੀ ਕਮੇਟੀ ਮੈਂਬਰ ਬਾਬਾ ਗੁਰਮੀਤ ਸਿੰਘ ਤਲੋਕੇਵਾਲਾ ਸ਼ਾਮਲ ਹਨ।

ਉਧਰ, ਇਸ ਮਸਲੇ ਨੂੰ ਲੈ ਕੇ ਸਿੱਖ ਜਗਤ ਅੰਦਰ ਤਿੱਖੀ ਬਹਿਸ ਸ਼ੁਰੂ ਹੋ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕ ਖਦਸ਼ਾ ਪ੍ਰਗਟਾ ਰਹੇ ਹਨ ਕਿ ਵੱਖਰੀ ਕਮੇਟੀ ਬਣਨ ਨਾਲ ਪੰਥ ਦੋ ਹਿੱਸਿਆਂ ਵਿਚ ਵੰਡਿਆ ਜਾਵੇਗਾ, ਧਰਮ ਨੂੰ ਢਾਹ ਲੱਗੇਗੀ ਤੇ ਸਿੱਖ ਸ਼ਕਤੀ ਕਮਜ਼ੋਰ ਹੋਵੇਗੀ। ਵੱਖਰੀ ਕਮੇਟੀ ਦਾ ਵਿਰੋਧ ਕਰਨ ਵਾਲੇ ਇਸ ਨੂੰ ਕਾਂਗਰਸ ਦੀ ਕੋਝੀ ਚਾਲ ਦੱਸ ਰਹੇ ਹਨ। ਦੂਜੇ ਪਾਸੇ ਸਿੱਖ ਜਗਤ ਅੰਦਰ ਇਹ ਵਿਚਾਰ ਵੀ ਉਭਰ ਕੇ ਆਇਆ ਹੈ ਕਿ ਹਰਿਆਣਾ ਦੇ ਸਿੱਖ ਵੱਖਰੀ ਕਮੇਟੀ ਦੀ ਮੰਗ ਲਈ ਮਜਬੂਰ ਕਿਉਂ ਹੋਏ। ਉਨ੍ਹਾਂ ਦਾ ਵਿਚਾਰ ਹੈ ਕਿ ਜੇ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਨਾਲ ਨਿਭਾਉਂਦੇ ਤਾਂ ਇਹ ਹਾਲਾਤ ਪੈਦਾ ਹੀ ਨਹੀਂ ਹੋਣੇ ਸਨ।

ਹਰਿਆਣਾ ਦੇ ਸਿੱਖਾਂ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ 'ਤੇ ਪੱਖਪਾਤ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਹਰਿਆਣਾ ਦੇ ਸਿੱਖਾਂ ਨੂੰ ਕਮੇਟੀ ਦੇ ਅਦਾਰਿਆਂ ਵਿਚ ਨੌਕਰੀਆਂ ਤੋਂ ਦੂਰ ਰੱਖਿਆ ਜਾ ਰਿਹਾ ਹੈ। ਸੂਬੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਵਿਚ 95 ਫ਼ੀਸਦੀ ਨੌਕਰੀਆਂ ਪੰਜਾਬੀਆਂ ਲਈ ਰਾਖਵੀਆਂ ਹਨ। ਉਨ੍ਹਾਂ ਦੋਸ਼ ਲਾਇਆ ਹੈ ਕਿ ਹਰਿਆਣਾ ਦੇ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਹੋਣ ਕਰ ਕੇ ਕਰੋੜਾਂ ਰੁਪਏ ਦਾ ਵਿੱਤੀ ਘਾਟਾ ਪੈ ਰਿਹਾ ਹੈ।

ਗੁਰਦੁਆਰਿਆਂ ਦੇ ਨਾਂ ਪਈ ਹਜ਼ਾਰਾਂ ਏਕੜ ਜ਼ਮੀਨ ਸਸਤੇ ਭਾਅ ਠੇਕੇ 'ਤੇ ਦਿੱਤੀ ਗਈ ਹੈ ਜਿਸ ਦਾ ਵੱਡਾ ਹਿੱਸਾ ਬੰਜਰ ਹੋ ਕੇ ਰਹਿ ਗਿਆ ਹੈ। ਸੂਤਰਾਂ ਦੀ ਜਾਣਕਾਰੀ ਅਨੁਸਾਰ ਹਰਿਆਣਾ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ

(ਬਾਕੀ ਸਫਾ 6 'ਤੇ)




*ਅੰਬਾਲਾ (ਹਰਿਆਣਾ) ਵਿਖੇ ਸਥਿਤ ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ ਪਾਤਸ਼ਾਹੀ 8ਵੀਂ ਦੇ ਇਤਿਹਾਸ ਵਾਲਾ ਬੋਰਡ।*

## ਹਰਿਆਣਾ ਅਕਾਲੀ ਦਲ ਵੀ ਡਟਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਹਰਿਆਣਾ ਨੇ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਕ ਵਿਚ ਡਟਣ ਦਾ ਐਲਾਨ ਕਰ ਦਿੱਤਾ ਹੈ। ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਹਰਿਆਣਾ ਤੋਂ ਚੁਣੇ ਗਏ ਚਾਰ ਮੈਂਬਰਾਂ ਦੀ ਵੀ ਹਮਾਇਤ ਦਾ ਦਾਅਵਾ ਕੀਤਾ ਹੈ। ਦਲ ਦੇ ਪ੍ਰਧਾਨ ਤੇ ਅੰਬਾਲਾ ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਹਰਪਾਲ ਸਿੰਘ ਪਾਲੀ ਤੇ ਅਮਰੀਕ ਸਿੰਘ ਜਨੇਤਪੁਰ ਨੇ ਦਾਅਵਾ ਕੀਤਾ ਕਿ ਹਰਿਆਣਾ ਤੋਂ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਕਮੇਟੀ ਦੇ ਬਾਦਲ ਪੱਖੀ ਮੈਂਬਰ ਵੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਕ ਵਿਚ ਹਨ। ਜਥੇਦਾਰ ਪਾਲੀ ਨੇ ਦੱਸਿਆ ਕਿ ਸਿਰਸਾ ਤੋਂ ਕਮੇਟੀ ਦੇ ਚੁਣੇ ਗਏ ਮੈਂਬਰ ਗੁਰਮੀਤ ਸਿੰਘ ਤ੍ਰਿਲੋਕੀ ਵਾਲੇ ਤੇ ਕਰਨਾਲ ਤੋਂ ਭੁਪਿੰਦਰ ਸਿੰਘ ਅਸੰਧ ਪਹਿਲਾਂ ਹੀ ਵੱਖਰੀ ਕਮੇਟੀ ਲਈ ਹਮਾਇਤ ਦੇਣ ਦਾ ਐਲਾਨ ਕਰ ਚੁੱਕੇ ਹਨ। ਜਥੇਦਾਰ ਪਾਲੀ ਤੇ ਜਨੇਤਪੁਰ ਸ਼੍ਰੋਮਣੀ ਕਮੇਟੀ ਲਈ ਅੰਬਾਲਾ ਦਿਹਾਤੀ ਤੇ ਸ਼ਹਿਰੀ ਹਲਕੇ ਤੋਂ ਮੈਂਬਰ ਚੁਣੇ ਗਏ ਸਨ। ਜਥੇਦਾਰ ਪਾਲੀ ਨੇ ਕਿਹਾ ਕਿ ਹਰਿਆਣਾ ਨੂੰ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਕ ਤੋਂ ਵਾਂਝਾ ਰੱਖਣਾ ਉੱਥੇ ਵਸਦੇ ਪੰਜਾਬੀਆਂ ਨਾਲ ਧੋਖਾ ਹੈ।

## ਇਰਾਕ ਸੰਕਟ ਨੇ ਪੰਜਾਬ ਹਲੂਣਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਇਰਾਕ ਸੰਕਟ ਲਗਾਤਾਰ ਗੰਭੀਰ ਰੂਪ ਧਾਰ ਰਿਹਾ ਹੈ ਪਰ ਭਾਰਤ ਸਰਕਾਰ ਉਥੇ ਫਸੇ 10 ਹਜ਼ਾਰ ਤੋਂ ਵੱਧ ਭਾਰਤੀਆਂ ਨੂੰ ਕੱਢਣ ਵਿਚ ਅਜੇ ਤੱਕ ਸਫਲ ਨਹੀਂ ਹੋਈ। ਭਾਰਤ ਸਰਕਾਰ ਨੇ ਜਲ ਸੈਨਾ ਦੇ ਦੋ ਜੰਗੀ ਬੇੜੇ ਫਾਰਸ਼ ਦੀ ਖਾੜੀ ਵਿਚ ਤਾਇਨਾਤ ਕਰ ਦਿੱਤੇ ਹਨ ਪਰ ਅਜੇ ਤਕ ਕੋਈ ਕਾਰਵਾਈ ਨਹੀਂ ਕੀਤੀ ਗਈ। ਜ਼ਿਆਦਾਤਰ ਭਾਰਤੀ ਇਰਾਕੀ ਸਰਕਾਰ ਦੇ ਕੰਟਰੋਲ ਹੇਠਲੇ ਇਲਾਕਿਆਂ ਵਿਚ ਹੀ ਰਹਿ ਰਹੇ ਹਨ ਅਤੇ ਇਸਲਾਮਿਕ ਸਟੇਟ ਆਫ ਇਰਾਕ ਐਂਡ ਸੀਰੀਆ (ਆਈ.ਐਸ.ਆਈ.ਐਸ.) ਦੇ ਜਹਾਦੀ ਹਾਲੇ ਤਕ ਬਗਦਾਦ, ਕਰਬਲਾ, ਨਜਫ ਤੇ ਬਸਰਾ ਜਿਹੇ ਸ਼ਹਿਰਾਂ 'ਤੇ ਕਬਜ਼ਾ ਕਰਨ ਵਿਚ ਕਾਮਯਾਬ ਨਹੀਂ ਹੋ ਸਕੇ। ਇਸ ਵੇਲੇ ਸੁੰਨੀ ਜਹਾਦੀਆਂ ਦੇ ਕਬਜ਼ੇ ਵਿਚ 39 ਭਾਰਤੀ ਕਾਮੇ ਹੀ ਹਨ ਜਿਨ੍ਹਾਂ ਨੂੰ ਜ਼ਿਆਦਾ ਖਤਰਾ ਹੈ। ਇਹ ਭਾਰਤੀ ਇਰਾਕ ਦੇ ਮੌਸੂਲ ਸ਼ਹਿਰ ਬੰਦੀ ਬਣਾਏ ਹੋਏ ਹਨ। ਭਾਰਤੀ ਵਿਦੇਸ਼ ਮੰਤਰਾਲੇ ਦਾ ਦਾਅਵਾ ਹੈ ਕਿ ਜਹਾਦੀਆਂ ਵੱਲੋਂ ਭਾਰਤੀ ਕਾਮਿਆਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ ਤੇ ਸਰਕਾਰ ਉਨ੍ਹਾਂ ਦੀ ਸੁਰੱਖਿਅਤ ਰਿਹਾਈ ਦੇ ਯਤਨ ਕਰ ਰਹੀ ਹੈ। ਵਿਦੇਸ਼ ਮੰਤਰਾਲੇ ਅਨੁਸਾਰ ਇਰਾਕ ਦੇ ਜੰਗ ਵਾਲੇ ਖੇਤਰ ਵਿਚ 100 ਤੋਂ ਘੱਟ ਭਾਰਤੀ ਫਸੇ ਹੋਏ ਹਨ। ਇਨ੍ਹਾਂ ਵਿਚ 39 ਭਾਰਤੀ ਮੌਸੂਲ ਵਿਚ ਹਨ ਤੇ 46 ਨਰਸਾਂ ਤਿਕਰਿਤ ਵਿਚ ਹਨ।

ਦੂਜੇ ਪਾਸੇ ਪੀੜਤ ਪਰਿਵਾਰਾਂ ਨੇ ਸਰਕਾਰ ਵੱਲੋਂ ਕੀਤੀ ਜਾ ਰਹੀ ਕਾਰਵਾਈ 'ਤੇ ਅਸੰਤੁਸ਼ਟੀ ਦਾ ਪ੍ਰਗਟਾਵਾ ਕਰਦਿਆਂ ਦਾਅਵਾ ਕੀਤਾ ਕਿ ਸਰਕਾਰ ਦਾ ਬੰਦੀ ਬਣਾਏ

(ਬਾਕੀ ਸਫਾ 6 'ਤੇ)

REAL ESTATE & HOME LOANS

Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ !
AMAN HUNDAL
Broker / Associate
Century 21
M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

STATEN SOLAR
AFFORDABLE ENERGY FOR EVERYONE

ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ

Commercial, Agricultural and Residential

Choose between $0 Down Lease or Lowest Cash Price

ਅਪਣੇ ਸਟੋਰ, ਫਾਰਮ ਅਤੇ ਘਰ ਫਰੀ ਸੋਲਰ ਸਿਸਟਮ ਲਗਵਾਓ। ਬਿਜਲੀ ਦੇ ਬਿੱਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ





Simran Deol
(Solar Engineer)
661-412-4728

ਕੀ ਤੁਸੀਂ ਅਪਣੇ ਸਟੋਰ, ਬਿਜ਼ਨਿਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜ਼ਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ? ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ

ਫਰੀ, ਮਾਹਿਰਾਨਾ ਅਤੇ ਸਹੀ ਸਲਾਹ

7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜ਼ਰਬਾ

20 ਸਾਲ ਬਿਲਕੁਲ ਫਰੀ ਮੇਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ ਭਾਲ ਅਤੇ ਇਸ਼ੋਰੈਂਸ ਦੀ ਜ਼ਿੰਮੇਵਾਰੀ ਵੀ ਕੰਪਨੀ ਦੀ।

- $ 0 down Worry Free Lease
- Fixed Monthly Bill, No Increase
- Guaranteed Lowest Monthly Bill
- Or Buy the System for Lowest Price
- Top Quality Product
- 20 Year Performance Guarantee
- 25 Year Guarantee for Panels
- FREE Maintenance for 20 years
- No Need to Worry About Increasing Cost of Utility
- Professional Installation
- 24/7 Monitoring

Receive $500 By Referring Friends.
www.Statensolar.com

No One Can Beat Our Price Guaranteed!

ਪਹਿਲੀ ਵਾਰ ਟਾਇਰਾਂ ਦੀ ਸਭ ਤੋਂ ਵੱਡੀ ਸੇਲ

GILL EXPRESS

TRUCK TIRE ON SALE

WITH PURCHASE OF 8 TIRES

269.99 Installed

LP22.5

CASH PRICE STEER OR DRIVE

PRICE GOOD @ THESE LOCATIONS
Bakersfield @ 24/7 Truck Stop
Fresno @ Kline Truck Stop
Frazier Park @ Flying J Truck Stop
Ripon @ Jimco Truck Stop



FET, SALES TAX, MOUNTING INCLUDED

INSTALLED OUT THE DOOR PRICE

661-203-0433

# ਗੁਰਦੁਆਰਾ ਫਰੀਮਾਂਟ ’ਚ ਸੂਰਜੀ ਬਿਜਲੀ ਵਾਲੇ ਕਾਰਖਾਨੇ ਦਾ ਉਦਘਾਟਨ

**ਫਰੀਮਾਂਟ, ਕੈਲੀਫੋਰਨੀਆ:** ਦੋ ਸਾਲਾਂ ਦੀ ਸਖਤ ਮਿਹਨਤ ਤੋਂ ਬਾਦ ਅੰਤ ਸੂਰਜੀ ਬਿਜਲੀ ਨਾਲ ਗੁਰਦੁਆਰਾ ਫਰੀਮਾਂਟ ਦੇ ਸਾਰੇ ਬਿਜਲਈ ਯੰਤਰ ਚੱਲਣ ਲੱਗ ਪਏ। ਲੰਘੇ ਐਤਵਾਰ ਸੰਗਤਾਂ ਦੀ ਹਾਜ਼ਰੀ ਵਿਚ ਸੋਲਰ ਸਿਸਟਮ ਦਾ ਉਦਘਾਟਨ ਕੀਤਾ ਗਿਆ।

ਸਕੱਤਰ ਭਾਈ ਗੁਰਿੰਦਰ ਸਿੰਘ ਨੇ ਸੰਗਤਾਂ ਨੂੰ ਅੱਜ ਹੋਣ ਵਾਲੇ ਸੂਰਜੀ ਪ੍ਰਬੰਧ ਦੇ ਉਦਘਾਟਨ ਬਾਰੇ ਦੱਸਿਆ ਅਤੇ ਸੰਗਤਾਂ ਨੂੰ ਇਸ ਉਦਘਾਟਨ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ। ਪੰਜਾਂ ਸਿੰਘਾਂ ਨੇ ਸੁਪਰੀਮ ਕੌਂਸਲ, ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਸੰਗਤਾਂ ਦੀ ਹਾਜ਼ਰੀ ਵਿਚ ਅਰਦਾਸ ਦੀ ਸੰਪੂਰਨਤਾ ਤੋਂ ਬਾਦ ਜੈਕਾਰਿਆਂ ਦੀ ਗੂੰਜ ਵਿਚ ਉਦਘਾਟਨ ਕੀਤਾ। ਸਭ ਨੇ ਇਕ ਦੂਜੇ ਨੂੰ ਸੂਰਜੀ ਉਪਕਰਨ ਦੇ ਉਦਘਾਟਨ ਦੀਆਂ ਵਧਾਈਆਂ ਵੀ ਦਿੱਤੀਆਂ। ਉਪਰੰਤ ਸੰਗਤਾਂ-ਪ੍ਰਬੰਧਕਾਂ ਨੇ ਵਾਰੀ ਵਾਰੀ ਗੁਰਦੁਆਰਾ ਸਾਹਿਬ ਦੀ ਛੱਤ ਉਤੇ ਚੜ੍ਹ ਕੇ ਸੂਰਜੀ ਪਲਾਂਟ ਵੇਖਿਆ, ਜਿਸ ਦੇ ਸੂਰਜੀ ਪੈਨਲ ਸਾਰੀ ਛੱਤ ਉਤੇ ਫੈਲੇ ਹੋਏ ਹਨ।

ਉਪਰੰਤ ਸੁਪਰੀਮ ਕੌਂਸਲ ਮੈਂਬਰ ਭਾਈ ਜਸਦੇਵ ਸਿੰਘ ਨੇ ਕੰਪਿਊਟਰ ਦੀ ਸਹਾਇਤਾ ਨਾਲ ਸੂਰਜੀ ਪਲਾਂਟ ਬਾਰੇ ਵਿਸਥਾਰ ਨਾਲ ਸੰਗਤਾਂ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਫਰੀਮਾਂਟ ਦੀ ਸ਼ਹਿਰੀ ਸਰਕਾਰ ਅਤੇ ਪੀ ਜੀ ਈ ਬਿਜਲੀ ਕੰਪਨੀ ਨੇ ਇਸ ਸੂਰਜੀ ਪਲਾਂਟ ਦੀ ਜਾਂਚ ਪੜਤਾਲ ਅਤੇ ਨਿਸ਼ਾਨਦੇਹੀ ਕਰਕੇ ਇਸ ਨੂੰ ਤਸੱਲੀਬਖਸ਼ ਹੋਣ ਦੇ ਪ੍ਰਮਾਣ ਪੱਤਰ ਜਾਰੀ ਕਰ ਦਿੱਤੇ ਹਨ। ਇਸ ਨਾਲ ਗੁਰਦੁਆਰਾ ਸਾਹਿਬ ਨੂੰ ਫਾਇਦਾ ਹੋਵੇਗਾ।

ਸੰਗਤਾਂ ਵਿਚੋਂ ਹੀ ਬਹੁਤ ਸਾਰੇ ਸੱਜਣਾਂ-ਮਿੱਤਰਾਂ ਨੇ ਸੂਰਜੀ ਪਲਾਂਟ ਲਗਾਉਣ ਵਿਚ ਮਾਇਕ ਸਹਾਇਤਾ ਵਿਚ ਵੀ ਹੱਥ ਵਟਾਇਆ ਹੈ।

ਸੋਲਰ ਸਿਸਟਮ ਸੂਰਜੀ ਕਿਰਨਾਂ ਦੀ ਤਪਸ਼ ਨੂੰ ਬਿਜਲੀ ਵਿਚ ਬਦਲ ਕੇ ਬਿਜਲੀ ਦੇ ਸਾਰੇ ਯੰਤਰਾਂ ਨੂੰ ਚਲਾਉਣ ਦੀ ਸਮਰੱਥਾ ਰਖਦਾ ਹੈ।



















*Sponsored Page*

# ਦਲਿਤਾਂ ਦੀ ਹੱਕ-ਜਤਾਈ



ਜ਼ਮੀਨ ਦੀ ਬੋਲੀ ਮੌਕੇ ਪੁਲਿਸ ਨੂੰ ਅਸਲ ਨੁਕਤਾ ਸਮਝਾ ਰਹੀ ਸੰਦੀਪ ਕੌਰ ਅਤੇ ਏਕਤਾ ਕਲੱਬ ਦੀਆਂ ਹੋਰ ਮੈਂਬਰ ਕੁੜੀਆਂ।

**ਪੰਜਾਬ ਵਿਚ ਜਾਤ-ਪਾਤੀ ਪ੍ਰਬੰਧ ਭਾਰਤ ਦੇ ਹੋਰ ਹਿੱਸਿਆਂ ਜਿੰਨਾ ਕਰੂਰ ਨਹੀਂ ਹੈ, ਪਰ ਦਲਿਤ ਜਦੋਂ ਕਦੀ ਵੀ ਆਪਣੇ ਹੱਕਾਂ ਲਈ ਉਠਦੇ ਹਨ ਤਾਂ ਉਚ ਜਾਤੀ ਲੋਕ ਉਨ੍ਹਾਂ ਨੂੰ ਮਿੱਧਣ ਲਈ ਪੂਰਾ ਟਿੱਲ ਲਾ ਦਿੰਦੇ ਹਨ। ਇਨ੍ਹੀ ਦਿਨੀਂ ਸੰਗਰੂਰ ਜ਼ਿਲ੍ਹੇ ਦੇ ਕੁਝ ਪਿੰਡਾਂ ਵਿਚ ਇਹੀ ਕੁਝ ਵਾਪਰ ਰਿਹਾ ਹੈ ਜਿਥੇ ਦਲਿਤ ਪੰਚਾਇਤੀ ਜ਼ਮੀਨ ਖੁਦ ਠੇਕੇ ਉਤੇ ਲੈਣ ਲਈ ਯਤਨਸ਼ੀਲ ਹਨ। ਇਨ੍ਹਾਂ ਪਿੰਡਾਂ ਵਿਚ ਦਲਿਤਾਂ ਦਾ ਬਾਈਕਾਟ ਤਾਂ ਕੀਤਾ ਹੀ ਗਿਆ, ਉਨ੍ਹਾਂ ਦੀ ਕੁੱਟ-ਮਾਰ ਵੀ ਕੀਤੀ ਗਈ। ਪ੍ਰਸ਼ਾਸਨ ਨੇ ਵੀ ਉਚ ਜਾਤੀ ਵਾਲਿਆਂ ਦਾ ਸਾਥ ਦਿੱਤਾ। ਇਸ ਵਰਤਾਰੇ ਬਾਰੇ ਅਸੀਂ ਇਥੇ ਅਮਨ ਸੇਠੀ ਦੀ ਰਿਪੋਰਟ ਛਾਪ ਰਹੇ ਹਾਂ ਜਿਸ ਦਾ ਅੰਗਰੇਜ਼ੀ ਤੋਂ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।**

## ਵਿਸ਼ੇਸ਼ ਰਿਪੋਰਟ

ਮਤੋਈ ਪਿੰਡ ਦੇ ਪੰਚਾਇਤ ਘਰ ਵਿਚ ਕੁਰਸੀਆਂ 'ਤੇ ਬੈਠੇ ਅੱਧਖੜ੍ਹ ਉਮਰ ਦੇ ਜੱਟ ਸਿੱਖ, ਲਿਮਕੇ ਦੀਆਂ ਚੁਸਕੀਆਂ ਭਰ ਰਹੇ ਹਨ। ਆਪਣੇ ਅੱਗੇ ਬੈਠੀ 24 ਸਾਲਾ ਔਰਤ ਵੱਲ ਉਹ ਕੋਈ ਤਵੱਜੋਂ ਨਹੀਂ ਦੇ ਰਹੇ। ਸੰਦੀਪ ਕੌਰ ਪੁਲਿਸ ਵਲੋਂ ਲਾਈ ਰੋਕ ਤੋਂ ਪਿਛਾਂਹ, ਮਰਦਾਂ ਤੋਂ 10 ਫੁੱਟ ਹਟਵੀਂ ਫਰਸ਼ 'ਤੇ ਬੈਠੀ ਨਾਅਰੇ ਲਾ ਰਹੀ ਹੈ।

"ਸੂਚੀਦਰਜ ਜਾਤਾਂ ਲਈ ਰਾਖਵੀਂ 17 ਬਿੱਘੇ ਪੰਚਾਇਤੀ ਜ਼ਮੀਨ ਦੀ ਬੋਲੀ ਸ਼ੁਰੂ ਕੀਤੀ ਜਾਂਦੀ ਹੈ", ਬੀ.ਡੀ.ਪੀ.ਓ ਧੀਮੀ ਸੁਰ 'ਚ ਕਹਿੰਦਾ ਹੈ।

"ਚੋਰ! ਚੋਰ!!" ਸੰਦੀਪ ਟੋਕਦੀ ਹੈ।

ਪੰਜਾਬ ਸ਼ਾਮਲਾਤ ਜ਼ਮੀਨ (ਰੈਗੂਲੇਸ਼ਨ) ਐਕਟ-1961 ਤਹਿਤ ਪਿੰਡ ਦੀ ਜ਼ਮੀਨ ਇਸ ਸ਼ਰਤ 'ਤੇ ਸਭ ਤੋਂ ਵੱਧ ਬੋਲੀ ਦੇਣ ਵਾਲੇ ਨੂੰ ਠੇਕੇ 'ਤੇ ਦੇਣ ਦੀ ਵਿਵਸਥਾ ਹੈ ਕਿ ਇਸ ਦਾ ਤੀਜਾ ਹਿੱਸਾ ਦਲਿਤਾਂ ਲਈ ਰਾਖਵਾਂ ਹੋਵੇਗਾ ਅਤੇ ਇਸ ਦੀ ਬੋਲੀ ਵੱਖਰੀ ਹੋਵੇਗੀ। ਫਿਰ ਵੀ ਸਾਲਾਂ ਤੋਂ ਜੱਟ ਕਿਸਾਨ ਦਲਿਤ ਮੋਹਰਿਆਂ ਰਾਹੀਂ ਇਸ ਅਮਲ ਦੀਆਂ ਧੱਜੀਆਂ ਉਡਾਉਂਦੇ ਆਏ ਹਨ। ਸਰਕਾਰੀ ਅਧਿਕਾਰੀ ਨਿੱਜੀ ਗੱਲਬਾਤ 'ਚ ਕਬੂਲ ਕਰਦੇ ਹਨ ਕਿ ਵਿਹੜੇ ਵਾਲਿਆਂ ਦੇ ਇਹ ਇਲਜ਼ਾਮ ਸੱਚੇ ਹਨ। ਇਸ ਵਾਰ ਸੰਗਰੂਰ ਦੇ ਹੀ ਘੱਟੋ-ਘੱਟ ਪੰਜ ਪਿੰਡਾਂ ਵਿਚ ਜ਼ਮੀਨ ਦੀ ਬੋਲੀ 'ਚ ਖ਼ਲਲ ਪਿਆ ਹੈ। ਬਾਲਦ ਕਲਾਂ ਪਿੰਡ ਦੀ 100 ਏਕੜ ਰਾਖਵੀਂ ਜ਼ਮੀਨ ਦੀ ਬੋਲੀ ਮੌਕੇ ਪਿੰਡ ਵਾਲਿਆਂ ਅਤੇ ਸਰਕਾਰੀ ਅਧਿਕਾਰੀਆਂ ਦਰਮਿਆਨ ਝੜਪ ਵਿਚ ਚਾਰ ਔਰਤਾਂ ਤੇ ਸੱਤ ਪੁਲਸੀਏ ਫੱਟੜ ਹੋਏ। ਪੇਂਡੂ ਵਿਕਾਸ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਡਰ ਵੱਢ-ਵੱਢ ਖਾ ਰਿਹਾ ਹੈ ਕਿ ਇਹ ਹਵਾ ਕਿਤੇ ਪੂਰੇ ਪੰਜਾਬ ਵਿਚ ਨਾ ਚੱਲ ਪਵੇ।

ਪੰਜਾਬ ਦੀ 32 ਫ਼ੀਸਦੀ ਆਬਾਦੀ ਦਲਿਤ ਹੈ ਜੋ ਅਨੁਪਾਤ ਦੇ ਲਿਹਾਜ ਨਾਲ ਮੁਲਕ ਵਿਚ ਸਭ ਤੋਂ ਵੱਧ ਹੈ। ਪਿੰਡ ਦੇ ਵਸੀਲਿਆਂ ਉਪਰ ਦਾਅਵੇਦਾਰੀ ਨੂੰ ਲੈ ਕੇ ਅਕਸਰ ਅੰਤਰ-ਜਾਤੀ ਟਕਰਾਅ ਭੜਕ ਉੱਠਦੇ ਹਨ। ਐਪਰ ਕਾਰਕੁਨਾਂ ਦਾ ਕਹਿਣਾ ਹੈ ਕਿ ਜਦੋਂ ਤਾਈਂ ਹਾਲਾਤ ਬੇਕਾਬੂ ਨਹੀਂ ਹੋ ਜਾਂਦੇ, ਉਦੋਂ ਤਾਈਂ ਜ਼ਿਆਦਾਤਰ ਹਿੰਸਾ ਸਾਹਮਣੇ ਨਹੀਂ ਆਉਂਦੀ। ਇਸ ਦੀ ਇਕ ਵਜ੍ਹਾ ਐੱਸ.ਸੀ.ਐੱਸ.ਟੀ.(ਜ਼ੁਲਮ ਰੋਕੂ) ਐਕਟ-1989 ਤਹਿਤ ਪੁਲਿਸ ਵਲੋਂ ਕੇਸ ਦਰਜ ਨਾ ਕਰਨਾ ਵੀ ਹੈ।

2009 'ਚ ਮਾਨਸਾ ਵਿਚ ਪੰਚਾਇਤੀ ਜ਼ਮੀਨ ਤੋਂ ਬੇਦਖ਼ਲ ਕੀਤੇ ਗ਼ਰੀਬ ਪਰਿਵਾਰਾਂ ਲਈ ਰਿਹਾਇਸ਼ੀ ਪਲਾਟਾਂ ਦੀ ਮੰਗ ਨੂੰ ਲੈ ਕੇ ਸੰਘਰਸ਼ ਉਪਰ ਪ੍ਰਸ਼ਾਸਨ ਨੇ ਹਮਲਾ ਕਰ ਕੇ 1300 ਅੰਦੋਲਨਕਾਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ ਜਿਨ੍ਹਾਂ ਵਿਚ ਜ਼ਿਆਦਾਤਰ ਬੇਜ਼ਮੀਨੇ ਦਲਿਤ ਸਨ। 2003 ਵਿਚ ਵੀ ਦੋ ਟਕਰਾਅ ਹੋਏ ਸਨ- ਇਕ ਤੱਲ੍ਹਣ (ਜਲੰਧਰ) ਵਿਚ ਧਾਰਮਿਕ ਸਥਾਨ ਦੇ ਚੜ੍ਹਾਵੇ ਦੇ ਕਬਜ਼ੇ ਨੂੰ ਲੈ ਕੇ ਅਤੇ ਦੂਜਾ ਹਸਨਪੁਰ (ਸੰਗਰੂਰ) ਵਿਚ ਸ਼ਾਮਲਾਤ ਦੀ ਜ਼ਮੀਨ ਉਪਰ ਹੱਕ ਬਾਰੇ। ਮਤੋਈ ਪਿੰਡ ਵਿਚ ਕਾਗਜ਼ੀ ਕਾਰਵਾਈ ਹੁਣ ਅਫ਼ਸਰਸ਼ਾਹੀ ਵਿਚ ਪੁੱਗਤ ਵਾਲੀਆਂ ਭਾਰੂ ਜਾਤਾਂ ਅਤੇ 10 ਨੌਜਵਾਨ ਦਲਿਤ ਔਰਤਾਂ ਦਰਮਿਆਨ ਸ਼ਰੇਆਮ ਟਕਰਾਅ ਬਣ ਚੁੱਕੀ ਹੈ। 18 ਤੋਂ 24 ਸਾਲ ਦੀਆਂ ਇਹ ਔਰਤਾਂ ਹਰ ਹਫ਼ਤੇ ਸੰਦੀਪ ਕੌਰ ਦੇ ਬਿਊਟੀ ਪਾਰਲਰ 'ਚ ਜੁੜਦੀਆਂ ਹਨ।

ਬੋਲੀ ਲਗਾਏ ਜਾਣ ਵਾਲੇ ਦਿਨ ਗਲੀਆਂ 'ਚ ਜੱਟਾਂ ਦੇ ਹਜੂਮ ਉਪਰ ਖ਼ਾਮੋਸ਼ੀ ਛਾਈ ਹੋਈ ਹੈ। ਬੋਲੀ ਵਾਲੀ ਥਾਂ ਜੱਟ ਸਰਪੰਚ, ਜੱਟ ਅਧਿਕਾਰੀਆਂ ਅਤੇ ਜੱਟ ਪੁਲਸੀਆਂ ਨਾਲ ਚੌੜਾ ਹੋ ਕੇ ਬੈਠਾ ਹੈ। ਉਥੇ ਹਾਜ਼ਰ ਦੋ ਦਲਿਤ ਦਾਅਵਾ ਕਰਦੇ ਹਨ ਕਿ ਉਹ ਆਪਣੇ ਪੈਸਿਆਂ ਨਾਲ ਬੋਲੀ ਦੇਣ ਆਏ ਹਨ।

ਇਕ ਘਰੇਲੂ ਸੁਆਣੀ ਅਮਰਜੀਤ ਕੌਰ ਕਹਿੰਦੀ ਹੈ ਕਿ ਉਸ ਨੇ ਇਕ ਸਾਲ ਲਈ ਇਹ ਜ਼ਮੀਨ ਠੇਕੇ 'ਤੇ ਲੈਣ ਲਈ ਆਪਣਾ ਗਹਿਣਾ-ਗੱਟਾ ਵੇਚਿਆ ਹੈ। ਪੁੱਛਣ 'ਤੇ ਉਹ ਕਹਿੰਦੀ ਹੈ ਕਿ ਬੱਸ ਵੇਚ ਦਿੱਤਾ। ਦੂਜਾ ਬੋਲੀਕਾਰ ਇਕ ਬੇਜ਼ਮੀਨਾ ਮਜ਼ਦੂਰ ਪਰਸਾ ਰਾਮ ਹੈ। ਉਹ ਕਹਿੰਦਾ ਹੈ- 'ਕੋਈ ਨਾ ਕੋਈ ਫ਼ਸਲ' ਉਗਾਉਣ ਲਈ ਉਹ ਕਰਜ਼ਾ ਲੈਣ ਲਈ ਤਿਆਰ ਹੈ ਚਾਹੇ 'ਕਿੰਨਾ ਵੀ ਵਿਆਜ ਦੇਣਾ ਪਵੇ'। ਬੋਲੀ 7000 ਰੁਪਏ ਪ੍ਰਤੀ ਬਿੱਘਾ ਤੋਂ ਸ਼ੁਰੂ ਹੁੰਦੀ ਹੈ। ਪਰਸਾ ਰਾਮ 7100 ਰੁਪਏ ਦੀ ਬੋਲੀ ਦਿੰਦਾ ਹੈ; ਅਮਰਜੀਤ ਕੌਰ ਆਪਣੇ ਪਿੱਛੇ ਬੈਠੇ ਜੱਟ ਕਿਸਾਨ ਵੱਲ ਝਾਕਦੀ ਹੈ ਅਤੇ ਉਸ ਦੀ ਸਹਿਮਤੀ ਨਾਲ 7200 ਰੁਪਏ ਬੋਲੀ ਦੇ ਕੇ ਜ਼ਮੀਨ ਲੈ ਲੈਂਦੀ ਹੈ।

ਸੰਦੀਪ ਕਹਿੰਦੀ ਹੈ- "ਕਿਸੇ ਵੀ ਦਲਿਤ ਕੋਲ ਐਨੇ ਪੈਸੇ ਨਹੀਂ, ਇਹ ਲੋਕ ਜੱਟਾਂ ਦੇ ਮੋਹਰੇ ਨੇ। ਇਹ ਬੋਲੀ ਰੋਕੋ!"

ਬੋਲੀ ਹੋ ਚੁੱਕੀ ਹੈ। ਬੀ.ਡੀ.ਪੀ.ਓ. ਆਪਣੀ ਮਹਿੰਗੀ ਗੱਡੀ ਤੋਰਨ ਤੋਂ ਪਹਿਲਾਂ ਮੈਨੂੰ ਕਹਿੰਦਾ ਹੈ- "ਕੀ ਸਬੂਤ ਹੈ ਕਿ ਇਸ ਬੋਲੀ ਪਿੱਛੇ ਉਚ ਜਾਤੀਆਂ ਦਾ ਹੱਥ ਹੈ। ਇਨ੍ਹਾਂ ਦੋਸ਼ਾਂ 'ਚ ਕੋਈ ਸਚਾਈ ਨਹੀਂ।"

ਪੰਦਰਾਂ ਕੁ ਮਿੰਟ ਮਗਰੋਂ ਡਾਂਗਾਂ ਨਾਲ ਲੈਸ ਟੋਲਾ ਸਰਪੰਚ ਜੋਰਾ ਸਿੰਘ ਦੇ ਘਰੋਂ ਨਿਕਲ ਕੇ ਤਿੰਨ ਦਲਿਤਾਂ ਨੂੰ ਜ਼ਮੀਨ 'ਤੇ ਢਾਹ ਕੇ ਡਾਂਗਾਂ, ਘਸੁੰਨਾਂ ਅਤੇ ਠੁੱਡਿਆਂ ਨਾਲ ਝੰਬਣਾ ਸ਼ੁਰੂ ਕਰ ਦਿੰਦਾ ਹੈ। ਮੈਂ ਭੈਅ-ਭੀਤ ਖੜ੍ਹਾ ਝਾਕ ਰਿਹਾ ਹਾਂ। ਪੁਲਿਸ ਪਹਿਲਾਂ ਮੌਜ ਨਾਲ ਬੈਠੀ ਰਹਿੰਦੀ ਹੈ, ਫਿਰ ਉਨ੍ਹਾਂ ਨੂੰ ਰੋਕਦੀ ਹੈ। ਸੰਦੀਪ ਮੈਨੂੰ ਮੁਖ਼ਾਤਿਬ ਹੋ ਕੇ ਕਹਿੰਦੀ ਹੈ- "ਤੁਹਾਨੂੰ ਸਾਡੇ ਪਿੰਡ ਦੀ ਹਰ ਚੀਜ਼ ਮਾਲੂਮ ਹੋ ਗਈ ਹੈ। ਤੁਸੀਂ ਅੱਖੀਂ ਦੇਖ ਹੀ ਲਿਆ ਹੈ ਕਿ ਅਸੀਂ ਆਪਣੀ ਜ਼ਮੀਨ ਲਈ ਕਿਉਂ ਲੜ ਰਹੇ ਹਾਂ।"... ਪਰ ਜ਼ਮੀਨ 'ਚ ਉਹ ਕੀ ਬੀਜੇਗੀ?

"ਚਾਰਾ ਬੀਜਾਂਗੀ।" ਮਤੋਈ ਪਿੰਡ 'ਚ 7200 ਰੁਪਏ ਬੋਲੀ ਲਾਉਣ ਵਾਲੀ ਅਮਰਜੀਤ ਕੌਰ ਕਹਿੰਦੀ ਹੈ।

ਪੰਜਾਬ ਦਾ ਹਰਾ ਇਨਕਲਾਬ ਤਾਂ ਕਣਕ-ਝੋਨੇ ਦੀ ਕਥਾ ਹੈ। ਰੁੱਤ-ਦਰ-ਰੁੱਤ, ਗੇੜ-ਦਰ-ਗੇੜ, ਸਾਲ-ਦਰ-ਸਾਲ; ਪਰ ਇਹ ਬੇਜ਼ਮੀਨੇਪਣ ਅਤੇ ਕੱਖਾਂ ਦੀ ਦਰਦ-ਕਹਾਣੀ ਵੀ ਹੈ। ਪਹਿਲੀ ਦਫ਼ਾ 1960ਵਿਆਂ 'ਚ ਪੰਜਾਬ ਵਿਚ ਝੋਨਾ ਬੀਜੇ ਜਾਣ ਵਕਤ ਕਿਸਾਨਾਂ ਨੂੰ ਸੁਣਾਉਣੀ ਕਰ ਦਿੱਤੀ ਗਈ ਸੀ ਕਿ ਨਦੀਨਾਂ ਨਾਲ ਫ਼ਸਲ ਦੇ ਝਾੜ 'ਤੇ ਅਸਰ ਪਵੇਗਾ। ਸੰਦੀਪ ਦੀ ਮਾਂ ਅਮਰਜੀਤ ਦੱਸਦੀ ਹੈ- "ਜੱਟ ਸਾਨੂੰ ਝੋਨੇ 'ਚੋਂ ਨਦੀਨ ਕੱਢਣ ਲਈ ਲੈ ਜਾਂਦੇ। ਇਹ ਕੱਖ ਅਸੀਂ ਆਪਣੇ ਡੰਗਰਾਂ ਨੂੰ ਪਾ ਲੈਂਦੇ।" ਤੇ ਜਦੋਂ ਨਸ਼ੀਨ-ਮਾਰ ਦਵਾਈਆਂ ਆ ਗਈਆਂ, ਤਾਂ ਕੱਖ ਕੱਢਣ ਦਾ ਕੰਮ ਵੀ ਨਹੀਂ ਰਿਹਾ। ਪੰਜਾਬ ਦੀ 88 ਫ਼ੀਸਦੀ ਦਲਿਤ ਆਬਾਦੀ ਦੀ ਤਰ੍ਹਾਂ ਸੰਦੀਪ ਦੇ ਟੱਬਰ ਕੋਲ ਵੀ ਪੱਠੇ ਬੀਜਣ ਲਈ ਜ਼ਮੀਨ ਨਹੀਂ ਹੈ। ਉਸ ਦੀਆਂ ਮਾਂ ਅਤੇ ਚਾਚੀਆਂ-ਤਾਈਆਂ ਨੂੰ ਕੱਖਾਂ ਲਈ ਕਈ ਕਈ ਘੰਟੇ ਖਾਲਾਂ ਅਤੇ ਬੇਗਾਨੇ ਖੇਤਾਂ ਦੇ ਵੱਟਾਂ-ਬੰਨਿਆਂ 'ਤੇ ਧੱਕੇ ਖਾਣੇ ਪੈਂਦੇ ਹਨ।

ਸੰਦੀਪ ਦੀ ਮਾਂ ਨੇ ਉਸ ਨੂੰ ਖੇਤਾਂ 'ਚ ਨਹੀਂ ਜਾਣ ਦਿੱਤਾ; ਕੁੜੀ ਸਕੂਲ ਭੇਜੀ, ਸਿਲਾਈ-ਕਢਾਈ ਸਿਖਾਈ, ਅਤੇ ਕਾਲਜ ਦਾਖ਼ਲਾ ਲੈਣ ਲਈ ਜ਼ੋਰ ਪਾਇਆ।

ਅਮਰਜੀਤ ਕਹਿੰਦੀ ਹੈ- "ਇਥੇ ਇੱਜ਼ਤ ਸੁਰੱਖਿਅਤ ਨਹੀਂ। ਖੇਤਾਂ 'ਚ ਸਾਡੀਆਂ ਕੁੜੀਆਂ ਨੂੰ ਉਹ ਤੰਗ ਕਰਦੇ ਨੇ; ਕਈ ਵਾਰ ਤਾਂ ਬੇਪੱਤ ਵੀ ਕਰ ਦਿੰਦੇ ਨੇ। ਬੱਸ ਪੁੱਛੋਂ ਨਾ, ਉੱਚੀ ਜਾਤ ਵਾਲੇ ਸਾਨੂੰ ਕਿੰਨਾ ਜ਼ਲੀਲ ਕਰਦੇ ਨੇ।"

ਕਈ ਸਾਲ, ਇਸ ਟੱਬਰ ਵਿਚ ਕੱਖ ਖੋਤਣ ਦੇ ਸੰਤਾਪ ਨੂੰ ਕਿਸੇ ਨੇ ਨਹੀਂ ਗੌਲਿਆ। ਸੰਦੀਪ ਪੜ੍ਹਦੀ ਰਹੀ, ਉਸ ਦਾ ਵੀਰ ਅਤੇ ਬਾਪੂ ਦਿਹਾੜੀਦਾਰਾ ਕਰਦੇ ਰਹੇ, ਅਤੇ ਅਮਰਜੀਤ ਗਲ ਪਿਆ ਢੋਲ ਵਜਾਉਂਦੀ ਰਹੀ।



ਬੋਲੀ ਤੋਂ ਬਾਅਦ ਦਲਿਤਾਂ ਉਤੇ ਹਮਲਾ ਕਰ ਰਹੇ ਉਚ ਜਾਤੀ ਦੇ ਲੋਕ।

ਸੰਦੀਪ ਸਕੂਲ ਦੀ ਪੜ੍ਹਾਈ ਮੁਕਾ ਕੇ ਕਾਲਜ ਜਾਣ ਲੱਗੀ, ਡਿਪਲੋਮਾ ਵੀ ਕਰ ਲਿਆ। ਪਹਿਲਾਂ ਸਿਲਾਈ ਕਰਦੀ ਰਹੀ, ਤੇ ਫਿਰ ਕੰਮ ਸਿੱਖ ਕੇ ਉਥੇ ਹੀ ਬਿਊਟੀ ਪਾਰਲਰ ਖੋਲ੍ਹ ਲਿਆ। ਜਦੋਂ ਉਹ ਆਪਣੇ ਵੀਰ ਦੇ ਮੋਬਾਈਲ ਉਪਰ ਇੰਟਰਨੈੱਟ ਖੋਲ੍ਹਦੀ ਤਾਂ ਆਪਣੇ ਭਾਈਚਾਰੇ ਨੂੰ ਪਰੋਸੇ ਗਾਲ੍ਹ-ਮੰਦੇ ਨੂੰ ਦੇਖ ਕੇ ਸੁੰਨ ਹੋ ਜਾਂਦੀ।

"ਪਹਿਲਾਂ-ਪਹਿਲਾਂ ਤਾਂ ਮੈਂ ਇਹ ਆਨ-ਲਾਈਨ ਬੇਇੱਜ਼ਤੀ ਦੇਖ ਕੇ ਰੋ-ਕੁਰਲਾਅ ਛੱਡਦੀ। ਫਿਰ ਮੈਂ ਠੋਕ ਕੇ ਜਵਾਬ ਦੇਣ ਲੱਗੀ", ਉਹ ਦੱਸਦੀ ਹੈ।

2012 ਵਿਚ ਉਸ ਨੇ ਆਂਢ-ਗੁਆਂਢ ਦੀਆਂ 10 ਹੋਰ ਕੁੜੀਆਂ ਇਕੱਠੀਆਂ ਕਰ ਕੇ ਪਿੰਡ ਦੀਆਂ ਦਲਿਤ ਕੁੜੀਆਂ ਨੂੰ ਤਾਕਤਵਰ ਬਣਾਉਣ ਲਈ 'ਏਕਤਾ ਕਲੱਬ' ਬਣਾ ਲਿਆ। ਪਹਿਲੇ ਪੌਡੇ ਵਜੋਂ, ਉਸ ਨੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹੀਆਂ ਹੋਣ ਲਈ ਸਿਲਾਈ ਸਿਖਾਈ। ਦਿੱਲੀ ਦੇ ਦਾਮਨੀ ਕਾਂਡ ਦੀ ਖ਼ਬਰ ਸੁਣ ਕੇ ਉਨ੍ਹਾਂ ਨੇ ਹਰ ਤਰ੍ਹਾਂ ਦੀ ਜਿਨਸੀ ਛੇੜ-ਛਾੜ ਨਾਲ ਟੱਕਰ ਲੈਣ ਦਾ ਇਰਾਦਾ ਧਾਰ ਲਿਆ।

"ਸਾਨੂੰ ਕੁਝ ਨਹੀਂ ਸੀ ਸੁੱਝਦਾ ਕੀ ਸ਼ੁਰੂ ਕਰੀਏ", ਉਹ ਚੇਤੇ ਕਰਦੀ ਹੈ। ਤੇ ਫਿਰ ਪਿਛਲੇ ਸਾਲ ਇਕ ਦਿਨ ਉਸ ਦੀ ਮਾਂ ਇਕ ਹੱਥ ਨਾਲ ਅੱਖਾਂ ਪੂੰਝਦੀ ਅਤੇ ਦੂਜੇ 'ਚ ਕੱਖਾਂ ਦਾ ਝੱਬਾ ਫੜੀ ਘਰ ਮੁੜ ਆਈ।... ਸੰਦੀਪ ਨੂੰ ਕਾਜ ਮਿਲ ਗਿਆ।

"ਅਸੀਂ ਪੈਸੇ ਇਕੱਠੇ ਕਰ ਕੇ ਪੰਚਾਇਤੀ ਜ਼ਮੀਨ ਦੀ ਬੋਲੀ ਦੇਣ ਦਾ ਫ਼ੈਸਲਾ ਕੀਤਾ। ਅਸੀਂ ਸਾਰਿਆਂ ਜੋਗਾ ਚਾਰਾ ਉਗਾ ਲਿਆ ਕਰਾਂਗੇ ਅਤੇ ਫਿਰ ਕਿਸੇ ਨੂੰ ਜੱਟਾਂ ਦੇ ਖੇਤਾਂ 'ਚ ਜ਼ਲੀਲ ਨਹੀਂ ਹੋਣਾ ਪਵੇਗਾ।"

ਪਹਿਲਾਂ ਤਾਂ ਉਨ੍ਹਾਂ ਦਾ ਮਖੌਲ ਉਡਾਇਆ ਗਿਆ, ਫਿਰ ਹੱਲਾਸ਼ੇਰੀ ਮਿਲ ਗਈ। ਓੜਕ ਸਵਾ ਲੱਖ ਰੁਪਏ ਇਕੱਠੇ ਕਰ ਕੇ ਜਦੋਂ ਉਹ ਬਾਕੀ ਦਲਿਤਾਂ ਨੂੰ ਜੱਟਾਂ ਦੇ ਮੋਹਰੇ ਨਾ ਬਣਨ ਲਈ ਪ੍ਰੇਰਨ ਲੱਗੀਆਂ ਤਾਂ ਧਮਕੀਆਂ ਸ਼ੁਰੂ ਹੋ ਗਈਆਂ।

"ਸਰਪੰਚ ਕਹਿੰਦਾ, 'ਕੁੜੀਆਂ ਨੂੰ ਕਹਿ ਦਿਓ ਬਾਜ ਆ ਜਾਣ। ਨਹੀਂ ਤਾਂ ਪੂਰੇ ਪਿੰਡ ਦੇ ਸਾਹਮਣੇ ਐਸੀ ਬੇਇੱਜ਼ਤੀ ਕਰਾਂਗੇ ਕਿ ਵਿਆਹੁਣ ਜੋਗੀਆਂ ਨਹੀਂ ਛੱਡਾਂਗੇ'।" ਅਮਰਜੀਤ ਦੱਸਦੀ ਹੈ। "ਅਸੀਂ ਉਸ ਨੂੰ ਕਹਿ ਦਿੱਤਾ ਕਿ ਸਾਡੀਆਂ ਕੁੜੀਆਂ ਜਿਥੇ ਚਾਹੁਣਗੀਆਂ, ਉਥੇ ਵਿਆਹ ਕਰਾਉਣਗੀਆਂ।"

ਇਸ ਸਾਲ ਮਈ ਵਿਚ, ਪੰਚਾਇਤ ਨੇ ਰਾਖਵੀਂ ਜ਼ਮੀਨ ਦੀ ਬੋਲੀ ਰੱਖੀ ਅਤੇ ਘੱਟੋ-ਘੱਟ ਬੋਲੀ 8200 ਰੁਪਏ ਪ੍ਰਤੀ ਬਿੱਘਾ (41,000 ਰੁਪਏ ਪ੍ਰਤੀ ਏਕੜ) ਤੈਅ ਕਰ ਦਿੱਤੀ। "ਅਸੀਂ ਉਨ੍ਹਾਂ ਨੂੰ 3800 ਰੁਪਏ ਪ੍ਰਤੀ ਬਿੱਘਾ ਤੋਂ ਬੋਲੀ ਸ਼ੁਰੂ ਕਰਨ ਲਈ ਕਿਹਾ ਤਾਂ ਜੋ ਅਸੀਂ ਵੀ ਇਸ ਵਿਚ ਹਿੱਸਾ ਲੈ ਸਕੀਏ", ਸੰਦੀਪ ਕਹਿੰਦੀ ਹੈ, "ਪਰ ਉਨ੍ਹਾਂ ਨੇ ਨਾਂਹ ਕਰ ਦਿੱਤੀ। ਅਸੀਂ ਇਸ ਦਾ ਵਿਰੋਧ ਕੀਤਾ ਅਤੇ ਬੋਲੀ ਰੱਦ ਹੋ ਗਈ।" ਇਸ 'ਤੇ ਸਰਪੰਚ ਨੇ ਪਿੰਡ ਦਾ ਅਮਨ-ਅਮਾਨ ਭੰਗ ਕਰਨ ਬਦਲੇ ਸਾਨੂੰ ਜੇਲ੍ਹ ਭਿਜਵਾਉਣ ਦੀ ਧਮਕੀ ਦਿੱਤੀ।

ਪੇਂਡੂ ਵਿਕਾਸ ਅਤੇ ਪੰਚਾਇਤ ਮਹਿਕਮੇ ਦੇ ਜਾਇੰਟ ਡਾਇਰੈਕਟਰ ਸਿੰਗਲਾ ਅਨੁਸਾਰ ਬੋਲੀ ਦੀ ਕੀਮਤ ਉਥੋਂ ਸ਼ੁਰੂ ਹੁੰਦੀ ਹੈ ਜਿਥੇ ਪਿਛਲੇ ਸਾਲ ਬੋਲੀ ਟੁੱਟੀ ਹੁੰਦੀ ਹੈ। ਇਸ ਵਰ੍ਹੇ ਪੰਚਾਇਤ ਮਹਿਕਮੇ ਨੇ ਬੋਲੀ ਤੋਂ 25 ਫ਼ੀਸਦੀ ਹੋਰ ਉਗਰਾਹੁਣ ਦਾ ਟੀਚਾ ਮਿਥਿਆ ਹੈ। ਮਸਲਾ ਇਹ ਹੈ ਕਿ ਪਿਛਲੇ ਸਾਲਾਂ ਦੀ ਧੋਖਾਧੜੀ ਨੇ ਰਾਖਵੀਂ ਜ਼ਮੀਨ ਦਾ ਠੇਕਾ ਐਨਾ ਵਧਾ ਦਿੱਤਾ ਹੈ ਕਿ ਕੁਝ ਇਕ ਦਲਿਤ ਹੀ ਬੋਲੀ ਦੇ ਸਕਦੇ ਹਨ। ਠੇਕਾ ਵਧਾਉਣ 'ਤੇ ਬਜ਼ਿਦ ਪ੍ਰਸ਼ਾਸਨ ਧੱਕੜ ਜਾਤਾਂ ਦੇ ਹੱਥਾਂ 'ਤੇ ਚੜ੍ਹਿਆ ਹੋਇਆ ਹੈ।

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਕਾਰਕੁਨਾਂ ਦਾ ਕਹਿਣਾ ਹੈ ਕਿ ਸ਼ਾਮਲਾਤ ਦੀ ਜ਼ਮੀਨ ਹਾਸਲ ਕਰਨ ਲਈ ਤਾਂ ਦਲਿਤ ਦਹਾਕਿਆਂ ਤੋਂ ਲੜਦੇ ਆ ਰਹੇ ਹਨ ਪਰ ਇਸ ਅੰਦੋਲਨ ਨੂੰ ਬਲ 2009 'ਚ ਹੀ ਮਿਲਿਆ ਜਦੋਂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ 'ਚ ਜਥੇਬੰਦ ਹੋਏ ਬੇਨੜਾ ਪਿੰਡ ਦੇ ਦਲਿਤ 9 ਏਕੜ ਜ਼ਮੀਨ ਬੋਲੀ 'ਤੇ ਲੈਣ ਵਿਚ ਕਾਮਯਾਬ ਹੋ ਗਏ। ਪਹਿਲਾਂ ਤਾਂ ਪ੍ਰਸ਼ਾਸਨ ਮੰਨਣ ਲਈ ਤਿਆਰ ਨਹੀਂ ਸੀ ਪਰ ਓੜਕ ਰਜ਼ਾਮੰਦ ਹੋ ਗਿਆ। ਹਰ ਸਾਲ ਯੂਨੀਅਨ ਦੀ ਤਰਫ਼ੋਂ ਤਿੰਨ ਮੈਂਬਰ ਠੇਕਾ ਥੋੜ੍ਹਾ ਵਧਾ ਕੇ ਬੋਲੀ ਦਿੰਦੇ ਹਨ, ਤੇ ਪੂਰਾ ਭਾਈਚਾਰਾ ਜ਼ਮੀਨ 'ਤੇ ਚਾਰਾ ਬੀਜ ਲੈਂਦਾ ਹੈ। ਇਸ ਸਾਲ ਵੀ ਯੂਨੀਅਨ ਨੇ 18,000 ਰੁਪਏ ਪ੍ਰਤੀ ਏਕੜ ਦੇ ਹਿਸਾਬ ਜ਼ਮੀਨ ਠੇਕੇ 'ਤੇ ਲਈ ਹੈ, ਇਹ ਮਤੋਈ ਦੀ ਪੰਚਾਇਤ ਵਲੋਂ ਮੰਗੇ ਠੇਕੇ ਤੋਂ ਅੱਧਾ ਭਾਅ ਹੈ।

ਯੂਨੀਅਨ ਦੇ ਪ੍ਰਧਾਨ ਅਨੁਸਾਰ 400 ਰੁਪਏ ਦੇ ਇਵਜ਼ 'ਚ ਕੋਈ ਵੀ ਦਲਿਤ ਇਕ ਬਿਸਵਾ (0.05 ਏਕੜ) ਜ਼ਮੀਨ 'ਚ ਚਾਰਾ ਬੀਜ ਸਕਦਾ ਹੈ। ਥੋੜ੍ਹੀ ਜ਼ਮੀਨ ਹੋਣ ਕਾਰਨ ਕੋਈ ਵੀ ਦਸ ਬਿਸਵੇ (ਅੱਧਾ ਏਕੜ) ਤੋਂ ਵੱਧ ਨਹੀਂ ਬੀਜ ਸਕਦਾ। ਇਸ ਨਾਲ ਦਲਿਤਾਂ ਦੀ ਜ਼ਿੰਦਗੀ ਹੀ ਬਦਲ ਗਈ ਹੈ।

ਪੰਜਾਬ ਵਿਚ ਸਮਾਜਕ ਬਾਈਕਾਟ ਦੇ ਵਰਤਾਰੇ ਦੀ ਛਾਣ-ਬੀਣ ਦੇ ਕੰਮ 'ਚ ਜੁੱਟੇ ਦਲਿਤ ਕਾਰਕੁਨ ਸੱਤਪਾਲ ਅਨੁਸਾਰ ਪੰਜਾਬ ਵਿਚ ਜਾਤਪਾਤੀ ਦਾਬਾ ਯੂ.ਪੀ. ਜਾਂ ਬਿਹਾਰ ਵਰਗਾ ਸ਼ਰੇਆਮ ਨਹੀਂ ਹੈ। ਯਥਾਸਥਿਤੀ ਨੂੰ ਚੁਣੌਤੀ ਦਿੱਤੇ ਜਾਣ 'ਤੇ ਹੀ ਧੱਕੜ ਤਾਕਤਾਂ ਪੂਰੇ ਜ਼ੋਰ ਨਾਲ ਸਾਹਮਣੇ ਆਉਂਦੀਆਂ ਹਨ। ਬੌਪੁਰ ਦਾ ਸਰਪੰਚ ਇੰਨਾ ਤਾਂ ਮੰਨਦਾ ਹੈ ਕਿ "ਸ਼ਰਾਰਤੀ ਅਨਸਰਾਂ" ਵਲੋਂ ਬਾਈਕਾਟ ਦਾ ਐਲਾਨ ਕੀਤਾ ਗਿਆ ਪਰ ਹੋਰ ਪਾਬੰਦੀਆਂ ਤੋਂ ਮੁੱਕਰਦਾ ਹੈ। ਹੁਣ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਪੰਜਾਬ ਸਰਕਾਰ ਨੂੰ ਇਸ ਬਾਰੇ ਨੋਟਿਸ ਭੇਜਿਆ ਹੈ।

ਮਤੋਈ ਪਿੰਡ ਦੀ ਬੋਲੀ ਤੋਂ ਕੁਝ ਦਿਨ ਪਹਿਲਾਂ ਮੈਂ ਸੰਦੀਪ ਨੂੰ ਪੁੱਛਿਆ ਸੀ ਕਿ ਕੀ ਉਸ ਦੇ ਪਿੰਡ ਦੇ ਜੱਟ ਵੀ ਅਜਿਹਾ ਬਾਈਕਾਟ ਕਰ ਸਕਦੇ ਹਨ। ਉਦੋਂ ਉਸ ਨੇ ਇਹ ਆਖ ਕੇ ਅਜਿਹੀ ਸੰਭਾਵਨਾ ਖਾਰਜ ਕਰ ਦਿੱਤੀ ਕਿ ਇਹ ਪਿੰਡ ਮਲੇਰਕੋਟਲਾ ਦੇ ਲਾਗੇ ਹੋਣ ਕਾਰਨ ਦਲਿਤ ਰੋਜ਼ਗਾਰ ਲਈ ਜੱਟਾਂ ਦੇ ਮੁਥਾਜ ਨਹੀਂ; ਪਰ ਮਤੋਈ ਦੀ ਹਿੰਸਾ ਤੋਂ ਅਗਲੇ ਦਿਨ ਹੀ ਮੈਨੂੰ ਉਸ ਦਾ ਫ਼ੋਨ ਆ ਗਿਆ ਕਿ ਉਨ੍ਹਾਂ ਨੂੰ ਜੱਟਾਂ ਦੇ ਖ਼ਿਲਾਫ਼ ਗਾਲ੍ਹ-ਮੰਦਾ ਬੋਲਣ ਅਤੇ ਕੁੱਟਮਾਰ ਕਰਨ ਦੀ ਸ਼ਿਕਾਇਤ ਕਰਨੀ ਪਈ ਹੈ। ਰਿਪੋਰਟ ਦਰਜ ਕਰਾਉਣ ਲਈ ਉਨ੍ਹਾਂ ਨੂੰ ਥਾਣੇ ਅੱਗੇ ਧਰਨਾ ਦੇਣਾ ਪਿਆ, ਤੇ ਉਸ ਪਿੰਡ 'ਚ ਵੀ ਦਲਿਤਾਂ ਦਾ ਬਾਈਕਾਟ ਕਰ ਦਿੱਤਾ ਗਿਆ।

ਪਿੰਡ ਦੇ ਜੱਟ ਕਿਸਾਨਾਂ ਨੇ ਪੁਸ਼ਟੀ ਕੀਤੀ ਕਿ ਪਿੰਡ ਦੇ ਸਰਪੰਚ ਜੋਰਾ ਸਿੰਘ ਨੇ ਸੰਦੀਪ ਦੇ ਟੱਬਰ ਨਾਲੋਂ ਸਾਰਿਆਂ ਨੂੰ ਸਬੰਧ ਤੋੜ ਲੈਣ ਲਈ ਕਿਹਾ ਹੈ ਪਰ ਉਹ ਬਾਈਕਾਟ ਨਹੀਂ ਕਰਨਗੇ। ਸਰਪੰਚ ਇਨ੍ਹਾਂ ਦੋਸ਼ਾਂ ਤੋਂ ਮੁੱਕਰ ਰਿਹਾ ਹੈ।

ਸੰਦੀਪ ਕਹਿੰਦੀ ਹੈ ਕਿ ਉਹ ਅਤੇ ਉਸ ਦੇ ਮਾਪੇ ਬਾਈਕਾਟ ਤੋਂ ਨਹੀਂ ਡਰਦੇ। "ਸਾਡੇ ਘਰ ਹੀ ਪਖ਼ਾਨਾ ਬਣਿਆ ਹੋਇਆ ਹੈ। ਮੇਰਾ ਵੀਰ ਮਲੇਰਕੋਟਲੇ ਕੰਮ ਕਰਦਾ ਹੈ, ਤੇ ਮੇਰਾ ਬਾਪੂ ਆਪਣੇ ਮੁਸਲਮਾਨ ਮਿੱਤਰਾਂ ਤੋਂ ਹਰਾ ਚਾਰਾ ਲੈ ਆਇਆ ਕਰੇਗਾ। ਅਸੀਂ ਇਨ੍ਹਾਂ ਲੋਕਾਂ ਦੇ ਮੁਥਾਜ ਨਹੀਂ। ਅਸੀਂ ਕਦੇ ਵੀ ਮੁਥਾਜ ਨਹੀਂ ਬਣਾਂਗੇ।"

ਪਰ ਸਵਾਲ ਇਹ ਹੈ ਕਿ ਬਾਕੀ ਦਲਿਤ ਭਾਈਚਾਰੇ ਦੀ ਮੁਥਾਜਗੀ ਦਾ ਸੰਤਾਪ ਕਦੋਂ ਖ਼ਤਮ ਹੋਵੇਗਾ?

*('ਬਿਜਨੈੱਸ ਸਟੈਂਡਰਡ' ਵਿਚ ਛਪੀ ਵਿਸ਼ੇਸ਼ ਰਿਪੋਰਟ)*

# ਅਕਾਲੀ-ਭਾਜਪਾ ਲੋਕ ਸਭਾ ਮੈਂਬਰਾਂ ਵਿਰੁਧ ਪਟੀਸ਼ਨਾਂ

**ਚੰਡੀਗੜ੍ਹ:** ਸਿਆਸੀ ਲੜਾਈ ਅੱਗੇ ਤੋਰਦਿਆਂ ਕਾਂਗਰਸ ਨੇ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਛੇ ਨਵੇਂ ਚੁਣੇ ਸੰਸਦ ਮੈਂਬਰਾਂ ਦੀ ਚੋਣ ਰੱਦ ਕਰਨ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਛੇ ਪਟੀਸ਼ਨਾਂ ਦਾਖਲ ਕਰ ਦਿੱਤੀਆਂ ਹਨ। ਇਨ੍ਹਾਂ ਪਟੀਸ਼ਨਾਂ ਵਿਚ ਦੋਸ਼ ਲਾਇਆ ਗਿਆ ਹੈ ਕਿ ਚੁਣੇ ਗਏ ਅਕਾਲੀ-ਭਾਜਪਾ ਸੰਸਦ ਮੈਂਬਰਾਂ ਨੇ ਚੋਣ ਜਿੱਤਣ ਲਈ ਲੋਕ ਪ੍ਰਤੀਨਿਧਤਾ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤੇ ਭਾਰਤ ਦੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਉਲੰਘਣਾ ਕੀਤੀ।

ਜਿਹੜੇ ਮੈਂਬਰਾਂ ਖ਼ਿਲਾਫ਼ ਪਟੀਸ਼ਨਾਂ ਦਾਖਲ ਕੀਤੀਆਂ ਗਈਆਂ ਹਨ, ਉਨ੍ਹਾਂ ਵਿਚ ਬਠਿੰਡਾ ਤੋਂ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ, ਫ਼ਿਰੋਜ਼ਪੁਰ ਤੋਂ ਸ਼ੇਰ ਸਿੰਘ ਘੁਬਾਇਆ, ਹੁਸ਼ਿਆਰਪੁਰ ਤੋਂ ਭਾਜਪਾ ਦੇ ਸੰਸਦ ਮੈਂਬਰ ਵਿਜੇ ਸਾਂਪਲਾ, ਗੁਰਦਾਸਪੁਰ ਤੋਂ ਭਾਜਪਾ ਦੇ ਸੰਸਦ ਮੈਂਬਰ ਵਿਨੋਦ ਖੰਨਾ, ਆਨੰਦਪੁਰ ਸਾਹਿਬ ਤੋਂ ਅਕਾਲੀ ਐਮ.ਪੀ. ਪ੍ਰੇਮ ਸਿੰਘ ਚੰਦੂਮਾਜਰਾ ਤੇ ਖਡੂਰ ਸਾਹਿਬ ਤੋਂ ਅਕਾਲੀ ਐਮ.ਪੀ. ਰਣਜੀਤ ਸਿੰਘ ਬ੍ਰਹਮਪੁਰਾ ਸ਼ਾਮਲ ਹਨ। ਪਟੀਸ਼ਨਰ ਸੀਨੀਅਰ ਕਾਂਗਰਸੀ ਆਗੂ ਹਨ ਜੋ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਵਿਸ਼ਵਾਸਪਾਤਰ ਮੰਨੇ ਜਾਂਦੇ ਹਨ।

ਦਾਇਰ ਕੀਤੀਆਂ ਪਟੀਸ਼ਨਾਂ ਵਿਚ ਦੋਸ਼ ਲਗਾਇਆ ਗਿਆ ਹੈ ਕਿ ਚੁਣੇ ਗਏ ਅਕਾਲੀ-ਭਾਜਪਾ ਸੰਸਦ ਮੈਂਬਰਾਂ ਨੇ ਲੋਕ ਪ੍ਰਤੀਨਿਧਤਾ ਐਕਟ ਦੀ ਉਲੰਘਣਾ ਕਰਦਿਆਂ ਚੋਣ ਕਮਿਸ਼ਨ ਵੱਲੋਂ ਮਿੱਥੀ ਹੱਦ ਤੋਂ ਵੱਧ ਚੋਣ ਖਰਚਾ ਕੀਤਾ ਪਰ ਖਰਚਾ ਸੂਚੀ ਵਿਚ ਘੱਟ ਖਰਚਾ ਵਿਖਾਇਆ। ਉਦਾਹਰਣ ਦੇ ਤੌਰ 'ਤੇ ਹੁਸ਼ਿਆਰਪੁਰ ਦੇ ਐਮ.ਪੀ. ਵਿਜੇ ਸਾਂਪਲਾ 'ਤੇ ਦੋਸ਼ ਲਗਾਇਆ ਗਿਆ ਹੈ ਕਿ ਉਨ੍ਹਾਂ ਨੇ 70 ਲੱਖ ਦੀ ਮਿੱਥੀ ਹੱਦ ਤੋਂ ਉੱਤੇ 74,07,193 ਲੱਖ ਰੁਪਏ ਆਪਣੀ ਚੋਣ ਮੁਹਿੰਮ 'ਤੇ ਖਰਚੇ ਪਰ ਜ਼ਿਲ੍ਹਾ ਚੋਣ ਅਧਿਕਾਰੀ ਨੂੰ ਪੇਸ਼ ਕੀਤੀ ਖਰਚਾ ਸੂਚੀ ਵਿਚ 45,59,393 ਰੁਪਏ ਦਾ ਖਰਚਾ ਵਿਖਾਇਆ। ਇਸੇ ਤਰ੍ਹਾਂ ਹੋਰਨਾਂ ਮੈਂਬਰਾਂ 'ਤੇ ਵੀ ਮਿੱਥੀ ਹੱਦ ਤੋਂ ਵੱਧ ਖਰਚਾ ਕਰਨ ਪਰ ਖਾਤੇ ਵਿਚ ਕਿਤੇ ਘੱਟ ਖਰਚਾ ਦਰਸਾਉਣ ਦਾ ਵੇਰਵਾ ਦਿੱਤਾ ਗਿਆ ਹੈ।

ਪਟੀਸ਼ਨਰਾਂ ਨੇ ਅਕਾਲੀ-ਭਾਜਪਾ ਗੱਠਜੋੜ 'ਤੇ ਵੋਟਰਾਂ ਨੂੰ ਧਰਮ ਦਾ ਸਹਾਰਾ ਲੈ ਕੇ ਪ੍ਰਭਾਵਿਤ ਕਰਨ ਦਾ ਵੀ ਦੋਸ਼ ਲਗਾਇਆ ਹੈ। ਉਨ੍ਹਾਂ ਅਦਾਲਤ ਨੂੰ ਗਠਜੋੜ ਵੱਲੋਂ ਜਾਰੀ ਚੋਣ ਇਸ਼ਤਿਹਾਰਾਂ ਦੀਆਂ ਕਈ ਆਡੀਓ ਤੇ ਵੀਡੀਓ ਸੀ.ਡੀਜ਼ ਪੇਸ਼ ਕੀਤੀਆਂ ਹਨ ਜਿਨ੍ਹਾਂ ਵਿਚ ਸਿੱਖਾਂ ਦੇ ਧਾਰਮਿਕ ਅਸਥਾਨਾਂ, ਯਾਦਗਾਰਾਂ ਤੇ ਚਿੰਨ੍ਹਾਂ ਦੀ ਵਰਤੋਂ ਕੀਤੀ ਗਈ ਹੈ। ਪਟੀਸ਼ਨਰਾਂ ਦਾ ਕਹਿਣਾ ਹੈ ਕਿ ਕਿਉਂਕਿ ਇਹ ਇਸ਼ਤਿਹਾਰ ਉਮੀਦਵਾਰਾਂ ਦੀ ਸਹਿਮਤੀ ਨਾਲ ਟੀ.ਵੀ. ਚੈਨਲਾਂ ਨੂੰ ਦਿੱਤੇ ਗਏ ਜਿਸ ਕਾਰਨ ਚੁਣੇ ਗਏ ਉਮੀਦਵਾਰਾਂ ਖ਼ਿਲਾਫ਼ ਕਾਨੂੰਨ ਦੀ ਉਲੰਘਣਾ ਦਾ ਦੋਸ਼ ਸਿੱਧ ਹੁੰਦਾ ਹੈ। ਗੱਠਜੋੜ ਵੱਲੋਂ ਦੇਸ਼ ਦੇ ਕੌਮੀ ਝੰਡੇ ਨੂੰ ਚੋਣਾਂ ਦੌਰਾਨ ਇਸ਼ਤਿਹਾਰਬਾਜ਼ੀ ਲਈ ਵਰਤਣ 'ਤੇ ਵੀ ਪ੍ਰਸ਼ਨ ਉਠਾਇਆ ਗਿਆ ਹੈ। ਪਟੀਸ਼ਨਰਾਂ ਨੇ ਲੋਕ ਪ੍ਰਤੀਨਿਧਤਾ ਐਕਟ 1951 ਦੀ ਧਾਰਾ 77 ਅਤੇ 78 ਅਤੇ ਕੰਡਕਟ ਆਫ਼ ਇਲੈਕਸ਼ਨ ਰੂਲਜ਼ 1961 ਦੀ ਉਲੰਘਣਾ ਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਉਲੰਘਣਾ ਲਈ ਅਕਾਲੀ-ਭਾਜਪਾ ਦੇ ਸਾਰੇ ਚੁਣੇ ਸੰਸਦ ਮੈਂਬਰਾਂ ਦੀ ਚੋਣ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਹਾਈ ਕੋਰਟ ਦੇ ਰਜਿਸਟਰਾਰ ਵੱਲੋਂ ਇਹ ਪਟੀਸ਼ਨਾਂ ਪੜਤਾਲ ਲਈ ਭੇਜ ਦਿੱਤੀਆਂ ਗਈਆਂ ਹਨ।

ਪਟੀਸ਼ਨਾਂ ਪਾਉਣ ਵਾਲਿਆਂ ਵਿਚ ਪੰਜਾਬ ਪ੍ਰਦੇਸ਼ ਕਾਂਗਰਸ ਦੇ ਲੀਗਲ ਸੈੱਲ ਦੇ ਚੇਅਰਮੈਨ ਇੰਦਰਪਾਲ ਸਿੰਘ ਧੰਨਾ, ਖਡੂਰ ਸਾਹਿਬ ਤੋਂ ਕਾਂਗਰਸ ਦੇ ਉਮੀਦਵਾਰ ਹਰਮਿੰਦਰ ਸਿੰਘ ਗਿੱਲ, ਪ੍ਰਦੇਸ਼ ਕਾਂਗਰਸ ਦੇ ਸਕੱਤਰ ਨੀਰਜ ਸਲਹੋਤਰਾ ਤੇ ਭੁਪਿੰਦਰ ਸਿੰਘ, ਐਨ.ਯੂ.ਆਈ. ਦੇ ਜਨਰਲ ਸਕੱਤਰ ਨਵਜੋਤ ਸਿੰਘ ਤੇ ਜ਼ਿਲ੍ਹਾ ਕਾਂਗਰਸ ਕਮੇਟੀ ਰੋਪੜ ਦੇ ਪ੍ਰਧਾਨ ਹਰਭਾਗ ਸਿੰਘ ਸ਼ਾਮਲ ਹਨ।

ਅਕਾਲੀ- ਭਾਜਪਾ ਦੇ ਹਾਲ ਹੀ ਵਿਚ ਬਣੇ ਸੰਸਦ ਮੈਂਬਰਾਂ ਵਿਰੁੱਧ ਇਹ ਪਟੀਸ਼ਨਾਂ ਵੋਟਰਾਂ ਵੱਲੋਂ ਪਾਈਆਂ ਗਈਆਂ ਹਨ। ਡਬਵਾਲੀ ਢਾਬ ਮੁਕਤਸਰ ਜ਼ਿਲ੍ਹੇ ਤੋਂ ਨਵਜੋਤ ਸਿੰਘ ਵੱਲੋਂ ਹਰਸਿਮਰਤ ਕੌਰ ਬਾਦਲ ਦੀ ਚੋਣ ਵਿਰੁੱਧ ਪਾਈ ਗਈ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਪੀ.ਟੀ.ਸੀ. ਨਿਊਜ਼, ਫਾਸਟਵੇਅ ਕੇਬਲ ਟੀਵੀ ਨੈਟਵਰਕ ਪੰਜਾਬ 'ਚ ਅਕਾਲੀ-ਭਾਜਪਾ ਉਮੀਦਵਾਰਾਂ ਦੀ ਤੇ ਖਾਸ ਕਰ ਹਰਸਿਮਰਤ ਕੌਰ ਬਾਦਲ ਦੀ ਚੋਣ ਮੁਹਿੰਮ ਲਗਾਤਾਰ ਚਲਾਉਂਦੇ ਰਹੇ ਹਨ।

# ਬਾਦਲਾਂ ਵੱਲੋਂ ਸਰਕਾਰੀ ਹੈਲੀਕਾਪਟਰ ਦੀ ਖੁੱਲ੍ਹ ਕੇ ਵਰਤੋਂ

**ਬਠਿੰਡਾ:** ਆਰਥਿਕ ਤੰਗੀ ਦੇ ਬਾਵਜੂਦ ਬਾਦਲ ਪਰਿਵਾਰ ਵੱਲੋਂ ਸਰਕਾਰੀ ਹੈਲੀਕਾਪਟਰ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾ ਰਹੀ ਹੈ। ਬਾਦਲ ਪਰਿਵਾਰ ਵੱਲੋਂ ਔਸਤਨ ਹਰ ਪੰਜਵੇਂ ਦਿਨ ਪਿੰਡ ਬਾਦਲ ਦਾ ਗੇੜਾ ਲਾਇਆ ਜਾਂਦਾ ਹੈ। ਲੰਘੇ ਦੋ ਵਰ੍ਹਿਆਂ ਵਿਚ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਨੇ 154 ਦਿਨ ਪਿੰਡ ਬਾਦਲ ਆਉਣ ਲਈ ਸਰਕਾਰੀ ਹੈਲੀਕਾਪਟਰ ਵਰਤਿਆ ਹੈ। ਮੁੱਖ ਮੰਤਰੀ ਨੇ ਇਸ ਮਾਮਲੇ ਵਿਚ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਨੂੰ ਵੀ ਪਿਛਾਂਹ ਛੱਡ ਦਿੱਤਾ ਹੈ। ਅਖਿਲੇਸ਼ ਯਾਦਵ ਨੇ ਸਰਕਾਰੀ ਹੈਲੀਕਾਪਟਰ 'ਤੇ ਆਪਣੇ ਜੱਦੀ ਪਿੰਡ ਸੈਫਈ ਦੇ ਇਕ ਸਾਲ ਵਿਚ 45 ਗੇੜੇ ਲਾਏ ਸਨ।

ਡਿਪਟੀ ਕਮਿਸ਼ਨਰ ਬਠਿੰਡਾ ਦੇ ਦਫ਼ਤਰ ਵੱਲੋਂ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਦਿੱਤੇ ਵੇਰਵਿਆਂ ਮੁਤਾਬਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪਹਿਲੀ ਜਨਵਰੀ 2012 ਤੋਂ 31 ਦਸੰਬਰ 2013 ਤੱਕ ਪਿੰਡ ਕਾਲਝਰਾਨੀ ਵਿਚ 154 ਦੌਰੇ ਕੀਤੇ ਹਨ। ਦੱਸਣਯੋਗ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀ ਦੇ ਹੈਲੀਕਾਪਟਰ ਲਈ ਪਿੰਡ ਕਾਲਝਰਾਨੀ ਦੀ ਸਰਕਾਰੀ ਦਾਣਾ ਮੰਡੀ ਵਿਚ ਹੈਲੀਪੈਡ ਬਣਾਇਆ ਹੋਇਆ ਹੈ। ਬਾਦਲ ਪਰਿਵਾਰ ਵੱਲੋਂ ਜਦੋਂ ਵੀ ਪਿੰਡ ਬਾਦਲ ਆਉਂਦਾ ਹੈ ਤਾਂ ਉਨ੍ਹਾਂ ਦਾ ਹੈਲੀਕਾਪਟਰ ਪਿੰਡ ਕਾਲਝਰਾਨੀ ਵਿਚ ਉੱਤਰਦਾ ਹੈ। ਇਥੋਂ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਸੜਕ ਰਸਤੇ ਪਿੰਡ ਬਾਦਲ ਲਈ ਜਾਂਦੇ ਹਨ।

ਜ਼ਿਲ੍ਹਾ ਪੁਲਿਸ ਵੱਲੋਂ ਪਿੰਡ ਕਾਲਝਰਾਨੀ ਦੇ ਹੈਲੀਪੈਡ 'ਤੇ ਪੱਕੀ ਗਾਰਦ ਲਗਾਈ ਹੋਈ ਹੈ ਤੇ ਬਕਾਇਦਾ ਦੋ ਕਮਰੇ ਵੀ ਦਿੱਤੇ ਹੋਏ ਹਨ। ਮੰਡੀ ਬੋਰਡ ਪੰਜਾਬ ਵੱਲੋਂ ਹੈਲੀਪੈਡ ਦਾ ਬਿਜਲੀ ਬਿੱਲ ਭਰਿਆ ਜਾਂਦਾ ਹੈ। ਸਰਕਾਰੀ ਵੇਰਵਿਆਂ ਅਨੁਸਾਰ ਮੁੱਖ ਮੰਤਰੀ ਪੰਜਾਬ ਦੋ ਵਰ੍ਹਿਆਂ ਦੌਰਾਨ 82 ਦਫ਼ਾ ਪਿੰਡ ਕਾਲਝਰਾਨੀ ਵਿਚ ਪੁੱਜੇ ਹਨ ਜਿਸ ਦਾ ਮਤਲਬ ਹੈ ਕਿ ਮੁੱਖ ਮੰਤਰੀ ਨੇ ਔਸਤਨ ਹਰ ਨੌਵੇਂ ਦਿਨ ਪਿੰਡ ਬਾਦਲ ਦਾ ਗੇੜਾ ਮਾਰਿਆ ਹੈ। ਉਪ ਮੁੱਖ ਮੰਤਰੀ ਨੇ 73 ਦੌਰੇ ਪਿੰਡ ਕਾਲਝਰਾਨੀ ਦੇ ਕੀਤੇ ਹਨ ਜਿਸ ਤੋਂ ਭਾਵ ਹੈ ਕਿ ਉਪ ਮੁੱਖ ਮੰਤਰੀ ਨੇ ਔਸਤਨ ਹਰ ਦਸਵੇਂ ਦਿਨ ਪਿੰਡ ਬਾਦਲ ਦਾ ਚੱਕਰ ਕੱਟਿਆ ਹੈ। ਮੁੱਖ ਮੰਤਰੀ ਸਾਲ 2012 ਵਿਚ 29 ਦਿਨ ਤੇ ਸਾਲ 2013 ਵਿਚ 53 ਦਿਨ ਪਿੰਡ ਕਾਲਝਰਾਨੀ ਵਿਚ ਪੁੱਜੇ ਹਨ। ਉਪ ਮੁੱਖ ਮੰਤਰੀ ਪੰਜਾਬ ਸਾਲ 2012 ਵਿਚ 32 ਦਿਨ ਤੇ ਸਾਲ 2013 ਵਿਚ 40 ਦਿਨ ਪਿੰਡ ਕਾਲਝਰਾਨੀ ਵਿਚ ਹੈਲੀਕਾਪਟਰ ਰਾਹੀਂ ਪੁੱਜੇ ਹਨ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਇਸ ਵੇਲੇ ਕਾਫ਼ੀ ਮਾਲੀ ਤੰਗੀ ਵਿਚ ਹੈ ਅਤੇ ਸਰਕਾਰੀ ਹੈਲੀਕਾਪਟਰ ਦਾ ਖਰਚਾ ਵੀ ਦਿਨੋਂ-ਦਿਨ ਵਧ ਰਿਹਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਦੂਜੀ ਦਫ਼ਾ ਹਕੂਮਤ ਸੰਭਾਲਣ ਮਗਰੋਂ ਮਾਰਚ 2012 ਵਿਚ ਹੈਲੀਕਾਪਟਰ ਦੀ ਵਰਤੋਂ ਪਿੰਡ ਬਾਦਲ ਆਉਣ ਲਈ ਸ਼ੁਰੂ ਕਰ ਦਿੱਤੀ ਸੀ। ਮੁੱਖ ਮੰਤਰੀ ਨੇ ਸਾਲ 2012 ਦੇ ਅਪਰੈਲ ਤੇ ਨਵੰਬਰ ਵਿਚ ਛੇ-ਛੇ ਗੇੜੇ ਹੈਲੀਕਾਪਟਰ ਤੇ ਪਿੰਡ ਬਾਦਲ ਦੇ ਲਾਏ ਹਨ। ਅਗਸਤ 2013 ਵਿਚ ਤਾਂ ਮੁੱਖ ਮੰਤਰੀ ਨੇ ਹੈਲੀਕਾਪਟਰ 'ਤੇ 11 ਗੇੜੇ ਪਿੰਡ ਬਾਦਲ ਦੇ ਲਾਏ ਹਨ। ਉਨ੍ਹਾਂ ਦਾ ਹੈਲੀਕਾਪਟਰ ਹਮੇਸ਼ਾ ਪਿੰਡ ਕਾਲਝਰਾਨੀ ਦੇ ਹੈਲੀਪੈਡ 'ਤੇ ਉੱਤਰਿਆ ਹੈ।

Uਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਤੰਬਰ 2012 ਤੇ ਜਨਵਰੀ 2013 ਵਿਚ ਸੱਤ-ਸੱਤ ਗੇੜੇ ਹੈਲੀਕਾਪਟਰ 'ਤੇ ਪਿੰਡ ਬਾਦਲ ਦੇ ਲਾਏ ਹਨ। ਜਦੋਂ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਬਠਿੰਡਾ ਜ਼ਿਲ੍ਹੇ ਦੇ ਦੌਰੇ 'ਤੇ ਆਉਂਦੇ ਹਨ ਤਾਂ ਉਨ੍ਹਾਂ ਦਾ ਹੈਲੀਕਾਪਟਰ ਬਠਿੰਡਾ ਦੀ ਥਰਮਲ ਕਲੋਨੀ ਵਿਚ ਉੱਤਰਦਾ ਹੈ। ਮਿਲੇ ਵੇਰਵਿਆਂ ਮੁਤਾਬਕ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਵੱਲੋਂ ਦੋ ਵਰ੍ਹਿਆਂ ਵਿਚ ਬਠਿੰਡਾ ਜ਼ਿਲ੍ਹੇ ਦੇ 301 ਦੌਰੇ ਕੀਤੇ ਹਨ ਜਿਸ ਦਾ ਮਤਲਬ ਹੈ ਕਿ ਉਨ੍ਹਾਂ ਵੱਲੋਂ ਔਸਤਨ ਹਰ ਤੀਜੇ ਦਿਨ ਬਠਿੰਡਾ ਜ਼ਿਲ੍ਹੇ ਦਾ ਦੌਰਾ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਬਠਿੰਡਾ ਜ਼ਿਲ੍ਹੇ ਦੇ ਸਾਲ 2012 ਵਿੱਚ 78 ਤੇ ਸਾਲ 2013 ਵਿਚ 86 ਦੌਰੇ ਕੀਤੇ ਹਨ। ਮੁੱਖ ਮੰਤਰੀ ਨੇ ਔਸਤਨ ਹਰ ਪੰਜਵੇਂ ਦਿਨ ਬਠਿੰਡਾ ਜ਼ਿਲ੍ਹੇ ਦਾ ਦੌਰਾ ਕੀਤਾ ਹੈ ਜਦੋਂਕਿ ਉਪ ਮੁੱਖ ਮੰਤਰੀ ਨੇ ਦੋ ਵਰ੍ਹਿਆਂ ਵਿੱਚ 137 ਦੌਰੇ ਬਠਿੰਡਾ ਜ਼ਿਲ੍ਹੇ ਦੇ ਕੀਤੇ ਹਨ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਦੌਰਿਆਂ 'ਤੇ ਨਜ਼ਰ ਮਾਰੀਏ ਤਾਂ ਉਨ੍ਹਾਂ ਨੇ ਬਠਿੰਡਾ ਜ਼ਿਲ੍ਹੇ ਦੇ ਦੋ ਵਰ੍ਹਿਆਂ ਦੌਰਾਨ 81 ਦੌਰੇ ਕੀਤੇ ਹਨ।

## Matrimonial

### ਵਰ ਦੀ ਲੋੜ

**Suitable Match for Green Card holder, Jat Sikh girl, 28, 5'-3", fair complexion, BSc nursing, innocently divorcee after brief marriage, working as a RN. Divorcees considerable. Send bio-data and photo to E-mail: csahi1949@gmail.com or Call: 209-483-9783** *26 to 30*

### ਕੰਨਿਆ ਦੀ ਲੋੜ

Suitable girl wanted for Jatt Sikh, US citizen boy, B Sc, 24, 5'-10". Girl should be 22-24, 5'-5", MBBS /B Tech./Nursing degree/ B. Pharmacy. Send photo & bio-data @ mbrar31@hotmail.com, Cell: 608-695-3475 *25 to 28*

### ਸਾਥੀ ਦੀ ਭਾਲ

Wanted match for 51 year, 5'-10" divorced U.S. citizen, Sikh boy, Physical Therapist professional, no kids. Contact: 812-265-8238 *26 to 29*

**Punjab Times**
*Ph: 847-359-0746*
*Visit us on the web:*
***punjabtimesusa.com***


ਕੈਨਸਸ ਸਿਟੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਤੇ ਡਿਸ਼ ਵਾਸ਼ਰ ਦੀ ਲੋੜ ਹੈ

ਕੈਨਸਸ ਸਿਟੀ, ਮਿਜ਼ੌਰੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਡਿਸ਼ ਵਾਸ਼ਰ, ਕਿਚਨ ਹੈਲਪਰ, ਸਹਾਇਕ ਕਰੀ ਕੁੱਕ, ਵੇਟਰ ਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ
ਫੋਨ: 816-806-6065

LAW OFFICE OF NIRWAN & ASSOCIATES


SACRAMENTO
1104 Corporate Way
Sacramento, CA 95831
CALL US TODAY
Tel: 916-832-3144
Fax: 925-264-5078
www.nirwanlaw.com
- IMMIGRATION LAW
- TAX LAW
- TAX PREPARATION
- BUSINESS INCORPORATION
- BUSINESS LITIGATION


Security Cameras
Special promotion for limited time only
1000 TVL camera for the price of 700 TVL camera
Limit 4 for each customer only
For more Details, Contact:
Balbir S Sidhu-209-495-3905 (Cell)
Toll Free (888) 233-4566
DVRunlimited Inc.
Fax-(209) 982-9133

40 ਟਰੱਕ ਰਿਪੇਅਰ-ਓਕਲਹੋਮਾ
ਮਕੈਨਿਕਾਂ ਦੀ ਜ਼ਰੂਰਤ ਹੈ
ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 832-512-7172

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜਿਨਾਹ ਦੀ ਭੈਣ ਨੂੰ ਮੌਤ ਤੋਂ 47 ਸਾਲ ਬਾਅਦ ਭੇਜਿਆ ਬਿੱਲ



ਫਾਤਿਆ ਜਿਨਾਹ ਦੀ ਆਪਣੇ ਭਰਾ ਮੁਹੰਮਦ ਅਲੀ ਜਿਨਾਹ ਨਾਲ ਤਸਵੀਰ

**ਕਰਾਚੀ:** ਪਾਕਿਸਤਾਨ ਦੇ ਬਾਨੀ ਮੁਹੰਮਦ ਅਲੀ ਜਿਨਾਹ ਦੀ ਭੈਣ ਫਾਤਿਆ ਜਿਨਾਹ ਨੂੰ ਪਾਕਿਸਤਾਨ ਦੇ ਅਧਿਕਾਰੀਆਂ ਵੱਲੋਂ ਉਸ ਦੀ ਮੌਤ ਦੇ 47 ਸਾਲਾਂ ਬਾਅਦ 263774 ਰੁਪਏ ਦਾ ਪਾਣੀ ਦਾ ਬਿੱਲ ਭੇਜਿਆ ਗਿਆ ਹੈ। ਕਰਾਚੀ ਵਾਟਰ ਤੇ ਸੀਵਰੇਜ ਬੋਰਡ ਨੇ ਫ਼ਾਤਿਮਾ ਜਿਨਾਹ ਨੂੰ ਇਹ ਬਿੱਲ ਭੇਜਣ ਦੇ ਨਾਲ-ਨਾਲ ਹਦਾਇਤ ਕੀਤੀ ਹੈ ਕਿ ਬਿੱਲ ਦੀ ਅਦਾਇਗੀ ਦਸ ਦਿਨ ਦੇ ਵਿਚ ਵਿਚ ਕੀਤੀ ਜਾਵੇ, ਨਹੀਂ ਤਾਂ ਪਾਣੀ ਤੇ ਸੀਵਰੇਜ ਦਾ ਕੁਨੈਕਸ਼ਨ ਕੱਟ ਦਿੱਤਾ ਜਾਵੇਗਾ।

ਸੂਤਰਾਂ ਅਨੁਸਾਰ ਜੇਕਰ ਬਿੱਲ ਦੀ ਅਦਾਇਗੀ ਨਹੀਂ ਕੀਤੀ ਜਾਂਦੀ ਤਾਂ ਜਾਇਦਾਦ ਦੀ ਕੁਰਕੀ ਹੋ ਸਕਦੀ ਹੈ, ਨਿਲਾਮੀ ਹੋ ਸਕਦੀ ਹੈ, ਜਾਂ ਫਿਰ ਹੋਰ ਜੁਰਮਾਨਾ ਕੀਤਾ ਜਾ ਸਕਦਾ ਹੈ। ਪਾਕਿਸਤਾਨੀ ਅਖ਼ਬਾਰ ਵਿਚ ਛਪੀ ਰਿਪੋਰਟ ਅਨੁਸਾਰ ਬਿੱਲ ਦੀ ਅਦਾਇਗੀ ਨਾ ਕਰਨ ਦੀ ਹਾਲਤ ਵਿਚ ਗ੍ਰਿਫ਼ਤਾਰੀ ਵੀ ਹੋ ਸਕਦੀ ਹੈ।

ਇਸ ਬਿੱਲ ਦੀ ਅਦਾਇਗੀ ਦੀ ਆਖਰੀ ਮਿਤੀ 28 ਮਈ ਸੀ ਤੇ ਨੋਟਿਸ ਵਿਚ ਕਿਹਾ ਗਿਆ ਹੈ ਕਿ ਬਿੱਲ ਨਾ ਦੇਣ ਬਾਰੇ ਕੋਈ ਬਹਾਨਾ ਨਹੀਂ ਸੁਣਿਆ ਜਾਵੇਗਾ। ਇਸ ਬਿੱਲ ਵਿਚ ਬੀਬੀ ਫ਼ਾਤਿਮਾ ਜਿਨਾਹ ਦਾ ਪਤਾ ਆਰ ਏ 241 ਕੈਂਟ ਲਿਖਿਆ ਗਿਆ ਹੈ, ਜੋ ਜਾਇਦਾਦ ਮੁਹੰਮਦ ਅਲੀ ਜਿਨਾਹ ਦੀ ਸੀ ਤੇ ਅੱਜਕੱਲ੍ਹ ਉੱਥੇ ਇਕ ਮਿਊਜ਼ੀਅਮ ਚੱਲ ਰਿਹਾ ਹੈ ਜਿਥੇ ਕਾਇਦੇ ਆਜ਼ਮ ਦੇ ਜੀਵਨ ਨਾਲ ਸਬੰਧਤ ਉਸ ਦੀਆਂ ਨਿੱਜੀ ਵਸਤਾਂ ਰੱਖੀਆਂ ਗਈਆਂ ਹਨ।

ਇਹ ਜ਼ਿਕਰਯੋਗ ਹੈ ਕਿ ਜਿਨਾਹ ਨੇ 'ਫਲੈਗ ਸਟਾਫ਼ ਹਾਊਸ' ਮਾਰਚ 1944 ਵਿਚ 1.15 ਲੱਖ ਰੁਪਏ ਵਿੱਚ ਖਰੀਦਿਆ ਸੀ।

# ਇਰਾਕ ਸੰਕਟ ਨੇ ਪੰਜਾਬ ਹਲੂਣਿਆ

*(ਸਫਾ ਇਕ ਦੀ ਬਾਕੀ)*

ਪੰਜਾਬੀਆਂ ਨਾਲ ਹੁਣ ਤਕ ਕੋਈ ਰਾਬਤਾ ਨਹੀਂ ਬਣਿਆ ਹੈ। ਪੰਜਾਬ ਦੇ ਪੀੜਤ ਪਰਿਵਾਰਾਂ ਨੇ ਇਲਜ਼ਾਮ ਲਾਇਆ ਕਿ ਪੰਜਾਬ ਸਰਕਾਰ ਦਾਅਵੇ ਤਾਂ ਕਰ ਰਹੀ ਹੈ ਪਰ ਅਜੇ ਤੱਕ ਉਨ੍ਹਾਂ ਦੀ ਬਾਤ ਕਿਸੇ ਨਹੀਂ ਪੁੱਛੀ। ਇਰਾਕ ਵਿਚ ਫਸੇ ਭਾਰਤੀਆਂ ਵਿਚ ਜ਼ਿਆਦਾਤਰ ਪੰਜਾਬੀ ਹੀ ਹਨ। ਉਧਰ, ਜਹਾਦੀਆਂ ਨੇ ਇਰਾਕ ਵਿਚ ਵੱਡੇ ਸੁੰਨੀ ਅਤਿਵਾਦੀ ਹਮਲੇ ਦੀ ਅਗਵਾਈ ਕਰਦਿਆਂ ਇਸਲਾਮਿਕ ਖਲੀਫੇ ਦਾ ਐਲਾਨ ਕੀਤਾ ਹੈ ਤੇ ਦੁਨੀਆਂ ਭਰ ਦੇ ਮੁਸਲਮਾਨਾਂ ਨੂੰ ਆਪਣੇ ਮੁਖੀ ਨਾਲ ਜੁੜਨ ਦਾ ਅਹਿਦ ਕਰਨ ਦਾ ਹੁਕਮ ਦਿੱਤਾ ਹੈ। ਇਸਲਾਮਿਕ ਸਟੇਟ ਆਫ ਇਰਾਕ ਐਂਡ ਲੇਵਾਂਟ ਨੇ ਆਪਣਾ ਨਾਮ ਸਿਰਫ ਇਸਲਾਮਿਕ ਸਟੇਟ (ਆਈ.ਐਸ.) ਕਰ ਲਿਆ ਹੈ ਤੇ ਆਪਣੇ ਫਰੰਟਮੈਨ ਬਗ਼ਦਾਦੀ ਨੂੰ ਦੁਨੀਆਂ ਭਰ ਦੇ ਮੁਸਲਮਾਨਾਂ ਦਾ ਆਗੂ ਐਲਾਨ ਦਿੱਤਾ ਹੈ।

ਸੰਯੁਕਤ ਰਾਸ਼ਟਰ ਨੇ ਦਾਅਵਾ ਕੀਤਾ ਹੈ ਕਿ ਇਰਾਕੀਆਂ ਲਈ ਪਿਛਲਾ ਜੂਨ ਮਹੀਨਾ ਇਸ ਸਾਲ ਦੌਰਾਨ ਸਭ ਤੋਂ ਵੱਧ ਭਿਆਨਕ ਸਾਬਤ ਹੋਇਆ ਹੈ। ਇਸਲਾਮੀ ਦਹਿਸ਼ਤਗਰਦਾਂ ਤੇ ਇਰਾਕੀ ਫੌਜ ਵਿਚ ਛਿੜੀ ਜੰਗ ਕਾਰਨ 1531 ਆਮ ਨਾਗਰਿਕ ਤੇ 886 ਸੁਰੱਖਿਆ ਜਵਾਨ ਮਾਰੇ ਗਏ ਹਨ। ਇਸਲਾਮੀ ਦਹਿਸ਼ਤਗਰਦਾਂ ਨੇ ਕੁਝ ਕੁ ਹਫਤਿਆਂ ਅੰਦਰ ਇਰਾਕ ਦਾ ਉੱਤਰ ਤੇ ਪੱਛਮ ਵਿਚ ਵੱਡਾ ਹਿੱਸਾ ਕਬਜ਼ੇ ਵਿਚ ਲੈ ਕੇ ਤੇ ਸੀਰੀਆ ਦੇ ਕੁਝ ਹਿੱਸੇ ਨੂੰ ਇਸ ਨਾਲ ਜੋੜ ਕੇ ਇਸਲਾਮਿਕ ਸਟੇਟ ਦੇ ਗਠਨ ਦਾ ਐਲਾਨ ਕਰ ਦਿੱਤਾ ਹੈ। ਇਰਾਕ ਵਿਚ ਤਾਇਨਾਤ ਸੰਯੁਕਤ ਰਾਸ਼ਟਰ ਮਿਸ਼ਨ ਅਨੁਸਾਰ ਪਿਛਲੇ ਜੂਨ ਮਹੀਨੇ ਵਿਚ ਲੜਾਈ ਦੌਰਾਨ ਜ਼ਖਮੀਆਂ ਦੀ ਗਿਣਤੀ 2287 ਹੈ। ਇਨ੍ਹਾਂ ਵਿਚੋਂ 1763 ਸਿਵਲੀਅਨ ਹਨ। ਇਨ੍ਹਾਂ ਵਿਚ ਇਰਾਕ ਦੇ ਅਨਬਾਰ ਸੂਬੇ ਵਿਚ ਇਸਲਾਮੀ ਦਹਿਸ਼ਤਗਰਦਾਂ ਵੱਲੋਂ ਕੁਝ ਸ਼ਹਿਰਾਂ 'ਤੇ ਕਬਜ਼ੇ ਸਮੇਂ ਮਾਰੇ ਜਾਂ ਜ਼ਖਮੀ ਹੋਏ ਲੋਕ ਸ਼ਾਮਲ ਨਹੀਂ ਹਨ। ਇਸ ਸਾਲ ਹੀ ਮਈ ਵਿਚ 799 ਇਰਾਕੀ ਮਾਰੇ ਗਏ ਸਨ ਜਦੋਂਕਿ ਅਪਰੈਲ ਵਿਚ 750 ਮੌਤਾਂ ਹੋਈਆਂ ਸਨ। ਇਹ ਹੱਤਿਆਵਾਂ ਪਿਛਲੇ ਸਾਲ ਦੇ ਕਿਸੇ ਵੀ ਮਹੀਨੇ ਨਾਲੋਂ ਵੱਧ ਹਨ।

ਉਧਰ, ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਅਮਰੀਕੀ ਕਾਂਗਰਸ ਦੇ ਆਗੂਆਂ ਨੂੰ ਜਾਣਕਾਰੀ ਦਿੱਤੀ ਹੈ ਕਿ ਬਗਦਾਦ ਵਿਚ ਅਮਰੀਕਾ ਦੇ ਨਾਗਰਿਕਾਂ ਤੇ ਉਨ੍ਹਾਂ ਦੀ ਸੰਪਤੀ ਦੀ ਸੁਰੱਖਿਆ ਲਈ ਨਵੇਂ ਭੇਜੇ ਤਿੰਨ ਸੌ ਫੌਜੀ ਜਵਾਨਾਂ ਨੇ ਆਪੋ-ਆਪਣੀਆਂ ਜ਼ਿੰਮੇਵਾਰੀਆਂ ਸੰਭਾਲ ਲਈਆਂ ਹਨ। ਇਨ੍ਹਾਂ ਨੂੰ ਬਗਦਾਦ ਵਿਚ ਅਮਰੀਕੀ ਦੂਤਘਰ, ਬਗਦਾਦ ਕੌਮਾਂਤਰ ਹਵਾਈ ਅੱਡੇ 'ਤੇ ਪਹਿਲਾਂ ਹੀ ਤਾਇਨਾਤ ਅਮਰੀਕੀ ਫੌਜੀਆਂ ਦੇ ਟਿਕਾਣਿਆਂ ਦੀ ਹਿਫਾਜ਼ਤ ਲਈ ਤਾਇਨਾਤ ਕਰ ਦਿੱਤਾ ਗਿਆ ਹੈ। ਇਹ ਉਦੋਂ ਤੱਕ ਤਾਇਨਾਤ ਰਹਿਣਗੇ ਜਦੋਂ ਤੱਕ ਇਰਾਕ ਦੇ ਸੁਰੱਖਿਆ ਹਾਲਾਤ ਸੁਧਰ ਨਹੀਂ ਜਾਂਦੇ। ਇਨ੍ਹਾਂ ਕੋਲ ਹੈਲੀਕਾਪਟਰ ਵੀ ਹਨ।

## ਬੈਲਗੱਡੀਆਂ ਦੀਆਂ ਦੌੜਾਂ ਬਾਰੇ ਪੰਜਾਬ ਨੂੰ ਨੋਟਿਸ

**ਨਵੀਂ ਦਿੱਲੀ:** ਕਿਲਾ ਰਾਏਪੁਰ ਦੀਆਂ ਖੇਡਾਂ ਵਿਚ ਬੈਲਗੱਡੀਆਂ ਦੀਆਂ ਦੌੜਾਂ ਕਰਾਉਣ ਦੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਦੀ ਉਚਿਤਤਾ ਨੂੰ ਚੁਣੌਤੀ ਦਿੰਦੀ ਇਕ ਐਨ.ਜੀ.ਓ. ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਕੇਂਦਰ ਤੇ ਪੰਜਾਬ ਸਰਕਾਰ ਤੋਂ ਜੁਆਬ ਮੰਗਿਆ ਹੈ। ਐਨ.ਜੀ.ਓ. ਨੇ ਪਟੀਸ਼ਨ ਪਾਉਣ ਦੀ ਸਰਵਉੱਚ ਅਦਾਲਤ ਤੋਂ ਆਗਿਆ ਮੰਗੀ ਹੈ। ਜਸਟਿਸ ਐਚ.ਐਲ. ਦਾਤੂ ਦੀ ਅਗਵਾਈ ਵਾਲੀ ਬੈਂਚ ਨੇ ਜੰਗਲਾਤ ਤੇ ਵਾਤਾਵਰਨ ਮੰਤਰਾਲੇ, ਪੰਜਾਬ ਸਰਕਾਰ ਤੇ ਮਾਲਵਾ-ਦੋਆਬਾ ਬੁੱਲਜ਼ ਵੈਲਫੇਅਰ ਐਸੋਸੀਏਸ਼ਨ ਨੂੰ ਮੇਨਕਾ ਗਾਂਧੀ ਦੀ ਐਨ.ਜੀ.ਓ. ਪੀਪਲ ਫਾਰ ਐਨੀਮਲਜ਼ ਦੀ ਪਟੀਸ਼ਨ 'ਤੇ ਨੋਟਿਸ ਜਾਰੀ ਕੀਤਾ ਹੈ।

# ਧਰਮ ਉਤੇ ਸਿਆਸਤ ਦਾ ਸਾਇਆ

*(ਸਫਾ ਇਕ ਦੀ ਬਾਕੀ)*

ਗੁਰਦੁਆਰਿਆਂ ਦੀ ਗਿਣਤੀ 115 ਹੈ ਜਦਕਿ 90 ਹੋਰ ਗੁਰਦੁਆਰਿਆਂ ਨੂੰ ਸਥਾਨਕ ਪ੍ਰਬੰਧਕ ਕਮੇਟੀਆਂ ਚਲਾ ਰਹੀਆਂ ਹਨ। ਇਕ ਅੰਦਾਜ਼ੇ ਮੁਤਾਬਕ ਕਮੇਟੀ ਨੂੰ ਹਰਿਆਣਾ ਦੇ ਗੁਰਦੁਆਰਿਆਂ ਤੋਂ ਦੋ ਸੌ ਕਰੋੜ ਰੁਪਏ ਦੀ ਸਾਲਾਨਾ ਆਮਦਨ ਪ੍ਰਾਪਤ ਹੁੰਦੀ ਹੈ ਜਦਕਿ ਸੂਬੇ ਵਿਚ ਗੁਰਦੁਆਰਿਆਂ ਦੇ ਨਾਂ ਤਿੰਨ ਹਜ਼ਾਰ ਕਿੱਲੇ ਜ਼ਮੀਨ ਹੈ।

ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਇਸ ਵੇਲੇ ਬੇਵੱਸ ਨਜ਼ਰ ਆ ਰਹੇ ਹਨ। ਕਾਨੂੰਨੀ ਪੱਖ ਤੋਂ ਵੱਖਰੀ ਕਮੇਟੀ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕੀ ਹੈ। ਵੱਖਰੀ ਕਮੇਟੀ ਦੇ ਹਮਾਇਤੀਆਂ ਦਾ ਦਾਅਵਾ ਹੈ ਕਿ ਪੰਜਾਬ ਪੁਨਰਗਠਨ ਐਕਟ 1966 ਤਹਿਤ ਹਰਿਆਣਾ ਵਿਧਾਨ ਸਭਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਏ ਜਾਣ ਦਾ ਕਾਨੂੰਨੀ ਹੱਕ ਰੱਖਦੀ ਹੈ ਪਰ ਵੱਖਰੀ ਕਮੇਟੀ ਦਾ ਵਿਰੋਧ ਕਰਨ ਵਾਲੇ ਤੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਦਾ ਕਹਿਣਾ ਹੈ ਕਿ ਹਰਿਆਣਾ ਵਿਧਾਨ ਸਭਾ ਨੂੰ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦੇਣ ਤੇ ਵੱਖਰੀ ਕਮੇਟੀ ਬਣਾਉਣ ਦਾ ਕੋਈ ਕਾਨੂੰਨੀ ਅਧਿਕਾਰ ਹੀ ਨਹੀਂ। ਇਥੇ ਦੋਵੇਂ ਧਿਰਾਂ ਵਿਚਾਲੇ ਰੇੜਕਾ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 72 ਨੂੰ ਲੈ ਕੇ ਪਿਆ ਹੋਇਆ ਹੈ। ਅਸਲ ਵਿਚ 1966 ਵਿਚ ਪੰਜਾਬੀ ਸੂਬਾ ਬਣਨ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦਾ ਕਾਰਜ ਖੇਤਰ ਪੰਜਾਬ ਦੇ ਖੇਤਰਫਲ ਤੱਕ ਹੀ ਮਿਥਿਆ ਹੋਇਆ ਸੀ ਪਰ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਪੰਜਾਬ, ਹਰਿਆਣਾ ਤੇ ਹਿਮਾਚਲ ਤਿੰਨ ਸੂਬਿਆਂ ਵਿਚ ਕਾਰਜਸ਼ੀਲ ਹੋ ਗਈ। ਇਸੇ ਤਰ੍ਹਾਂ ਪੰਜਾਬ ਯੂਨੀਵਰਸਿਟੀ ਤੇ ਖੇਤੀ ਯੂਨੀਵਰਸਿਟੀ ਲੁਧਿਆਣਾ ਨਾਲ ਸਬੰਧਤ ਕਾਲਜ ਵੀ ਪੰਜਾਬ ਦੀ ਥਾਂ ਤਿੰਨਾਂ ਸੂਬਿਆਂ ਵਿਚ ਕੰਮ ਕਰ ਰਹੇ ਸਨ।

ਪੰਜਾਬ ਪੁਨਰਗਠਨ ਐਕਟ ਦੇ ਸੈਕਸ਼ਨ 72 ਦੀ ਸਬ ਧਾਰਾ ਇਕ ਵਿਚ ਲਿਖਿਆ ਹੈ ਕਿ ਕੇਂਦਰੀ, ਰਾਜ ਜਾਂ ਸੂਬਾਈ ਕਾਨੂੰਨ ਅਧੀਨ ਹੋਂਦ ਵਿਚ ਆਈਆਂ ਕਾਰਪੋਰੇਟ ਸੰਸਥਾਵਾਂ ਅੰਤਰ-ਰਾਜੀ ਸੰਸਥਾਵਾਂ ਬਣ ਜਾਣਗੀਆਂ ਤੇ ਜਦ ਤੱਕ ਕਾਨੂੰਨ ਰਾਹੀਂ ਬਦਲਵਾਂ ਪ੍ਰਬੰਧ ਨਹੀਂ ਕਰ ਦਿੱਤਾ ਜਾਂਦਾ, ਉਦੋਂ ਤੱਕ ਕੇਂਦਰ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਜਾਰੀ ਆਦੇਸ਼ਾਂ ਅਨੁਸਾਰ ਕੰਮ ਕਰਨਗੀਆਂ।

ਸੈਕਸ਼ਨ 72 ਦੀ ਸਬ ਧਾਰਾ 3 ਵਿਚ ਇਸ ਗੱਲ ਨੂੰ ਵਧੇਰੇ ਸਪਸ਼ਟਤਾ ਨਾਲ ਲਿਖਿਆ ਹੈ ਕਿ ਕਿਸੇ ਵੀ ਤਰ੍ਹਾਂ ਦਾ ਸ਼ੱਕ ਦੂਰ ਕਰਨ ਲਈ ਇਥੇ ਸਪਸ਼ਟ ਕੀਤਾ ਜਾਂਦਾ ਹੈ ਕਿ ਪੰਜਾਬ ਯੂਨੀਵਰਸਿਟੀ ਐਕਟ 1947 ਤਹਿਤ ਬਣੀ ਪੰਜਾਬ ਯੂਨੀਵਰਸਿਟੀ, ਪੰਜਾਬ ਖੇਤੀ ਯੂਨੀਵਰਸਿਟੀ ਐਕਟ 1961 ਤਹਿਤ ਬਣੀ ਖੇਤੀ ਯੂਨੀਵਰਸਿਟੀ ਲੁਧਿਆਣਾ ਤੇ ਪੰਜਾਬ ਐਕਟ 8 ਆਫ 1925 ਸਿੱਖ ਗੁਰਦੁਆਰਾ ਐਕਟ 1925 ਦੇ ਭਾਗ 3 ਤਹਿਤ ਬਣੇ ਬੋਰਡ ਉੱਪਰ ਵੀ ਇਸ ਧਾਰਾ ਦੇ ਸਾਰੇ ਨਿਯਮ ਲਾਗੂ ਹੋਣਗੇ। ਸਿੱਖ ਗੁਰਦੁਆਰਾ ਐਕਟ ਵਿਚ ਸ਼੍ਰੋਮਣੀ ਕਮੇਟੀ ਦਾ ਨਾਂ ਬੋਰਡ ਹੀ ਲਿਖਿਆ ਗਿਆ ਹੈ।

ਪੁਨਰਗਠਨ ਐਕਟ ਦੀ ਇਸ ਧਾਰਾ ਅਧੀਨ ਹੀ ਹਰਿਆਣਾ ਵਿਧਾਨ ਸਭਾ ਉਥੋਂ ਦੇ ਸਿੱਖਾਂ ਲਈ ਵੱਖਰੀ ਕਮੇਟੀ ਬਣਾਏ ਜਾਣ ਦਾ ਕਾਨੂੰਨ ਬਣਾਏ ਜਾਣ ਲਈ ਅਧਿਕਾਰਤ ਸੰਸਥਾ ਦੱਸੀ ਜਾਂਦੀ ਹੈ। ਹਰਿਆਣਾ ਦੇ ਗੁਰਦੁਆਰਿਆਂ ਲਈ ਵੱਖਰੀ ਕਮੇਟੀ ਦੇ ਦਾਅਵੇਦਾਰ ਦੀਦਾਰ ਸਿੰਘ ਨਲਵੀ ਦਾ ਦਾਅਵਾ ਹੈ ਕਿ ਪੁਨਰਗਠਨ ਐਕਟ ਤਹਿਤ ਖੇਤੀ ਯੂਨੀਵਰਸਿਟੀ ਲੁਧਿਆਣਾ ਨਾਲ ਸਬੰਧਤ ਹਰਿਆਣਾ ਦੇ ਸਾਰੇ ਐਫੀਲੀਏਟਿਡ ਕਾਲਜ ਬਦਲਵਾਂ ਪ੍ਰਬੰਧ ਹੋਣ ਕਾਰਨ ਹਰਿਆਣਾ ਖੇਤੀ ਯੂਨੀਵਰਸਿਟੀ ਹਿਸਾਰ ਨਾਲ ਜੁੜ ਗਏ ਹਨ। ਪੰਜਾਬ ਯੂਨੀਵਰਸਿਟੀ ਦਾ ਬਦਲਵਾਂ ਪ੍ਰਬੰਧ ਕੁਰੂਕਸ਼ੇਤਰ ਯੂਨੀਵਰਸਿਟੀ ਰਾਹੀਂ ਕੀਤਾ ਗਿਆ ਹੈ ਪਰ ਸਿਰਫ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਚਾਰ ਦਹਾਕਿਆਂ ਦੇ ਕਰੀਬ ਸਮਾਂ ਲੰਘਣ ਬਾਅਦ ਵੀ ਅੰਤਰ-ਰਾਜੀ ਸੰਸਥਾ ਵਜੋਂ ਕੰਮ ਕਰ ਰਹੀ ਹੈ ਤੇ ਕੇਂਦਰ ਸਰਕਾਰ ਵੱਲੋਂ ਜਾਰੀ ਆਦੇਸ਼ ਅਨੁਸਾਰ ਕੰਮ ਕਰ ਰਹੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਦਾ ਕਹਿਣਾ ਹੈ ਕਿ 1966 ਤੋਂ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਚੋਣਾਂ ਲਈ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਲੈ ਕੇ ਸਾਰੇ ਪ੍ਰਬੰਧ ਕੇਂਦਰ ਸਰਕਾਰ ਵੱਲੋਂ ਹੀ ਕੀਤੇ ਜਾਂਦੇ ਸਨ, ਹੁਣ ਇਹ ਅਖ਼ਤਿਆਰ ਹਰਿਆਣਾ ਸਰਕਾਰ ਨੂੰ ਕਿਵੇਂ ਮਿਲ ਸਕਦਾ ਹੈ। ਉਨ੍ਹਾਂ ਕਿਹਾ ਕਿ ਸੀਨੀਅਰ ਵਕੀਲਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਹਰਿਆਣਾ ਸਰਕਾਰ ਵੱਲੋਂ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਤੇ ਦਾ ਵਿਰੋਧ ਕਰਦਿਆਂ ਇਸ ਨੂੰ ਸਿੱਖਾਂ ਵਿਚ ਵੰਡੀਆਂ ਪਾਉਣ ਦਾ ਯਤਨ ਕਰਾਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਨੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਚਿਤਾਵਨੀ ਦਿੱਤੀ ਹੈ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਨਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਪਹਿਲਾਂ ਵੀ ਅਜਿਹੇ ਪੈਂਤੜੇ ਮੱਲਦੇ ਰਹੇ ਹਨ।

## ਹਰਿਆਣਾ ਦੇ ਸਿੱਖ ਆਗੂਆਂ ਦੇ ਦਾਅਵੇ ਰੱਦ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਹੈ ਕਿ ਹਰਿਆਣਾ ਸਰਕਾਰ ਜਾਂ ਹਰਿਆਣਾ ਦੇ ਸਿੱਖ ਆਗੂਆਂ ਵੱਲੋਂ ਸੂਬੇ ਦੇ ਗੁਰਦੁਆਰਿਆਂ ਦਾ ਪੈਸਾ ਸ਼੍ਰੋਮਣੀ ਕਮੇਟੀ ਵੱਲੋਂ ਲਏ ਜਾਣ ਦੇ ਇਲਜ਼ਾਮ ਗੁੰਮਰਾਹਕੁਨ ਪ੍ਰਚਾਰ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਾਲ 2012-13 ਦੀ ਕੁੱਲ ਆਮਦਨ ਤਕਰੀਬਨ 30 ਕਰੋੜ ਹੈ ਜਦਕਿ ਇਨ੍ਹਾਂ ਗੁਰਦੁਆਰਿਆਂ ਦਾ ਖ਼ਰਚ 26 ਕਰੋੜ ਹੈ। ਉਨ੍ਹਾਂ ਸੂਬੇ ਦੇ ਗੁਰਦੁਆਰਿਆਂ ਵਿਚ ਪੰਜਾਬ ਦੇ ਲੋਕਾਂ ਨੂੰ ਨੌਕਰੀਆਂ ਦੇਣ ਦੇ ਦੋਸ਼ਾਂ ਦਾ ਵੀ ਖੰਡਨ ਕੀਤਾ। ਉਨ੍ਹਾਂ ਦੋਸ਼ ਲਾਇਆ ਕਿ ਹੁੱਡਾ ਸਰਕਾਰ ਨੇ ਪਿਛਲੇ 8 ਸਾਲਾਂ ਤੋਂ ਸ਼੍ਰੋਮਣੀ ਕਮੇਟੀ ਵੱਲੋਂ ਸ਼ਾਹਬਾਦ ਮਾਰਕੰਡਾ ਵਿਖੇ ਉਸਾਰੇ ਮੈਡੀਕਲ ਕਾਲਜ ਨੂੰ ਮਾਨਤਾ ਨਹੀਂ ਦਿੱਤੀ ਜਿਸ ਕਾਰਨ 150 ਕਰੋੜ ਰੁਪਏ ਦਾ ਪ੍ਰੋਜੈਕਟ ਅੱਜ ਵੀ ਅੱਧ-ਵਿਚਕਾਰ ਲਟਕ ਰਿਹਾ ਹੈ। ਸ੍ਰੀ ਮੱਕੜ ਨੇ ਕਿਹਾ ਕਿ ਜੀਂਦ-ਧਮਤਾਨ ਤੇ ਹਰਿਆਣਾ ਵਿਚ ਹੋਰ ਕਮੇਟੀ ਵੱਲੋਂ ਚਲਾਈਆਂ ਜਾ ਰਹੀਆਂ ਵਿੱਦਿਅਕ ਸੰਸਥਾਵਾਂ ਨੂੰ ਮਾਨਤਾ ਨਾ ਦੇ ਕੇ ਸਰਕਾਰ ਸਿੱਖ ਵਿਰੋਧੀ ਸੋਚ ਨੂੰ ਪ੍ਰਗਟਾ ਰਹੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਉਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਗਾਖਲ ਭਰਾਵਾਂ ਦੀ ਫਿਲਮ ਅਗਸਤ ‘ਚ ਰਿਲੀਜ਼ ਹੋਵੇਗੀ

**ਮੁੰਬਈ (ਬਿਊਰੋ):** ਕੈਲੀਫੋਰਨੀਆ ਰਹਿੰਦੇ ਬਿਜਨਸਮੈਨ ਗਾਖਲ ਭਰਾ ਬਤੌਰ ਫਿਲਮ ਨਿਰਮਾਤਾ ਇੱਕ ਹਿੰਦੀ ਫਿਲਮ ਦਾ ਨਿਰਮਾਣ ‘ਗਾਖਲ ਬ੍ਰਦਰਜ਼ ਐਂਟਰਟੇਨਮੈਂਟ’



ਸੁਪਰਸਟਾਰ ਧਰਮਿੰਦਰ



ਗੋਵਿੰਦਾ ਦੀ ਧੀ ਨਰਮਦਾ



ਅਮੋਲਕ ਸਿੰਘ ਗਾਖਲ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ

ਦੇ ਬੈਨਰ ਹੇਠ ਕਰਨ ਜਾ ਰਹੇ ਹਨ ਜੋ ਇਸੇ ਸਾਲ ਅਗਸਤ ਵਿਚ ਰਿਲੀਜ਼ ਹੋਵੇਗੀ।

ਇਸ ਫਿਲਮ ਰਾਹੀਂ ਬਾਲੀਵੁੱਡ ਦੇ ਸੁਪਰ ਸਟਾਰ ਰਹੇ ਗੋਵਿੰਦਾ ਦੀ ਬੇਟੀ ਨਰਮਦਾ ਆਹੂਜਾ ਅਤੇ ਪ੍ਰਸਿਧ ਪੰਜਾਬੀ ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ ਦੀ ਬਾਲੀਵੁੱਡ ਵਿਚ ਐਂਟਰੀ ਹੋਵੇਗੀ। ਫਿਲਮ ਵਿਚ ਧਰਮਿੰਦਰ ਸਮੇਤ ਅਨੇਕਾਂ ਸਟਾਰਾਂ ਦੀ ਜ਼ਿਕਰਯੋਗ ਹਾਜ਼ਰੀ ਹੋਵੇਗੀ। ਇਹ ਇਕ ਕਾਮੇਡੀ ਫਿਲਮ ਹੋਵੇਗੀ।

ਫਿਲਮ ਦੇ ਡਾਇਰੈਕਟਰ ਸਮੀਪ ਕੰਗ ਹਨ ਅਤੇ ਇਹ ਉਨ੍ਹਾਂ ਦੀ ਬਤੌਰ ਡਾਇਰੈਕਟਰ ਪਹਿਲੀ ਹਿੰਦੀ ਫਿਲਮ ਹੈ। ਨਰਮਦਾ ਲੰਮੇ ਸਮੇਂ ਤੋਂ ਬਾਲੀਵੁੱਡ ‘ਚ ਐਂਟਰੀ ਕਰਨ ਦੀ ਤਿਆਰੀ ਕਰ ਰਹੀ ਸੀ ਪਰ ਉਹ ਅਜਿਹੀਆਂ ਫਿਲਮਾਂ ਕਰਨਾ ਚਾਹੁੰਦੀ ਸੀ ਜਿਸ ਤਰ੍ਹਾਂ ਦੀਆਂ ਉਸ ਦੇ ਪਿਤਾ ਗੋਵਿੰਦਾ ਕਰਦੇ ਹਨ। ਨਰਮਦਾ ਦੀ ਮਾਂ ਸੁਨੀਤਾ ਨੇ ਆਈਫਾ ਐਵਾਰਡਜ਼ ਸਮਾਰੋਹ ਮੌਕੇ ਇਸ ਗੱਲ ਦਾ ਖੁਲਾਸਾ ਕੀਤਾ ਸੀ ਕਿ ਨਰਮਦਾ ਤਿੰਨ ਸਾਲਾਂ ‘ਚ ਤੀਹ ਫਿਲਮਾਂ ਠੁਕਰਾ ਚੁਕੀ ਹੈ। ਨਰਮਦਾ ਨੇ ਕਿਸ਼ੋਰ-ਨਮਿਤ ਕਪੂਰ ਇੰਸਟੀਚਿਊਟ ਤੇ ਲੰਡਨ ਫਿਲਮ ਇੰਸਟੀਚਿਊਟ ਤੋਂ ਐਕਟਿੰਗ ਦਾ ਕੋਰਸ ਕੀਤਾ ਹੈ।

ਜ਼ਿਕਰਯੋਗ ਹੈ ਕਿ ਫਿਲਮ ਦੇ ਨਿਰਮਾਤਾ ਗਾਖਲ ਭਰਾਵਾਂ-ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ ਦੀ ‘ਏ ਐਂਡ ਆਈ’ ਟਰੱਕਿੰਗ ਕੰਪਨੀ ਏਸ਼ੀਅਨਾਂ ਦੀਆਂ ਟੌਪ ਟੈਨ ਕੰਪਨੀਆਂ ਵਿਚ ਸ਼ੁਮਾਰ ਹੈ। ਗਾਖਲ ਭਰਾ ਹੋਟਲ ਬਿਜਨਸ ਵਿਚ ਵੀ ਭਾਈਵਾਲ ਹਨ ਅਤੇ ਗੋਲਡ ਜਿਮ ਵੀ ਚਲਾ ਰਹੇ ਹਨ। ਨਾਮਵਰ ਕਬੱਡੀ ਪ੍ਰਮੋਟਰ, ਉਘੇ ਕਾਰੋਬਾਰੀ ਤੇ ਬਹੁਚਰਚਿੱਤ ਟਰਾਂਸਪੋਰਟਰ ਸ. ਅਮੋਲਕ ਸਿੰਘ ਗਾਖਲ ਯੂਨਾਈਟਿਡ ਸਪੋਰਟਸ ਕਲੱਬ-ਕੈਲੀਫੋਰਨੀਆ ਦੇ ਚੇਅਰਮੈਨ ਅਤੇ ਅਖਬਾਰ ‘ਪੰਜਾਬ ਟਾਈਮਜ਼’ ਦੇ ਸਲਾਹਕਾਰ ਬੋਰਡ ਦੇ ਮੈਂਬਰ ਵੀ ਹਨ।

## ਮਲਾਲਾ ਨੂੰ ਮਿਲੇਗਾ ਲਿਬਰਟੀ ਮੈਡਲ

**ਫਿਲਾਡੈਲਫੀਆ:** ਪਾਕਿਸਤਾਨ ਵਿਚ ਲੜਕੀਆਂ ਦੀ ਸਿੱਖਿਆ ਦੀ ਝੰਡਾਬਰਦਾਰ ਮਲਾਲਾ ਯੂਸਜ਼ਈ ਨੂੰ ਸਨਮਾਨ ਵਜੋਂ ਫਿਲਾਡੈਲਫੀਆ ਦੇ ਕੌਮੀ ਸੰਵਿਧਾਨਕ ਕੇਂਦਰ ਨੇ ‘ਲਿਬਰਟੀ ਮੈਡਲ’ ਦੇਣ ਦਾ ਫੈਸਲਾ ਕੀਤਾ ਹੈ।

ਜ਼ਿਕਰਯੋਗ ਹੈ ਕਿ ਪਾਕਿਸਤਾਨ ਦੇ ਕਬਾਇਲੀ ਇਲਾਕੇ ਵਿਚ ਲੜਕੀਆਂ ਦੀ ਸਿੱਖਿਆ ਨੂੰ ਉਤਸ਼ਾਹਤ ਕਰਕੇ ਤਾਲਿਬਾਨ ਅਤਿਵਾਦੀਆਂ ਨੇ ਉਸ ਨੂੰ ਸਿਰ ਵਿਚ ਗੋਲੀਆਂ ਮਾਰ ਕੇ ਗੰਭੀਰ ਜ਼ਖ਼ਮੀ ਕਰ ਦਿੱਤਾ ਸੀ। ਇਹ ਵਕਾਰੀ ਪੁਰਸਕਾਰ 1989 ਤੋਂ ਲਗਾਤਾਰ ਦਿੱਤਾ ਜਾ ਰਿਹਾ ਹੈ। ਇਸ ਪੁਰਸਕਾਰ ਨੂੰ ਹੁਣ ਤੱਕ ਮੁਹੰਮਦ ਅਲੀ, ਸਾਬਕਾ ਰਾਸ਼ਟਰਪਤੀ ਜਿਮੀ ਕਾਰਟਰ ਹਾਸਲ ਕਰ ਚੁੱਕੇ ਹਨ।


# Golden State Realty

Sacramento Office: 9912 Kapalua Ln., Elk Grove, CA 95624

Tel: 916-612-5773

*Courtesy of Sales Manager Traci Lill, Meadows at Galt*

| The Poppy ~ Plan 1 | 4 Bedrooms, 2 & half Baths, Two-Car Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

| The Poppy ~ Plan 2 | 4 Bedrooms, 3 Baths, Three-Car Tandem Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

| The Poppy ~ Plan 3 | 4 Bedrooms, 3 Baths, Three-Car Tandem Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

| The Poppy ~ Plan 4 | 6 Bedrooms, 3 & half Baths, Three-Car Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet ‘Sam’ Chahal*

@916-612-5773

Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14



# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch
*Stockton *Lodi *Elk Grove *Sacramento *Modesto *Turlock
*Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

*ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ*
*ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ*

*ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ*
*ਗੁਰਬੰਸ ਗਿੱਲ, ਫੋਨ: 209-815-1869*



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent ’ਤੇ ਘਰ ਲੈਣਾ ਹੋਵੇ ਜਾਂ Rent ’ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869



# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਕਾਂਗਰਸ ਨਾਲ ਭਾਈਵਾਲੀ ਲਈ ਸਾਂਝਾ ਮੋਰਚਾ ਹੋਇਆ ਦੋਫਾੜ

**ਚੰਡੀਗੜ੍ਹ:** ਭਵਿੱਖ ਵਿਚ ਕਾਂਗਰਸ ਨਾਲ ਰਲ ਕੇ ਚੋਣਾਂ ਲੜਨ ਦੇ ਮੁੱਦੇ 'ਤੇ ਸਾਂਝੇ ਮੋਰਚੇ ਵਿਚ ਮੱਤਭੇਦ ਪੈਦਾ ਹੋ ਗਏ ਹਨ। ਪੀਪਲਜ਼ ਪਾਰਟੀ ਆਫ ਪੰਜਾਬ ਦਾ ਪ੍ਰਧਾਨ ਮਨਪ੍ਰੀਤ ਬਾਦਲ ਭਾਵੇਂ ਅਗਾਮੀ ਨਗਰ ਕੌਂਸਲ ਤੇ ਨਿਗਮ ਚੋਣਾਂ ਕਾਂਗਰਸ ਨਾਲ ਮਿਲ ਕੇ ਲੜਨ ਦਾ ਦਾਅਵਾ ਕਰ ਰਿਹਾ ਹੈ ਪਰ ਮੋਰਚੇ ਵਿਚ ਸ਼ਾਮਲ ਸੀ.ਪੀ.ਆਈ. ਅਤੇ ਸੀ.ਪੀ.ਆਈ. (ਐਮ) ਭਵਿੱਖ ਵਿਚ ਕਾਂਗਰਸ ਨਾਲ ਕੋਈ ਸਾਂਝ ਨਾ ਰੱਖਣ 'ਤੇ ਅੜੇ ਹਨ।



ਸੀ.ਪੀ.ਆਈ. ਦੇ ਸੂਬਾ ਸਕੱਤਰ ਬੰਤ ਬਰਾੜ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਕਾਂਗਰਸ ਨਾਲ ਰਲ ਕੇ ਕਦਾਚਿਤ ਵੀ ਚੋਣ ਲੜਨ ਲਈ ਰਾਜ਼ੀ ਨਹੀਂ ਹੋਵੇਗੀ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਸੀ.ਪੀ.ਆਈ. ਨੇ ਲੋਕ ਸਭਾ ਦੀਆਂ ਚੋਣਾਂ ਵਿਚ ਕਾਂਗਰਸ ਤੇ ਪੀ.ਪੀ.ਪੀ. ਦੇ ਸਾਂਝੇ ਉਮੀਦਵਾਰ ਦੀ ਹਮਾਇਤ ਨਹੀਂ ਕੀਤੀ ਸੀ ਸਗੋਂ ਬਾਦਲ ਸਰਕਾਰ ਤੇ ਪਰਿਵਾਰ ਦੀਆਂ ਵਧੀਕੀਆਂ ਦੇ ਵਿਰੋਧ ਵਿਚ ਮਜ਼ਬੂਤ ਵਿਰੋਧੀ ਉਮੀਦਵਾਰ ਦੇ ਰੂਪ ਵਿਚ ਚੋਣ ਮੈਦਾਨ ਵਿਚ ਨਿੱਤਰੇ ਮਨਪ੍ਰੀਤ ਸਿੰਘ ਬਾਦਲ ਨੂੰ ਵੋਟਾਂ ਪਾਈਆਂ ਸਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਸੀ.ਪੀ.ਆਈ. ਤੇ ਸੀ.ਪੀ.ਆਈ. (ਐਮ.) ਦਾ ਸਾਂਝਾ ਫੈਸਲਾ ਹੈ। ਉਨ੍ਹਾਂ ਨੇ ਸਾਂਝੇ ਮੋਰਚੇ ਵਿਚ ਸ਼ਾਮਲ ਪਾਰਟੀਆਂ ਦੇ ਮੁੜ ਤੋਂ ਇਕ ਮੰਚ ਉਤੇ ਇਕੱਠੇ ਹੋਣ 'ਤੇ ਵੀ ਖਦਸ਼ਾ ਪ੍ਰਗਟ ਕੀਤਾ ਹੈ।

ਦੂਜੇ ਪਾਸੇ ਪੀ.ਪੀ.ਪੀ. ਨੇ ਵਿਧਾਨ ਸਭਾ ਦੀਆਂ ਅਗਲੀਆਂ ਚੋਣਾਂ ਵੀ ਕਾਂਗਰਸ ਨਾਲ ਰਲ ਲੜਨ ਦਾ ਫੈਸਲਾ ਦੁਹਰਾਇਆ ਹੈ। ਮਨਪ੍ਰੀਤ ਸਿੰਘ ਬਾਦਲ ਨੇ ਦਾਅਵਾ ਕੀਤਾ ਕਿ ਪੀ.ਪੀ.ਪੀ. ਹਾਕਮ ਧਿਰ ਨੂੰ ਹਾਰ ਦੇਣ ਲਈ ਸੂਬੇ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਇਕ ਮੰਚ 'ਤੇ ਇਕੱਠਿਆਂ ਕਰਨ ਲਈ ਪਹਿਲ ਕਰੇਗੀ। ਪੈਸੇ ਦੀ ਧੌਂਸ 'ਤੇ ਚੋਣਾਂ ਜਿੱਤਣ ਵਾਲੇ ਅਕਾਲੀ-ਭਾਜਪਾ ਗਠਜੋੜ ਨੂੰ ਹਰਾਉਣ ਲਈ ਸਾਰੀਆਂ ਵਿਰੋਧੀ ਪਾਰਟੀਆਂ ਵਿਚ ਏਕਾ ਜ਼ਰੂਰੀ ਹੈ।

ਪਤਾ ਲੱਗਾ ਹੈ ਕਿ ਇਕ ਮੀਟਿੰਗ ਦੌਰਾਨ ਪਾਰਟੀ ਵਿਚ ਨਵੀਂ ਰੂਹ ਫੂਕਣ ਲਈ ਜਥੇਬੰਦਕ ਢਾਂਚਾ ਭੰਗ ਕਰਕੇ ਇਸ ਨੂੰ ਹੇਠਲੇ ਪੱਧਰ ਤੋਂ ਮਜ਼ਬੂਤ ਕਰਨ ਦਾ ਫੈਸਲਾ ਲਿਆ ਗਿਆ ਹੈ। ਮੀਟਿੰਗ ਵਿਚ ਸ਼ਾਮਲ ਕੇਂਦਰੀ ਕਮੇਟੀ ਦੇ ਮੈਂਬਰਾਂ ਤੇ ਜ਼ਿਲ੍ਹਾ ਪ੍ਰਧਾਨ ਨੇ ਬਗ਼ੈਰ ਹੋਰ ਸਮਾਂ ਬਰਬਾਦ ਕੀਤੇ ਅਗਲੀਆਂ ਚੋਣਾਂ ਦੀਆਂ ਤਿਆਰੀਆਂ ਲਈ ਜੁੱਟ ਜਾਣ 'ਤੇ ਸਹਿਮਤੀ ਪ੍ਰਗਟ ਕੀਤੀ ਹੈ। ਪਾਰਟੀ ਦੇ ਜਥੇਬੰਦਕ ਢਾਂਚੇ ਵਿਚ ਵੱਡੀਆਂ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਪਾਰਟੀ ਲਈ ਕੰਮ ਕਰਨ ਵਾਲੇ ਵਰਕਰਾਂ ਨੂੰ ਅਹੁਦੇਦਾਰੀਆਂ ਨਾਲ ਨਿਵਾਜਣ ਤੇ ਢਿੱਲੀ-ਮੱਠੀ ਕਾਰਗੁਜ਼ਾਰੀ ਵਾਲੇ ਨੇਤਾਵਾਂ ਨੂੰ ਲਾਂਭੇ ਕਰਨ 'ਤੇ ਸਹਿਮਤੀ ਬਣੀ ਹੈ। ਪਾਰਟੀ ਦੀਆਂ ਅਹੁਦੇਦਾਰੀਆਂ ਵਿਚ ਨੌਜਵਾਨ ਵਰਗ ਨੂੰ ਵੀ ਵਧੇਰੇ ਪ੍ਰਤੀਨਿਧਤਾ ਦਿੱਤੀ ਜਾਵੇਗੀ। ਪੀ.ਪੀ.ਪੀ. ਵੱਲੋਂ ਨੇੜ ਭਵਿੱਖ ਵਿਚ ਜ਼ਿਲ੍ਹਾ ਪੱਧਰੀ ਮੀਟਿੰਗਾਂ ਸ਼ੁਰੂ ਕਰਨ ਦਾ ਫੈਸਲਾ ਲਿਆ ਗਿਆ ਹੈ। ਇਨ੍ਹਾਂ ਮੀਟਿੰਗਾਂ ਵਿਚ ਪਾਰਟੀ ਵਰਕਰਾਂ ਨੂੰ ਮੌਜੂਦਾ ਚੁਣੌਤੀਆਂ ਖ਼ਿਲਾਫ਼ ਡਟਣ ਲਈ ਲਾਮਬੰਦ ਕੀਤਾ ਜਾਵੇਗਾ। ਇਸ ਦੇ ਨਾਲ ਹੀ ਪੀ.ਪੀ.ਪੀ., ਕਾਂਗਰਸ ਤੇ ਸੀ.ਪੀ.ਆਈ ਦੇ ਵਰਕਰਾਂ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਦੀ ਮਿਹਨਤ ਸਦਕਾ ਮਨਪ੍ਰੀਤ ਬਾਦਲ ਨੂੰ ਲੋਕ ਸਭਾ ਹਲਕਾ ਬਠਿੰਡਾ ਤੋਂ ਭਾਰੀ ਗਿਣਤੀ ਵਿਚ ਵੋਟਾਂ ਮਿਲੀਆਂ ਹਨ।

## ਪੀ.ਪੀ.ਪੀ. ਵੱਲੋਂ ਜਥੇਬੰਦਕ ਢਾਂਚਾ ਭੰਗ

ਪੀ.ਪੀ.ਪੀ. ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਪਾਰਟੀ ਵਿਚ ਨਵੀਂ ਰੂਹ ਫੂਕਣ ਲਈ ਜਥੇਬੰਦਕ ਢਾਂਚਾ ਭੰਗ ਕਰ ਦਿੱਤਾ ਹੈ। ਨਵੇਂ ਅਹੁਦੇਦਾਰਾਂ ਦਾ ਐਲਾਨ ਅਗਲੇ ਪੰਦਰਾਂ ਦਿਨਾਂ ਵਿਚ ਕਰ ਦਿੱਤਾ ਜਾਵੇਗਾ। ਪੀਪਲਜ਼ ਪਾਰਟੀ ਦੀ ਸੈਂਟਰਲ ਕਮੇਟੀ ਦੀ ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ। ਮੀਟਿੰਗ ਤੋਂ ਬਾਅਦ ਮਨਪ੍ਰੀਤ ਬਾਦਲ ਨੇ ਦੱਸਿਆ ਕਿ ਕਾਂਗਰਸ ਨਾਲ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੀ 2017 ਦੀਆਂ ਵਿਧਾਨ ਸਭਾ ਚੋਣਾ ਰਲ ਕੇ ਲੜਨ ਦਾ ਫੈਸਲਾ ਲੈ ਲਿਆ ਗਿਆ ਸੀ। ਉਨ੍ਹਾਂ ਇਹ ਵੀ ਕਿਹਾ ਕਿ ਸਾਂਝੇ ਮੋਰਚੇ ਨੂੰ ਮੁੜ ਤੋਂ ਜੀਵਤ ਕੀਤਾ ਜਾਵੇਗਾ ਤੇ ਇਹ ਵੀ ਕੋਸ਼ਿਸ਼ ਕੀਤੀ ਜਾਵੇਗੀ ਕਿ ਕਾਂਗਰਸ ਨਾਲ ਰਲ ਅੱਗੇ ਤੁਰਨ ਲਈ ਖੱਬੇ-ਪੱਖੀਆਂ ਨੂੰ ਨਾਲ ਰੱਖਿਆ ਜਾਵੇ।

# ਅਰਵਿੰਦ ਖੰਨਾ ਵੱਲੋਂ ਅਸਤੀਫਾ ਵਾਪਸ ਲੈਣ ਦੇ ਸੰਕੇਤ

**ਚੰਡੀਗੜ੍ਹ:** ਧੂਰੀ ਹਲਕੇ ਤੋਂ ਕਾਂਗਰਸੀ ਵਿਧਾਇਕ ਅਰਵਿੰਦ ਖੰਨਾ ਆਪਣੇ ਅਸਤੀਫ਼ੇ 'ਤੇ ਮੁੜ ਵਿਚਾਰ ਕਰ ਰਹੇ ਹਨ। ਪੰਜਾਬ ਕਾਂਗਰਸ ਦੇ ਕੁਝ ਮੋਹਰੀ ਆਗੂਆਂ ਵੱਲੋਂ ਖੰਨਾ 'ਤੇ ਦਬਾਅ ਪਾਇਆ ਜਾ ਰਿਹਾ ਸੀ ਤੇ ਹੁਣ ਸੰਕੇਤ ਮਿਲੇ ਹਨ ਕਿ ਉਹ ਆਪਣਾ ਅਸਤੀਫਾ ਵਾਪਸ ਲੈ ਲੈਣਗੇ। ਪੰਜਾਬ ਕਾਂਗਰਸ ਦੇ ਸੂਤਰਾਂ ਨੇ ਦੱਸਿਆ ਕਿ ਸ੍ਰੀ ਖੰਨਾ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਨੂੰ ਮਿਲੇ ਸਨ ਤੇ ਪਤਾ ਚੱਲਿਆ ਹੈ ਕਿ ਸਾਬਕਾ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਆਪਣੇ ਅਸਤੀਫ਼ੇ ਬਾਰੇ ਮੁੜ ਸੋਚਣ ਲਈ ਕਿਹਾ ਹੈ। ਸ੍ਰੀ ਖੰਨਾ ਨੇ ਪਿਛਲੀਆਂ ਲੋਕ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਪਹਿਲਾਂ ਹੀ 14 ਮਈ ਨੂੰ ਅਸਤੀਫ਼ਾ ਦੇ ਦਿੱਤਾ ਸੀ ਤੇ ਨਾਲ ਹੀ ਸਰਗਰਮ ਸਿਆਸਤ ਛੱਡਣ ਦੀ ਵੀ ਇੱਛਾ ਜ਼ਾਹਰ ਕੀਤੀ ਸੀ। ਪਤਾ ਲੱਗਿਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਖੰਨਾ ਨੂੰ ਹਲਕੇ ਦੇ ਲੋਕਾਂ ਪ੍ਰਤੀ ਉਨ੍ਹਾਂ ਦੀ ਜ਼ਿੰਮੇਵਾਰੀ ਦਾ ਚੇਤਾ ਕਰਾਇਆ ਤੇ ਉਨ੍ਹਾਂ ਨੂੰ ਪਾਰਟੀ ਵਿਚ ਆਪਣੇ ਨਾਲ ਕੰਮ ਕਰਦੇ ਰਹਿਣ ਦੀ ਬੇਨਤੀ ਕੀਤੀ। ਇਸ ਬਾਰੇ ਸ੍ਰੀ ਖੰਨਾ ਨੇ ਕਿਹਾ ਕਿ ਕੈਪਟਨ ਨਾਲ ਮੀਟਿੰਗ ਬਹੁਤ ਵਧੀਆ ਰਹੀ ਹੈ ਤੇ ਹਫ਼ਤੇ ਬਾਅਦ ਮੈਂ ਉਨ੍ਹਾਂ ਨੂੰ ਦੁਬਾਰਾ ਮਿਲ ਕੇ ਆਪਣੇ ਫੈਸਲੇ ਬਾਰੇ ਜਾਣੂ ਕਰਵਾਵਾਂਗਾ।

ਕੈਪਟਨ ਦੇ ਖਾਸਮਖਾਸ ਅਰਵਿੰਦ ਖੰਨਾ ਦੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਦੇ ਕਿਆਸ ਲਾਏ ਜਾ ਰਹੇ ਸਨ। ਅਰਵਿੰਦ ਖੰਨਾ ਦਾ ਧੂਰੀ ਹਲਕਾ ਲੋਕ ਸਭਾ ਹਲਕਾ ਸੰਗਰੂਰ ਵਿਚ ਪੈਂਦਾ ਹੈ। ਉਨ੍ਹਾਂ 14 ਮਈ ਨੂੰ ਆਪਣਾ ਅਸਤੀਫ਼ਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੂੰ ਭੇਜ ਦਿੱਤਾ ਸੀ ਤੇ ਉਨ੍ਹਾਂ 30 ਮਈ ਤੱਕ ਸਪੀਕਰ ਸਾਹਮਣੇ ਪੇਸ਼ ਹੋਣਾ ਸੀ।

# ਵਿਦੇਸ਼ਾਂ ਵਿਚ ਭਾਰਤੀ ਸੈਲਾਨੀਆਂ ਦੀ ਗਿਣਤੀ ਵਧੀ

**ਨਵੀਂ ਦਿੱਲੀ:** ਉਪਰਲੇ ਮੱਧ ਵਰਗ ਨਾਲ ਸਬੰਧਤ ਵੱਡੀ ਗਿਣਤੀ ਭਾਰਤੀ ਇਸ ਗਰਮੀ ਵਿਚ ਵਿਦੇਸ਼ਾਂ ਵਿਚ ਛੁੱਟੀਆਂ ਮਨਾਉਣ ਨੂੰ ਤਰਜੀਹ ਦੇ ਰਹੇ ਹਨ। ਆਨਲਾਈਨ ਟਰੈਵਲ ਪੋਰਟਲਾਂ ਸੋਸ਼ਲ ਮੀਡੀਆ ਤੇ ਟੂਰ ਅਪਰੇਟਰਾਂ ਦੀ ਧੂੰਆਂਧਾਰ ਮਾਰਕੀਟਿੰਗ ਸਦਕਾ ਇਹ ਵਰਤਾਰਾ ਜ਼ੋਰ ਫੜ ਰਿਹਾ ਹੈ। ਐਸੋਚੈਮ ਦੇ ਇਕ ਸਰਵੇਖਣ ਤੋਂ ਇਹ ਰੁਝਾਨ ਸਾਹਮਣੇ ਆਇਆ ਹੈ। ਇਹ ਅੰਦਾਜ਼ਾ ਹੈ ਕਿ ਇਸ ਗਰਮੀ ਰੁੱਤੇ ਛੁੱਟੀਆਂ ਬਿਤਾਉਣ ਲਈ ਵਿਦੇਸ਼ ਜਾਣ ਵਾਲੇ ਭਾਰਤੀਆਂ ਦੀ ਗਿਣਤੀ 15-20 ਫੀਸਦੀ ਵਧੀ ਹੈ ਹਾਲਾਂਕਿ ਘਰੇਲੂ ਥਾਵਾਂ ਜਿਵੇਂ ਸ੍ਰੀਨਗਰ ਵਿਚ ਐਤਕੀਂ ਸੈਲਾਨੀਆਂ ਦੀਆਂ ਭੀੜਾਂ ਹਨ ਤੇ ਇਨ੍ਹਾਂ ਥਾਵਾਂ 'ਤੇ ਜਾਂਦੇ-ਆਉਂਦੇ ਹਵਾਈ ਜਹਾਜ਼ ਭਰੇ ਹੁੰਦੇ ਹਨ। ਦਿਲਚਸਪ ਗੱਲ ਹੈ ਕਿ ਭਾਰਤੀ ਆਰਥਿਕਤਾ ਮੰਦੇ ਨਾਲ ਜੂਝ ਰਹੀ ਹੈ, ਫਿਰ ਵੀ ਧੜਾਧੜ ਭਾਰਤੀ ਬਾਹਰ ਛੁੱਟੀਆਂ ਬਿਤਾਉਣ ਜਾ ਰਹੇ ਹਨ। ਇਸ ਤੋਂ ਇਲਾਵਾ ਦੇਸ਼ ਵਿਚ ਪੈ ਰਹੀ ਅਤਿ ਦੀ ਗਰਮੀ ਤੇ ਸਿੰਗਾਪਾਰ, ਥਾਈਲੈਂਡ ਤੇ ਮਲੇਸ਼ੀਆ ਜਿਹੇ ਨੇੜੇ ਪੈਂਦੇ ਸੈਰ-ਸਪਾਟੇ ਦੇ ਸਥਾਨਾਂ ਲਈ ਆਕਰਸ਼ਕ ਪੈਕੇਜ ਰੱਜੇ-ਪੁੱਜੇ ਮੱਧ ਵਰਗ ਨੂੰ ਆਕਰਸ਼ਿਤ ਕਰ ਰਹੇ ਹਨ। ਸਰਵੇਖਣ ਅਨੁਸਾਰ ਜਿਉਂ ਹੀ ਆਰਥਿਕਤ ਥੋੜ੍ਹੀ ਪੈਰਾਂ ਸਿਰ ਹੋਈ, ਵਿਦੇਸ਼ ਘੁੰਮਣ ਜਾਣ ਵਾਲੇ ਭਾਰਤੀਆਂ ਦੀ ਗਿਣਤੀ ਹੋਰ ਵਧੇਗੀ।

# ਪਹਾੜ ਦਾ ਨਾਮ ਭਾਰਤੀ ਮੂਲ ਦੇ ਵਿਗਿਆਨੀ ਦੇ ਨਾਂ ਉਤੇ ਰੱਖਿਆ

**ਵਾਸ਼ਿੰਗਟਨ:** ਵਿਲੱਖਣ ਸਨਮਾਨ ਦਿੰਦਿਆਂ ਅਮਰੀਕਾ ਨੇ ਅੰਟਾਰਕਟਿਕਾ ਵਿਚ ਇਕ ਪਹਾੜ ਦਾ ਨਾਂ ਭਾਰਤੀ ਮੂਲ ਦੇ ਨਾਮਵਰ ਅਮਰੀਕੀ ਵਿਗਿਆਨੀ ਅਖੋਰੀ ਸਿਨਹਾ ਦੇ ਨਾਮ 'ਤੇ ਰੱਖਿਆ ਹੈ। ਸਿਨਹਾ ਵੱਲੋਂ ਬਾਇਓਲੋਜੀਕਲ ਰਿਸਰਚ ਮੁਹਿੰਮ ਦੀ ਅਗਵਾਈ ਕੀਤੀ ਗਈ ਸੀ ਤੇ ਉਨ੍ਹਾਂ ਨੇ ਜੀਵ-ਜੰਤੂਆਂ ਦੀ ਆਬਾਦੀ ਬਾਰੇ ਅਹਿਮ ਅੰਕੜੇ ਮੁਹੱਈਆ ਕਰਾਏ ਸਨ। ਡਿਪਾਰਟਮੈਂਟ ਆਫ ਜੈਨੇਟਿਕ, ਸੈੱਲ ਬਾਇਓਲੋਜੀ ਤੇ ਡਿਵੈਲਪਮੈਂਟ ਯੂਨੀਵਰਸਿਟੀ ਆਫ ਮਿਨੀਸੋਟਾ ਵਿਚ ਸਹਾਇਕ ਪ੍ਰੋਫੈਸਰ ਵਜੋਂ ਕੰਮ ਕਰਦੇ ਸਿਨਹਾ ਨੂੰ ਅਮਰੀਕੀ ਜਿਓਲਾਜੀਕਲ ਸਰਵੇਅ ਨੇ ਇਹ ਮਾਨਤਾ ਦਿੱਤੀ ਹੈ ਤੇ ਉਨ੍ਹਾਂ ਵੱਲੋਂ ਉਸ ਖਿੱਤੇ ਦੀ ਥਾਹ ਪਾਉਣ ਲਈ ਕੰਮ ਵਿਸ਼ੇਸ਼ ਕਾਰਜ ਲਈ ਪਹਾੜ ਦਾ ਨਾਮ 'ਮਾਉਂਟੇਨ ਸਿਨਹਾ' ਰੱਖਿਆ ਗਿਆ ਹੈ।

ਸਿਨਹਾ 1972 ਤੋਂ 1974 ਤੱਕ ਬੇਲਿੰਗਸ਼ਾਉਸੇਨ ਤੇ ਅਮੁੰਡਸੇਨ ਸੀਜ਼ ਵਿਚ ਸੀਲ, ਮੱਛੀਆਂ ਤੇ ਪੰਛੀਆਂ ਦੀ ਆਬਾਦੀ ਬਾਰੇ ਜਾਂਚ ਕਰਨ ਵਾਲੀ ਟੀਮ ਦਾ ਹਿੱਸਾ ਸਨ। ਇਨ੍ਹਾਂ ਦਾ ਕਾਰਜ ਕਾਫੀ ਜੋਖਮ ਭਰਿਆ ਸੀ। ਇਹ ਪਹਾੜ 990 ਮੀਟਰ ਉੱਚਾ ਹੈ।

# ਸਿੱਖਿਆ ਬੋਰਡ ਦੇ ਡਾਇਰੈਕਟਰਾਂ ਦੇ ਜਾਅਲੀ ਦਸਤਖ਼ਤਾਂ ਬਾਰੇ ਜਾਂਚ ਤੇਜ਼

**ਮੁਹਾਲੀ:** ਪੰਜਾਬ ਸਕੂਲ ਸਿੱਖਿਆ ਬੋਰਡ ਦੇ ਡਾਇਰੈਕਟਰਾਂ ਦੇ ਜਾਅਲੀ ਦਸਤਖ਼ਤ ਕਰਕੇ ਕਿਸੇ ਖਾਸ ਅਧਿਕਾਰੀ ਨੂੰ ਸਰਕਾਰੀ ਅਹੁਦੇ ਦਾ ਲਾਭ ਪਹੁੰਚਾਉਣ ਦੇ ਮਾਮਲੇ ਬਾਰੇ ਜ਼ਿਲ੍ਹਾ ਪੁਲਿਸ ਨੇ ਜਾਂਚ ਤੇਜ਼ ਕਰ ਦਿੱਤੀ ਹੈ। ਦੱਸਣਯੋਗ ਹੈ ਕਿ ਇਹ ਮਾਮਲਾ ਕਾਫੀ ਸਮੇਂ ਤੋਂ ਬੁਝਾਰਤ ਬਣਿਆ ਹੋਇਆ ਹੈ। ਹਾਲਾਂਕਿ ਸੂਬਾ ਸਰਕਾਰ ਦੀਆਂ ਹਦਾਇਤਾਂ 'ਤੇ ਪੁਲਿਸ ਵੱਲੋਂ ਬੋਰਡ ਦੀਆਂ ਮੀਟਿੰਗਾਂ ਵਿਚ ਗ਼ੈਰਹਾਜ਼ਰ ਮੈਂਬਰਾਂ ਦੇ ਜਾਅਲੀ ਦਸਤਖ਼ਤ ਕਰਕੇ ਸਰਕਾਰੀ ਰਿਕਾਰਡ ਨਾਲ ਛੇੜ-ਛਾੜ ਕਰਨ ਵਾਲੇ ਅਣਪਛਾਤੇ ਵਿਅਕਤੀ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ ਪਰ ਅਜੇ ਤੱਕ ਪੁਲਿਸ ਜਾਂਚ ਕਿਸੇ ਕੰਢੇ ਨਹੀਂ ਲੱਗੀ ਹੈ।

ਹੁਣ ਸੂਬਾ ਸਰਕਾਰ ਵੱਲੋਂ ਇਸ ਕੇਸ ਬਾਰੇ ਵਾਰ-ਵਾਰ ਰਿਪੋਰਟ ਤਲਬ ਕੀਤੇ ਜਾਣ ਨੂੰ ਗੰਭੀਰਤਾ ਨਾਲ ਲੈਂਦਿਆਂ ਜ਼ਿਲ੍ਹਾ ਪੁਲਿਸ ਨੇ ਜਾਂਚ ਤੇਜ਼ ਕਰ ਦਿੱਤੀ ਹੈ। ਪੁਲਿਸ ਦੀ ਪੜਤਾਲੀਆ ਟੀਮ ਨੇ ਸਿੱਖਿਆ ਬੋਰਡ ਭਵਨ ਵਿਚ ਬੋਰਡ ਦੇ ਮੀਟਿੰਗ ਸੈਕਸ਼ਨ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਬਿਆਨ ਕਲਮਬੰਦ ਕੀਤੇ। ਜ਼ਿਕਰਯੋਗ ਹੈ ਕਿ ਸਿੱਖਿਆ ਬੋਰਡ ਦੇ ਸਕੱਤਰ ਨੇ 20 ਨਵੰਬਰ 2013 ਨੂੰ ਜ਼ਿਲ੍ਹਾ ਪੁਲਿਸ ਮੁਖੀ ਨੂੰ ਲਿਖਤੀ ਸ਼ਿਕਾਇਤ ਸੌਂਪਦਿਆਂ ਅਣਪਛਾਤੇ ਵਿਅਕਤੀ ਖ਼ਿਲਾਫ਼ ਐਫ.ਆਈ.ਆਰ. ਦਰਜ ਕਰਨ ਦੀ ਮੰਗ ਕੀਤੀ ਸੀ। ਇਸ ਬਾਰੇ ਸੂਬਾ ਸਰਕਾਰ ਨੇ ਬੋਰਡ ਨੂੰ ਪੱਤਰ ਭੇਜ ਕੇ ਬੋਰਡ ਮੈਂਬਰਾਂ ਦੇ ਜਾਅਲੀ ਦਸਤਖ਼ਤ ਕਰਨ ਵਾਲੇ ਅਣਪਛਾਤੇ ਵਿਅਕਤੀ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਲਈ ਹੁਕਮ ਜਾਰੀ ਕੀਤੇ ਸਨ।

# ਪਿਓ-ਪੁੱਤ ਦੀ ਗੋਲੀਆਂ ਮਾਰ ਕੇ ਹੱਤਿਆ

**ਮੋਗਾ:** ਪਿੰਡ ਖੋਸਾ ਕੋਟਲਾ ਵਿਚ ਸਾਂਝੇ ਟਿਊਬਵੈੱਲ (ਮੋਟਰ ਬਿਜਲੀ) ਖ਼ਾਤਰ ਸਾਬਕਾ ਫ਼ੌਜੀ ਤੇ ਉਸ ਦੇ ਇਕਲੌਤੇ ਨੌਜਵਾਨ ਪੁੱਤ ਦੀ ਚਚੇਰੇ ਭਰਾਵਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਸਾਬਕਾ ਫ਼ੌਜੀ ਦਾ ਆਪਣੇ ਚਚੇਰੇ ਭਰਾਵਾਂ ਨਾਲ ਸਾਂਝੇ ਟਿਊਬਵੈੱਲ ਦਾ ਝਗੜਾ ਸੀ ਤੇ ਦੋਵਾਂ ਧਿਰਾਂ ਨੇ ਪੁਲਿਸ ਨੂੰ ਇਕ-ਦੂਜੇ ਖ਼ਿਲਾਫ਼ ਸ਼ਿਕਾਇਤ ਦਿੱਤੀ ਸੀ ਪਰ ਪੁਲਿਸ ਦੀ ਇਕਤਰਫ਼ਾ ਤੇ ਢਿੱਲੀ ਕਾਰਵਾਈ ਕਾਰਨ ਪਿਓ-ਪੁੱਤ ਦੀ ਜਾਨ ਚਲੀ ਗਈ। ਇਸ ਲਾਪ੍ਰਵਾਹੀ ਲਈ ਐਸ.ਐਚ.ਓ. ਇੰਸਪੈਕਟਰ ਰਵੀਸ਼ੇਰ ਸਿੰਘ ਨੂੰ ਲਾਈਨ ਹਾਜ਼ਰ ਕਰ ਦਿੱਤਾ ਗਿਆ।

ਪਿੰਡ ਖੋਸਾ ਕੋਟਲਾ ਵਾਸੀ ਸਾਬਕਾ ਫ਼ੌਜੀ ਦਰਸ਼ਨ ਸਿੰਘ ਦਾ ਆਪਣੇ ਚਚੇਰੇ ਭਰਾਵਾਂ ਨਾਲ ਟਿਊਬਵੈੱਲ ਦਾ ਝਗੜਾ ਸੀ। ਥਾਣਾ ਕੋਟ ਈਸੇ ਖਾਂ ਪੁਲਿਸ ਨੂੰ ਦੋਵਾਂ ਧਿਰਾਂ ਨੇ ਇਕ-ਦੂਜੇ ਖ਼ਿਲਾਫ਼ ਸ਼ਿਕਾਇਤ ਦਿੱਤੀ ਸੀ ਪਰ ਪੀੜਤ ਪਰਿਵਾਰ ਨੇ ਦੋਸ਼ ਲਾਇਆ ਕਿ ਪੁਲਿਸ ਨੇ ਮ੍ਰਿਤਕ ਪਿਓ-ਪੁੱਤ ਨੂੰ ਅਮਨ-ਸ਼ਾਂਤੀ ਭੰਗ ਕਰਨ ਦੀ ਧਾਰਾ ਹੇਠ ਗ੍ਰਿਫ਼ਤਾਰ ਕਰਨ ਮਗਰੋਂ ਜ਼ਮਾਨਤ 'ਤੇ ਛੱਡ ਦਿੱਤਾ ਪਰ ਦੂਜੀ ਖ਼ਿਲਾਫ਼ ਕੋਈ ਕਾਰਵਾਈ ਨਾ ਕੀਤੀ। ਜੇਕਰ ਉਨ੍ਹਾਂ ਦੇ ਹਥਿਆਰ ਜ਼ਬਤ ਕੀਤੇ ਜਾਂਦੇ ਤਾਂ ਘਟਨਾ ਟਲ ਸਕਦੀ ਸੀ।

ਇਸ ਦੌਰਾਨ ਪੰਚਾਇਤ ਵੱਲੋਂ ਟਿਊਬਵੈੱਲ ਨੂੰ ਤਾਲਾ ਲਗਾ ਦਿੱਤਾ ਗਿਆ। ਮੁਲਜ਼ਮ ਧਿਰ ਵੱਲੋਂ ਲੰਘੀ ਰਾਤ ਤਾਲਾ ਤੋੜ ਕੇ ਮੋਟਰ ਚਲਾਉਣ ਦੀ ਭਿਣਕ ਲੱਗਣ 'ਤੇ ਮ੍ਰਿਤਕ ਦਰਸ਼ਨ ਸਿੰਘ (55) ਤੇ ਉਸ ਦਾ ਪੁੱਤ ਕਿਰਪਾਲ ਸਿੰਘ (26) ਖੇਤ ਪਹੁੰਚ ਗਏ ਤੇ ਮੁਲਜ਼ਮ ਧਿਰ ਨੇ 12 ਬੋਰ ਬੰਦੂਕ ਨਾਲ ਗੋਲੀ ਚਲਾ ਦਿੱਤੀ ਤੇ ਦਰਸ਼ਨ ਸਿੰਘ ਦੀ ਮੌਕੇ 'ਤੇ ਮੌਤ ਤੇ ਕਿਰਪਾਲ ਸਿੰਘ ਦੀ ਹਸਪਤਾਲ ਲਿਜਾਂਦੇ ਰਸਤੇ ਵਿਚ ਮੌਤ ਹੋ ਗਈ।

## ਕਿੰਨਰਾਂ ਲਈ ਨੀਤੀ ਤਿਆਰ ਹੋਵੇਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕਿੰਨਰਾਂ ਦੇ ਮੁੱਦੇ 'ਤੇ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਲਾਗੂ ਕਰਨ ਤੇ ਉਨ੍ਹਾਂ ਨਾਲ ਦਰਪੇਸ਼ ਭੇਦ-ਭਾਵ ਦੂਰ ਕਰਨ ਲਈ ਇਕ ਅੰਤਰ-ਵਿਭਾਗੀ ਰਣਨੀਤੀ ਉਲੀਕਣ ਦਾ ਫੈਸਲਾ ਕੀਤਾ ਹੈ। ਸਾਰੇ ਵਿਭਾਗਾਂ ਨੂੰ ਔਰਤ-ਮਰਦ ਲਿੰਗ ਪ੍ਰਣਾਲੀ ਤੋਂ ਵੱਖਰੀ ਸਨਮਾਨਜਨਕ ਥਾਂ ਦੇਣ ਲਈ ਨੀਤੀ ਬਣਾਉਣ ਲਈ ਕਿਹਾ ਹੈ।

ਸਰਕਾਰੀ ਬੁਲਾਰੇ ਨੇ ਸੁਪਰੀਮ ਕੋਰਟ ਦੀਆਂ ਸਿਫ਼ਾਰਸ਼ਾਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿੱਖਿਆ ਦੇ ਖੇਤਰ ਵਿਚ ਕਿੰਨਰ ਬੱਚਿਆਂ ਨੂੰ ਵਜ਼ੀਫ਼ਾ, ਫੀਸ ਤੋਂ ਛੋਟ, ਮੁਫ਼ਤ ਕਿਤਾਬਾਂ ਤੇ ਰਿਆਇਤੀ ਦਰਾਂ 'ਤੇ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਕਿੰਨਰਾਂ ਬਾਰੇ ਧਾਰਨਾਵਾਂ ਤੇ ਇਸ ਨਾਲ ਸਬੰਧਤ ਮੁੱਦਿਆਂ ਨੂੰ ਸਕੂਲ ਸਿਲੇਬਸ ਵਿਚ ਸ਼ਾਮਲ ਕੀਤਾ ਜਾਵੇਗਾ। ਸਿੱਖਿਆ ਸੰਸਥਾਵਾਂ/ਯੂਨੀਵਰਸਿਟੀਆਂ ਵਿਚ ਵਿਤਕਰਾ ਵਿਰੋਧੀ ਸੈੱਲ ਸਥਾਪਤ ਕੀਤੇ ਜਾਣਗੇ।

# ਮੋਗਾ ਕਾਂਡ: ਮੁਢਲੀ ਜਾਂਚ ਵਿਚ ਪੁਲਿਸ ਕਾਰਵਾਈ 'ਤੇ ਉਠੇ ਸਵਾਲ

**ਚੰਡੀਗੜ੍ਹ:** ਮੋਗਾ ਪੁਲਿਸ ਮੁਕਾਬਲੇ ਦੌਰਾਨ ਮਾਰੇ ਗਏ ਸੁਖਦੇਵ ਸਿੰਘ ਤੇ ਇੰਦਰਜੀਤ ਸਿੰਘ ਉਰਫ਼ ਗੋਰਾ ਦਾ ਮਾਮਲਾ ਸਵਾਲਾਂ ਵਿਚ ਘਿਰ ਗਿਆ ਹੈ। ਮੁੱਢਲੀ ਪੜਤਾਲ ਮੁਤਾਬਕ ਸੁਖਦੇਵ ਸਿੰਘ ਤੇ ਇੰਦਰਜੀਤ ਸਿੰਘ ਗੋਰਾ ਦੀ 15-20 ਫੁੱਟ ਦੂਰੋਂ ਗੋਲੀ ਚੱਲਣ ਕਾਰਨ ਮੌਤ ਹੋਈ ਹੈ ਤੇ ਸਬ ਇੰਸਪੈਕਟਰ ਰਾਜਦੀਪ ਬਹੁਤ ਨੇੜਿਓਂ ਗੋਲੀ ਚਲਣ ਕਾਰਨ ਜ਼ਖ਼ਮੀ ਹੋਇਆ ਹੈ। ਚੰਡੀਗੜ੍ਹ ਪੁਲਿਸ ਦੇ ਸਬ-ਇੰਸਪੈਕਟਰ ਰਾਜਦੀਪ ਸਿੰਘ ਦੇ ਪੇਟ ਨੂੰ ਚੀਰਨ ਵਾਲੀ ਗੋਲੀ ਲਈ ਵਰਤਿਆ ਹਥਿਆਰ ਇਹ ਭੇਤ ਖੋਲ੍ਹਣ ਦੀ ਮੁੱਖ ਕੜੀ ਹੋਵੇਗਾ।



ਮੁਕਾਬਲੇ ਦੀ ਜਾਂਚ ਦੌਰਾਨ ਪੁਲਿਸ ਟੀਮ ਵੱਲੋਂ ਲੋਕਲ ਪੁਲਿਸ ਨੂੰ ਛਾਪਾ ਮਾਰਨ ਬਾਰੇ ਸੂਚਿਤ ਕਰਨ, ਘਟਨਾ ਵੇਲੇ ਵਰਦੀ ਪਾਉਣ ਤੇ ਮ੍ਰਿਤਕਾਂ ਨਾਲ ਪੁਲਿਸ ਦੀ ਕੋਈ ਨਿੱਜੀ ਰੰਜਿਸ਼ ਜਾਂ ਸ਼ਿਕਾਇਤਕਰਤਾ ਨਾਲ ਸਾਂਝ ਹੋਣ ਦੇ ਤੱਥਾਂ ਦੀ ਜਾਂਚ ਵੀ ਹੋਵੇਗੀ। ਇਸ ਤੋਂ ਇਲਾਵਾ ਸਬ-ਇੰਸਪੈਕਟਰ ਤੇ ਸਿਪਾਹੀ ਸੁਰਿੰਦਰ ਕੁਮਾਰ ਨੂੰ ਗੋਲੀਆਂ ਮਾਰਨ ਲਈ ਵਰਤੇ ਹਥਿਆਰਾਂ ਦੇ ਮਾਲਕ ਦੀ ਸ਼ਨਾਖ਼ਤ ਵੀ ਇਸ ਪੜਤਾਲ ਦੀਆਂ ਕਈ ਗੁੰਝਲਾਂ ਖੋਲ੍ਹੇਗੀ। ਦੋਵੇਂ ਮ੍ਰਿਤਕ ਸੈਕਟਰ 17 ਚੰਡੀਗੜ੍ਹ ਵਿਖੇ 23 ਜੂਨ ਨੂੰ ਦਰਜ ਐਫ.ਆਈ.ਆਰ. ਵਿਚ ਨਾਮਜ਼ਦ ਨਹੀਂ ਸਨ। ਪੋਸਟਮਾਰਟਮ ਰਿਪੋਰਟ ਮੁਤਾਬਕ ਸੁਖਦੇਵ ਸਿੰਘ ਦੇ ਸਿਰ, ਢਿੱਡ, ਸੱਜੇ-ਖੱਬੇ ਪਾਸੇ ਦੋਵਾਂ ਪੱਟਾਂ 'ਤੇ ਤਕਰੀਬਨ 15 ਗੋਲੀਆਂ ਵੱਜੀਆਂ ਸਨ ਜਦਕਿ ਇੰਦਰਜੀਤ ਸਿੰਘ ਉਰਫ਼ ਗੋਰਾ ਦੇ ਨੱਕ, ਖੱਬੀਆਂ-ਸੱਜੀਆਂ ਬਾਹਾਂ 'ਤੇ ਤਕਰੀਬਨ ਨੌਂ ਗੋਲੀਆਂ ਵੱਜੀਆਂ ਹਨ।

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ 25 ਜੂਨ ਦੀ ਰਾਤ ਨੂੰ ਮੋਗਾ-ਕੋਟਕਪੂਰਾ ਬਾਈਪਾਸ 'ਤੇ ਚੰਡੀਗੜ੍ਹ ਪੁਲਿਸ ਦੀ ਅਪਰਾਧ ਸ਼ਾਖਾ ਦੀ ਟੀਮ ਨਾਲ ਹੋਏ ਮੁਕਾਬਲੇ ਦੌਰਾਨ ਦੋ ਵਿਅਕਤੀਆਂ ਦੀ ਮੌਤ ਹੋਣ ਤੇ ਦੋ ਪੁਲਿਸ ਮੁਲਾਜ਼ਮਾਂ ਦੇ ਜ਼ਖ਼ਮੀ ਹੋਣ ਦੀ ਜਾਂਚ ਲਈ ਵਿਸ਼ੇਸ਼ ਪੜਤਾਲੀਆ ਟੀਮ (ਐਸ.ਆਈ.ਟੀ.) ਬਣਾਉਣ ਕਾਰਨ ਇਹ ਮਾਮਲਾ ਹੋਰ ਭਖ ਗਿਆ ਹੈ। ਸ. ਬਾਦਲ ਨੇ ਇੰਸਪੈਕਟਰ ਜਨਰਲ ਪੱਧਰ ਦੇ ਅਧਿਕਾਰੀ ਦੀ ਅਗਵਾਈ ਹੇਠ ਤਿੰਨ ਮੈਂਬਰੀ ਐਸ.ਆਈ.ਟੀ. ਬਣਾਈ ਹੈ। ਇਸ ਪੜਤਾਲ ਦਾ ਮੁੱਖ ਧੁਰਾ ਮੁਕਾਬਲੇ ਦੌਰਾਨ ਚੱਲੀਆਂ ਗੋਲੀਆਂ ਬਾਬਤ ਫੋਰੈਂਸਿਕ ਰਿਪੋਰਟ ਹੋਵੇਗੀ, ਜਿਸ ਤੋਂ ਪਤਾ ਲੱਗੇਗਾ ਕਿ ਪਹਿਲਾਂ ਗੋਲੀ ਕਿਸ ਧਿਰ ਵੱਲੋਂ ਚਲਾਈ ਗਈ।

ਜ਼ਿਕਰਯੋਗ ਹੈ ਕਿ ਮੋਗੇ ਦੇ ਹਰਪਿੰਦਰ ਸਿੰਘ ਨੇ 23 ਜੂਨ ਨੂੰ ਸ਼ਿਕਾਇਤ ਦਰਜ ਕਰਵਾਈ ਸੀ ਕਿ ਪਿੰਡ ਚੰਨੂਵਾਲਾ ਦੇ ਗੁਰਚਰਨ ਸਿੰਘ ਉਰਫ਼ ਰਿੰਕੂ, ਪਿੰਡ ਸੰਗਤਪੁਰਾ ਦੇ ਸੁਖਪਾਲ ਸਿੰਘ ਤੇ ਪਿੰਡ ਲੰਗੇਆਣਾ ਪੁਰਾਣਾ ਦੇ ਸ਼ਿੰਦਰ ਸਿੰਘ ਉਰਫ਼ ਗੋਗਾ ਆਦਿ ਨੇ ਇਥੇ ਸੈਕਟਰ-22 ਸਥਿਤ ਉਸ ਦੇ ਕਮਰੇ ਵਿਚ ਵੜ ਕੇ ਉਸ ਦੀ ਕੁੱਟਮਾਰ ਕੀਤੀ ਹੈ ਤੇ ਅਸ਼ਲੀਲ ਵੀਡੀਓ ਬਣਾ ਕੇ ਜ਼ਲੀਲ ਵੀ ਕੀਤਾ ਸੀ। ਇਸ ਬਾਰੇ ਹੀ ਚੰਡੀਗੜ੍ਹ ਪੁਲਿਸ ਦੀ ਅਪਰਾਧ ਸ਼ਾਖਾ ਦੇ ਇੰਚਾਰਜ ਇੰਸਪੈਕਟਰ ਰਣਜੋਧ ਸਿੰਘ ਦੀ ਅਗਵਾਈ ਹੇਠ ਅਪਰਾਧ ਸ਼ਾਖਾ ਸਮੇਤ ਸੈਕਟਰ-17 ਥਾਣੇ ਦੀ ਟੀਮ ਇਨ੍ਹਾਂ ਮੁਲਜ਼ਮਾਂ ਨੂੰ ਫੜਨ ਲਈ ਮੋਗੇ ਗਈ ਸੀ।

# ਐਮ.ਬੀ.ਬੀ.ਐਸ. ਵਾਸਤੇ ਵਤਨ ਆਉਣ ਲਈ ਤਿਆਰ ਨਹੀਂ ਐਨ.ਆਰ.ਆਈ.

**ਚੰਡੀਗੜ੍ਹ:** ਪਰਵਾਸੀ ਪੰਜਾਬੀਆਂ ਦਾ ਸੂਬੇ ਵਿਚ ਮੈਡੀਕਲ ਕੋਰਸਾਂ ਤੋਂ ਮੋਹ ਭੰਗ ਹੋ ਗਿਆ ਹੈ। ਪੰਜਾਬ ਦੇ ਸੱਤ ਮੈਡੀਕਲ ਕਾਲਜਾਂ ਵਿਚ ਮੌਜੂਦਾ 72 ਐਨ.ਆਰ.ਆਈ. ਕੋਟਾ ਸੀਟਾਂ ਲਈ ਸਿਰਫ ਦੋ ਐਨ.ਆਰ.ਆਈ. ਉਮੀਦਵਾਰਾਂ ਨੇ ਅਪਲਾਈ ਕੀਤਾ ਹੈ। ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਕੋਲ ਹੁਣ ਤੱਕ ਸੂਬੇ ਵਿਚ ਮੌਜੂਦ 72 ਐਨ.ਆਰ.ਆਈ. ਕੋਟਾ ਸੀਟਾਂ ਲਈ ਸਿਰਫ ਦੋ ਅਰਜ਼ੀਆਂ ਆਈਆਂ ਹਨ। ਮੈਡੀਕਲ ਕਾਲਜ ਲਈ ਐਨ.ਆਰ.ਆਈ. ਕੋਟਾ ਸੀਟਾਂ ਨੂੰ ਆਮਦਨ ਦਾ ਵੱਡਾ ਸਰੋਤ ਮੰਨਿਆ ਜਾਂਦਾ ਹੈ। ਹਰ ਮੈਡੀਕਲ ਕਾਲਜ ਕੋਲ ਐਮ.ਬੀ.ਬੀ.ਐਸ. ਲਈ 15 ਫੀਸਦੀ ਐਨ.ਆਰ.ਆਈ. ਕੋਟਾ ਹੈ ਤੇ ਐਨ.ਆਰ.ਆਈ. ਸੀਟ ਲਈ ਪੂਰੇ ਕੋਰਸ ਦੀ ਫੀਸ ਇਕ ਲੱਖ 10 ਹਜ਼ਾਰ ਅਮਰੀਕੀ ਡਾਲਰ ਹੈ।

ਪਹਿਲਾਂ ਐਨ.ਆਰ.ਆਈ. ਕੋਟਾ ਸੀਟਾਂ 'ਪਹਿਲਾਂ ਆਓ, ਪਹਿਲਾਂ ਪਾਓ' ਦੇ ਆਧਾਰ 'ਤੇ ਭਰੀਆਂ ਜਾਂਦੀਆਂ ਸਨ ਪਰ ਹੁਣ ਹਰ ਉਮੀਦਵਾਰ ਲਈ ਆਲ-ਇੰਡੀਆ ਪ੍ਰੀ-ਮੈਡੀਕਲ ਐਂਟਰੈਸ ਟੈਸਟ (ਏ.ਆਈ.ਪੀ.ਐਮ.ਈ.ਟੀ.) ਦੇਣਾ ਲਾਜ਼ਮੀ ਕੀਤਾ ਗਿਆ ਹੈ। ਇਸ ਟੈਸਟ ਵਿਚੋਂ ਉਮੀਦਵਾਰ ਵੱਲੋਂ 50 ਪ੍ਰਤੀਸ਼ਤ ਨੰਬਰ ਪ੍ਰਾਪਤ ਕੀਤੇ ਜਾਣ 'ਤੇ ਹੀ ਉਹ ਪੰਜਾਬ ਵਿਚਲੇ ਐਮ.ਬੀ.ਬੀ.ਐਸ. ਤੇ ਬੀ.ਡੀ.ਐਸ. ਕੋਰਸਾਂ ਵਿਚ ਦਾਖਲਾ ਲੈਣ ਦੇ ਯੋਗ ਹੋਵੇਗਾ।

ਜ਼ਿਆਦਾਤਰ ਐਨ.ਆਰ.ਆਈ. ਉਮੀਦਵਾਰ ਜਾਂ ਤਾਂ ਇਹ ਇਹ ਟੈਸਟ ਦਿੰਦੇ ਹੀ ਨਹੀਂ ਤੇ ਜਾਂ ਫਿਰ 50 ਪ੍ਰਤੀਸ਼ਤ ਅੰਕ ਪ੍ਰਾਪਤ ਕਰਨ ਵਿਚ ਅਸਫਲ ਰਹਿੰਦੇ ਹਨ। ਨਿਯਮਾਂ ਮੁਤਾਬਕ ਖਾਲੀ ਰਹੀਆਂ ਸਾਰੀਆਂ ਐਨ.ਆਰ.ਆਈ. ਸੀਟਾਂ ਜਨਰਲ ਕੋਟਾ ਸੀਟਾਂ ਵਿਚ ਤਬਦੀਲ ਹੋ ਜਾਂਦੀਆਂ ਹਨ ਤੇ ਇਸ ਨਾਲ ਆਮ ਸ਼੍ਰੇਣੀ ਦੇ ਉਮੀਦਵਾਰਾਂ ਲਈ ਮੌਕੇ ਵਧਦੇ ਹਨ। ਮੈਡੀਕਲ ਕੋਰਸਾਂ ਵਿਚ ਦਾਖਲੇ ਲਈ ਏ.ਆਈ.ਪੀ.ਐਮ.ਈ.ਟੀ. ਵਿਚੋਂ ਘੱਟੋ-ਘੱਟ ਅੰਕ ਪ੍ਰਾਪਤ ਕਰਨ ਦੀ ਲਾਈ ਸ਼ਰਤ ਕਾਰਨ ਇਹ ਮੰਨਿਆ ਜਾ ਰਿਹਾ ਹੈ ਕਿ ਅੰਗਹੀਣਾਂ ਦੀਆਂ 13 ਕੋਟਾ ਸੀਟਾਂ, ਕੁਝ ਦੰਗਾ ਪ੍ਰਭਾਵਿਤ ਕੋਟਾ ਸੀਟਾਂ ਤੇ ਜੰਮੂ ਤੇ ਕਸ਼ਮੀਰ ਤੋਂ ਆਏ ਪਰਵਾਸੀਆਂ ਲਈ ਕੋਟਾ ਸੀਟਾਂ ਖਾਲੀ ਰਹਿ ਜਾਣਗੀਆਂ ਕਿਉਂਕਿ ਅਜਿਹੀਆਂ ਸੀਟਾਂ ਲਈ ਦਾਅਵਾ ਕਰ ਸਕਣ ਵਾਲੇ ਬਹੁਤ ਘੱਟ ਬਿਨੈਕਾਰ ਹੀ ਏ.ਆਈ.ਪੀ.ਐਮ.ਈ.ਟੀ. ਪਾਸ ਕਰ ਸਕੇ ਹਨ।

ਪੰਜਾਬ ਵਿਚਲੇ ਸੱਤ ਮੈਡੀਕਲ ਕਾਲਜਾਂ ਵਿਚ ਐਮ.ਬੀ.ਬੀ.ਐਸ. ਦੀਆਂ 770 ਸੀਟਾਂ ਹਨ। ਇਨ੍ਹਾਂ ਤੋਂ ਇਲਾਵਾ ਦੋ ਮੈਡੀਕਲ ਕਾਲਜ ਮੈਡੀਕਲ ਕੌਂਸਲ ਆਫ ਇੰਡੀਆ (ਐਮ.ਸੀ.ਆਈ.) ਵੱਲੋਂ ਐਮ.ਬੀ.ਬੀ.ਐਸ. ਦੀਆਂ 300 ਸੀਟਾਂ ਭਰਨ ਲਈ ਮਨਜ਼ੂਰੀ ਨਵਿਆਏ ਜਾਣ ਦੀ ਉਡੀਕ ਕਰ ਰਹੇ ਹਨ। ਫਰੀਦਕੋਟ ਦਾ ਸਰਕਾਰੀ ਕਾਲਜ ਤੇ ਅੰਮ੍ਰਿਤਸਰ ਦਾ ਗੁਰੂ ਰਾਮਦਾਸ ਕਾਲਜ ਵੀ ਐਮ.ਸੀ.ਆਈ. ਵੱਲੋਂ 50-50 ਹੋਰ ਸੀਟਾਂ ਦੀ ਇਜਾਜ਼ਤ ਦਿੱਤੇ ਜਾਣ ਦੀ ਉਡੀਕ ਕਰ ਰਹੇ ਹਨ। ਸਰਕਾਰੀ ਅਦਾਰਿਆਂ ਵਿਚਲੀਆਂ ਕੁੱਲ ਸੀਟਾਂ ਵਿਚੋਂ ਐਮ.ਬੀ.ਬੀ.ਐਸ./ ਬੀ.ਡੀ.ਐਸ. ਕੋਰਸਾਂ ਵਿਚ 15 ਫੀਸਦੀ ਸੀਟਾਂ (ਆਲ ਇੰਡੀਆ ਕੋਟਾ) ਭਾਰਤ ਸਰਕਾਰ ਵੱਲੋਂ ਕੇਂਦਰੀ ਕਾਉਂਸਲਿੰਗ ਰਾਹੀਂ ਏ.ਆਈ.ਪੀ.ਐਮ.ਈ.ਟੀ. ਵਿਚੋਂ ਪ੍ਰਾਪਤ ਅੰਕਾਂ ਦੇ ਆਧਾਰ 'ਤੇ ਭਰੀਆਂ ਜਾਂਦੀਆਂ ਹਨ।

ਤਿੰਨ ਸਰਕਾਰੀ ਮੈਡੀਕਲ ਕਾਲਜਾਂ ਵਿਚ ਆਲ ਇੰਡੀਆ ਕੋਟੇ ਰਾਹੀਂ ਭਰੀਆਂ ਜਾਂਦੀਆਂ 15 ਫੀਸਦੀ ਸੀਟਾਂ ਦੇ ਬਦਲੇ ਪੰਜਾਬ ਦੇ ਵਿਦਿਆਰਥੀਆਂ ਨੂੰ ਏ.ਆਈ.ਪੀ.ਐਮ.ਈ.ਟੀ. ਵਿਚੋਂ ਪ੍ਰਾਪਤ ਅੰਕਾਂ ਦੇ ਆਧਾਰ 'ਤੇ ਹੋਰ ਸੂਬਿਆਂ ਵਿਚ ਕੁੱਲ 57 ਸੀਟਾਂ ਮਿਲਣਗੀਆਂ।

# ਡਰੱਗ ਕੇਸ: ਵਿਵਾਦਾਂ 'ਚ ਘਿਰੀ ਪੁਲਿਸ ਜਾਂਚ

**ਜਲੰਧਰ:** ਸਿੰਥੈਟਿਕ ਡਰੱਗ ਮਾਮਲੇ ਦੀ ਜਾਂਚ ਵਿਵਾਦਾਂ ਵਿਚ ਘਿਰਦੀ ਨਜ਼ਰ ਆ ਰਹੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਭਾਵੇਂ ਦੋਸ਼ੀਆਂ ਖ਼ਿਲਾਫ਼ ਨਿਰਪੱਖ ਜਾਂਚ ਦਾ ਦਾਅਵਾ ਕਰ ਰਹੇ ਹਨ ਪਰ ਪੁਲਿਸ ਵੱਲੋਂ ਹੁਣ ਤੱਕ ਦੀ ਕੀਤੀ ਕਾਰਵਾਈ ਨੇ ਕਈ ਸਵਾਲ ਖੜੇ ਕਰ ਦਿੱਤੇ ਹਨ। ਇਸ ਜਾਂਚ ਦਾ ਦਿਲਚਸਪ ਪਹਿਲੂ ਇਹ ਵੀ ਕਿ ਸਿੰਥੈਟਿਕ ਡਰੱਗ ਮਾਮਲੇ ਦੇ ਮੁੱਖ ਸਰਗਨਾ ਜਗਦੀਸ਼ ਭੋਲਾ ਨੇ ਹੀ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਦਮਨਬੀਰ ਸਿੰਘ ਦਾ ਨਾਂ ਲਿਆ ਸੀ।

ਈ.ਡੀ. ਦਮਨਬੀਰ ਤੋਂ ਤਾਂ ਬੜੀ ਤੇਜ਼ੀ ਤੇ ਬਾਰੀਕੀ ਨਾਲ ਜਾਂਚ ਕਰ ਰਹੀ ਹੈ ਪਰ ਬਿਕਰਮ ਸਿੰਘ ਮਜੀਠੀਆ ਬਾਰੇ ਈ.ਡੀ. ਅਧਿਕਾਰੀਆਂ ਨੇ ਚੁੱਪ ਧਾਰੀ ਹੋਈ ਹੈ। ਉਧਰ ਭੋਲੇ ਨੇ ਜਿਸ ਮਾਮਲੇ ਵਿਚ ਪੁਲਿਸ ਕੋਲ ਦਮਨਬੀਰ ਤੇ ਉਸ ਦੇ ਨਜ਼ਦੀਕੀ ਚੂਨੀ ਲਾਲ ਗਾਬਾ ਦਾ ਨਾਂ ਲਿਆ ਸੀ, ਉਸ ਮਾਮਲੇ ਵਿਚ ਪੁਲਿਸ ਗਾਬਾ ਪਰਿਵਾਰ ਦੀ ਤਾਂ ਖਿੱਚ ਧੂਹ ਕਰ ਰਹੀ ਹੈ ਪਰ ਦਮਨਬੀਰ ਨੂੰ ਹੱਥ ਵੀ ਨਹੀਂ ਲਾਇਆ ਜਾ ਰਿਹਾ।

ਸਿੰਥੈਟਿਕ ਡਰੱਗ ਮਾਮਲੇ ਵਿਚ ਸਾਰੀਆਂ ਜਾਂਚ ਏਜੰਸੀਆਂ ਦੇਖਣ ਨੂੰ ਤਾਂ ਤੇਜ਼ੀ ਦਿਖਾ ਰਹੀਆਂ ਹਨ ਪਰ ਇਸ ਮਾਮਲੇ ਦੇ ਪੇਚ ਅਜਿਹੇ ਫਸੇ ਹੋਏ ਹਨ ਕਿ ਇਸ ਕੇਸ ਦੀ ਤਾਣੀ ਸੁਲਝਣ ਦੀ ਬਜਾਏ ਉਲਝਦੀ ਲੱਗ ਰਹੀ ਹੈ। ਇਸ ਮਾਮਲੇ ਵਿਚ ਪੁਲਿਸ, ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਤੇ ਆਮਦਨ ਕਰ ਵਿਭਾਗ ਦੇ ਆਲ੍ਹਾ ਅਫਸਰ ਲੱਗੇ ਹੋਏ ਹਨ। ਹਰ ਧਿਰ ਆਪਣੇ ਤਰੀਕੇ ਨਾਲ ਜਾਂਚ ਨੂੰ ਅੱਗੇ ਤੋਰ ਰਹੀ ਹੈ ਪਰ ਪਿੱਛੇ ਕਈ ਚਰਚਾਵਾਂ ਨੂੰ ਜਨਮ ਵੀ ਦੇ ਰਹੀਆ ਹਨ। ਉਧਰ ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ ਦੇ ਪੁੱਤਰ ਦਮਨਬੀਰ ਸਿੰਘ ਨੂੰ ਮੁੜ ਈ.ਡੀ. ਦੇ ਦਫਤਰ ਤਲਬ ਕੀਤਾ ਗਿਆ ਸੀ। ਦਮਨਬੀਰ ਸਿੰਘ ਈ.ਡੀ. ਦੇ ਦਫਤਰ ਵਿਚ ਸਵੇਰੇ 10 ਵਜੇ ਤੋਂ ਲੈਕੇ ਸ਼ਾਮ ਚਾਰ ਵਜੇ ਤੱਕ ਰਿਹਾ। ਇਸ ਸਮੇਂ ਦੌਰਾਨ ਦਮਨਬੀਰ ਸਿੰਘ ਕੋਲੋਂ ਆਮਦਨ ਕਰ ਵਿਭਾਗ ਦੀਆਂ ਲਿਆਂਦੀਆਂ ਰਿਟਰਨਾਂ ਬਾਰੇ ਪੁੱਛਗਿੱਛ ਕੀਤੀ ਗਈ। ਹਾਲਾਂਕਿ ਅਧਿਕਾਰਤ ਤੌਰ 'ਤੇ ਕਿਸੇ ਵੀ ਧਿਰ ਵੱਲੋਂ ਕੋਈ ਖ਼ੁਲਾਸਾ ਨਹੀਂ ਕੀਤਾ ਗਿਆ।

# ਬਾਦਲ ਦੇ ਛਾਪੇ ਜਾਰੀ; ਲੇਟ ਲਤੀਫ ਅਫਸਰਾਂ ਨੂੰ ਦਬਕੇ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਅਧਿਕਾਰੀਆਂ ਤੇ ਮੰਤਰੀਆਂ ਦੀ ਦਫਤਰਾਂ ਵਿਚ ਹਾਜ਼ਰੀ ਯਕੀਨੀ ਬਣਾਉਣ ਲਈ 'ਛਾਪੇਮਾਰੀ' ਜਾਰੀ ਹੈ। ਲੋਕ ਸਭਾ ਚੋਣਾਂ ਤੋਂ ਬਾਅਦ ਮੁੱਖ ਮੰਤਰੀ ਕਈ ਵਾਰ ਮਿੰਨੀ ਸਕੱਤਰੇਤ ਵਿਚ ਅਚਨਚੇਤ ਚੈਕਿੰਗ ਕਰਕੇ ਲੇਟ ਆਉਣ ਵਾਲੇ ਅਧਿਕਾਰੀਆਂ ਨੂੰ ਝਾੜ ਪਾ ਚੁੱਕੇ ਹਨ। ਇਸੇ ਮੁਹਿੰਮ ਤਹਿਤ ਮੁੱਖ ਮੰਤਰੀ ਵੱਲੋਂ ਮਿੰਨੀ ਸਕੱਤਰੇਤ ਵਿਚ ਅਚਨਚੇਤੀ ਕੀਤੀ ਚੈਕਿੰਗ ਦੌਰਾਨ 14 ਸੀਨੀਅਰ ਅਧਿਕਾਰੀ ਆਪਣੇ ਦਫਤਰਾਂ ਵਿਚੋਂ ਗੈਰਹਾਜ਼ਰ ਫੜੇ ਗਏ ਹਨ।



ਮੁੱਖ ਮੰਤਰੀ ਵੱਲੋਂ ਕੀਤੀ ਚੈਕਿੰਗ ਦੌਰਾਨ ਗੈਰਹਾਜ਼ਰ ਪਾਏ ਗਏ ਸੀਨੀਅਰ ਅਧਿਕਾਰੀਆਂ ਵਿਚ ਰੱਖਿਆ ਸੇਵਾਵਾਂ ਵਿਭਾਗ ਦੇ ਪ੍ਰਮੁੱਖ ਸਕੱਤਰ ਐਸ.ਆਰ.ਲੱਧੜ, ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ ਦੇ ਪ੍ਰਮੁੱਖ ਸਕੱਤਰ ਏ.ਵੇਣੂ ਪ੍ਰਸਾਦ, ਪ੍ਰਮੁੱਖ ਸਕੱਤਰ ਸਰਪਲੱਸ ਪੂਲ ਧਰਮਵੀਰ, ਜੇਲ੍ਹਾਂ ਤੇ ਆਮ ਪ੍ਰਸ਼ਾਸਨ ਵਿਭਾਗ ਦੇ ਪ੍ਰਮੁੱਖ ਸਕੱਤਰ ਸੰਜੇ ਕੁਮਾਰ, ਟਰਾਂਸਪੋਰਟ ਦੇ ਸਕੱਤਰ ਅਨੁਰਾਗ ਅਗਰਵਾਲ, ਆਜ਼ਾਦੀ ਘੁਲਾਟੀਆਂ ਬਾਰੇ ਵਿਭਾਗ ਦੇ ਸਕੱਤਰ ਵੀ.ਕੇ. ਜੰਜੂਆ, ਵਿੱਤ ਵਿਭਾਗ ਦੇ ਸਕੱਤਰ ਜੇ.ਐਮ. ਬਾਲਾਮੁਰਗਮ, ਟਰਾਂਸਪੋਰਟ ਵਿਭਾਗ ਦੇ ਵਿਸ਼ੇਸ਼ ਸਕੱਤਰ ਡਾ. ਅਮਰਪਾਲ ਸਿੰਘ, ਲੋਕ ਨਿਰਮਾਣ ਵਿਭਾਗ (ਭ:ਮ) ਦੇ ਵਿਸ਼ੇਸ਼ ਸਕੱਤਰ ਐਚ.ਐਸ.ਕੰਦੋਲਾ, ਸਿਵਲ ਏਵੀਏਸ਼ਨ ਦੇ ਵਿਸ਼ੇਸ ਸਕੱਤਰ ਏ.ਪੀ.ਐਸ. ਵਿਰਕ, ਉਚੇਰੀ ਸਿੱਖਿਆ ਵਿਭਾਗ ਦੇ ਵਿਸ਼ੇਸ਼ ਸਕੱਤਰ ਚੰਦਰ ਗੇਂਦ, ਸਕੂਲ ਸਿੱਖਿਆ ਵਿਭਾਗ ਦੇ ਸਕੱਤਰ ਰਾਹੁਲ ਭੰਡਾਰੀ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਵਧੀਕ ਸਕੱਤਰ ਅਵਤਾਰ ਚੰਦ ਸ਼ਰਮਾ ਤੇ ਓ.ਐਸ.ਡੀ ਲਿਟੀਗੇਸ਼ਨ ਸਿਹਤ ਵਿਭਾਗ ਆਰ.ਐਲ. ਮਹਿਤਾ ਸ਼ਾਮਲ ਹਨ।

ਦਫਤਰਾਂ ਵਿਚ ਹਾਜ਼ਰ ਪਾਏ ਗਏ ਅਧਿਕਾਰੀਆਂ ਵਿਚ ਸਕੂਲ ਸਿੱਖਿਆ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀਮਤੀ ਅੰਜਲੀ ਭਾਵਰਾ, ਉਚੇਰੀ ਸਿੱਖਿਆ ਵਿਭਾਗ ਦੇ ਪ੍ਰਮੁੱਖ ਸਕੱਤਰ ਡਾ. ਰੋਸ਼ਨ ਸੁੰਕਾਰੀਆ, ਪ੍ਰਸ਼ਾਸਕੀ ਸੁਧਾਰਾਂ ਬਾਰੇ ਵਿਭਾਗ ਦੇ ਪ੍ਰਮੁੱਖ ਸਕੱਤਰ ਸੀ. ਰਾਉਲ, ਵਿੱਤ ਕਮਿਸ਼ਨਰ ਪਸ਼ੂ ਪਾਲਣ ਵਿਭਾਗ ਜੀ. ਵਜਰਾਲਿੰਗਮ, ਵਿੱਤ ਕਮਿਸ਼ਨਰ ਵਿਕਾਸ ਸੁਰੇਸ਼ ਕੁਮਾਰ, ਸੰਸਦੀ ਮਾਮਲਿਆਂ ਦੇ ਪ੍ਰਮੁੱਖ ਸਕੱਤਰ ਸ੍ਰੀਮਤੀ ਰਵਨੀਤ ਕੌਰ, ਜੰਗਲਾਤ ਤੇ ਸਿਵਲ ਏਵੀਏਸ਼ਨ ਦੇ ਪ੍ਰਮੁੱਖ ਸਕੱਤਰ ਵਿਸਵਾਜੀਤ ਖੰਨਾ, ਤਕਨੀਕੀ ਸਿੱਖਿਆ ਵਿਭਾਗ ਦੇ ਸਕੱਤਰ ਆਰ.ਕੇ. ਵਰਮਾ, ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਸਕੱਤਰ ਡੀ.ਐਸ. ਗਰੇਵਾਲ, ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਸਕੱਤਰ ਅਸ਼ੋਕ ਕੁਮਾਰ ਗੁਪਤਾ ਸ਼ਾਮਲ ਹਨ।

ਮੁੱਖ ਮੰਤਰੀ ਨੇ ਮੁਲਾਜ਼ਮਾਂ ਪਾਸੋਂ ਸੇਵਾਵਾਂ ਨਿਭਾਉਣ ਸਮੇਂ ਪੇਸ਼ ਆਉਂਦੀਆਂ ਮੁਸ਼ਕਲਾਂ ਤੇ ਦਿੱਕਤਾਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਸ. ਬਾਦਲ ਨੇ ਮਿੰਨੀ ਸਕੱਤਰੇਤ ਵਿਖੇ ਸਿਵਲ ਡਿਸਪੈਂਸਰੀ ਦੀ ਵੀ ਜਾਂਚ ਕੀਤੀ ਜਿਥੇ ਸਾਰੇ ਡਾਕਟਰ ਤੇ ਪੈਰਾ ਮੈਡੀਕਲ ਸਟਾਫ ਹਾਜ਼ਰ ਪਾਏ ਗਏ ਜਦਕਿ ਨੈਸ਼ਨਲ ਇਨਫਰਮੈਟਿਕ ਸੈਂਟਰ ਵਿਚ ਕੁਝ ਜੂਨੀਅਰ ਸਟਾਫ ਨੂੰ ਛੱਡ ਕੇ ਬਾਕੀ ਸਾਰਾ ਅਮਲਾ ਗੈਰ-ਹਾਜ਼ਰ ਪਾਇਆ ਗਿਆ। ਮੁੱਖ ਮੰਤਰੀ ਨੇ ਇਸ ਤੋਂ ਪਹਿਲਾਂ ਸਕੱਤਰੇਤ ਵਿਚ ਵੀ ਮੰਤਰੀਆਂ ਤੇ ਅਫਸਰਾਂ ਦੀ ਹਾਜ਼ਰੀ ਚੈੱਕ ਕੀਤੀ ਸੀ। ਸ. ਬਾਦਲ ਦੇ ਇਨ੍ਹਾਂ ਯਤਨਾਂ ਤੋਂ ਬਾਅਦ ਜ਼ਿਆਦਾਤਰ ਅਫਸਰ ਸਮੇਂ ਸਿਰ ਆਉਣ ਵੀ ਲੱਗੇ ਹਨ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)


## ਸ਼ਰਾਬ ਨਾਲ ਹੜ੍ਹ ਚੱਲੇ ਅਮਰੀਕੀ !

**ਵਾਸ਼ਿੰਗਟਨ:** ਅਮਰੀਕਾ ਵਿਚ ਮਰਨ ਵਾਲੇ ਹਰ ਦਸ ਵਿਅਕਤੀਆਂ ਪਿੱਛੇ ਇਕ ਦੀ ਮੌਤ ਲਈ ਸ਼ਰਾਬ ਦੀ ਲੋੜ ਤੋਂ ਵੱਧ ਵਰਤੋਂ ਨੂੰ ਮੰਨਿਆ ਗਿਆ ਹੈ। ਇਹ ਚਿਤਾਵਨੀ ਇਕ ਨਵੇਂ ਅਧਿਐਨ ਵਿਚ ਦਿੱਤੀ ਗਈ ਹੈ। ਰੋਗਾਂ ਨੂੰ ਕਾਬੂ ਕਰਨ ਤੇ ਰੋਕਣ ਬਾਰੇ ਕੇਂਦਰ ਦੀ ਤਾਜ਼ਾ ਰਿਪੋਰਟ ਮੁਤਾਬਕ ਸਾਲ 2006 ਤੋਂ 2010 ਤੱਕ ਲੋੜ ਤੋਂ ਵੱਧ ਸ਼ਰਾਬ ਪੀਣ ਕਰਕੇ ਪ੍ਰਤੀ ਸਾਲ 88000 ਲੋਕ ਆਪਣੀ ਜ਼ਿੰਦਗੀ ਤੋਂ ਹੱਥ ਧੋ ਬੈਠੇ ਹਨ। ਇਨ੍ਹਾਂ ਲੋਕਾਂ ਦੀ ਮੌਤ ਵਧੇਰੇ ਸ਼ਰਾਬ ਪੀਣ ਕਾਰਨ ਪੈਦਾ ਹੋਏ ਰੋਗਾਂ ਜਿਵੇਂ ਛਾਤੀ ਦਾ ਕੈਂਸਰ, ਦਿਲ ਦੇ ਰੋਗ ਤੇ ਮਿਹਦੇ ਦੇ ਰੋਗਾਂ ਕਾਰਨ ਹੋਈ ਹੈ।

ਇਸ ਅਧਿਐਨ ਅਨੁਸਾਰ ਵਧੇਰੇ ਸ਼ਰਾਬ ਪੀ ਕੇ ਮਰਨ ਵਾਲਿਆਂ ਵਿਚ ਵਧੇਰੇ ਕਰਕੇ ਮੱਧ ਵਰਗ ਦੇ 20 ਤੋਂ 64 ਸਾਲ ਉਮਰ ਦੇ ਲੋਕ ਹਨ ਤੇ ਮਰਨ ਵਾਲਿਆਂ ਵਿਚ 70 ਫੀਸਦੀ ਮਰਦ ਹਨ। ਇਸ ਸਰਵੇ ਅਨੁਸਾਰ ਕਿਸੇ ਸਮਾਗਮ ਵਿਚ ਚਾਰ ਪੈੱਗ ਪੀਣ ਨੂੰ ਬੇਹੱਦ ਵਧੇਰੇ ਸ਼ਰਾਬ ਪੀਣਾ ਐਲਾਨਿਆ ਹੈ।




# ਪੰਜਾਬ ਵੀ 'ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ' ਵਿਚ ਸ਼ਾਮਲ

**ਚੰਡੀਗੜ੍ਹ:** ਪੰਜਾਬ ਨੂੰ 'ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ' ਵਿਚ ਸ਼ਾਮਲ ਕਰਨ ਦੀ ਮੰਗ ਨੂੰ ਕੇਂਦਰ ਨੇ ਆਪਣੀ ਪ੍ਰਵਾਨਗੀ ਦੇ ਦਿੱਤੀ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਮਾਜਿਕ ਨਿਆਂ ਬਾਰੇ ਕੇਂਦਰੀ ਮੰਤਰੀ ਥਾਵਰ ਚੰਦ ਗਹਿਲੋਤ ਨਾਲ ਸ਼ਾਸਤਰੀ ਭਵਨ ਵਿਚ ਮੁਲਾਕਾਤ ਕਰਕੇ ਸੂਬੇ ਦੀ ਲੰਮੇ ਚਿਰ ਤੋਂ ਲਟਕਦੀ ਇਸ ਮੰਗ ਨੂੰ ਮੁੜ ਦੁਹਰਾਇਆ ਜਿਸ 'ਤੇ ਕੇਂਦਰੀ ਮੰਤਰੀ ਨੇ ਆਪਣੀ ਪ੍ਰਵਾਨਗੀ ਦੀ ਮੋਹਰ ਲਾ ਦਿੱਤੀ।

ਇਸ ਬਾਰੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ 2011 ਦੀ ਮਰਦਮਸ਼ੁਮਾਰੀ ਮੁਤਾਬਕ ਪੰਜਾਬ ਵਿਚ ਪੱਟੀਦਰਜ ਜਾਤਾਂ ਦੀ ਤਦਾਦ ਸਭ ਤੋਂ ਵੱਧ ਹੈ। ਦੇਸ਼ ਦੀ ਇਹ 32 ਫ਼ੀਸਦੀ ਆਬਾਦੀ ਪੰਜਾਬ ਦੇ ਪਿੰਡਾਂ ਵਿਚ ਵੱਸਦੀ ਹੈ। ਇਸ ਸਕੀਮ ਰਾਹੀਂ ਪਛੜੀਆਂ ਜਾਤਾਂ ਨੂੰ ਮੂਲ ਬੁਨਿਆਦੀ ਢਾਂਚੇ ਦੀਆਂ ਸੁਵਿਧਾਵਾਂ ਮੁਹੱਈਆ ਕਰਵਾਉਣ ਵਿਚ ਕਾਫ਼ੀ ਮਦਦ ਮਿਲੇਗੀ। ਜ਼ਿਕਰਯੋਗ ਹੈ ਕਿ ਹੁਣ ਤੱਕ ਪੰਜ ਸੂਬੇ ਜਿਥੇ ਪੰਜਾਬ ਨਾਲੋਂ ਬਹੁਤ ਘੱਟ ਦਲਿਤ ਆਬਾਦੀ ਹੈ, ਇਸ ਸਕੀਮ ਦਾ ਲਾਭ ਰਹੇ ਹਨ। ਇਨ੍ਹਾਂ ਪੰਜ ਸੂਬਿਆਂ ਵਿਚੋਂ ਤਾਮਿਲਨਾਡੂ ਵਿਚ 14.4 ਫੀਸਦੀ, ਉੱਤਰ ਪ੍ਰਦੇਸ਼ ਵਿਚ 10.7 ਫੀਸਦੀ, ਬਿਹਾਰ ਵਿਚ 6.4 ਫੀਸਦੀ, ਰਾਜਸਥਾਨ ਵਿਚ 6.1 ਫੀਸਦੀ ਤੇ ਅਸਾਮ ਵਿਚ ਚਾਰ ਫੀਸਦੀ ਦਲਿਤ ਆਬਾਦੀ ਹੈ। ਕੇਂਦਰੀ ਮੰਤਰੀ ਨੇ ਸੂਬਾ ਸਰਕਾਰ ਵੱਲੋਂ 150 ਕਰੋੜ ਰੁਪਏ ਦੀ ਲਾਗਤ ਨਾਲ ਜ਼ੀਰਕਪੁਰ ਵਿਚ ਅੰਗਹੀਣਾਂ ਲਈ ਖੇਡ ਸੰਸਥਾ ਸਥਾਪਤ ਕਰਨ ਦੀ ਤਜਵੀਜ਼ ਬਾਰੇ ਸਹਿਮਤੀ ਦੇ ਦਿੱਤੀ ਹੈ, ਜਿਸ ਲਈ ਸੂਬਾ ਸਰਕਾਰ 10 ਏਕੜ ਜ਼ਮੀਨ ਕੇਂਦਰ ਸਰਕਾਰ ਨੂੰ ਮੁਫਤ ਮੁਹੱਈਆ ਕਰਵਾਏਗੀ। ਇਕ ਹੋਰ ਅਹਿਮ ਫੈਸਲੇ ਵਿਚ ਕੇਂਦਰੀ ਮੰਤਰੀ ਨੇ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿਚ 22 ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰ ਸਥਾਪਤ ਕਰਨ ਲਈ ਸੂਬਾ ਸਰਕਾਰ ਦੀ 200 ਕਰੋੜ ਰੁਪਏ ਦੀ ਸਕੀਮ ਲਈ ਫੰਡ ਦੇਣ ਦਾ ਭਰੋਸਾ ਵੀ ਦਿੱਤਾ, ਜਿਸ ਲਈ ਸ਼ਰਾਬ ਤੇ ਨਸ਼ਿਆਂ ਦੀ ਰੋਕਥਾਮ ਲਈ ਕੇਂਦਰੀ ਸਕੀਮਾਂ ਦਾ ਅਧਿਐਨ ਕੀਤਾ ਜਾਵੇਗਾ। ਇਨ੍ਹਾਂ ਕੇਂਦਰਾਂ ਦਾ ਮੰਤਵ ਨਸ਼ਿਆਂ ਦੇ ਆਦੀਆਂ ਨੂੰ ਨਸ਼ਾ ਮੁਕਤ ਕਰਕੇ ਉਨ੍ਹਾਂ ਦਾ ਮੁੜ ਵਸੇਬਾ ਕਰਨਾ ਹੈ।

ਮੁੱਖ ਮੰਤਰੀ ਨੇ ਸ੍ਰੀ ਗਹਿਲੋਤ ਪਾਸੋਂ ਅਨੁਸੂਚਿਤ ਜਾਤੀ ਦੇ 9ਵੀਂ ਤੇ 10ਵੀਂ ਕਲਾਸ ਦੇ ਵਿਦਿਆਰਥੀਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਬਕਾਇਆ 10 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਨ ਲਈ ਉਨ੍ਹਾਂ ਦੇ ਨਿੱਜੀ ਦਖ਼ਲ ਦੀ ਮੰਗ ਕੀਤੀ। ਉਨ੍ਹਾਂ ਨੇ ਕੇਂਦਰੀ ਮੰਤਰੀ ਕੋਲੋਂ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ 14.61 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਜਾਰੀ ਕਰਨ ਦੀ ਮੰਗ ਕੀਤੀ। ਸ. ਬਾਦਲ ਨੇ ਆਖਿਆ ਕਿ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ 2013-14 ਤੇ 2014-15 ਲਈ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ 543.19 ਕਰੋੜ ਰੁਪਏ ਦੀ ਬੈਕਲਾਗ ਰਕਮ ਜਾਰੀ ਕੀਤੀ ਜਾਵੇ ਤਾਂ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਨੂੰ ਅਮਲ ਵਿਚ ਲਿਆਂਦਾ ਜਾ ਸਕੇ।



## ਯੋਜਨਾ ਦਾ ਹੱਕਦਾਰ ਸੀ ਪੰਜਾਬ: ਬਾਦਲ

ਕੇਂਦਰੀ ਮੰਤਰੀ ਦਾ ਧੰਨਵਾਦ ਕਰਦਿਆਂ ਸ. ਬਾਦਲ ਨੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਇਹ ਮੰਗ ਲਾਗੂ ਕਰਨ ਲਈ ਆਵਾਜ਼ ਉਠਾਉਂਦੇ ਆ ਰਹੇ ਹਨ ਕਿਉਂਕਿ ਦੇਸ਼ ਭਰ ਵਿਚੋਂ ਪੰਜਾਬ ਵਿਚ ਦਲਿਤ ਭਾਈਚਾਰੇ ਦੀ ਸਭ ਤੋਂ ਵੱਧ ਆਬਾਦੀ 32 ਫੀਸਦੀ ਹੋਣ ਕਰਕੇ ਸੂਬਾ ਇਸ ਦਾ ਹੱਕਦਾਰ ਹੈ ਤੇ ਸੂਬੇ ਦੇ 12168 ਪਿੰਡਾਂ ਵਿਚੋਂ 2800 ਪਿੰਡਾਂ (23.01 ਫੀਸਦੀ) ਵਿਚ 50 ਫੀਸਦੀ ਜਾਂ ਇਸ ਤੋਂ ਵੱਧ ਦਲਿਤ ਆਬਾਦੀ ਵਾਲੇ ਹਨ। ਮੁੱਖ ਮੰਤਰੀ ਨੇ ਆਖਿਆ ਕਿ ਇਹ ਸਕੀਮ ਸੋਲਰ ਲਾਈਟਾਂ, ਗਲੀਆਂ ਤੇ ਫਿਰਨੀਆਂ ਪੱਕੀਆਂ ਕਰਨ, ਹੈਂਡਪੰਪ, ਪਖਾਨੇ, ਜਲ ਸਪਲਾਈ ਤੇ ਸੀਵਰੇਜ ਜਿਹੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਵਿਚ ਬੇਹੱਦ ਸਹਾਈ ਹੋਵੇਗੀ।

# ਭਾਰਤ ਨੇ ਮੁੜ ਮੰਗੇ ਸਵਿਟਜ਼ਰਲੈਂਡ ਤੋਂ ਕਾਲੇ ਧਨ ਦੇ ਵੇਰਵੇ

**ਨਵੀਂ ਦਿੱਲੀ:** ਭਾਰਤ ਸਰਕਾਰ ਨੇ ਕਾਲੇ ਧਨ ਦੇ ਕਲੰਕ ਨੂੰ ਮੇਟਣ ਲਈ ਯਤਨ ਤੇਜ਼ ਕਰ ਦਿੱਤੇ ਹਨ। ਸਰਕਾਰ ਨੇ ਨਵੇਂ ਸਿਰਿਓਂ ਸਵਿਟਜ਼ਰਲੈਂਡ ਨੂੰ ਬੇਨਤੀ ਕਰਦਿਆਂ ਸਵਿੱਸ ਬੈਂਕਾਂ ਵਿਚ ਬੇਹਿਸਾਬਾ ਧਨ ਜਮ੍ਹਾਂ ਕਰਵਾਉਣ ਵਾਲੇ ਭਾਰਤੀਆਂ ਦੇ ਨਾਂ ਤੇ ਹੋਰ ਵੇਰਵੇ ਮੰਗੇ ਹਨ। ਦੂਜੇ ਪਾਸੇ ਅਸਲ ਖ਼ਾਤਾਧਾਰਕਾਂ ਤੇ ਲਾਭਪਾਤਰੀਆਂ ਦੀ ਸ਼ਨਾਖ਼ਤ ਹੋ ਸਕਣ ਦੇ ਕਿਸੇ ਵੀ ਉਪਰਾਲੇ ਨੂੰ ਨਿਹਫ਼ਲ ਕਰਨ ਲਈ ਸਵਿੱਸ ਬੈਂਕਾਂ ਵਿਚ ਸੋਨੇ ਤੇ ਹੀਰਿਆਂ ਦੇ ਕਾਰੋਬਾਰ ਰਾਹੀਂ ਬੇਹਿਸਾਬੇ ਧਨ 'ਤੇ ਪਰਦਾ ਪਾਉਣ ਲਈ ਨਵੀਂ ਰਣਨੀਤੀ ਵਰਤੀ ਜਾ ਰਹੀ ਹੈ।

ਇਸੇ ਦੌਰਾਨ ਕਾਲੇ ਧਨ ਬਾਰੇ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਨੇ ਕਰ ਚੋਰੀ ਤੇ ਫੌਜਦਾਰੀ ਵਿੱਤੀ ਫਰਾਡ ਦੇ ਉਨ੍ਹਾਂ ਸਾਰੇ ਪ੍ਰਮੁੱਖ ਕੇਸਾਂ ਦੇ ਵੇਰਵੇ ਮੰਗੇ ਹਨ, ਜਿਨ੍ਹਾਂ ਦੀ ਸਬੰਧਤ ਵੱਖ-ਵੱਖ ਜਾਂਚ ਏਜੰਸੀਆਂ ਜਾਂਚ ਕਰ ਰਹੀਆਂ ਹਨ। ਸੂਤਰਾਂ ਮੁਤਾਬਕ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਜਸਟਿਸ ਐਮ.ਬੀ. ਸ਼ਾਹ ਦੀ ਅਗਵਈ ਵਾਲੀ ਵਿਸ਼ੇਸ਼ ਜਾਂਚ ਟੀਮ ਨੇ ਆਪਣੇ ਪੈਨਲ ਵਿਚ ਸ਼ਾਮਲ 11 ਵਿਭਾਗਾਂ ਤੋਂ ਅਜਿਹੇ ਕੇਸਾਂ ਦੇ ਵੇਰਵੇ ਤੇ ਜਾਂਚ ਦੀ ਰਿਪੋਰਟ ਮੰਗੀ ਹੈ। ਜਾਂਚ ਟੀਮ ਨੇ ਇਨ੍ਹਾਂ ਕੇਸਾਂ ਨੂੰ ਮੁਕੱਦਮੇ ਜਾਂ ਜੁਰਮਾਨਿਆਂ ਤੱਕ ਅੱਗੇ ਲਿਜਾਣ ਲਈ ਪੇਸ਼ ਆ ਰਹੀਆਂ ਦਿੱਕਤਾਂ ਬਾਰੇ ਵੀ ਜਾਣਕਾਰੀ ਮੰਗੀ ਹੈ।

ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਵਿਭਾਗ/ਏਜੰਸੀਆਂ ਵਿਚ ਮਾਲੀਆ ਵਿਭਾਗ (ਵਿੱਤੀ ਮੰਤਰਾਲੇ ਅਧੀਨ), ਭਾਰਤੀ ਰਿਜ਼ਰਵ ਬੈਂਕ, ਖ਼ੁਫ਼ੀਆ ਬਿਊਰੋ, ਐਨਫੋਰਸਮੈਂਟ ਡਾਇਰੈਕਟੋਰੇਟ, ਸੀ.ਬੀ.ਆਈ., ਆਮਦਨ ਕਰ ਵਿਭਾਗ, ਨਾਰਕੋਟਿਕਸ ਕੰਟਰੋਲ ਬਿਊਰੋ, ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ, ਫਾਇਨਾਂਸ਼ੀਅਲ ਇੰਟੈਲੀਜੈਂਸ ਯੂਨਿਟ, ਰਾਅ, ਐਫਟੀਟੀਆਰ ਵਿੰਗ (ਜੋ ਸੀ.ਬੀ.ਡੀ.ਟੀ. ਅਧੀਨ ਹੈ) ਸ਼ਾਮਲ ਹਨ।

ਸੂਤਰਾਂ ਮੁਤਾਬਕ ਐਸ.ਆਈ.ਟੀ. ਦੀ ਕਾਲੇ ਧਨ ਦੀ ਅਲਾਮਤ ਦਾ ਪੱਧਰ ਦੇਸ਼ ਵਿਚ ਗੈਰ-ਕਾਨੂੰਨੀ ਧਨ ਬਣਾਉਣ ਦੇ ਵਰਤਾਰੇ ਨੂੰ ਸਮਝਣ ਲਈ ਇਹ ਵੇਰਵੇ ਮੰਗੇ ਹਨ। ਇਹ ਕਾਲਾ ਧਨ ਕਰਾਂ ਤੇ ਡਿਊਟੀਆਂ ਦੀ ਚੋਰੀ ਕਰਕੇ, ਵਿਦੇਸ਼ੀ ਐਕਸਚੇਂਜ ਕਾਨੂੰਨਾਂ ਦੀ ਉਲੰਘਣਾ ਕਰਕੇ, ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦਾਂ ਜੋੜ ਕੇ, ਦੇਸ਼ ਤੇ ਵਿਦੇਸ਼ ਵਿਚ ਬੇਨਾਮੀ ਜਾਇਦਾਦਾਂ ਬਣਾ ਕੇ ਤੇ ਗੈਰ-ਕਾਨੂੰਨੀ ਤੇ ਭ੍ਰਿਸ਼ਟ ਤਰੀਕਿਆਂ ਨਾਲ ਹਾਸਲ ਧਨ ਨੂੰ ਸਫੈਦ ਕਰਨ ਦੇ ਕਈ ਤਰੀਕਿਆਂ ਰਾਹੀਂ ਇਕੱਠਾ ਕੀਤਾ ਜਾਂਦਾ ਹੈ। ਵਿਸ਼ੇਸ਼ ਜਾਂਚ ਟੀਮ ਮੁਤਾਬਕ ਇਹ ਸਾਰੇ ਵਿਭਾਗ ਮਿੱਥੇ ਸਮੇਂ ਵਿਚ ਆਪਣੀਆਂ ਰਿਪੋਰਟਾਂ ਵਿਸ਼ੇਸ਼ ਜਾਂਚ ਟੀਮ ਨੂੰ ਸੌਂਪ ਰਹੇ ਹਨ ਤੇ ਇਸ ਦੀ ਅਗਲੇ ਮਹੀਨੇ ਕਿਸੇ ਸਮੇਂ ਹੋ ਰਹੀ ਮੀਟਿੰਗ ਵਿਚ ਇਹ ਅੰਕੜੇ ਵਿਚਾਰੇ ਜਾਣਗੇ। ਭਾਰਤੀ ਰਿਜ਼ਰਵ ਬੈਂਕ ਨੇ ਹਾਲ ਹੀ ਵਿਚ ਸਾਰੇ ਬੈਂਕਾਂ ਤੇ ਵਿੱਤੀ ਅਦਾਰਿਆਂ ਨੂੰ ਵਿਸ਼ੇਸ਼ ਜਾਂਚ ਟੀਮ ਵੱਲੋਂ ਮੰਗੀਆਂ ਜਾਣਗੀਆਂ, ਫੌਰੀ ਮੁਹੱਈਆ ਕਰਾਉਣ ਲਈ ਕਿਹਾ ਹੈ। ਇਹ ਟੀਮ, ਸਵਿਟਜ਼ਰਲੈਂਡ ਤੇ ਹੋਰ ਮੁਲਕਾਂ ਨਾਲ ਭਾਰਤ ਦੀਆਂ ਕਰਾਂ ਬਾਰੇ ਸੰਧੀਆਂ ਵਿਚ 'ਸੀਕਰੇਸੀ ਕਲਾਜ਼' ਦੇ ਮੁੱਦੇ 'ਤੇ ਵੀ ਗੌਰ ਕਰਨ ਬਾਰੇ ਸੋਚ ਰਹੀ ਹੈ।

# ਮੱਕੜ ਵੱਲੋਂ ਲਾਲ ਬੱਤੀ ਦੀ ਦੁਰਵਰਤੋਂ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਵੱਲੋਂ ਆਪਣੀ ਕਾਰ 'ਤੇ ਲਾਲ ਬੱਤੀ ਦੀ ਦੁਰਵਰਤੋਂ ਕਰ ਕੇ ਸਰਕਾਰੀ ਨਿਯਮਾਂ ਦੀ ਸ਼ਰ੍ਹੇਆਮ ਉਲੰਘਣਾ ਕੀਤੀ ਜਾ ਰਹੀ ਹੈ। ਸ. ਮੱਕੜ ਇਥੇ ਇਕ ਮੀਟਿੰਗ ਦੀ ਪ੍ਰਧਾਨਗੀ ਲਈ ਕਮੇਟੀ ਦੀ ਲਾਲ ਬੱਤੀ ਵਾਲੀ ਕਾਰ ਪੀਬੀ 02 ਬੀਯੂ 8513 ਵਿਚ ਆਏ ਸਨ। ਇਸ ਬਾਰੇ ਪੰਜਾਬ ਤੇ ਚੰਡੀਗੜ੍ਹ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ।

ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਤਖ਼ਤਾਂ ਦੇ ਜਥੇਦਾਰਾਂ ਤੋਂ ਲਾਲ ਬੱਤੀ ਦੀ ਵਰਤੋਂ ਦਾ ਅਧਿਕਾਰ ਜੁਲਾਈ 2013 ਵਿਚ ਜਾਰੀ ਕੀਤੇ ਨੋਟੀਫਿਕੇਸ਼ਨ ਰਾਹੀਂ ਵਾਪਸ ਲੈ ਲਿਆ ਗਿਆ ਸੀ। ਸੁਪਰੀਮ ਕੋਰਟ ਦੇ ਹੁਕਮਾਂ 'ਤੇ ਸੂਬਾ ਸਰਕਾਰ ਵੱਲੋਂ 28 ਫਰਵਰੀ ਨੂੰ ਲਾਲ ਬੱਤੀ ਦੀ ਵਰਤੋਂ ਬਾਰੇ ਤਾਜ਼ਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ ਜਿਸ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਲਾਲ ਬੱਤੀ ਦੀ ਵਰਤੋਂ ਦਾ ਅਧਿਕਾਰ ਨਹੀਂ ਦਿੱਤਾ ਗਿਆ। ਜਦੋਂ ਸ. ਮੱਕੜ ਨੂੰ ਅਣ-ਅਧਿਕਾਰਤ ਤੌਰ 'ਤੇ ਲਾਲ ਬੱਤੀ ਦੀ ਵਰਤੋਂ ਕਰਨ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਇਸ ਬਾਰੇ ਅਗਿਆਨਤਾ ਪ੍ਰਗਟਾਈ ਤੇ ਕਿਹਾ ਕਿ ਡਰਾਈਵਰ ਨੇ ਬੱਤੀ ਲਗਾ ਲਈ ਹੋਵੇਗੀ ਪਰ ਉਨ੍ਹਾਂ ਨੂੰ ਇਸ ਬਾਰੇ ਜਾਣਕਾਰੀ ਨਹੀਂ ਹੈ।

ਸ. ਮੱਕੜ ਦੀ ਕਾਰ ਦੇ ਡਰਾਈਵਰ ਮਨਜੀਤ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਸ ਨੇ ਕਿਹਾ ਕਿ ਸਫ਼ਰ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਕਾਰ ਨੂੰ ਵਾਹਨ ਚਾਲਕ ਸਾਧਾਰਨ ਸਮਝਦੇ ਹਨ। ਉਸ ਨੇ ਕਿਹਾ ਕਿ ਸਫ਼ਰ ਦੌਰਾਨ ਵੀ.ਆਈ.ਪੀ. ਵਜੋਂ ਵਿਚਰਨ ਖ਼ਾਤਰ ਹੀ ਲਾਲ ਬੱਤੀ ਲਗਾਈ ਜਾਂਦੀ ਹੈ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਲਾਲ ਬੱਤੀ ਦੀ ਵਰਤੋਂ ਦਾ ਸਰਟੀਫਿਕੇਟ ਰੱਦ ਕਰ ਦਿੱਤਾ ਗਿਆ ਹੈ ਤੇ ਨਵੇਂ ਨੋਟੀਫਿਕੇਸ਼ਨ ਵਿਚ ਅਧਿਕਾਰ ਨਹੀਂ ਦਿੱਤੇ ਗਏ ਤਾਂ ਉਸ ਨੇ ਕਿਹਾ ਕਿ ਸਰਕਾਰ ਵੱਲੋਂ ਛੇਤੀ ਹੀ ਅਧਿਕਾਰ ਦਿੱਤੇ ਜਾ ਰਹੇ ਹਨ ਜਿਸਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ।

## ਭੁੱਲ ਦੀ ਸੋਧ

ਪੰਜਾਬ ਟਾਈਮਜ਼ ਦੇ 3 ਮਈ ਦੇ ਅੰਕ ਵਿਚ ਭਾਰਤੀ ਮੂਲ ਦੇ ਕਾਰੋਬਾਰੀ ਗੁਰਬਖ਼ਸ਼ ਚਾਹਲ ਬਾਰੇ ਲੱਗੀ ਖਬਰ ਵਿਚ ਉਸ ਨੂੰ 'ਤਿੰਨ ਸਾਲ ਦੀ ਪ੍ਰੋਬੇਸ਼ਨ' ਦਾ ਹੁਕਮ ਦੀ ਥਾਂ ਗਲਤੀ ਨਾਲ 'ਤਿੰਨ ਸਾਲ ਦੀ ਕੈਦ' ਛਪ ਗਿਆ। ਉਸ ਨੂੰ ਅਦਾਲਤ ਵੱਲੋਂ ਘਰੇਲੂ ਹਿੰਸਾ ਖਿਲਾਫ ਸਿਖਲਾਈ ਪ੍ਰੋਗਰਾਮ ਅਤੇ ਸਮਾਜ ਸੇਵਾ ਕਰਨ ਦੀ ਹਦਾਇਤ ਕੀਤੀ ਗਈ ਹੈ। ਅਦਾਲਤ ਨੇ ਉਸ ਖਿਲਾਫ ਲਾਏ 45 ਦੋਸ਼ ਵੀ ਖਾਰਜ ਕਰ ਦਿੱਤੇ ਹਨ। ਗਲਤੀ ਲਈ ਅਦਾਰਾ ਪੰਜਾਬ ਟਾਈਮਜ਼ ਖਿਮਾ ਦਾ ਜਾਚਕ ਹੈ।

## ਕੌਂਸਲਰ ਸਮੇਤ ਤਿੰਨ ਅਕਾਲੀ ਆਗੂ ਸੜਕ ਹਾਦਸੇ ਵਿਚ ਹਲਾਕ

**ਪਟਿਆਲਾ:** ਪਟਿਆਲਾ ਦੇ ਇਕ ਕੌਂਸਲਰ ਸਮੇਤ ਤਿੰਨ ਅਕਾਲੀ ਕਾਰਕੁਨਾਂ ਦੀ ਸੋਲਨ ਨੇੜੇ ਸੜਕ ਹਾਦਸੇ ਵਿਚ ਮੌਤ ਹੋ ਗਈ। ਮ੍ਰਿਤਕਾਂ ਵਿਚ ਪਟਿਆਲਾ ਦੇ ਵਾਰਡ ਨੰਬਰ 46 ਤੋਂ ਅਕਾਲੀ ਦਲ ਦੇ ਕੌਂਸਲਰ ਪ੍ਰਭਜੀਤ ਸਿੰਘ ਡਿਕਸੀ (46) ਸਮੇਤ ਟਕਸਾਲੀ ਅਕਾਲੀ ਵਰਕਰ ਅਮਰਜੀਤ ਸਿੰਘ ਪਵਟਾਰੀ ਤੇ ਇਕ ਹੋਰ ਅਕਾਲੀ ਵਰਕਰ ਸੁਰਿੰਦਰ ਸਿੰਘ (50) ਸ਼ਾਮਲ ਹਨ। ਇਹ ਤਿੰਨੇ ਜਣੇ ਏ-ਸਟਾਰ ਕਾਰ 'ਤੇ ਪਹਾੜਾਂ ਵਿਚ ਘੁੰਮਣ ਲਈ ਨਿਕਲੇ ਸਨ ਤੇ ਕਾਰ ਡਿਕਸੀ ਚਲਾ ਰਿਹਾ ਸੀ। ਜਦੋਂ ਉਹ ਕਸੌਲੀ ਤੋਂ ਸੋਲਨ ਜਾ ਰਹੇ ਸਨ, ਤਾਂ ਬੜੋਗ ਨੇੜੇ ਉਨ੍ਹਾ ਦੀ ਕਾਰ ਹਾਦਸਾਗ੍ਰਸਤ ਹੋ ਕੇ 400 ਫੁੱਟ ਡੂੰਘੀ ਖੱਡ ਵਿਚ ਜਾ ਡਿੱਗੀ। ਦੱਸਿਆ ਜਾ ਰਿਹਾ ਹੈ ਕਿ ਕਾਰ ਪਹਿਲਾਂ ਇਕ ਹੋਟਲ ਦੀ ਛੱਤ 'ਤੇ ਜਾ ਡਿੱਗੀ ਤੇ ਫਿਰ ਉਥੋਂ ਹੇਠਾਂ ਖੱਡ ਵਿਚ ਡਿੱਗ ਗਈ। ਕੌਂਸਲਰ ਡਿਕਸੀ 2007 ਵਿਚ ਪਹਿਲੀ ਵਾਰ ਵਾਰਡ ਨੰਬਰ ਛੇ ਤੇ ਫੇਰ ਦੂਜੀ ਵਾਰ ਉਹ 2012 ਵਿਚ ਵਾਰਡ ਨੰਬਰ 46 ਤੋਂ ਕੌਂਸਲਰ ਚੁਣੇ ਗਏ।

## ਗੁਰਬਤ ਮਾਰੇ ਕਿਸਾਨ ਨੇ ਲਿਆ ਫਾਹਾ

**ਲਹਿਰਾਗਾਗਾ:** ਇਥੋਂ ਦੇ ਪਿੰਡ ਘੋੜੇਨਬ ਵਿਚ ਗਰੀਬੀ ਤੋਂ ਤੰਗ ਆਏ ਇਕ ਕਿਸਾਨ ਨੇ ਫਾਹਾ ਲੈ ਕੇ ਜੀਵਨ ਲੀਲਾ ਸਮਾਪਤ ਕਰ ਲਈ। ਮਿਲੀ ਜਾਣਕਾਰੀ ਮੁਤਾਬਕ ਪਿੰਡ ਘੋੜੇਨਬ ਦੇ ਕਰਨੈਲ ਸਿੰਘ ਦਾ 36 ਸਾਲ ਦਾ ਪੁੱਤਰ ਸੁਖਬੀਰ ਸਿੰਘ ਬੇਜ਼ਮੀਨ ਹੋਣ ਕਰਕੇ ਲਹਿਰਾਗਾਗਾ ਵਿਚ ਆ ਕੇ ਦਿਹਾੜੀ ਕਰਦਾ ਸੀ ਤੇ ਘਰ ਦੀ ਗਰੀਬੀ ਤੋਂ ਪ੍ਰੇਸ਼ਾਨ ਸੀ।

ਪਰਿਵਾਰ ਦਾ ਕਹਿਣਾ ਹੈ ਕਿ ਦਿਹਾੜੀ ਨਾ ਮਿਲਣ ਕਰਕੇ ਉਹ ਹਰ ਸਮੇਂ ਗੁੰਮ ਰਹਿੰਦਾ ਸੀ। ਅਜਿਹੇ ਹਾਲਾਤ ਤੋਂ ਤੰਗ ਆ ਕੇ ਉਸ ਨੇ ਆਪਣੇ ਫਾਹਾ ਲੈ ਲਿਆ। ਪੁਲਿਸ ਨੇ ਮ੍ਰਿਤਕ ਦੇ ਭਰਾ ਜਸਬੀਰ ਸਿੰਘ ਦੇ ਬਿਆਨ 'ਤੇ ਧਾਰਾ 174 ਅਧੀਨ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਤੇ ਦੁਕਾਨਦਾਰਾਂ ਵਿਚ ਝੜਪ

**ਅੰਮ੍ਰਿਤਸਰ:** ਇਥੇ ਬਾਬਾ ਸਾਹਿਬ ਚੌਕ ਵਿਚ ਸ਼੍ਰੋਮਣੀ ਕਮੇਟੀ ਦੀ ਮਲਕੀਅਤ ਵਾਲੀ ਥਾਂ ਦਾ ਕਬਜ਼ਾ ਲੈਣ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਤੇ ਦੁਕਾਨਦਾਰਾਂ ਵਿਚਕਾਰ ਝਗੜਾ ਹੋ ਗਿਆ। ਇਸ ਕਾਰਨ ਦੋਵਾਂ ਧਿਰਾਂ ਦੇ ਅੱਠ ਵਿਅਕਤੀ ਜ਼ਖ਼ਮੀ ਹੋ ਗਏ। ਝਗੜੇ ਦੌਰਾਨ ਇੱਟਾਂ-ਪੱਥਰ ਤੇ ਕਿਰਪਾਨਾਂ ਵੀ ਚੱਲੀਆਂ।

ਮਿਲੀ ਜਾਣਕਾਰੀ ਮੁਤਾਬਕ ਬਾਬਾ ਸਾਹਿਬ ਚੌਕ ਵਿਚ ਤਕਰੀਬਨ ਪੰਜ ਹਜ਼ਾਰ ਗਜ਼ ਜਗ੍ਹਾ ਹਰਿਮੰਦਰ ਸਾਹਿਬ ਦੀ ਮਲਕੀਅਤ ਹੇਠ ਹੈ। ਇਥੇ ਪਹਿਲਾਂ ਸਰਕਾਰੀ ਸਕੂਲ ਚੱਲ ਰਿਹਾ ਸੀ। ਇਸ ਦੇ ਬਾਹਰ ਨੌਂ ਦੁਕਾਨਾਂ ਵੀ ਹਨ। ਸ਼੍ਰੋਮਣੀ ਕਮੇਟੀ ਵੱਲੋਂ ਇਸ ਥਾਂ 'ਤੇ ਸਰਾਂ ਬਣਾਉਣ ਦੀ ਯੋਜਨਾ ਹੈ। ਕਮੇਟੀ ਵੱਲੋਂ ਸਰਕਾਰ ਨੂੰ ਅਪੀਲ ਕਰਕੇ ਇਹ ਸਰਕਾਰੀ ਸਕੂਲ ਇਸ ਥਾਂ ਤੋਂ ਤਬਦੀਲ ਕਰਵਾਇਆ ਗਿਆ। ਇਸ ਬਾਰੇ ਨੌਂ ਦੁਕਾਨਦਾਰਾਂ ਵਿਚੋਂ ਕੁਝ ਨਾਲ ਸਮਝੌਤਾ ਹੋ ਚੁੱਕਾ ਹੈ ਤੇ ਕੁਝ ਦੁਕਾਨਦਾਰਾਂ ਵੱਲੋਂ ਸ਼੍ਰੋਮਣੀ ਕਮੇਟੀ ਖ਼ਿਲਾਫ਼ ਜ਼ਿਲ੍ਹਾ ਮੈਜਿਸਟਰੇਟ ਦੀ ਅਦਾਲਤ ਵਿਚ ਕੇਸ ਕੀਤਾ ਹੋਇਆ ਹੈ।

ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਜਦੋਂ ਇਸ ਥਾਂ 'ਤੇ ਬਣੀਆਂ ਕੁਝ ਦੁਕਾਨਾਂ ਨੂੰ ਢਾਹੁਣ ਲਈ ਗਏ ਤਾਂ ਦੁਕਾਨਦਾਰਾਂ ਤੇ ਮੁਲਾਜ਼ਮਾਂ ਵਿਚਾਲੇ ਝਗੜਾ ਹੋ ਗਿਆ। ਝਗੜੇ ਕਾਰਨ ਸ਼੍ਰੋਮਣੀ ਕਮੇਟੀ ਦੇ ਪੰਜ ਮੁਲਾਜ਼ਮ ਤੇ ਦੂਜੀ ਧਿਰ ਦੇ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ। ਜ਼ਖ਼ਮੀ ਹੋਏ ਸ਼੍ਰੋਮਣੀ ਕਮੇਟੀ ਦੇ ਪੰਜ ਮੁਲਾਜ਼ਮਾਂ ਵਿਚ ਹਰਿਮੰਦਰ ਸਾਹਿਬ ਦੇ ਮੀਤ ਮੈਨੇਜਰ ਪਰਮਜੀਤ ਸਿੰਘ, ਲਖਵਿੰਦਰ ਸਿੰਘ, ਗੁਰਬਿੰਦਰ ਸਿੰਘ ਮੂਧਲ, ਗੁਰਦੀਪ ਸਿੰਘ ਤੇ ਬੰਤਾ ਸਿੰਘ ਸ਼ਾਮਲ ਹਨ। ਇਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਾਇਆ ਗਿਆ ਹੈ। ਦੂਜੀ ਧਿਰ ਦੇ ਸਤਬੀਰ ਸਿੰਘ ਬਜਾਜ ਤੇ ਉਨ੍ਹਾਂ ਦੇ ਦੋ ਪੁੱਤਰ ਜਰਨੈਲ ਸਿੰਘ ਤੇ ਕੰਵਰਬੀਰ ਸਿੰਘ ਜ਼ਖ਼ਮੀ ਹੋਏ ਹਨ। ਜ਼ਖ਼ਮੀ ਦੁਕਾਨਦਾਰ ਸਤਬੀਰ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਰਿਵਾਰ ਦੇ ਤਿੰਨ ਮੈਂਬਰਾਂ ਕੋਲ ਪਿਛਲੇ 25-30 ਵਰ੍ਹਿਆਂ ਤੋਂ ਤਿੰਨ ਦੁਕਾਨਾਂ ਕਿਰਾਏ 'ਤੇ ਹਨ। ਸ਼੍ਰੋਮਣੀ ਕਮੇਟੀ ਇਨ੍ਹਾਂ ਦੁਕਾਨਾਂ ਨੂੰ ਖਾਲੀ ਕਰਾਉਣਾ ਚਾਹੁੰਦੀ ਹੈ। ਉਨ੍ਹਾਂ ਇਸ ਖ਼ਿਲਾਫ਼ ਜ਼ਿਲ੍ਹਾ ਮੈਜਿਸਟਰੇਟ ਕੋਲ ਕੇਸ ਦਾਇਰ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕੀਤਾ ਕਿ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਦੇ ਕਰਮਚਾਰੀ, ਕਾਰ ਸੇਵਾ ਵਾਲੇ ਬਾਬੇ ਤੇ ਹੋਰ ਮੁਲਾਜ਼ਮ ਹਥਿਆਰਾਂ ਸਮੇਤ ਡਿੱਚ ਮਸ਼ੀਨਾਂ ਲੈ ਕੇ ਆ ਗਏ। ਉਨ੍ਹਾਂ ਇਸ ਦਾ ਵਿਰੋਧ ਕੀਤਾ ਤਾਂ ਝਗੜਾ ਹੋ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੇ ਨਾ ਸਿਰਫ ਦਸਤਾਰਾਂ ਨੂੰ ਪੈਰਾਂ ਵਿਚ ਰੋਲਿਆ ਸਗੋਂ ਕਿਰਪਾਨਾਂ ਨਾਲ ਵੀ ਵਾਰ ਕੀਤਾ ਗਿਆ ਹੈ। ਉਨ੍ਹਾਂ ਇਸ ਬਾਰੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਅਪੀਲ ਕੀਤੀ ਹੈ ਕਿ ਅੰਮ੍ਰਿਤਧਾਰੀ ਸਿੱਖ ਦੀ ਦਸਤਾਰ ਦੀ ਬੇਅਦਬੀ ਕਰਨ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਤੇ ਕਰਮਚਾਰੀਆਂ ਖ਼ਿਲਾਫ਼ ਪੰਥਕ ਮਰਿਆਦਾ ਮੁਤਾਬਕ ਕਾਰਵਾਈ ਕੀਤੀ ਜਾਵੇ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਦਲਜੀਤ ਸਿੰਘ ਬੇਦੀ ਤੇ ਹਰਿਮੰਦਰ ਸਾਹਿਬ ਦੇ ਮੈਨੇਜਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸਬੰਧਤ ਥਾਂ 'ਤੇ ਸਰਾਂ ਬਣਾਉਣ ਦੀ ਜ਼ਿੰਮੇਵਾਰੀ ਕਾਰ ਸੇਵਾ ਸੰਤ ਬਾਬਾ ਲਾਭ ਸਿੰਘ ਕਿਲ੍ਹਾ ਅਨੰਦਗੜ੍ਹ ਵਾਲਿਆਂ ਨੂੰ ਸੌਂਪੀ ਹੋਈ ਹੈ। ਤਿੰਨ ਦੁਕਾਨਾਂ ਦਾ ਕਬਜ਼ਾ ਸਤਬੀਰ ਸਿੰਘ, ਸੰਤੋਖ ਸਿੰਘ ਤੇ ਮੋਹਨ ਸਿੰਘ ਕੋਲ ਹੈ। ਉਨ੍ਹਾਂ ਨਾਲ ਵੀ ਸਮਝੌਤੇ ਦਾ ਯਤਨ ਕੀਤਾ ਗਿਆ ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਦੁਕਾਨਾਂ ਦੇ ਪਿੱਛੇ ਸਕੂਲ ਦੀ ਇਮਾਰਤ ਨੂੰ ਪਹਿਲਾਂ ਹੀ ਢਾਹ ਦਿੱਤਾ ਗਿਆ ਹੈ। ਮੁੱਖ ਰਸਤੇ ਲਈ ਸ਼੍ਰੋਮਣੀ ਕਮੇਟੀ ਦੇ ਕਬਜ਼ੇ ਹੇਠਲੀ ਦੁਕਾਨ ਨੂੰ ਤੋੜ ਕੇ ਰਾਹ ਬਣਾਉਣ ਲਈ ਕਾਰਵਾਈ ਕੀਤੀ ਜਾ ਰਹੀ ਸੀ ਕਿ ਇਸ ਦੌਰਾਨ ਕਿਰਾਏਦਾਰਾਂ ਤੇ ਉਨ੍ਹਾਂ ਦੇ ਸਮਰਥਕਾਂ ਨੇ ਇੱਟਾਂ-ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪੰਜ ਮੁਲਾਜ਼ਮ ਜ਼ਖ਼ਮੀ ਹੋ ਗਏ।



# ਪੰਜਾਬੀ ਗੀਤਕਾਰੀ ਮੰਚ ਵਲੋਂ ਸ਼ਾਇਰ ਜਸਪਾਲ ਸੂਸ ਨਾਲ ਰੂਬਰੂ

**ਸੈਕਰਾਮੈਂਟੋ (ਬਿਊਰੋ):** ਗੁਰਦੁਆਰਾ ਗੁਰੂ ਰਵਿਦਾਸ, ਰੀਓ ਲਿੰਡਾ ਵਿਖੇ ਲੰਘੇ ਐਤਵਾਰ ਪੰਜਾਬੀ ਗੀਤਕਾਰੀ ਮੰਚ ਵਲੋਂ ਸ਼ਾਇਰ ਜਸਪਾਲ ਸੂਸ ਨਾਲ ਰੂਬਰੂ ਸਾਹਿਤਕ ਦਰਬਾਰ ਦਾ ਪ੍ਰਬੰਧ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਜਸਪਾਲ ਸੂਸ, ਗਜ਼ਲਗੋ ਪ੍ਰੋ. ਸੁਰਿੰਦਰ ਸੀਰਤ, ਕਵਿਤਰੀ ਮਨਜੀਤ ਕੌਰ ਸੇਖੋਂ, ਕਾਲਮਨਵੀਸ ਐਸ. ਅਸ਼ੋਕ ਭੌਰਾ ਅਤੇ ਡਾ. ਅਮਰੀਕ ਸਿੰਘ ਸ਼ਾਮਲ ਸਨ।




ਇਸ ਮੌਕੇ ਸ਼ਾਇਰ ਜਸਪਾਲ ਸੂਸ ਨੇ ਆਪਣੇ ਸਾਹਿਤਕ ਸਫਰ ਦਾ ਜ਼ਿਕਰ ਪਰਤ-ਦਰ-ਪਰਤ ਕੀਤਾ ਅਤੇ ਉਠਾਏ ਗਏ ਸਵਾਲਾਂ ਦਾ ਸੰਖੇਪ ਪਰ ਭਾਵਪੂਰਤ ਜਵਾਬ ਦਿੰਦਿਆਂ ਕਿਹਾ ਕਿ ਸਭਿਆਚਾਰ ਤੇ ਸਾਹਿਤ ਪੱਖੋਂ ਅੱਜ ਵੀ ਦੋਵੇਂ ਪੰਜਾਬਾਂ ਦੀ ਸਾਂਝ ਹੈ ਤੇ ਪੁਰਾਤਨ ਸਾਹਿਤ ਅੱਜ ਵੀ 1947 ਤੋਂ ਪਹਿਲਾਂ ਵਾਲੇ ਪੰਜਾਬ ਨੂੰ ਜੋੜੀ ਬੈਠਾ ਹੈ। ਸ੍ਰੀ ਸੂਸ ਨੇ ਕਿਹਾ ਕਿ ਅੱਜ ਦੋਵੇਂ ਪੰਜਾਬਾਂ ਦੇ ਚੋਣਵੇਂ ਸਾਹਿਤ ਦਾ ਤਰਜਮਾ ਸ਼ਾਹਮੁਖੀ ਤੇ ਗੁਰਮੁਖੀ ਵਿਚ ਕਰਕੇ ਘਰ ਘਰ ਪਹੁੰਚਾਉਣ ਦੀ ਲੋੜ ਹੈ। ਮੰਚ ਦੇ ਪ੍ਰਧਾਨ ਅਤੇ ਗੀਤਕਾਰ ਮੱਖਣ ਲੁਹਾਰ ਨੇ ਮੰਚ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਛੇੜਦਿਆਂ ਕਿਹਾ ਕਿ ਸਾਡੀ ਹਮੇਸ਼ਾ ਕੋਸ਼ਿਸ਼ ਰਹੇਗੀ ਕਿ ਪੰਜਾਬੀ ਗੀਤਕਾਰੀ ਵਿਚੋਂ ਲੱਚਰਤਾ ਅਤੇ ਫੁਕਰੇਪਨ ਦਾ ਕੂੜਾ-ਕਰਕਟ ਹੂੰਝ ਦਿੱਤਾ ਜਾਵੇ ਤਾਂ ਕਿ ਸਮਾਜ ਵਿਚ ਗੀਤਕਾਰੀ ਦੀ ਪੁੰਗਰ ਰਹੀ ਪਨੀਰੀ ਦਾ ਸਭਿਆਚਾਰਕ ਸਾਹਿਤਕ ਰੁਤਬਾ ਪਨਪ ਸਕੇ।

ਮੰਚ ਦੇ ਜਨਰਲ ਸਕੱਤਰ ਬਿੱਕਰ ਸਿੰਘ ਕੰਮਿਆਣਾ ਨੇ ਕਿਹਾ ਕਿ ਭਾਵੇਂ ਮੰਚ ਦੀ ਆਪਣੀ ਪਰਪੱਕ ਸੋਚ ਹੈ ਪਰ ਵਿਚਾਰਾਂ ਦੀ ਆਜ਼ਾਦੀ ਕਾਰਨ ਇਹ ਰੂਬਰੂ ਸਮਾਗਮ ਦੋਹਾਂ ਪੰਜਾਬਾਂ ਦੀ ਸਾਂਝੀ ਸਾਹਿਤਕ ਕਾਨਫਰੰਸ ਹੋ ਨਿਬੜਿਆ। ਸ੍ਰੀ ਕੰਮਿਆਣਾ ਨੇ ਕਿਹਾ ਕਿ ਸਾਹਿਤਕਾਰਾਂ ਨੂੰ ਕਮਲ ਰਾਹੀਂ ਅਜਿਹਾ ਅੰਮ੍ਰਿਤ ਪੈਦਾ ਕਰਨਾ ਚਾਹੀਦਾ ਹੈ ਕਿ ਫਿਰਕੂ ਜਨੂਨੀਆਂ ਵਲੋਂ ਘੋਲੀ ਨਫਰਤ ਦੀ ਜ਼ਹਿਰ ਨੂੰ ਧੋਇਆ ਜਾ ਸਕੇ।


ਕਾਲਮਨਵੀਸ ਐਸ. ਅਸ਼ੋਕ ਭੌਰਾ ਨੇ ਕਿਹਾ ਕਿ ਸਾਹਿਤਕਾਰਾਂ ਵਲੋਂ ਅਜਿਹਾ ਸਾਹਿਤ ਰਚਿਆ ਜਾਣਾ ਚਾਹੀਦਾ ਹੈ ਕਿ ਉਸ ਵਿਚੋਂ ਫਿਰਕੂ ਨਾਗ ਆਪਣਾ ਫਨ ਨਾ ਚੁਕਦਾ ਹੋਵੇ ਅਤੇ ਨਾ ਹੀ ਮੰਚ ਨੂੰ ਇਸ ਪਾਸੇ ਤੁਰਨਾ ਚਾਹੀਦਾ ਹੈ। ਅਜਿਹੀਆਂ ਘਟੀਆਂ ਫਿਲਮਾਂ ਵੀ ਨਹੀਂ ਬਣਨੀਆਂ ਚਾਹੀਦੀਆਂ ਜੋ ਦੋਵੇਂ ਪੰਜਾਬਾਂ ਦੀ ਸਾਹਿਤਕ ਸਾਂਝ ਵਿਚ ਰੋੜੇ ਅਟਕਾਉਣ। ਗਜ਼ਲਗੋ ਪ੍ਰੋ. ਸੁਰਿੰਦਰ ਸੀਰਤ, ਕਵਿਤਰੀ ਮਨਜੀਤ ਕੌਰ ਸੇਖੋਂ, ਡਾ. ਅਮਰੀਕ ਸਿੰਘ, ਤਾਰਾ ਸਾਗਰ ਤੇ ਗੁਰਬਚਨ ਚੋਪੜਾ ਦਾ ਵਿਚਾਰ ਸੀ ਕਿ ਸਾਨੂੰ ਦੋਹਾਂ ਪੰਜਾਬਾਂ ਦੇ ਲੋਕਾਂ ਨੂੰ ਆਪਸ ਵਿਚ ਤੋੜਨ ਦੀਆਂ ਨਹੀਂ ਸਗੋਂ ਜੋੜਨ ਦੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ।

ਇਸ ਤੋਂ ਪਹਿਲਾਂ ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਗਾਇਕ ਜੀਵਨ ਰੱਤੂ ਨੇ ਆਪਣੀਆਂ ਸੁਰੀਲੀਆਂ ਸੁਰਾਂ ਰਾਹੀਂ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਇਸ ਤੋਂ ਇਲਾਵਾ ਗਾਇਕ ਤਰਲੋਕ ਸਿੰਘ, ਮੰਗਜੀਤ ਸਿੰਘ ਮੰਗਾ, ਗੋਗੀ ਸੰਧੂ, ਰਾਜ ਸੂਦ, ਜਸਵਿੰਦਰ ਮਦਾੜ, ਲਾਲ ਸਿੰਘ ਭੱਟੀ ਅਤੇ ਸੰਗੀਤਕਾਰ ਸਤਪਾਲ ਕਮਲ ਨੇ ਆਪਣੀ ਗਾਇਕੀ ਰਾਹੀਂ ਸੁਰਾਂ ਦੀ ਛਹਿਬਰ ਲਾਈ। ਸ਼ਾਇਰਾ ਜੋਤੀ ਸਿੰਘ, ਕਵਿਤਰੀ ਤਤਿੰਦਰ ਕੌਰ ਅਤੇ ਕਮਲਜੀਤ ਕੌਰ ਨੇ ਹਾਜ਼ਰੀ ਲੁਆਈ। ਮੰਚ ਸੰਚਾਲਨ ਪਲਵਿੰਦਰ ਮਾਹੀ ਨੇ ਕੀਤਾ।



# ਮਹਿੰਦਰ ਸਿੰਘ ਗਿੱਲ ਸੁਰਗਵਾਸ

**ਬੇਕਰਜ਼ਫੀਲਡ (ਬਿਊਰੋ):** ਉਘੇ ਸਮਾਜ ਸੇਵੀ ਨੰਬਰਦਾਰ ਜਗਤਾਰ ਸਿੰਘ ਗਿੱਲ ਨੂੰ ਉਦੋਂ ਭਾਰੀ ਸਦਮਾ ਪੱਜਾ ਜਦੋਂ ਉਨ੍ਹਾਂ ਦੇ ਪਿਤਾ ਮਹਿੰਦਰ ਸਿੰਘ ਗਿੱਲ ਅਕਾਲ ਚਲਾਣਾ



ਕਰ ਗਏ। ਉਹ 83 ਸਾਲਾਂ ਦੇ ਸਨ। ਉਹ ਪੰਜਾਬ ਦੇ ਜ਼ਿਲ੍ਹਾ ਮੋਗਾ ਦੇ ਪਿੰਡ ਢੁਡੀਕੇ ਤੋਂ ਸਨ। ਉਹ ਪਿਛਲੇ 24 ਸਾਲਾਂ ਤੋਂ ਬੇਕਰਜ਼ਫੀਲਡ ਰਹਿ ਰਹੇ ਸਨ। ਉਹ ਆਪਣੇ ਪਿਛੇ ਤਿੰਨ ਪੁੱਤਰ- ਜਗਤਾਰ ਸਿੰਘ ਗਿੱਲ, ਪ੍ਰੀਤਮ ਸਿੰਘ ਗਿੱਲ ਤੇ ਪਿੰਦੀ ਗਿੱਲ ਅਤੇ ਤਿੰਨ ਧੀਆਂ, ਦੋਹਤੇ-ਪੋਤੇ-ਪੋਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।

ਸਵਰਗੀ ਮਹਿੰਦਰ ਸਿੰਘ ਗਿੱਲ ਦਾ ਅੰਤਿਮ ਸੰਸਕਾਰ 5 ਜੁਲਾਈ, ਸਨਿਚਰਵਾਰ ਨੂੰ ਗਰੀਨ ਲਾਅਨ ਫਿਊਨਰਲ ਹੋਮ (2739 ਪਨਾਮਾ ਲੇਨ, ਬੇਕਰਜ਼ਫੀਲਡ) ਵਿਖੇ ਸਵੇਰੇ 10 ਤੋਂ 12 ਵਜੇ ਦੇ ਦਰਮਿਆਨ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਅੰਗਦ ਦਰਬਾਰ-ਸਟਾਈਨ ਰੋਡ, ਬੇਕਰਜ਼ਫੀਲਡ ਵਿਖੇ ਹੋਵੇਗੀ। ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਫੋਨ: 661-900-7466 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਚ ਗੁਰਮਤਿ ਸੈਮੀਨਾਰ

**ਫਰਿਜ਼ਨੋ (ਬਿਊਰੋ):** ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਚ ਬੱਚਿਆਂ ਨੂੰ ਧਰਮ ਅਤੇ ਵਿਰਸੇ ਨਾਲ ਜੋੜਨ ਸਬੰਧੀ ਵੀਰ ਭੁਪਿੰਦਰ ਸਿੰਘ ਨਿਊ ਯਾਰਕ ਵਾਲਿਆਂ ਦਾ ਇਕ ਵਿਸ਼ੇਸ਼ ਸਮਾਗਮ ਵਿਚ ਅਤੇ ਆਪਣੇ ਪ੍ਰੋਗਰਾਮ ਦੇ ਆਖਰੀ ਸੈਮੀਨਾਰ ਦੌਰਾਨ ਕੀਰਤਨ ਅਤੇ ਵਿਆਖਿਆ ਕਰਦੇ ਹੋਏ ਸ਼ਬਦ ਗੁਰਬਾਣੀ ਨੂੰ ਸਮਝਣ ਅਤੇ ਰੋਜ਼ਾਨਾ ਗੁਰੂਘਰ ਤੋਂ ਪ੍ਰਾਪਤ ਸਿਖਿਆ ਨੂੰ ਗ੍ਰਹਿਣ ਕਰਨ



ਕਰਵਾਇਆ ਗਿਆ। ਇਹ ਸਮਾਗਮ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ ਸੀ ਏ) ਦੇ ਸਹਿਯੋਗ ਨਾਲ ਕਰਵਾਇਆ ਗਿਆ। ਚਾਰ ਦਿਨ ਚਲੇ ਇਸ ਸੈਮੀਨਾਰ ਵਿਚ ਵੀਰ ਭੁਪਿੰਦਰ ਸਿੰਘ ਨੇ ਬੱਚਿਆਂ ਦੇ ਵੱਖ-ਵੱਖ ਗਰੁਪਾਂ ਵਿਚ ਅਤੇ ਮਾਪਿਆਂ ਲਈ ਵੱਖਰੀਆਂ ਕਲਾਸਾਂ ਰਾਹੀਂ ਗੁਰਮਤਿ ਅਨੁਸਾਰ ਜੀਵਨ ਜਾਂਚ ਅਤੇ ਚੰਗੇ ਜੀਵਨ ਲਈ ਪ੍ਰੇਰਨਾ ਦਿੱਤੀ।

ਇਸੇ ਦੌਰਾਨ ਯੂਥ ਮਸਲਿਆਂ 'ਤੇ ਵਿਚਾਰਾਂ ਅਤੇ ਪ੍ਰਸ਼ਨਕਾਲ ਦੌਰਾਨ ਸੁਆਲਾਂ ਦੇ ਜੁਆਬ ਦਿੱਤੇ ਗਏ। ਇਸ ਤੋਂ ਇਲਾਵਾ ਰੋਜ਼ਾਨਾ ਸ਼ਾਮ ਦੇ ਦੀਵਾਨਾਂ ਦੀ ਅਪੀਲ ਕੀਤੀ ਗਈ। ਇਸ ਮੌਕੇ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਸਰਬਜੀਤ ਸਿੰਘ ਨੇ ਗੁਰਬਾਣੀ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਛੋਟੇ ਬੱਚਿਆਂ ਨੇ ਵੀ ਕੀਰਤਨ ਦੀ ਹਾਜ਼ਰੀ ਭਰੀ। ਪ੍ਰੋਗਰਾਮ ਦੇ ਅੰਤ ਵਿਚ ਗੁਰੂਘਰ ਦੇ ਪ੍ਰਬੰਧਕ ਹਰਜਿੰਦਰ ਸਿੰਘ ਢਿੱਲੋਂ ਨੇ ਵੀਰ ਦਵਿੰਦਰ ਸਿੰਘ ਅਤੇ ਸਮੁੱਚੀਆਂ ਸੰਗਤਾਂ ਦਾ ਇਸ ਸੈਮੀਨਾਰ ਨੂੰ ਸਹਿਯੋਗ ਦੇ ਕੇ ਸਫਲ ਬਣਾਉਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਧਾਰਮਿਕ ਵਿਰਸੇ ਨਾਲ ਜੁੜਨ ਲਈ ਅਜਿਹੇ ਪ੍ਰੋਗਰਾਮ ਕਰਵਾਉਣੇ ਚਾਹੀਦੇ ਹਨ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250




MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available
India Vacation tour package also available.



Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)
Cell: (510)-677-9942
Shop: (510)-505-9605
www.princebarbershop.com





FARMERS INSURANCE GROUP
Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com
Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



ਪੰਜਾਬ ਟਾਈਮਜ਼

*ਸਨਿਚਰਵਾਰ, 5 ਜੁਲਾਈ 2014*

## ਮੋਦੀ ਦੇ ਅੱਛੇ ਦਿਨਾਂ ਦੀ ਦਾਸਤਾਨ

ਭਾਰਤੀ ਜਨਤਾ ਪਾਰਟੀ ਨੇ ਲੋਕ ਸਭਾ ਚੋਣਾਂ ਦੀ ਪ੍ਰਚਾਰ ਮੁਹਿੰਮ ਦੌਰਾਨ 'ਅੱਛੇ ਦਿਨ ਆਨੇ ਵਾਲੇ ਹੈਂ' ਦੀ ਰਟ ਲਾਈ ਸੀ, ਪਰ ਸਰਕਾਰ ਬਣਦਿਆਂ ਹੀ ਸਭ ਕੁਝ ਉਲਟਾ-ਪੁਲਟਾ ਹੋ ਗਿਆ ਜਾਪਦਾ ਹੈ। ਜਿਹੜਾ ਨਰੇਂਦਰ ਮੋਦੀ ਹਰ ਮੁੱਦੇ ਅਤੇ ਸਵਾਲ ਬਾਰੇ ਟਿੱਪਣੀਆਂ ਕਰਦਾ ਸੀ, ਪ੍ਰਧਾਨ ਮੰਤਰੀ ਬਣਦਿਆਂ ਹੀ ਉਹ ਆਪਣੇ ਤੋਂ ਪਹਿਲੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵਾਂਗ ਮੌਨ ਹੋ ਗਿਆ ਹੈ। ਕੁਝ ਸਿਆਸੀ ਵਿਸ਼ਲੇਸ਼ਣਕਾਰਾਂ ਨੇ ਉਸ ਦੀਆਂ ਸਿਆਸੀ ਪਹਿਲਕਦਮੀਆਂ ਦੇ ਮੱਦੇਨਜ਼ਰ ਉਸ ਨੂੰ ਸਿਰੇ ਦਾ ਸਟੇਟਸਮੈਨ ਹੋਣ ਦਾ ਖਿਤਾਬ ਵੀ ਦੇ ਦਿੱਤਾ ਅਤੇ ਨਾਲ ਹੀ ਪੇਸ਼ੀਨਗੋਈ ਕੀਤੀ ਕਿ ਇਹ ਮੋਦੀ ਹੁਣ ਪਹਿਲਾਂ ਵਾਲਾ ਮੋਦੀ ਨਹੀਂ, ਕੌਮੀ ਤੇ ਕੌਮਾਂਤਰੀ ਹਾਲਾਤ ਕਰ ਕੇ ਅਤੇ ਸੱਤਾ ਵਿਚ ਆਣ ਕੇ ਉਸ ਨੂੰ ਬਦਲਣਾ ਹੀ ਪੈਣਾ ਸੀ। ਜਿਸ ਮਹਿੰਗਾਈ ਕਰ ਕੇ ਭਾਜਪਾ, ਕਾਂਗਰਸ ਨੂੰ ਮਿਹਣੇ ਮਾਰਦੀ ਨਹੀਂ ਸੀ ਥੱਕਦੀ, ਹੁਣ ਕਹਿ ਰਹੀ ਹੈ ਕਿ ਇਨ੍ਹਾਂ ਸਮੱਸਿਆਵਾਂ ਉਤੇ ਕਾਬੂ ਪਾਉਣ ਲਈ ਕੁਝ ਸਮਾਂ ਤਾਂ ਚਾਹੀਦਾ ਹੈ। ਇਹ ਵੱਖਰੀ ਗੱਲ ਹੈ ਕਿ ਮੋਦੀ ਨੇ ਆਪਣੀ ਸਰਕਾਰ ਦੀ ਕਾਇਮੀ ਦੇ 30 ਦਿਨ ਮੀਡੀਆ ਵਿਚ ਖੂਬ ਪ੍ਰਚਾਰ ਕਰ ਕੇ ਮਨਾਏ ਹਨ; ਹਾਲਾਂਕਿ ਹੁਣ ਤੱਕ ਵੱਖ-ਵੱਖ ਸ਼ਾਸਕ, ਆਪੋ-ਆਪਣੀ ਸਰਕਾਰ ਦੇ 100 ਦਿਨਾਂ ਦੇ ਬਹਾਨੇ ਆਪਣਾ ਪ੍ਰਚਾਰ ਕਰਦੇ ਰਹੇ ਹਨ। ਆਰਥਿਕ ਫਰੰਟ ਉਤੇ ਮੋਦੀ ਅਤੇ ਉਸ ਦੀ ਟੀਮ ਨੂੰ ਅਜੇ ਸਮਝ ਹੀ ਨਹੀਂ ਆ ਰਹੀ ਕਿ ਔਕੜਾਂ ਘਟਾਉਣ ਲਈ ਕਿਹੜੀ ਤੰਦ ਪਹਿਲਾਂ ਫੜੀ ਜਾਵੇ। ਉਹਦੇ ਜਿੱਤਣ ਦੀ ਖੁਸ਼ੀ ਵਿਚ ਜਿਹੜਾ ਸ਼ੇਅਰ ਬਾਜ਼ਾਰ ਨਿੱਤ ਉਛਾਲੇ ਮਾਰਦਾ ਸੀ, ਉਹ ਵੀ ਹੁਣ ਆਨੇ ਵਾਲੀ ਥਾਂ 'ਤੇ ਆ ਗਿਆ ਹੈ। ਹੁਣ ਸਰਕਾਰ ਲਈ ਅਗਲੀ ਵੰਗਾਰ ਬਜਟ ਹੈ। ਇਸ ਬਾਰੇ ਵਿੱਤ ਮੰਤਰੀ ਨੇ ਪਹਿਲਾਂ ਹੀ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਲੋਕ-ਲੁਭਾਊ ਸਕੀਮਾਂ ਦਾ ਲੜ ਹੌਲੀ-ਹੌਲੀ ਛੱਡਣਾ ਪੈਣਾ ਹੈ। ਇਸ ਦਾ ਸਿੱਧਾ ਜਿਹਾ ਮਤਲਬ ਇਹ ਹੈ ਕਿ ਆਮ ਲੋਕਾਂ ਉਤੇ ਹੋਰ ਬੋਝ ਪੈਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਸਵਾਲ ਇਹ ਹੈ ਕਿ ਭਾਜਪਾ ਦੀ ਅਗਵਾਈ ਵਾਲੀ ਇਹ ਐਨ.ਡੀ.ਏ. ਸਰਕਾਰ ਪਹਿਲੀਆਂ ਸਰਕਾਰਾਂ ਨਾਲੋਂ ਨਵਾਂ ਅਤੇ ਲੋਕ ਪੱਖੀ ਕੀ ਕਰ ਰਹੀ ਹੈ? ਇਸ ਸਵਾਲ ਦਾ ਜਵਾਬ ਸੌਖਿਆਂ ਹੀ ਸਾਹਮਣੇ ਆ ਜਾਂਦਾ ਹੈ, ਜੇ ਅਸੀਂ ਰਤਾ ਕੁ ਘੋਖ ਕੇ ਸਰਕਾਰ ਅਤੇ ਮੋਦੀ ਦੀ ਕਾਰਕਰਦਗੀ ਉਤੇ ਨਿਗ੍ਹਾ ਮਾਰੀਏ। ਇਹ ਸਰਕਾਰ ਚੁੱਪ-ਚੁਪੀਤੇ ਅਹਿਮ ਆਸਾਮੀਆਂ ਉਤੇ ਹਿੰਦੂਤਵੀ ਵਿਚਾਰਧਾਰਾ ਨੂੰ ਪ੍ਰਣਾਏ ਬੰਦਿਆਂ ਦੀ ਨਿਯਕਤੀ ਧੜਾ-ਧੜ ਕਰ ਰਹੀ ਹੈ। ਵਿਵੇਕਾਨੰਦ ਫਾਊਂਡੇਸ਼ਨ ਦੇ ਕਰਤਿਆਂ-ਧਰਤਿਆਂ ਦੀਆਂ ਨਿਯੁਕਤੀਆਂ ਇਹੀ ਸੰਦੇਸ਼ ਦਿੰਦੀਆਂ ਹਨ। ਵਿਵੇਕਾਨੰਦ ਫਾਊਂਡੇਸ਼ਨ ਉਹ ਸੰਸਥਾ ਹੈ ਜਿਹੜੀ ਸਿੱਧੀ ਆਰ.ਐਸ.ਐਸ. ਦੀ ਕਮਾਨ ਹੇਠ ਕੰਮ ਕਰਦੀ ਹੈ। ਇਸ ਸੰਸਥਾ ਦਾ ਮੁੱਖ ਕੰਮ ਵੱਖ-ਵੱਖ ਮੁੱਦਿਆਂ ਬਾਰੇ ਲੋਕ ਰਾਏ ਬਣਾਉਣਾ ਹੈ। ਦੂਜੇ ਲਫਜ਼ਾਂ ਵਿਚ ਇਹ ਲੋਕਾਂ ਦੇ ਅੱਖੀਂ ਘੱਟਾ ਪਾਉਣ ਦਾ ਕੰਮ ਬੜੀ ਬਾਰੀਕੀ ਨਾਲ ਕਰਦੀ ਹੈ। ਪਿਛਲੇ ਦਿਨਾਂ ਵਿਚ ਇਸ ਸੰਸਥਾ ਨੇ ਸਿੱਖਿਆ ਬਾਰੇ ਉਚੇਚੀ ਮੁਹਿੰਮ ਛੇੜੀ ਜਿਸ ਦਾ ਮੁੱਖ ਮਕਸਦ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਸਭਿਆਚਾਰਕ ਚੇਤਨਾ ਨਾਲ ਓਤ-ਪੋਤ ਕਰਨਾ ਦੱਸਿਆ ਗਿਆ ਸੀ। ਦੱਸਣਾ ਜ਼ਰੂਰੀ ਹੈ ਕਿ ਇਸ ਸੰਸਥਾ ਦੀ ਸਭਿਆਚਾਰਕ ਚੇਤਨਾ ਤੋਂ ਭਾਵ ਹਿੰਦੂਤਵ 'ਕਦਰਾਂ-ਕੀਮਤਾਂ' ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਉਣਾ ਹੈ। ਇਸ ਤਰ੍ਹਾਂ ਦੀਆਂ ਸੈਂਕੜੇ ਸੰਸਥਾਵਾਂ ਰਾਤੋ-ਰਾਤ ਦੇਸ਼ ਭਰ ਵਿਚ ਸਰਗਰਮ ਹੋ ਗਈਆਂ ਹਨ। ਭਾਜਪਾ ਨਾਲ ਸਬੰਧਤ ਵਿਦਿਆਰਥੀ ਵਿੰਗ ਨੇ ਵਾਹਵਾ ਤੇਜ਼ੀ ਫੜ ਲਈ ਹੋਈ ਹੈ। ਇਨ੍ਹਾਂ ਸੰਸਥਾਵਾਂ ਨੂੰ ਪੈਸੇ ਦੀ ਤੋਟ ਤਾਂ ਪਹਿਲਾਂ ਹੀ ਨਹੀਂ ਸੀ, ਹੁਣ ਤਾਂ ਵਾਰੇ-ਨਿਆਰੇ ਹੀ ਹੋ ਗਏ ਹਨ।

ਜ਼ਾਹਿਰ ਹੈ ਕਿ ਇਹ ਉਹ ਅਸਲ ਮੋਦੀ ਲਹਿਰ ਹੈ ਜਿਸ ਲਈ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਨੇ ਪੈਸਾ ਪਾਣੀ ਵਾਂਗ ਵਹਾਇਆ ਅਤੇ ਚੋਣਾਂ ਵਿਚ ਜਿੱਤ ਹਾਸਲ ਕਰਨ ਲਈ ਹਰ ਹੀਲਾ ਕੀਤਾ। ਚੋਣਾਂ ਤੋਂ ਬਾਅਦ ਵੀ ਹੋਰ ਪਾਰਟੀਆਂ ਵੱਲ ਸੁਲ੍ਹਾ ਦਾ ਹੱਥ ਵਧਾਇਆ ਜਾ ਰਿਹਾ ਹੈ। ਤਰਦੀ ਨਜ਼ਰੇ ਇਹੀ ਜਾਪਦਾ ਹੈ ਕਿ ਇਸ ਮੋਦੀ ਲਹਿਰ ਦਾ ਕਿਤੇ ਕੋਈ ਵਿਰੋਧ ਨਹੀਂ ਹੋ ਰਿਹਾ। ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਸੂਬੇ ਦੇ ਮੁੱਖ ਮੰਤਰੀ ਬਿਨਾਂ ਸ਼ਰਤ ਆਪਣੀ ਸਾਰੀ ਤਾਕਤ ਇਕੱਠੀ ਕਰ ਕੇ ਮੋਦੀ ਦੇ ਪਿੱਛੇ ਖੜ੍ਹੇ ਹਨ। ਹੋਰ ਤਾਂ ਹੋਰ ਪਿਛਲੇ ਦਿਨੀਂ ਉਹ ਮਹਿੰਗਾਈ ਦੇ ਮਾਮਲੇ ਵਿਚ ਵੀ ਮੋਦੀ ਦੇ ਹੱਕ ਵਿਚ ਬੋਲਣ ਲੱਗ ਪਏ; ਪਹਿਲਾਂ ਉਹ ਮਹਿੰਗਾਈ ਲਈ ਕਾਂਗਰਸ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦੇ ਸਨ। ਨਸ਼ਿਆਂ ਦੇ ਮਾਮਲੇ 'ਤੇ ਤਾਂ ਉਨ੍ਹਾਂ ਦੇ ਬਿਆਨ ਮਿਸਾਲ ਹੀ ਬਣ ਗਏ ਹਨ। ਕੇਂਦਰ ਵਿਚ ਕਾਂਗਰਸ ਦੇ ਰਾਜ ਦੌਰਾਨ ਉਹ ਪ੍ਰਚਾਰ ਕਰਦੇ ਰਹੇ ਕਿ ਪੰਜਾਬ ਵਿਚ ਨਸ਼ਿਆਂ ਦਾ ਦਰਿਆ ਕਾਂਗਰਸ ਦੇ ਰਾਜ ਕਰ ਕੇ ਵਹਿ ਰਿਹਾ ਹੈ, ਕਿਉਂਕਿ ਕੇਂਦਰ ਵਿਚਲੀ ਕਾਂਗਰਸ ਸਰਕਾਰ ਲੋੜੀਂਦੀ ਕਾਰਵਾਈ ਨਹੀਂ ਕਰ ਰਹੀ। ਹੁਣ ਜਦੋਂ ਕੇਂਦਰ ਵਿਚ ਆਪਣੇ ਭਾਈਵਾਲ ਦੀ ਸਰਕਾਰ ਬਣ ਗਈ ਹੈ ਅਤੇ ਇਸ ਵਿਚ ਨੂੰਹ ਹਰਸਿਮਰਤ ਕੌਰ ਬਾਦਲ ਮੰਤਰੀ ਵੀ ਹੈ, ਤਾਂ ਇਸ ਮਾਮਲੇ 'ਤੇ ਉਨ੍ਹਾਂ ਖਾਮੋਸ਼ੀ ਧਾਰ ਲਈ ਹੈ। ਉਂਜ, ਚੰਗੀ ਗੱਲ ਇਹ ਹੋਈ ਹੈ ਕਿ ਲੋਕਾਂ ਨੇ ਬਾਦਲ ਦੀ ਇਸ ਸਿੱਧੜ ਕਾਰਵਾਈ ਦਾ ਤਿੱਖਾ ਵਿਰੋਧ ਕੀਤਾ ਹੈ। ਲੋਕਾਂ ਦੇ ਮਨਾਂ ਤੱਕ ਇਹ ਸੁਨੇਹਾ ਆਖਰਕਾਰ ਪੁੱਜ ਗਿਆ ਹੈ ਕਿ ਇਹ ਗ੍ਰਿਫਤਾਰੀਆਂ ਆਵਾਮ ਦੇ ਅੱਖੀਂ ਘੱਟਾ ਪਾਉਣ ਲਈ ਕੀਤੀਆਂ ਜਾ ਰਹੀਆਂ ਹਨ। ਨਸ਼ਿਆਂ ਦੇ ਸਪਲਾਇਰਾਂ ਅਤੇ ਸਮਗਲਰਾਂ ਨੂੰ ਤਾਂ ਛੇੜਿਆ ਹੀ ਨਹੀਂ ਜਾ ਰਿਹਾ। ਮੋਦੀ ਅਤੇ ਬਾਦਲ ਤਾਂ ਲੋਕਾਂ ਲਈ 'ਅੱਛੇ ਦਿਨ' ਲਿਆਉਣ ਦੀ ਥਾਂ ਆਪੋ-ਆਪਣੇ ਹਿਤਾਂ ਖਾਤਰ ਸਿਆਸਤ ਕਰ ਰਹੇ ਹਨ ਪਰ ਇਹ ਹੁਣ ਲੋਕਾਂ ਉਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ ਸੱਚ-ਮੁੱਚ ਅੱਛੇ ਦਿਨ ਲਿਆਉਣ ਲਈ ਇਨ੍ਹਾਂ ਕੋੜੇ ਹਾਕਮਾਂ ਤੋਂ ਖਹਿੜਾ ਕਿਸ ਤਰ੍ਹਾਂ ਛੁਡਾਉਣਾ ਹੈ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਾਨੂੰਨ ਤੇ ਕਲੀਨ ਚਿੱਟ!*

ਝੂਠਿਆਂ ਦੀ ਬੱਲੇ ਬੱਲੇ ਹੋਈ ਜਾਂਦੀ ਐ, ਜਿਹਦੇ ਪੱਲੇ ਸੱਚ ਉਹਨੂੰ ਲੈਂਦੇ ਸਿੱਟ ਜੀ।
ਧਨ-ਧੌਂਸ ਵਾਲਿਆਂ ਦੀ ਸਾਰੇ ਪੁੱਗਦੀ, ਗਰੀਬ ਤੇ ਨਿਮਾਣਿਆਂ ਦੀ ਲੱਗੇ ਪਿੱਠ ਜੀ।
ਲੀਡਰਾਂ ਦੇ ਮਹਿਲ ਉਚੇ ਹੋਈ ਜਾਂਦੇ ਨੇ, ਹੇਠਾਂ ਜੋ ਗਰੀਬੀ ਰੇਖਾ ਜਾਂਦੇ ਮਿੱਟ ਜੀ।
ਗਾਂਢਾ-ਸਾਂਢਾ ਜਿਹਦਾ ਕਿਸੇ ਨੇਤਾ ਨਾਲ ਨਹੀਂ, ਸੁਣੇ ਨਾ ਕੋਈ ਰੋਵੇ ਭਾਵੇਂ ਦੱਸੇ ਪਿੱਟ ਜੀ।
ਮੰਤਰੀ ਦਾ ਪੁੱਤ ਅੱਗੇ ਮੰਤਰੀ ਬਣੇ, ਐਰਾ-ਗੈਰਾ-ਨੱਥੂ ਦੇਖੇ ਬਿੱਟ ਬਿੱਟ ਜੀ।
ਰੋਜ਼ ਰੋਜ਼ ਲੀਡਰਾਂ ਦੇ ਰੰਗ ਬਦਲੇ, ਹੋ ਕੇ ਸ਼ਰਮਿੰਦੀ ਦੇਖੇ ਗਿਰਗਿਟ ਜੀ।
ਰੋਸ ਤੇ ਮੁਜ਼ਾਹਰੇ ਕਿਹੜਾ ਗਿੱਟੇ ਭੰਨਦੇ, ਪੱਥਰਾਂ ਦੇ ਨਾਲ ਕੀ ਭਿੜੇਗੀ ਇੱਟ ਜੀ।
ਮਾੜੇ ਦੀ ਕਾਨੂੰਨ ਨਹੀਂਓਂ ਹਾਮੀ ਭਰਦਾ, ਮਾਇਆਧਾਰੀਆਂ ਦੇ ਆਉਂਦੈ ਪੂਰਾ ਫਿੱਟ ਜੀ।
ਸਿਆਸੀ ਠੱਗਾਂ-ਕਾਤਲਾਂ ਨੂੰ ਬਾਹਰੋਂ ਬਾਹਰ ਹੀ, ਸੌਖੀ ਮਿਲ ਜਾਂਦੀ ਹੈ ਕਲੀਨ ਚਿੱਟ ਜੀ।

# ਸ਼ਹੀਦ ਊਧਮ ਸਿੰਘ ਅਤੇ ਗਦਰ ਪਾਰਟੀ

*ਸ਼ਹੀਦ ਊਧਮ ਸਿੰਘ ਬਾਰੇ ਅੱਜ ਤੱਕ ਇਹੀ ਪ੍ਰਚਾਰ ਕੀਤਾ ਗਿਆ ਕਿ ਉਨ੍ਹਾਂ ਜੱਲ੍ਹਿਆਂ ਵਾਲੇ ਬਾਗ ਦੇ ਸਾਕੇ ਦਾ ਬਦਲਾ ਲੈਣ ਲਈ ਪੰਜਾਬ ਦੇ ਗਵਰਨਰ ਮਾਈਕਲ ਓਡਵਾਇਰ ਨੂੰ ਲੰਡਨ ਜਾ ਕੇ ਕਤਲ ਕੀਤਾ। ਉਨ੍ਹਾਂ ਭਾਰਤ ਦੀ ਆਜ਼ਾਦੀ ਵਿਚ ਜਥੇਬੰਦਕ ਤੌਰ 'ਤੇ ਕਿੰਨਾ ਕੰਮ ਕੀਤਾ, ਇਸ ਬਾਰੇ ਚਰਚਾ ਬਹੁਤ ਘੱਟ ਹੋਈ ਹੈ। ਪਿਛਲੇ ਕੁਝ ਸਾਲਾਂ ਤੋਂ ਉਨ੍ਹਾਂ ਦੇ ਜੀਵਨ ਅਤੇ ਉਨ੍ਹਾਂ ਦੀ ਸਿਆਸੀ ਸਰਗਰਮੀ ਬਾਰੇ ਕੁਝ ਖੋਜ-ਲਿਖਤਾਂ ਸਾਹਮਣੇ ਆਈਆਂ ਹਨ ਜਿਸ ਤੋਂ ਇਕ ਅਜਿਹੇ ਜਾਂਬਾਜ਼ ਦੇ ਨੈਣ-ਨਕਸ਼ ਉਭਰਦੇ ਹਨ ਜੋ ਹਰ ਹੀਲੇ ਅੰਗਰੇਜ਼ ਹਾਕਮਾਂ ਨੂੰ ਭਾਰਤ ਵਿਚੋਂ ਖਦੇੜਨ ਲਈ ਤਤਪਰ ਦਿਸਦਾ ਹੈ। ਆਪਣੇ ਇਸ ਕਾਰਜ ਦੀ ਪੂਰਤੀ ਲਈ ਉਨ੍ਹਾਂ ਕਈ ਦੇਸ਼ਾਂ ਦਾ ਦੌਰਾ ਕੀਤਾ ਅਤੇ ਆਜ਼ਾਦੀ ਲਈ ਲੜ ਰਹੇ ਭਾਰਤੀਆਂ ਤੇ ਭਾਰਤ ਦੀ ਆਜ਼ਾਦੀ ਦੇ ਹਮਾਇਤੀਆਂ ਨਾਲ ਸੰਪਰਕ ਕੀਤਾ। ਉਨ੍ਹਾਂ ਦਾ ਗਦਰ ਲਹਿਰ ਨਾਲ ਵੀ ਨਿੱਘਾ ਸਬੰਧ ਰਿਹਾ ਜਿਸ ਦਾ ਦਾਈਆ ਅੰਗਰੇਜ਼ਾਂ ਨੂੰ ਹਥਿਆਰਬੰਦ ਸੰਘਰਸ਼ ਰਾਹੀਂ ਖਦੇੜਨਾ ਸੀ। ਸ੍ਰੀ ਰਾਕੇਸ਼ ਕੁਮਾਰ ਦੇ ਇਥੇ ਛਾਪੇ ਜਾ ਰਹੇ ਲੇਖ ਵਿਚ ਉਨ੍ਹਾਂ ਦੇ ਗਦਰ ਨਾਲ ਰਾਬਤੇ ਬਾਰੇ ਖੋਜ ਭਰਪੂਰ ਚਰਚਾ ਕੀਤੀ ਗਈ ਹੈ।*

ਰਾਕੇਸ਼ ਕੁਮਾਰ
ਫੋਨ: 91-97792-32276

ਸ਼ਹੀਦ ਊਧਮ ਸਿੰਘ ਉਹ ਮਹਾਨ ਇਨਕਲਾਬੀ ਸੀ ਜਿਹੜਾ ਭਾਰਤ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਦੇਖਣਾ ਚਾਹੁੰਦਾ ਸੀ। ਜਦੋਂ ਊਧਮ ਸਿੰਘ ਅਮਰੀਕਾ ਗਿਆ ਤਾਂ ਉਸ ਵੇਲੇ ਉਹ ਗ਼ਦਰ ਪਾਰਟੀ ਦੇ ਪ੍ਰਭਾਵ ਹੇਠ ਆ ਗਿਆ। ਗ਼ਦਰ ਪਾਰਟੀ ਦਾ ਉਦੇਸ਼ ਹਥਿਆਰਬੰਦ ਇਨਕਲਾਬ ਨਾਲ ਬਰਤਾਨਵੀ ਸਾਮਰਾਜੀਆਂ ਤੋਂ ਹਿੰਦੁਸਤਾਨ ਨੂੰ ਮੁਕਤ ਕਰਵਾਉਣਾ ਤੇ ਆਜ਼ਾਦੀ ਤੇ ਬਰਾਬਰੀ ਦੀਆਂ ਬੁਨਿਆਦਾਂ ਉੱਤੇ ਕੌਮੀ ਜਮਹੂਰੀਅਤ ਕਾਇਮ ਕਰਨਾ ਸੀ। ਅਮਰੀਕਾ ਵਿਚ ਗ਼ਦਰ ਪਾਰਟੀ ਨੇ ਉਸ ਦੀ ਡਿਊਟੀ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਗ਼ਦਰੀਆਂ ਦੇ ਗੁਪਤ ਟਿਕਾਣੇ 'ਤੇ ਪਹੁੰਚਾਉਣ ਅਤੇ ਪਾਰਟੀ ਲਈ ਫੰਡ ਇਕੱਠਾ ਕਰਨ 'ਤੇ ਲਾਈ ਸੀ। ਉਹ 27 ਜੁਲਾਈ 1927 ਨੂੰ ਜਹਾਜ਼ ਰਾਹੀਂ ਅਮਰੀਕਾ ਤੋਂ ਕਰਾਚੀ ਆਇਆ। ਕਰਾਚੀ ਵਿਚ ਉਸ ਕੋਲੋਂ ਗ਼ਦਰ ਪਾਰਟੀ ਦਾ ਸਾਹਿਤ ਫੜੇ ਜਾਣ 'ਤੇ ਉਸ ਨੂੰ ਜੁਰਮਾਨਾ ਹੋਇਆ।

ਪੁਲਿਸ ਨੇ 30 ਅਗਸਤ 1927 ਨੂੰ ਗੁਪਤ ਸੂਚਨਾ ਦੇ ਆਧਾਰ 'ਤੇ ਊਧਮ ਸਿੰਘ ਨੂੰ ਫੜਿਆ ਤਾਂ ਤਲਾਸ਼ੀ 'ਤੇ ਉਸ ਦੇ ਕੋਟ ਦੀ ਜੇਬ ਵਿਚੋਂ ਭਰਿਆ ਹੋਇਆ ਪਿਸਤੌਲ ਮਿਲਿਆ ਅਤੇ ਉਸ ਦੀ ਨਿਸ਼ਾਨਦੇਹੀ 'ਤੇ ਅਟੈਚੀ ਵਿਚੋਂ ਹੋਰ ਪਿਸਤੌਲ ਤੇ ਕਾਰਤੂਸਾਂ ਤੋਂ ਇਲਾਵਾ ਗ਼ਦਰ ਪਾਰਟੀ ਵੱਲੋਂ ਛਾਪਿਆ ਜਾਂਦਾ ਸਾਹਿਤ 'ਗ਼ਦਰ ਦੀ ਗੂੰਜ', ਰੂਸੀ ਗ਼ਦਰ ਗਿਆਨ ਸਮਾਚਾਰ, ਪੈਂਫਲਿਟ 'ਗੁਲਾਮੀ ਦੀ ਜ਼ਹਿਰ', 'ਗ਼ਦਰ ਦੀ ਦੂਰੀ' ਅਤੇ 'ਦੇਸ਼ ਭਗਤਾਂ ਦੀ ਜਾਨ' ਆਦਿ ਪ੍ਰਾਪਤ ਹੋਏ। 'ਗੁਲਾਮੀ ਦਾ ਜ਼ਹਿਰ' ਪੈਂਫਲਿਟ ਲਾਲਾ ਹਰਦਿਆਲ ਨੇ ਲਿਖਿਆ ਸੀ। ਇਹ ਗ਼ਦਰ ਪਾਰਟੀ ਨੇ ਸੰਨ 1913-14 ਵਿਚ ਉਰਦੂ-ਪੰਜਾਬੀ 'ਚ ਛਪਵਾ ਕੇ ਦਸ-ਦਸ ਹਜ਼ਾਰ ਦੀ ਗਿਣਤੀ ਵਿਚ ਮੁਫ਼ਤ ਵੰਡੇ ਸਨ। ਇਹ ਗ਼ਦਰ ਪਾਰਟੀ ਦੀਆਂ ਨੀਤੀਆਂ ਬਾਰੇ ਸੀ।

ਡਾਇਰੈਕਟਰ ਇੰਟੈਲੀਜੈਂਸ ਬਿਊਰੋ (ਗ੍ਰਹਿ ਵਿਭਾਗ, ਭਾਰਤ ਸਰਕਾਰ) ਵੱਲੋਂ ਸਾਲ 1934 ਵਿਚ ਗ਼ਦਰ ਡਾਇਰੈਕਟਰੀ ਜਾਰੀ ਕੀਤੀ ਗਈ ਸੀ ਜਿਸ ਵਿਚ ਉਨ੍ਹਾਂ ਦੇ ਨਾਂ ਸ਼ਾਮਲ ਕੀਤੇ ਗਏ ਜਿਨ੍ਹਾਂ ਨੇ ਅਮਰੀਕਾ, ਯੂਰਪ, ਅਫ਼ਗਾਨਿਸਤਾਨ ਅਤੇ ਭਾਰਤ ਵਿਚ ਗ਼ਦਰ ਲਹਿਰ ਵਿਚ ਹਿੱਸਾ ਲਿਆ। ਊਧਮ ਸਿੰਘ ਦਾ ਨਾਂ ਇਸ ਡਾਇਰੈਕਟਰੀ ਵਿਚ ਨੰਬਰ ਐਸ 44 (ਪੰਨਾ 267) 'ਤੇ ਦਰਜ ਹੈ। ਇਸ ਦੀ ਇਬਾਰਤ ਇਉਂ ਹੈ:

ਐਸ-44 ਸ਼ੇਰ ਸਿੰਘ ਉਰਫ਼ ਉਦੇ ਸਿੰਘ, ਉਰਫ਼ ਫਰੈਂਕ ਬਰਾਜ਼ੀਲ ਪੁੱਤਰ ਟਹਿਲ ਸਿੰਘ ਜੱਟ ਪਿੰਡ ਸੁਨਾਮ, ਪਟਿਆਲਾ ਸਟੇਟ, ਉਸ ਦੇ ਕਹਿਣ ਮੁਤਾਬਕ ਉਸ ਦੀ ਪਾਲਣਾ ਖ਼ਾਲਸਾ ਕਾਲਜ ਅੰਮ੍ਰਿਤਸਰ ਨਾਲ ਸਬੰਧਿਤ ਸਿੱਖ ਯਤੀਮਖਾਨੇ ਵਿਚ ਹੋਈ। ਉਸ ਨੇ ਡੇਢ ਸਾਲ ਲਈ ਬਸਰਾ ਵਿਖੇ ਅਤੇ ਦੋ ਸਾਲ ਲਈ ਬ੍ਰਿਟਿਸ਼ ਪੂਰਬੀ ਅਫ਼ਰੀਕਾ ਵਿਚ ਫ਼ੌਜ ਦੀ ਨੌਕਰੀ ਕੀਤੀ। ਇਸ ਤੋਂ ਬਾਅਦ ਉਹ ਕੁਝ ਮਹੀਨਿਆਂ ਲਈ ਵਾਪਸ ਭਾਰਤ ਆਇਆ ਅਤੇ ਫਿਰ ਪ੍ਰੀਤਮ ਸਿੰਘ ਨਾਲ ਲੰਡਨ ਲਈ ਰਵਾਨਾ ਹੋਇਆ ਅਤੇ ਉਹ ਦੋਵੇਂ ਮੈਕਸੀਕੋ ਦੇ ਰਾਸਤੇ ਸੰਯੁਕਤ ਰਾਜ ਅਮਰੀਕਾ ਸਮੁੰਦਰ ਰਾਹੀਂ ਗਏ। ਉਸ ਨੇ ਦੋ ਸਾਲ ਕੈਲੀਫੋਰਨੀਆ ਅਤੇ ਕੁਝ ਮਹੀਨੇ ਡਟਰਾਇਟ ਤੇ ਸ਼ਿਕਾਗੋ ਵਿਚ ਕੰਮ ਕੀਤਾ। ਉਸ ਤੋਂ ਬਾਅਦ ਉਹ ਪੂਰਬੀ ਨਿਊ ਯਾਰਕ ਚਲਾ ਗਿਆ ਜਿੱਥੇ ਉਹ ਪੰਜ ਸਾਲ ਰਿਹਾ। ਉਹ ਰੂਸ ਸਮੇਤ ਕਈ ਯੂਰਪੀ ਦੇਸ਼ਾਂ 'ਚ ਘੁੰਮਿਆ। ਅਮਰੀਕਾ ਵਿਚ ਰਹਿੰਦੇ ਸਮੇਂ ਉਹ ਗ਼ਦਰ ਪਾਰਟੀ ਦੇ ਸੰਪਰਕ ਵਿਚ ਆਇਆ ਅਤੇ ਇਸ ਦੀਆਂ ਸਿੱਖਿਆਵਾਂ ਤੋਂ ਪ੍ਰਭਾਵਿਤ ਹੋ ਕੇ ਉਹ 'ਗ਼ਦਰ ਦੀ ਗੂੰਜ' ਅਤੇ ਗ਼ਦਰ ਪਾਰਟੀ ਵੱਲੋਂ ਪ੍ਰਕਾਸ਼ਿਤ ਹੋਰ ਬਾਗੀ ਸਾਹਿਤ ਪੜ੍ਹਦਾ ਸੀ। ਉਹ ਅਗਸਤ 1927 ਵਿਚ ਭਾਰਤ ਪਹੁੰਚਿਆ। ਉਸ ਨੂੰ 30 ਅਗਸਤ 1927 ਨੂੰ ਅੰਮ੍ਰਿਤਸਰ ਵਿਖੇ ਗ੍ਰਿਫ਼ਤਾਰ ਕੀਤਾ ਗਿਆ, ਕਿਉਂਕਿ ਉਸ 'ਤੇ ਸ਼ੱਕ ਸੀ ਕਿ ਉਸ ਕੋਲ ਗ਼ੈਰ-ਕਾਨੂੰਨੀ ਹਥਿਆਰ ਹਨ।

ਉਸ ਕੋਲੋਂ ਦੋ ਰਿਵਾਲਵਰ, ਇੱਕ ਪਿਸਤੌਲ ਅਤੇ ਗ਼ਦਰ ਦੀ ਗੂੰਜ ਦੀਆਂ ਕੁਝ ਕਾਪੀਆਂ ਬਰਾਮਦ ਹੋਈਆਂ। ਉਸ 'ਤੇ ਆਰਮਜ਼ ਐਕਟ ਦੇ ਸੈਕਸ਼ਨ 20 ਤਹਿਤ ਮੁਕੱਦਮਾ ਚੱਲਿਆ ਅਤੇ ਉਸ ਨੂੰ ਪੰਜ ਸਾਲ ਦੀ ਸਖ਼ਤ ਸਜ਼ਾ ਹੋਈ। ਉਸ ਨੇ ਬਿਆਨ ਦਿੱਤਾ ਕਿ ਉਸ ਦਾ ਮੰਤਵ ਯੂਰਪੀਅਨਾਂ ਨੂੰ ਮਾਰਨਾ ਸੀ ਜੋ ਭਾਰਤੀਆਂ 'ਤੇ ਰਾਜ ਕਰਦੇ ਸਨ ਅਤੇ ਉਸ ਨੂੰ ਬਾਲਸ਼ਵਿਕਾਂ ਨਾਲ ਹਮਦਰਦੀ ਸੀ ਕਿਉਂਕਿ ਉਨ੍ਹਾਂ ਦਾ ਮੰਤਵ ਭਾਰਤ ਨੂੰ ਵਿਦੇਸ਼ੀ ਕਬਜ਼ੇ ਤੋਂ ਆਜ਼ਾਦ ਕਰਵਾਉਣਾ ਸੀ। ਵਰਣਨ: ਉਮਰ 27 ਸਾਲ (1927)

ਇੰਗਲੈਂਡ ਦੀ ਖ਼ੁਫ਼ੀਆ ਏਜੰਸੀ ਊਧਮ ਸਿੰਘ ਉਤੇ ਲਗਾਤਾਰ ਨਜ਼ਰ ਰੱਖ ਰਹੀ ਸੀ। ਇਸ ਦੀ 11 ਅਕਤੂਬਰ 1934 ਦੀ ਗੁਪਤ ਰਿਪੋਰਟ ਮੁਤਾਬਕ ਊਧਮ ਸਿੰਘ ਦਾ ਅਸਲੀ ਨਾਂ ਉਦੇ ਸਿੰਘ ਹੈ। ਇਸ ਦਾ ਬੁਰਾ ਰਿਕਾਰਡ ਹੈ। ਇਸ ਨੂੰ ਸਾਲ 1927 ਵਿਚ ਗ਼ੈਰ-ਕਾਨੂੰਨੀ ਹਥਿਆਰ ਲੈ ਕੇ ਜਾਣ ਦੇ ਮਾਮਲੇ ਵਿਚ ਸਜ਼ਾ ਹੋਈ ਸੀ ਤੇ ਇਸ ਤੋਂ ਪਹਿਲਾਂ ਇਸ ਦੇ ਅਮਰੀਕਾ 'ਚ ਗ਼ਦਰ ਪਾਰਟੀ ਨਾਲ ਸਬੰਧ ਸਨ। ਭਾਰਤੀ ਅਧਿਕਾਰੀਆਂ ਨੇ ਇਸ ਦੇ ਪਾਸਪੋਰਟ 'ਤੇ ਉਨ੍ਹਾਂ ਮੁਲਕਾਂ ਦਾ ਨਾਂ ਦਰਜ ਕਰਨ ਤੋਂ ਮਨ੍ਹਾਂ ਕਰ ਦਿੱਤਾ ਜਿਨ੍ਹਾਂ ਮੁਲਕਾਂ 'ਚ ਇਹ ਗ਼ਦਰ ਪਾਰਟੀ ਦੇ ਬੰਦਿਆਂ ਨਾਲ ਸਬੰਧ ਬਣਾ ਸਕਦਾ ਸੀ। ਇਸ ਨੇ ਉਦੇ ਸਿੰਘ ਦੀ ਥਾਂ ਸਾਲ 1933 'ਚ ਊਧਮ ਸਿੰਘ ਦੇ ਨਾਂ 'ਤੇ ਪਾਸਪੋਰਟ ਜਾਰੀ ਕਰਵਾ ਲਿਆ ਸੀ।

ਪੁਲਿਸ ਨੇ ਰਿਪੋਰਟ ਕੀਤਾ ਸੀ ਕਿ ਊਧਮ ਸਿੰਘ ਇੰਗਲੈਂਡ ਵਿਚ ਇੱਕ ਥਾਂ 'ਤੇ ਲੰਮਾ ਸਮਾਂ ਨਹੀਂ ਰਿਹਾ ਤੇ ਉਸ ਨੇ ਆਪਣੇ ਨਾਂ ਕਈ ਵਾਰ ਬਦਲੇ। ਊਧਮ ਸਿੰਘ ਨਵੇਂ ਸਾਲ ਉਤੇ ਈਸਟ ਐਂਡ ਵਿਚ ਦੇਖਿਆ ਗਿਆ ਅਤੇ ਉਸ ਨੇ ਕਿਸੇ ਹੋਰ ਭਾਰਤੀ ਨੂੰ ਸਾਂ ਫਰਾਂਸਿਸਕੋ ਦੀ ਗ਼ਦਰ ਪਾਰਟੀ ਦਾ ਪਤਾ ਦਿੱਤਾ ਸੀ ਪਰ ਉਸ ਨੇ ਉਸ ਭਾਰਤੀ ਨੂੰ ਸਲਾਹ ਦਿੱਤੀ ਕਿ ਸੈਂਸਰਸ਼ਿਪ ਤੋਂ ਬਚਣ ਵਾਸਤੇ ਸਟਾਕਟਨ (ਕੈਲੀਫੋਰਨੀਆ, ਯੂ.ਐੱਸ.ਏ.) ਦੇ ਗੁਰਦੁਆਰੇ ਨੂੰ ਲਿਖ ਕੇ ਉਨ੍ਹਾਂ ਨਾਲ ਸੰਪਰਕ ਵਿਚ ਰਹਿ ਸਕਦਾ ਹੈ। 'ਹਿੰਦੋਸਤਾਨ ਗ਼ਦਰ' ਅਖ਼ਬਾਰ ਦੀ ਹੁਣ ਵਾਲੀ ਪੋਸਟਿੰਗ ਪਤੇ ਵਾਲੀ ਲਿਸਟ ਵਿਚ ਇੱਕ ਨਾਮ ਯੂ.ਐੱਸ. ਸਿੰਘ, ਪੰਜਾਬੀ ਹਾਊਸ, 15 ਆਰਟਿਲਰੀ ਪਾਸੇਜ਼ ਈ1 ਹੈ। ਇਹ ਮੰਨਿਆ ਜਾਂਦਾ ਹੈ ਕਿ ਯੂ.ਐੱਸ. ਆਜ਼ਾਦ, ਊਧਮ ਸਿੰਘ ਦੀ ਪਛਾਣ ਹੈ। ਊਧਮ ਸਿੰਘ ਨੇ ਜੇਲ੍ਹ ਵਿਚੋਂ ਹੀ 21 ਮਾਰਚ 1940 ਨੂੰ ਇੱਕ ਪੱਤਰ ਗ੍ਰੰਥੀ ਸਾਹਿਬ ਸਿੱਖ ਗੁਰਦੁਆਰਾ ਸਟਾਕਟਨ, ਕੈਲੀਫੋਰਨੀਆ ਦੇ ਪਤੇ 'ਤੇ ਭੇਜਿਆ ਜਿਸ ਵਿਚ ਉਹ ਕੁਝ ਸਮਝਾ ਰਿਹਾ ਸੀ।

ਊਧਮ ਸਿੰਘ ਦੇ ਮੁਕੱਦਮੇ ਦੌਰਾਨ ਵੀ ਗ਼ਦਰ ਪਾਰਟੀ ਹਰ ਤਰ੍ਹਾਂ ਸਹਾਇਤਾ ਕਰ ਰਹੀ ਸੀ। ਸਟਾਕਟਨ ਦੇ ਗੁਰਦੁਆਰੇ ਦਾ ਸਕੱਤਰ ਅਜਮੇਰ ਸਿੰਘ ਲਗਾਤਾਰ ਟੈਲੀਗਰਾਮ ਰਾਹੀਂ ਇੰਗਲੈਂਡ ਤੋਂ ਮੁਕੱਦਮੇ ਦੀ ਪੈਰਵਾਈ ਕਰਨ ਵਾਲਿਆਂ ਤੋਂ ਪੁੱਛ ਰਿਹਾ ਸੀ ਕਿ ਕਾਨੂੰਨੀ ਪੱਖ ਤੋਂ ਆਜ਼ਾਦ ਦੇ ਬਚਾਉ 'ਚ ਕੀ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਮੁਕੱਦਮੇ ਲਈ ਪੈਸੇ ਵੀ ਭੇਜੇ। ਇੰਟੈਲੀਜੈਂਸ ਬਿਊਰੋ ਦੀ ਡਾਇਰੈਕਟਰੀ 1934 ਅਨੁਸਾਰ ਅਜਮੇਰ ਸਿੰਘ ਗ਼ਦਰ ਪਾਰਟੀ ਦਾ ਇੱਕ ਸਰਗਰਮ ਮੈਂਬਰ ਸੀ। ਇਹ ਹੁਸ਼ਿਆਰਪੁਰ ਦੇ ਮਹਿਲਪੁਰ ਦਾ ਰਹਿਣ ਵਾਲਾ ਸੀ। ਉਹ ਸਾਲ 1911 'ਚ ਅਮਰੀਕਾ ਗਿਆ। ਇਸ ਦਾ ਨਾਂ ਡਾਇਰੈਕਟਰੀ 'ਚ ਪੰਨਾ 12 'ਤੇ ਦਰਜ ਹੈ।



*ਇੰਗਲੈਂਡ ਦੇ ਸ਼ੇਫਰਡ ਬੁਸ਼ ਗੁਰਦੁਆਰੇ ਵਿਖੇ ਸੇਵਾ ਕਰ ਰਹੇ ਸ਼ਹੀਦ ਊਧਮ ਸਿੰਘ। ਇਹ ਤਸਵੀਰ 1938 ਦੀ ਖਿੱਚੀ ਹੋਈ ਹੈ।*

ਪੁਲਿਸ ਨੇ ਰਿਪੋਰਟ ਕੀਤਾ ਸੀ ਕਿ ਊਧਮ ਸਿੰਘ ਇੰਗਲੈਂਡ ਵਿਚ ਇੱਕ ਥਾਂ 'ਤੇ ਲੰਮਾ ਸਮਾਂ ਨਹੀਂ ਰਿਹਾ ਤੇ ਉਸ ਨੇ ਆਪਣੇ ਨਾਂ ਕਈ ਵਾਰ ਬਦਲੇ। ਊਧਮ ਸਿੰਘ ਨਵੇਂ ਸਾਲ ਉਤੇ ਈਸਟ ਐਂਡ ਵਿਚ ਦੇਖਿਆ ਗਿਆ ਅਤੇ ਉਸ ਨੇ ਕਿਸੇ ਹੋਰ ਭਾਰਤੀ ਨੂੰ ਸਾਂ ਫਰਾਂਸਿਸਕੋ ਦੀ ਗ਼ਦਰ ਪਾਰਟੀ ਦਾ ਪਤਾ ਦਿੱਤਾ ਸੀ ਪਰ ਉਸ ਨੇ ਉਸ ਭਾਰਤੀ ਨੂੰ ਸਲਾਹ ਦਿੱਤੀ ਕਿ ਸੈਂਸਰਸ਼ਿਪ ਤੋਂ ਬਚਣ ਵਾਸਤੇ ਸਟਾਕਟਨ (ਕੈਲੀਫੋਰਨੀਆ, ਯੂ.ਐੱਸ.ਏ.) ਦੇ ਗੁਰਦੁਆਰੇ ਨੂੰ ਲਿਖ ਕੇ ਉਨ੍ਹਾਂ ਨਾਲ ਸੰਪਰਕ ਵਿਚ ਰਹਿ ਸਕਦਾ ਹੈ। 'ਹਿੰਦੋਸਤਾਨ ਗ਼ਦਰ' ਅਖ਼ਬਾਰ ਦੀ ਹੁਣ ਵਾਲੀ ਪੋਸਟਿੰਗ ਪਤੇ ਵਾਲੀ ਲਿਸਟ ਵਿਚ ਇੱਕ ਨਾਮ ਯੂ.ਐੱਸ. ਸਿੰਘ, ਪੰਜਾਬੀ ਹਾਊਸ, 15 ਆਰਟਿਲਰੀ ਪਾਸੇਜ਼ ਈ1 ਹੈ।

# ਮਾਓਵਾਦੀ ਮਾਰਚ ਅਤੇ ਮੋਦੀ ਹਕੂਮਤ ਦੀ ਪਹੁੰਚ

ਨਵੀਂ ਬਣੀ ਭਾਜਪਾ ਹਕੂਮਤ ਨਕਸਲੀ ਮਸਲੇ ਨਾਲ ਨਜਿੱਠਣ ਲਈ 'ਸੁਰੱਖਿਆ, ਵਿਕਾਸ, ਕਬਾਇਲੀਆਂ ਲਈ ਜ਼ਮੀਨ ਤੇ ਪਰਸੈਪਸ਼ਨ ਮੈਨੇਜਮੈਂਟ' ਦੀ ਜੋ ਚੌਮੁਖੀ ਨੀਤੀ ਲੈ ਕੇ ਆਈ ਹੈ, ਉਹ ਕਾਂਗਰਸ ਦੀ 'ਸੁਰੱਖਿਆ ਅਤੇ ਵਿਕਾਸ' ਦੀ ਦੋਮੁਖੀ ਨੀਤੀ ਦਾ ਹੀ ਵਿਸਤਾਰ ਹੈ। ਭਾਰਤੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਵਲੋਂ ਮਾਓਵਾਦ ਤੋਂ ਪ੍ਰਭਾਵਿਤ ਦਸ ਸੂਬਿਆਂ (ਤਿਲੰਗਾਨਾ ਸਮੇਤ) ਦੇ ਮੁੱਖ ਸਕੱਤਰਾਂ, ਪੁਲਿਸ ਮੁਖੀਆਂ, ਕੇਂਦਰੀ ਨੀਮ-ਫ਼ੌਜੀ ਤਾਕਤਾਂ ਦੇ ਡਾਇਰੈਕਟਰ ਜਨਰਲਾਂ ਅਤੇ ਗ੍ਰਹਿ ਮੰਤਰਾਲੇ ਦੇ ਆਹਲਾ ਅਧਿਕਾਰੀਆਂ ਨਾਲ ਖ਼ਾਸ ਮੀਟਿੰਗ ਕਰਨ ਪਿੱਛੋਂ ਕੀਤਾ ਗਿਆ ਐਲਾਨ

**ਬੂਟਾ ਸਿੰਘ**
**ਫੋਨ: 91-94634-74342**

ਦਰਸਾਉਂਦਾ ਹੈ ਕਿ ਮੋਦੀ ਹਕੂਮਤ ਨੇ ਅੰਦਰੋ-ਅੰਦਰੀ ਇਨ੍ਹਾਂ ਬਾਗ਼ੀ ਇਲਾਕਿਆਂ ਉਪਰ ਵੱਡਾ ਹਮਲਾ ਕਰਨ ਦੀ ਪੂਰੀ ਤਿਆਰੀ ਕਰ ਲਈ ਹੈ। ਗ੍ਰਹਿ ਮੰਤਰੀ ਨੇ ਇਨ੍ਹਾਂ ਸੂਬਿਆਂ ਨੂੰ ਸਮਾਂਬੱਧ ਕਾਰਵਾਈ ਜ਼ਰੀਏ 'ਨਕਸਲੀ ਭੈਅ' ਨੂੰ ਖ਼ਤਮ ਕਰਨ ਦਾ ਆਦੇਸ਼ ਦਿੱਤਾ ਹੈ। ਵਿਦੇਸ਼ਾਂ ਨਾਲ ਸਬੰਧ ਸੁਧਾਰਨ ਦੀ ਕਵਾਇਦ ਵਿਚ ਜੁਟੀ ਹਕੂਮਤ ਨੇ ਆਪਣੇ ਹੀ ਮੁਲਕ ਦੇ ਬਾਸ਼ਿੰਦਿਆਂ ਨਾਲ ਗੱਲਬਾਤ ਕਰਨ ਦੀ ਸੰਭਾਵਨਾ ਹੀ ਖਾਰਜ ਕਰ ਦਿੱਤੀ ਹੈ। ਇਸ ਐਲਾਨ ਵਿਚ ਇਕ ਪਾਸੇ 'ਸੰਤੁਲਤ ਪਹੁੰਚ' ਦਾ ਦਾਅਵਾ ਹੈ ਅਤੇ ਦੂਜੇ ਪਾਸੇ ਮਸਲੇ ਨੂੰ ਹੱਲ ਕਰਨ ਲਈ 'ਗੱਲਬਾਤ ਦਾ ਸਵਾਲ ਹੀ ਨਹੀਂ' ਦੀ ਫਾਸ਼ੀਵਾਦੀ ਸੁਰ। ਇਸ ਤੋਂ ਸਪਸ਼ਟ ਹੈ ਕਿ ਕੇਂਦਰੀ ਹਕੂਮਤ ਨੇੜ-ਭਵਿੱਖ ਵਿਚ ਕਿਸ ਤਰ੍ਹਾਂ ਦੀ ਕਾਰਵਾਈ ਨੂੰ ਅੰਜਾਮ ਦੇਵੇਗੀ।

ਹਿੰਦੁਸਤਾਨੀ ਸਟੇਟ ਦੀ ਤਾਸੀਰ ਹੀ ਐਸੀ ਹੈ ਕਿ ਕੇਂਦਰ ਤੇ ਸੂਬਿਆਂ ਵਿਚ ਕਿਸੇ ਵੀ ਮੁੱਖਧਾਰਾ ਪਾਰਟੀ ਦੀ ਹਕੂਮਤ ਸੱਤਾਧਾਰੀ ਹੋਵੇ, ਲਫ਼ਜ਼ਾਂ ਦੇ ਹੇਰ-ਫੇਰ ਨੂੰ ਛੱਡ ਕੇ ਅਵਾਮ ਦੀ ਸਮਾਜੀ-ਸਿਆਸੀ ਬੇਚੈਨੀ ਨਾਲ ਜੁੜੇ ਮਸਲਿਆਂ ਪ੍ਰਤੀ ਹੁਕਮਰਾਨਾਂ ਦੀ ਬੁਨਿਆਦੀ ਨੀਤੀ 'ਅਮਨ-ਕਾਨੂੰਨ' ਦੀ ਹੀ ਹੁੰਦੀ ਹੈ। ਸਮੁੱਚੀ ਹੁਕਮਰਾਨ ਜਮਾਤ ਸਿਆਸੀ ਮਸਲਿਆਂ ਦਾ ਫ਼ੌਜੀ ਹੱਲ ਕਰਨ ਵਿਚ ਅੰਨ੍ਹਾ ਯਕੀਨ ਰੱਖਦੀ ਹੈ। ਇਹ ਕਹਿਣਾ ਅਤਿਕਥਨੀ ਨਹੀਂ ਕਿ ਇਹ ਹੁਕਮਰਾਨ ਜਮਾਤ ਦੀ ਆਪਣੇ ਹੀ ਲੋਕਾਂ ਵਿਰੁੱਧ ਜੰਗ ਅਮਰੀਕੀ ਸਟੇਟ ਦੀ 'ਦਹਿਸ਼ਤਵਾਦ ਵਿਰੁੱਧ ਆਲਮੀ ਜੰਗ' ਦਾ ਅਨਿੱਖੜ ਹਿੱਸਾ ਹੈ ਅਤੇ ਐਨ ਉਸੇ ਉਦੇਸ਼ ਨਾਲ ਉਨ੍ਹਾਂ ਹੀ ਨਕਸ਼ੇ-ਕਦਮਾਂ 'ਤੇ ਚਲਾਈ ਜਾ ਰਹੀ ਹੈ। ਇਸ ਦਾ ਧੁਰਾ ਉੱਥੋਂ ਦੇ ਕੁਦਰਤੀ ਵਸੀਲਿਆਂ ਨੂੰ ਕਾਰਪੋਰੇਟ ਸਰਮਾਏਦਾਰੀ ਦੇ ਮੁਨਾਫ਼ਿਆਂ 'ਚ ਬਦਲਣ ਦੀ ਲਾਲਸਾ ਹੈ।

ਮਨਮੋਹਨ ਸਿੰਘ ਹਕੂਮਤ ਲਈ ਨਕਸਲਵਾਦ 'ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਸੀ ਜਿਸ ਨੂੰ ਖ਼ਤਮ ਕਰਨ ਲਈ 2009 ਵਿਚ 'ਓਪਰੇਸ਼ਨ ਗ੍ਰੀਨ ਹੰਟ' ਨਾਂ ਹੇਠ ਜੰਗ ਵਿੱਢ ਦਿੱਤੀ ਗਈ। ਕਾਂਗਰਸੀ ਹੁਕਮਰਾਨ ਬੇਸ਼ਕ ਸੁਰੱਖਿਆ ਅਤੇ ਵਿਕਾਸ ਦੇ ਦਾਅਵੇ ਕਰਦੇ ਸਨ, ਪਰ ਉਨ੍ਹਾਂ ਦੇ ਸਮੁੱਚੇ ਰਾਜਸੀ-ਪ੍ਰਸ਼ਾਸਨਿਕ ਵਿਹਾਰ ਦੀ ਸਾਲਮ ਧੁੱਸ 'ਸੁਰੱਖਿਆ' ਉਪਰ ਸੀ। ਵਿਕਾਸ ਦਾ ਸ਼ੋਸ਼ਾ ਸਿਰਫ਼ ਜੱਗ ਨੂੰ ਬੇਵਕੂਫ਼ ਬਣਾਉਣ ਲਈ ਸੀ ਕਿ ਦੇਖੋ, ਅਸੀਂ ਤਾਂ ਵਿਕਾਸ ਦੇ ਕੰਮਾਂ ਨੂੰ ਰੈਲਾ ਬਣਾਉਣ ਲਈ ਨੀਮ-ਫ਼ੌਜੀ ਕਾਰਵਾਈ ਕਰ ਰਹੇ ਹਾਂ। ਜੇ ਯੂ.ਪੀ.ਏ. ਹਕੂਮਤ ਨੇ ਆਪਣੇ ਤੋਂ ਪਹਿਲੀ ਐਨ.ਡੀ.ਏ. ਹਕੂਮਤ ਦੀ 'ਖੱਬੇਪੱਖੀ ਅਤਿਵਾਦ' ਨਾਲ ਨਜਿੱਠਣ ਦੀ 1998 ਵਾਲੀ ਬੁਨਿਆਦੀ ਦਮਨਕਾਰੀ ਨੀਤੀ ਨੂੰ ਹੂ-ਬ-ਹੂ ਅਪਣਾ ਕੇ ਇਸ ਨੂੰ ਨਵੇਂ ਵਿਸਤਾਰ ਦੇ ਕੇ ਲਾਗੂ ਕੀਤਾ, ਤਾਂ ਹੁਣ ਭਾਜਪਾ ਦੀ ਮੌਜੂਦਾ ਹਕੂਮਤ ਨੇ ਵੀ ਕਾਂਗਰਸ ਦੀ ਦੋਮੁਖੀ ਨੀਤੀ ਵਿਚ ਕਬਾਇਲੀਆਂ ਲਈ ਜ਼ਮੀਨ ਅਤੇ 'ਪਰਸੈਪਸ਼ਨ ਮੈਨੇਜਮੈਂਟ' ਦੇ ਦੋ ਨਵੇਂ ਵਿਸਤਾਰ ਜੋ ੜਕੇ ਇਸ ਨੂੰ ਚੌਮੁਖੀ ਨੀਤੀ ਦੀ ਸ਼ਕਲ 'ਚ ਲਾਗੂ ਕਰਨ ਦਾ ਐਲਾਨ ਕੀਤਾ ਹੈ। 'ਅੰਦਰੂਨੀ ਸੁਰੱਖਿਆ' ਦੀ ਮਿੱਥ ਦੇ ਵਿਸਤਾਰ ਨਵੇਂ ਹਨ, ਫ਼ਰਕ ਕੋਈ ਨਹੀਂ ਹੈ।



ਹੁਕਮਰਾਨ ਇਹ ਭਲੀਭਾਂਤ ਜਾਣਦੇ ਹਨ ਕਿ ਮੂਲ ਸਵਾਲ ਹਿੰਸਾ-ਅਹਿੰਸਾ ਦਾ ਨਹੀਂ ਬਲਕਿ ਘੋਰ ਨਾਬਰਾਬਰੀ, ਸਮਾਜੀ ਬੇਇਨਸਾਫ਼ੀ ਅਤੇ ਅਵਾਮ ਲਈ ਮੌਕਿਆਂ ਦੀ ਅਣਹੋਂਦ ਦਾ ਹੈ। ਹਿੰਸਾ ਮਸਲੇ ਦਾ ਮੂਲ ਨਹੀਂ ਸਗੋਂ ਸਥਾਪਤੀ ਤੋਂ ਪੂਰੀ ਤਰ੍ਹਾਂ ਬਦਜ਼ਨ ਤੇ ਬੇਵੱਸ ਅਵਾਮ ਆਪਣੇ ਮਸਲਿਆਂ ਦਾ ਹੱਲ ਇਸ 'ਇੰਤਹਾ' ਢੰਗ ਵਿਚ ਉਦੋਂ ਦੇਖਦੇ ਹਨ ਜਦੋਂ ਉਨ੍ਹਾਂ ਨੂੰ ਕਿਸੇ ਇਨਸਾਫ਼ ਦੀ ਉਮੀਦ ਨਜ਼ਰ ਨਹੀਂ ਆਉਂਦੀ। ਲਿਹਾਜ਼ਾ ਮੁੱਖ ਸਵਾਲ ਲੜਾਈ ਦੇ ਢੰਗ ਦਾ ਨਹੀਂ, ਲੜਾਈ ਦੇ ਉਦੇਸ਼ ਦਾ ਹੈ। ਹਿੰਸਾ ਦੀ ਹਾਲ-ਦੁਹਾਈ ਪਾਉਂਦਿਆਂ ਹੁਕਮਰਾਨ ਇਸ ਮੂੰਹਜ਼ੋਰ ਹਕੀਕਤ ਉਪਰ ਨਿਹਾਇਤ ਬੇਈਮਾਨੀ ਨਾਲ ਪਰਦਾ ਪਾ ਦਿੰਦੇ ਹਨ ਕਿ ਇਸ ਰਾਜ-ਪ੍ਰਬੰਧ ਦੀ ਮੂਲ ਫ਼ਿਤਰਤ ਹੀ ਮਨੁੱਖ ਵਿਰੋਧੀ ਹੈ। ਉਹ ਇਸ ਬਾਰੇ ਕਦੇ ਮੂੰਹ ਨਹੀਂ ਖੋਲ੍ਹਦੇ ਕਿ ਹਿੰਸਾ ਨੂੰ ਪਾਣੀ ਪੀ-ਪੀ ਕੇ ਕੋਸਣ ਵਾਲੀ ਮੁੱਖਧਾਰਾ ਸਿਆਸਤ ਨੇ ਅਹਿੰਸਕ ਢੰਗ ਨਾਲ ਇਸ ਸਮਾਜ ਦੀ ਕਿੱਥੇ ਤਰੱਕੀ ਕੀਤੀ ਹੈ? ਲੰਘੇ 67 ਸਾਲਾਂ ਵਿਚ ਹਿੰਦੁਸਤਾਨ ਦੇ 'ਆਜ਼ਾਦ' ਸਟੇਟ ਦੀ ਅਵਾਮ ਨੂੰ ਇਨਸਾਨ ਦੇ ਜਿਉਣ ਯੋਗ ਜ਼ਿੰਦਗੀ ਦੇ ਮੌਕੇ ਦੇਣ ਦੀ ਕਾਰਗੁਜ਼ਾਰੀ ਕੀ ਹੈ?

ਜਾਗਰੂਕ ਹਲਕੇ ਵਾਰ-ਵਾਰ ਇਹ ਸਵਾਲ ਕਰ ਰਹੇ ਹਨ ਕਿ, ਮੰਨਿਆ ਕਿ ਨਕਸਲੀ ਪ੍ਰਭਾਵ ਵਾਲੇ 88 ਜ਼ਿਲ੍ਹਿਆਂ ਵਿਚ ਤਾਂ 'ਵਿਕਾਸ' 'ਖੱਬੇਪੱਖੀ ਅੱਤਵਾਦ' ਦੀ ਮੌਜੂਦਗੀ ਕਾਰਨ ਨਹੀਂ ਹੋਇਆ, ਪਰ ਮੁਲਕ ਦੇ ਬਾਕੀ 538 ਜ਼ਿਲ੍ਹਿਆਂ ਵਿਚ ਵਿਕਾਸ ਕਿਉਂ ਨਹੀਂ? ਉਥੇ ਹਿੰਦੁਸਤਾਨੀ ਸਟੇਟ ਦੇ ਹੱਥ ਕਿਸ ਨੇ ਰੋਕੇ ਹੋਏ ਹਨ? 67 ਸਾਲ ਬਾਅਦ ਵੀ 77 ਫ਼ੀਸਦੀ ਆਬਾਦੀ ਮਹਿਜ਼ 20 ਰੁਪਏ 'ਚ ਗੁਜ਼ਾਰਾ ਕਰਨ ਲਈ ਮਜਬੂਰ ਕਿਉਂ ਹੈ? ਸਾਢੇ ਛੇ ਦਹਾਕੇ ਬਾਅਦ ਹੀ ਹੁਕਮਰਾਨਾਂ ਨੂੰ ਚੇਤਾ ਕਿਉਂ ਆਇਆ ਕਿ ਟੱਬਰ ਦੇ ਸਿਰਫ਼ ਇਕ ਜੀਅ ਨੂੰ ਸਾਲ ਵਿਚ ਮਹਿਜ਼ 100 ਦਿਨ ਰੋਜ਼ਗਾਰ ਦੀ ਗਾਰੰਟੀ (ਮਨਰੇਗਾ) ਤੇ ਫ਼ਾਕਾਕਸ਼ੀ ਦਾ ਸ਼ਿਕਾਰ 100 ਕਰੋੜ ਅਵਾਮ ਲਈ ਖ਼ੁਰਾਕ ਸੁਰੱਖਿਆ ਬਿੱਲ ਵਰਗੀਆਂ ਸਕੀਮਾਂ ਅਤੇ ਪੰਚਾਇਤ ਰਾਜ ਵਿਸਤਾਰ ਕਾਨੂੰਨ ਤੇ ਜੰਗਲਾਤ ਕਾਨੂੰਨ ਤਾਂ ਹੁਣ ਬਣਾਉਣੇ ਹੀ ਪੈਣਗੇ; ਨਹੀਂ ਤਾਂ ਬਦਜ਼ਨ ਅਵਾਮ ਨੂੰ ਨਕਸਲੀ ਲਹਿਰ ਵਿਚ ਸ਼ਾਮਲ ਹੋਣ ਤੋਂ ਰੋਕਿਆ ਨਹੀਂ ਜਾ ਸਕਦਾ। ਕੀ ਇਹ ਲੋਕ-ਭਲਾਈ ਦੀ 'ਪਰਸੈਪਸ਼ਨ' ਹੈ? ਹੁਣ ਵੀ 2199 ਮੋਬਾਈਲ ਟਾਵਰ ਅਤੇ ਸੜਕਾਂ ਮਾਓਵਾਦੀਆਂ ਦੇ ਗੜ੍ਹਾਂ ਵਿਚ ਸੁਰੱਖਿਆ ਤਾਕਤਾਂ ਢੋਣ ਦੀ ਜ਼ਰੂਰਤ ਵਿਚੋਂ ਬਣਾਏ ਜਾ ਰਹੇ ਹਨ, ਨਾ ਕਿ ਆਦਿਵਾਸੀਆਂ ਦੇ ਵਿਕਾਸ ਲਈ। ਕਿਸੇ ਸਟੇਟ ਦਾ ਆਪਣੇ ਨਾਗਰਿਕਾਂ ਦੀਆਂ ਜ਼ਿੰਦਗੀਆਂ ਨਾਲ ਇਸ ਤੋਂ ਵੱਧ ਖਿਲਵਾੜ ਅਤੇ ਇਸ ਤੋਂ ਵੱਡੀ ਬੇਈਮਾਨੀ ਕੀ ਹੋ ਸਕਦੀ ਹੈ।

ਇਨ੍ਹਾਂ ਆਦਿਵਾਸੀ ਇਲਾਕਿਆਂ ਵਿਚ ਕਾਰਪੋਰੇਟਾਂ ਨਾਲ ਖਣਿਜ ਵਸੀਲਿਆਂ ਉਪਰ ਕਬਜ਼ਾ ਕਰਾਉਣ ਦੇ ਇਕਰਾਰਨਾਮੇ ਬੁੱਧੀਜੀਵੀਆਂ ਵਲੋਂ ਵਾਰ-ਵਾਰ ਮੰਗ ਕਰਨ ਦੇ ਬਾਵਜੂਦ ਜਨਤਕ ਨਹੀਂ ਕੀਤੇ ਜਾ ਰਹੇ। ਦਰਅਸਲ ਹੁਕਮਰਾਨ ਲਾਣਾ ਵਿਨਾਸ਼ ਅਤੇ ਬਰਬਾਦੀ ਦੀ ਨੀਤੀ ਨੂੰ ਵਿਕਾਸ ਦਾ ਨਾਂ ਦੇ ਕੇ ਆਲਮੀ ਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਦੇ ਸੁਪਰ-ਮੁਨਾਫ਼ੇ ਯਕੀਨੀ ਬਣਾਉਣ ਲਈ ਆਪਣੇ ਹੀ ਲੋਕਾਂ ਖ਼ਿਲਾਫ਼ ਜੰਗ ਲੜ ਰਿਹਾ ਹੈ। ਇਸ ਪ੍ਰਸੰਗ 'ਚ 20 ਜੁਲਾਈ 2010 ਨੂੰ ਸਲਵਾ ਜੂਡਮ ਨੂੰ ਰੋਕਣ ਲਈ ਪਟੀਸ਼ਨ ਬਾਰੇ ਫ਼ੈਸਲਾ ਦਿੰਦੇ ਵਕਤ ਸੁਪਰੀਮ ਕੋਰਟ ਦੀ ਟਿੱਪਣੀ ਬਹੁਤ ਮਾਇਨੇ ਰੱਖਦੀ ਹੈ: "ਹਕੂਮਤ ਦੀ ਵਿਕਾਸ ਦੀ ਸਮਝ ਅਤੇ ਦ੍ਰਿਸ਼ਟੀ ਉਨ੍ਹਾਂ ਲੋਕਾਂ ਦੀ ਜ਼ਿੰਦਗੀ ਨਾਲ ਐਨੀ ਬੇਮੇਲ ਕਿਉਂ ਹੈ ਜਿਨ੍ਹਾਂ ਦੇ ਵਿਕਾਸ ਦੀ ਇਹ ਗੱਲ ਕਰਦੀ ਹੈ।"

ਮਨਮੋਹਨ ਸਿੰਘ-ਚਿਦੰਬਰਮ ਗੁੱਟ ਵਾਂਗ ਰਾਜਨਾਥ ਸਿੰਘ ਤੇ ਉਸ ਦਾ ਹਿੰਦੂਤਵੀ ਲਾਣਾ ਵੀ ਜਾਣਦਾ ਹੈ ਕਿ ਮੌਜੂਦਾ ਸਮਾਜੀ-ਰਾਜਸੀ ਪ੍ਰਬੰਧ ਤੋਂ ਵੱਧ ਹਿੰਸਕ ਹੋਰ ਕੋਈ ਤਾਕਤ ਨਹੀਂ। ਅਰਥ-ਸ਼ਾਸਤਰੀ ਅੰਮ੍ਰਿਤਯ ਸੇਨ ਅਨੁਸਾਰ ਮਨੁੱਖ ਨੂੰ ਭੁੱਖ ਨਾਲ ਮਾਰਨਾ ਸਭ ਤੋਂ ਵੱਡੀ ਹਿੰਸਾ ਹੈ। ਜੇ ਇਨਸਾਨਾਂ ਨੂੰ ਮਾਰਨਾ ਹੀ ਹਿੰਸਾ ਹੈ ਤਾਂ ਦਸ ਸਾਲਾਂ ਵਿਚ ਪੌਣੇ ਦੋ ਲੱਖ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਲਈ ਮਜਬੂਰ ਕਰਨ ਵਾਲਾ ਅਤੇ ਹਰ ਸਾਲ ਚਾਰ ਲੱਖ ਮਾਸੂਮ ਬੱਚਿਆਂ ਨੂੰ ਕੁਪੋਸ਼ਣ ਕਾਰਨ ਮੌਤ ਦੇ ਹਵਾਲੇ ਕਰਨ ਵਾਲਾ ਸਟੇਟ ਕਿਸ ਪੱਖੋਂ ਅਹਿੰਸਕ ਹੈ? ਹਰ ਸਾਲ 'ਮੁੱਖਧਾਰਾ' ਦੀਆਂ ਪੈਰੋਕਾਰ ਤਾਕਤਾਂ ਜਿੰਨੀ ਤਾਦਾਦ ਵਿਚ ਦਲਿਤਾਂ, ਧਾਰਮਿਕ ਘੱਟ-ਗਿਣਤੀਆਂ ਅਤੇ ਕੌਮੀਅਤਾਂ ਦੇ ਕਤਲੇਆਮ, ਫਰਜ਼ੀ ਪੁਲਿਸ ਮੁਕਾਬਲਿਆਂ ਤੇ ਹਿਰਾਸਤ ਵਿਚ ਮੌਤਾਂ ਅਤੇ ਬਦਇੰਤਜ਼ਾਮੀ ਕਾਰਨ ਬੇਸ਼ੁਮਾਰ ਸੜਕ ਹਾਦਸਿਆਂ ਵਿਚ ਜਿੰਨੀਆਂ ਮਨੁੱਖੀ ਜਾਨਾਂ ਲੈਂਦੀਆਂ ਹਨ, ਨਕਸਲੀ ਹਿੰਸਾ ਤਾਂ ਉਸ ਦਾ ਦਹਿ-ਹਜ਼ਾਰਵਾਂ ਹਿੱਸਾ ਵੀ ਨਹੀਂ। ਫਿਰ ਮਾਓਵਾਦੀ ਹਿੰਸਾ ਹੀ ਨਿਸ਼ਾਨਾ ਕਿਉਂ?

ਹਾਲੀਆ ਨੀਤੀ ਵਿਚ ਗ੍ਰਹਿ ਮੰਤਰੀ ਨੇ ਕਬਾਇਲੀਆਂ ਨੂੰ ਜ਼ਮੀਨ ਦੇ ਪਟੇ ਦੇਣ ਨੂੰ ਨਕਸਲ ਵਿਰੋਧੀ ਨੀਤੀ ਦਾ ਤੀਜਾ ਅਹਿਮ ਪਹਿਲੂ ਦੱਸਿਆ ਹੈ। ਇਸ ਤੋਂ ਕੁਹਜਾ ਮਜ਼ਾਕ ਕੀ ਹੋ ਸਕਦਾ ਹੈ ਕਿ ਛੱਤੀਸਗੜ੍ਹ ਵਿਚ 2005-07 ਦੌਰਾਨ ਸਲਵਾ ਜੂਡਮ ਮੁਹਿੰਮ ਚਲਾ ਕੇ 643 ਕਬਾਇਲੀ ਪਿੰਡ ਸਾੜ ਕੇ ਰਾਖ ਦੇ ਢੇਰ ਬਣਾ ਦੇਣ ਅਤੇ ਸਾਢੇ ਤਿੰਨ ਲੱਖ ਲੋਕਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਉਜਾੜਨ ਵਾਲੀ ਹਕੂਮਤ ਵੀ ਕਿਸੇ ਹੋਰ ਪਾਰਟੀ ਦੀ ਨਹੀਂ, ਇਸੇ ਭਾਜਪਾ ਦੀ ਸੀ।

ਇਸ ਨੀਤੀ ਦਾ ਚੌਥਾ ਪਹਿਲੂ 'ਪਰਸੈਪਸ਼ਨ ਮੈਨੇਜਮੈਂਟ' ਹੈ। ਇਸ ਦਾ ਭਾਵ ਹੈ ਕਿ ਜਿਹੜੇ ਕਬਾਇਲੀਆਂ ਤੇ ਹੋਰ ਦੱਬੇ-ਕੁਚਲੇ ਅਵਾਮ ਨੇ ਇਸ ਪ੍ਰਬੰਧ ਦੀ 67 ਸਾਲ ਦੀ ਨਾਲਾਇਕੀ ਅਤੇ ਨਿਕੰਮੇਪਣ ਤੋਂ ਪੂਰੀ ਤਰ੍ਹਾਂ ਨਿਰਾਸ਼ ਹੋ ਕੇ ਨਕਸਲਵਾਦੀ 'ਇੰਤਹਾਪਸੰਦੀ' ਜ਼ਰੀਏ ਆਪਣੀ ਜ਼ਿੰਦਗੀ ਨੂੰ ਜਿਉਣ ਦੇ ਕਾਬਲ ਬਣਾਉਣ ਅਤੇ ਜਥੇਬੰਦ ਤਾਕਤ ਦੇ ਜ਼ੋਰ ਜਾਬਰਾਂ ਤੋਂ ਇਨਸਾਫ਼ ਲੈਣ ਦਾ ਰਸਤਾ ਅਖ਼ਤਿਆਰ ਕੀਤਾ ਹੋਇਆ ਹੈ, ਉਨ੍ਹਾਂ ਦੀ ਸੋਚ ਬਦਲਣ ਦੀ ਕਵਾਇਦ। ਜਿਸ ਸਟੇਟ ਨੂੰ ਐਨੇ ਦਹਾਕਿਆਂ ਤਕ ਕਬਾਇਲੀਆਂ ਨੂੰ ਮੁੱਢਲੀ ਸਕੂਲੀ ਪੜ੍ਹਾਈ ਅਤੇ ਮਾਮੂਲੀ ਇਲਾਜ ਸਹੂਲਤਾਂ ਦੇਣ ਦੀ ਲੋੜ ਮਹਿਸੂਸ ਨਹੀਂ ਹੋਈ, ਉਹ ਹੁਣ ਨਕਸਲੀ ਪ੍ਰਭਾਵ ਨੂੰ ਖ਼ਤਮ ਕਰਨ ਲਈ ਗੌਂਡੀ ਅਤੇ ਹੋਰ ਕਬਾਇਲੀ ਬੋਲੀਆਂ ਵਿਚ ਦਸਤਾਵੇਜ਼ੀ ਫਿਲਮਾਂ ਅਤੇ ਇਸ਼ਤਿਹਾਰ ਤਿਆਰ ਕਰ ਕੇ ਟੀ.ਵੀ. ਅਤੇ ਰੇਡੀਓ ਚੈਨਲਾਂ ਜ਼ਰੀਏ ਮੁੱਖਧਾਰਾ ਦੀਆਂ ਖ਼ੂਬੀਆਂ ਗਿਣਾਉਣ ਲਈ ਪਾਣੀ ਵਾਂਗ ਪੈਸਾ ਰੋੜ੍ਹੇਗਾ। ਸੂਝਵਾਨ ਲੋਕ ਜਾਣਦੇ ਹਨ ਕਿ ਕੂੜ ਦੇ ਪ੍ਰਚਾਰ ਦੀ ਇਹ ਹਨੇਰੀ ਉਸੇ ਤਰਜ਼ 'ਤੇ ਚਲਾਈ ਜਾਵੇਗੀ ਜਿਸ ਤਰ੍ਹਾਂ ਦੀ ਮੋਦੀ ਦੀ 'ਅੱਛੇ ਦਿਨਾਂ' ਵਾਲੀ ਚੋਣ ਮੁਹਿੰਮ ਸੀ।

ਕੁਲ ਆਲਮ ਵਿਚ ਸਿਆਸੀ ਮਸਲਿਆਂ ਨੂੰ ਹੱਲ ਕਰਨ ਦਾ ਸਰਵ-ਪ੍ਰਵਾਨਤ ਅਤੇ ਜਮਹੂਰੀ ਢੰਗ ਗੱਲਬਾਤ ਨੂੰ ਮੰਨਿਆ ਜਾਂਦਾ ਹੈ। ਹਿੰਦੂਤਵੀ ਗ੍ਰਹਿ ਮੰਤਰੀ ਨੇ ਉਸ ਤਹਿਰੀਕ ਨਾਲ ਗੱਲਬਾਤ ਦਾ ਰਸਤਾ ਹੀ ਬੰਦ ਕਰ ਦਿੱਤਾ ਹੈ ਜਿਸ ਬਾਰੇ ਹਕੂਮਤ ਖ਼ੁਦ ਮੰਨਦੀ ਹੈ ਕਿ ਨਕਸਲੀ ਸਿਆਸੀ ਰਸੂਖ਼ ਵਾਲੇ 88 ਵਿਚੋਂ 35 ਜ਼ਿਲ੍ਹਿਆਂ ਵਿਚ ਮਾਓਵਾਦੀਆਂ ਦਾ ਸਮਾਨ-ਅੰਤਰ ਰਾਜ ਹੈ। ਉਥੇ ਸਥਾਪਤੀ ਦਾ ਨਾਂ-ਨਿਸ਼ਾਨ ਵੀ ਨਹੀਂ। ਉਸ ਨੇ ਨਕਸਲੀਆਂ ਦੀ ਕਿਸੇ ਹਿੰਸਕ ਕਾਰਵਾਈ ਦਾ ਮੂੰਹ-ਤੋੜ ਜਵਾਬ ਦੇਣ ਦਾ ਖੁੱਲ੍ਹ-ਮ-ਖੁੱਲ੍ਹਾ ਐਲਾਨ ਕੀਤਾ ਹੈ। ਜ਼ਾਹਿਰ ਹੈ ਕਿ ਜੇ ਕਿਸੇ ਜਗ੍ਹਾ ਮਾਓਵਾਦੀ ਕੋਈ ਕਾਰਵਾਈ ਕਰਦੇ ਹਨ ਤਾਂ ਉਸ ਨੂੰ ਬਹਾਨਾ ਬਣਾ ਕੇ ਉਸ ਪੂਰੇ ਇਲਾਕੇ ਉਪਰ ਜ਼ੁਲਮ ਢਾਹੁਣ ਲਈ ਸੁਰੱਖਿਆ ਬਲਾਂ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਜਾਵੇਗੀ।

ਦਰਅਸਲ ਜਿਸ ਕਾਰਪੋਰੇਟ ਸਰਮਾਏਦਾਰੀ ਨਾਲ ਖ਼ੁਫ਼ੀਆ ਸਮਝੌਤੇ ਤਹਿਤ ਅਤੇ ਉਸ ਦੇ ਆਸ਼ੀਰਵਾਦ ਨਾਲ ਮੋਦੀ ਹਕੂਮਤ ਸੱਤਾਧਾਰੀ ਹੋਈ ਹੈ, ਉਨ੍ਹਾਂ ਦਾ ਹਕੂਮਤ ਉਪਰ ਮਾਓਵਾਦੀਆਂ (ਅਸਲ ਵਿਚ ਆਦਿਵਾਸੀਆਂ) ਵਿਰੁੱਧ ਛੇੜੀ ਜੰਗ ਵਿਚ ਤੇਜ਼ੀ ਲਿਆ ਕੇ ਇਸ ਨੂੰ ਛੇਤੀ ਤੋਂ ਛੇਤੀ ਸਿਰੇ ਲਾਉਣ ਅਤੇ ਇਥੇ ਕਾਰਪੋਰੇਟ ਪ੍ਰੋਜੈਕਟਾਂ ਦੇ ਆਦਿਵਾਸੀ ਵਿਰੋਧ ਨੂੰ ਖ਼ਤਮ ਕਰ ਕੇ ਸੁਪਰ ਮੁਨਾਫ਼ਿਆਂ ਦਾ ਰਾਹ ਪੱਧਰਾ ਕਰਨ ਲਈ ਭਾਰੀ ਦਬਾਅ ਹੈ। ਪਿਛਲੇ ਸਾਲ ਅਮਰੀਕੀ ਸਦਰ ਓਬਾਮਾ ਦੀ ਫੇਰੀ ਤੋਂ ਪਹਿਲਾਂ ਵ੍ਹਾਈਟ ਹਾਊਸ ਦੇ ਬੁਲਾਰੇ ਰੌਬਰਟ ਜਿਬਸ ਦੇ ਬਿਆਨ ਨੇ ਇਹ ਉਦੇਸ਼ ਐਨ ਸਪਸ਼ਟ ਕਰ ਦਿੱਤਾ ਸੀ: 'ਦਹਿਸ਼ਤਵਾਦ ਦਾ ਵਿਰੋਧ' ਬਰਾਕ ਓਬਾਮਾ ਦੀ ਫੇਰੀ ਦਾ ਮੁੱਖ ਏਜੰਡਾ ਰਹੇਗਾ ਕਿਉਂਕਿ ਤੇਜ਼ੀ ਨਾਲ ਆਰਥਿਕ ਵਿਕਾਸ ਕਰ ਰਹੇ ਏਸ਼ੀਆ, ਖ਼ਾਸ ਕਰ ਕੇ ਭਾਰਤ ਵਿਚ 'ਸਾਡੇ ਪੂੰਜੀਨਿਵੇਸ਼' ਦੇ ਹਿੱਤ ਦਾਅ ਉਤੇ ਲੱਗੇ ਹੋਏ ਹਨ। ਕੀ 'ਵਿਕਾਸ' ਦੀ ਇਹ ਨੀਤੀ ਹਿੰਸਾ ਨੂੰ ਖ਼ਤਮ ਕਰਨ ਵਾਲੀ ਹੈ, ਜਾਂ ਵੱਡੇ ਖ਼ੂਨ-ਖ਼ਰਾਬੇ ਨੂੰ ਅੰਜਾਮ ਦੇਣ ਵਾਲੀ?

---

# ਇਰਾਕ ਦੀ ਅੱਗ ਦਾ ਵਧ ਰਿਹਾ ਸੇਕ

ਇਰਾਕ ਅੱਜ ਦੁਨੀਆਂ ਦਾ ਸਭ ਤੋਂ ਖਤਰਨਾਕ ਖਿੱਤਾ ਬਣ ਗਿਆ ਲਗਦਾ ਹੈ। ਬਹੁਤੇ ਲੋਕ ਇਸ ਸੰਕਟ ਨੂੰ ਕੇਵਲ ਅਮਰੀਕਾ ਦੀ ਹੀ ਪੈਦਾਇਸ਼ ਦੱਸਦੇ ਹਨ ਪਰ ਸੁੰਨੀ ਅਤੇ ਸ਼ੀਆ ਦਾ ਝਗੜਾ ਤਾਂ ਬਹੁਤ ਪੁਰਾਣਾ ਹੈ। ਉਦੋਂ ਤਾਂ ਅਮਰੀਕਾ ਦਾ ਜਨਮ ਵੀ ਨਹੀਂ ਸੀ ਹੋਇਆ। ਸੁੰਨੀਆਂ ਅਤੇ ਸ਼ੀਆਂ ਵਿਚ ਇਹ ਦੁਸ਼ਮਣੀ ਹਜ਼ਰਤ ਮੁਹੰਮਦ ਦੀ ਮੌਤ (632 ਈਸਵੀ)



**ਜੀ.ਐਸ. ਗੁਰਦਿੱਤ**
**ਫੋਨ:91-97819-25545**

ਤੋਂ ਬਾਅਦ ਦੀ ਹੀ ਚੱਲ ਰਹੀ ਹੈ। ਸਿਫਿਨ ਦੀ ਲੜਾਈ ਜੋ ਫਰਾਤ ਨਦੀ ਦੇ ਕੰਢਿਆਂ ਉੱਤੇ (ਅਜੋਕਾ ਸੀਰੀਆ) 657 ਈਸਵੀ ਵਿਚ ਲੜੀ ਗਈ, ਇਸ ਝਗੜੇ ਦੀ ਪਹਿਲੀ ਲੜਾਈ ਸੀ। ਕਰਬਲਾ ਦੀ ਲੜਾਈ (680 ਈਸਵੀ) ਵੀ ਇਸੇ ਦੀ ਕੜੀ ਸੀ। ਉਦੋਂ ਤੋਂ ਹੀ ਇਨ੍ਹਾਂ ਫਿਰਕਿਆਂ ਵਿਚਕਾਰ ਖ਼ੂਨੀ ਸੰਘਰਸ਼ ਖਤਮ ਨਹੀਂ ਹੋ ਸਕਿਆ।

ਅਮਰੀਕਾ, ਇਕ ਦੇਸ਼ ਵਜੋਂ 1783 ਵਿਚ ਦੁਨੀਆਂ ਦੇ ਸਾਹਮਣੇ ਆਇਆ। ਇਸ ਧਰਤੀ ਦੀ ਖੋਜ ਕੋਲੰਬਸ ਨੇ 1492 ਵਿਚ ਕੀਤੀ ਸੀ। ਫਿਰ ਇਹ ਧਰਤੀ ਆਬਾਦ ਹੋਣ ਲੱਗੀ ਅਤੇ ਬ੍ਰਿਟੇਨ ਤੇ ਫਰਾਂਸ ਵਰਗੇ ਦੇਸ਼ਾਂ ਨੇ ਇਸ 'ਤੇ ਕਬਜ਼ਾ ਜਮਾ ਲਿਆ। ਆਖਰ 1776 (ਅਸਲ ਵਿਚ 1783) ਵਿਚ ਉਹ ਦੇਸ਼ ਹੋਂਦ ਵਿਚ ਆਇਆ ਜਿਸ ਨੂੰ ਹੁਣ ਸੰਯੁਕਤ ਰਾਜ ਅਮਰੀਕਾ (ਯੂ.ਐੱਸ.ਏ.) ਕਹਿੰਦੇ ਹਨ। 1861 ਵਿਚ ਇਸ ਦੇਸ਼ ਨੇ ਘਰੇਲੂ ਯੁਧ ਵਾਲੇ ਭਿਆਨਕ ਦਿਨ ਵੇਖੇ ਜਦੋਂ ਤਕਰੀਬਨ ਅੱਜ ਦੇ ਇਰਾਕ ਵਰਗੀ ਹੀ ਹਾਲਤ ਪੈਦਾ ਹੋ ਗਈ ਸੀ, ਪਰ ਸਮਝਦਾਰ ਲੀਡਰਾਂ ਨੇ ਜਲਦੀ ਹੀ ਉਸ ਉਤੇ ਕਾਬੂ ਪਾ ਲਿਆ ਅਤੇ ਦੇਸ਼ ਨੂੰ ਟੁਕੜੇ ਹੋਣ ਤੋਂ ਬਚਾ ਲਿਆ। ਪਹਿਲੀ ਸੰਸਾਰ ਜੰਗ ਵੇਲੇ (1914-1919) ਇਹ ਦੇਸ਼ ਮਜ਼ਬੂਤ ਫੌਜੀ ਅਤੇ ਆਰਥਿਕ ਸ਼ਕਤੀ ਵਜੋਂ ਉਭਰਿਆ ਅਤੇ ਦੂਜੀ ਸੰਸਾਰ ਜੰਗ ਵੇਲੇ (1939-1945) ਇੱਕੋ-ਇੱਕ ਪਰਮਾਣੂ ਤਾਕਤ ਬਣ ਕੇ ਇਸ ਨੇ ਯੂਰਪੀ ਮਹਾਂ-ਸ਼ਕਤੀਆਂ ਤੋਂ ਤਾਜ ਖੋਹ ਲਿਆ। 1990 ਦੇ ਦਹਾਕੇ ਤੋਂ ਅੱਜ ਤੱਕ ਇਹ ਦੁਨੀਆਂ ਦਾ ਸਭ ਤੋਂ ਤਾਕਤਵਰ ਦੇਸ਼ ਬਣਿਆ ਆ ਰਿਹਾ ਹੈ ਅਤੇ ਅੱਜ ਪੂਰੀ ਦੁਨੀਆਂ ਦੇ ਥਾਣੇਦਾਰ ਵਜੋਂ ਮਸ਼ਹੂਰ ਹੈ।

ਇਹ ਵੀ ਬਹਿਸ ਦਾ ਵਿਸ਼ਾ ਹੈ ਕਿ ਇਰਾਕ ਦਾ ਅਸਲ ਦੋਸ਼ੀ ਸੱਦਾਮ ਹੁਸੈਨ ਸੀ ਜਾਂ ਅਮਰੀਕਾ? ਅਮਰੀਕਾ ਉਤੇ ਦੋਸ਼ ਹੈ ਕਿ ਇਸ ਨੇ ਆਪਣੇ ਵਪਾਰਕ ਹਿੱਤਾਂ ਖਾਤਰ ਮੱਧ ਏਸ਼ੀਆ ਨੂੰ ਜੰਗ ਦੀ ਅੱਗ ਵਿਚ ਝੋਕਿਆ। ਤੇਲ ਖਾਤਰ ਜਾਣ-ਬੁਝ ਕੇ ਬਲਦੀ ਉਤੇ ਤੇਲ ਪਾਇਆ। ਸੱਦਾਮ ਉੱਤੇ ਇਲਜ਼ਾਮ ਹੈ ਕਿ ਉਸ ਨੇ ਅੜਬਾਈ ਵੀ ਨਾ ਛੱਡੀ ਅਤੇ ਅਮਰੀਕੀ ਚਾਲਾਂ ਵਿਚ ਵੀ ਫਸਦਾ ਗਿਆ। ਉਧਰ ਅਮਰੀਕਾ ਵਿਚ ਵੀ ਹੁਣ ਇੱਕ-ਦੂਜੇ ਉੱਤੇ ਇਲਜ਼ਾਮ ਲਾਏ ਜਾ ਰਹੇ ਹਨ। ਓਬਾਮਾ ਮੁਤਾਬਕ ਸਾਰੀ ਅੱਗ ਜਾਰਜ ਬੁਸ਼ ਦੀ ਲਾਈ ਹੋਈ ਹੈ। ਬੁਸ਼ ਕਹਿੰਦਾ ਹੈ ਕਿ ਓਬਾਮਾ ਨੇ 2011 ਵਿਚ ਅਮਰੀਕੀ ਫੌਜਾਂ ਵਾਪਸ ਬੁਲਾਉਣ ਵਿਚ ਕਾਹਲ ਕੀਤੀ।

ਫਿਰ ਵੀ ਇਰਾਕ ਸੰਕਟ ਲਈ ਇਕੱਲਾ ਅਮਰੀਕਾ ਹੀ ਜ਼ਿੰਮੇਵਾਰ ਨਹੀਂ ਹੈ। ਮੁਸਲਿਮ ਦੇਸ਼ਾਂ ਦੀਆਂ ਨਿੱਜੀ ਰੰਜਿਸ਼ਾਂ ਵੀ ਇਸ ਲਈ ਬਰਾਬਰ ਦੀਆਂ ਜ਼ਿੰਮੇਵਾਰ ਹਨ। ਇਨ੍ਹਾਂ ਵਿਚਕਾਰ ਕਦੇ ਏਕਤਾ ਹੋ ਹੀ ਨਹੀਂ ਸਕੀ ਅਤੇ ਅਮਰੀਕਾ ਇਸ ਦਾ ਫਾਇਦਾ ਉਠਾਉਂਦਾ ਰਿਹਾ ਹੈ। ਅਮਰੀਕਾ ਦੀ ਇਹ ਨੀਤੀ ਅਜੇ ਵੀ ਜਾਰੀ ਹੈ। ਉਹ ਅਰਬ ਦੇਸ਼ਾਂ ਦੇ ਵਹਾਬੀ ਇਸਲਾਮ ਨੂੰ ਅੰਦਰਖਾਤੇ ਹੱਲਾਸ਼ੇਰੀ ਦੇ ਕੇ ਅਤੇ ਆਪਣੇ ਪਿਛਲੱਗੂ ਬਣਾ ਕੇ ਇਰਾਨੀ ਸ਼ੀਆਂ ਦੇ ਖਿਲਾਫ਼ ਵਰਤਦਾ ਆ ਰਿਹਾ ਹੈ। ਇਸ ਦੇ ਪਿਛੇ ਉਸ ਦੇ ਆਪਣੇ ਆਰਥਿਕ ਅਤੇ ਰਣਨੀਤਕ ਹਿੱਤ ਹਨ। ਇਜ਼ਰਾਇਲ ਵਾਲਾ ਪਿੱਪਲ ਵੀ ਜਾਣ-ਬੁਝ ਕੇ ਅਰਬ ਵਾਸੀਆਂ ਦੀ ਹਿੱਕ ਉੱਤੇ ਲਾਇਆ ਗਿਆ। ਅਮਰੀਕੀ ਸੰਸਦ ਵਿਚ ਯਹੂਦੀਆਂ ਦੀ ਤਕੜੀ ਲਾਬੀ ਹੈ ਜਿਹੜੀ ਅਰਬ-ਇਜ਼ਰਾਇਲ ਨੀਤੀਆਂ 'ਤੇ ਅਸਰ-ਅੰਦਾਜ਼ ਹੁੰਦੀ ਹੈ, ਫਿਰ ਵੀ ਫ਼ਲਸਤੀਨੀਆਂ ਦੇ ਅੱਜ ਤੱਕ ਬੇਘਰ ਹੋਏ ਰਹਿਣ ਪਿਛੇ ਮੁਸਲਿਮ ਫੁੱਟ ਜ਼ਿਆਦਾ ਜ਼ਿੰਮੇਵਾਰ ਹੈ। ਅਰਬ ਦੀ ਰਾਜਸ਼ਾਹੀ ਨੂੰ ਆਪਣੀਆਂ ਐਸ਼-ਪ੍ਰਸਤੀ ਤੋਂ ਹੀ ਵਿਹਲ ਨਹੀਂ। ਤੇਲ ਦੇ ਖੂਹਾਂ ਕਰਨ ਰਾਤੋ-ਰਾਤ ਮਿਲੀ ਅਮੀਰੀ ਉਨ੍ਹਾਂ ਦੇ ਦਿਮਾਗਾਂ ਨੂੰ ਚੜ੍ਹੀ ਹੋਈ ਹੈ।

ਇਰਾਕ ਦੇ ਸੁੰਨੀ ਜੰਗਬਾਜ਼ਾਂ ਨੂੰ ਕੋਈ ਅਤਿਵਾਦੀ ਕਰਾਰ ਦੇ ਰਿਹਾ ਹੈ ਤੇ ਕੋਈ ਆਜ਼ਾਦੀ ਦੇ ਪਰਵਾਨੇ। ਕੌਮਾਂਤਰੀ ਮੁੱਖਧਾਰਾ ਮੀਡੀਆ ਵਿਚ ਉਨ੍ਹਾਂ ਨੂੰ ਮਾਨਵਤਾ ਦੇ ਵੱਡੇ ਅਪਰਾਧੀਆਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਮਨੁੱਖਾਂ ਦੇ ਕੱਟੇ ਹੋਏ ਸਿਰਾਂ ਦੀਆਂ ਫੋਟੋਆਂ ਅਤੇ ਬੱਚੇ ਉੱਤੇ ਤਾਣੀਆਂ ਹੋਈਆਂ ਅਸਾਲਟਾਂ ਦੀਆਂ ਫੋਟੋਆਂ ਆਦਿ ਕਿਸੇ ਵੱਡੇ ਤੋਂ ਵੱਡੇ ਜਿਗਰੇ ਵਾਲੇ ਨੂੰ ਵੀ ਸਿਰ ਤੋਂ ਪੈਰਾਂ ਤੱਕ ਕੰਬਾ ਸਕਦੇ ਹਨ। ਇਨ੍ਹਾਂ ਵਿਚੋਂ ਬਹੁਤੀਆਂ ਫੋਟੋਆਂ ਪੁਰਾਣੀਆਂ ਅਤੇ ਹੋਰ ਥਾਵਾਂ ਦੀਆਂ ਹਨ ਅਤੇ ਜਾਣ-ਬੁਝ ਕੇ ਉਨ੍ਹਾਂ ਨੂੰ ਅੱਜ ਦੇ ਇਰਾਕ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੰਨਿਆ ਕਿ ਇਰਾਕ ਦੇ ਹਾਲਾਤ ਬਹੁਤ ਹੀ ਖਤਰਨਾਕ ਹਨ ਅਤੇ ਇਸੇ ਕਾਰਨ ਉਥੇ ਫਸੇ ਹੋਏ ਭਾਰਤੀਆਂ ਦੇ ਪਰਿਵਾਰ ਸਹਿਮੇ ਹੋਏ ਹਨ, ਫਿਰ ਵੀ ਇਹ ਗੱਲ ਵੀ ਨਹੀਂ ਕਿ ਸੁੰਨੀ ਅੰਨ੍ਹੇਵਾਹ ਹੀ ਹਰ ਆਮ-ਖਾਸ ਨੂੰ ਮਾਰ ਰਹੇ ਹੋਣਗੇ।

ਅਸਲ ਵਿਚ ਦੋਹਾਂ ਧਿਰਾਂ ਵੱਲੋਂ ਆਪਣਾ ਪੱਖ ਮਜ਼ਬੂਤ ਕਰਨ ਅਤੇ ਵਿਰੋਧੀ ਨੂੰ ਬਦਨਾਮ ਕਰਨ ਦੀ ਮੁਹਿੰਮ ਚਲਾਈ ਗਈ ਹੈ। ਆਈ.ਐੱਸ.ਆਈ.ਐੱਸ. ਨਾਂ ਦੀ ਸੁੰਨੀ ਜਥੇਬੰਦੀ ਜਿਸ ਨੇ ਪਿਛਲੇ ਸਾਲ ਅਬੂ-ਗਰੀਬ ਜੇਲ੍ਹ ਉਤੇ ਹਮਲਾ ਕਰ ਕੇ ਆਪਣੇ ਕਈ ਚੋਟੀ ਦੇ ਆਗੂ ਛੁਡਵਾ ਲਏ ਸਨ, ਤੇ ਫਿਰ ਇਸੇ ਸਾਲ ਜਨਵਰੀ ਵਿਚ ਫਲੂਜਾ ਉੱਤੇ ਕਬਜ਼ਾ ਕਰ ਲਿਆ ਸੀ, ਦੇ ਲੜਾਕੇ ਆਪਣੇ-ਆਪ ਨੂੰ ਜੁਝਾਰੂਆਂ ਵਜੋਂ ਪੇਸ਼ ਕਰ ਰਹੇ ਹਨ। ਅਮਰੀਕਾ ਵਾਲੇ ਉਨ੍ਹਾਂ ਨੂੰ ਅਲ-ਕਾਇਦਾ ਅਤੇ ਬੋਕੋ ਹਰਮ ਵਰਗੇ ਮਨੁੱਖਤਾ ਵਿਰੋਧੀ ਆਦਮਖੋਰਾਂ ਵਜੋਂ ਪ੍ਰਚਾਰ ਰਹੇ ਹਨ ਪਰ ਇਸ ਜੰਗੀ ਮਾਹੌਲ ਵਿਚ ਇਰਾਕ ਬਰਬਾਦੀ ਕੰਢੇ ਪਹੁੰਚ ਗਿਆ ਹੈ। ਦੁਨੀਆਂ ਦੀ ਸਭ ਤੋਂ ਪੁਰਾਣੀ ਸਭਿਅਤਾ (ਮੈਸੋਪੋਟਾਮੀਆਂ) ਵਾਲੀ ਧਰਤੀ ਨਰਕ ਬਣ ਚੁੱਕੀ ਹੈ। ਜਿਹੜੇ ਬੱਚੇ 1980 ਜਾਂ ਉਸ ਤੋਂ ਬਾਅਦ ਪੈਦਾ ਹੋਏ, ਉਨ੍ਹਾਂ ਨੇ ਸਿਰਫ ਜੰਗੀ ਤਬਾਹੀ ਵੇਖੀ ਹੈ। ਪਹਿਲਾਂ 1980 ਤੋਂ 1988 ਤੱਕ ਇਰਾਨ ਨਾਲ ਜੰਗ, ਫਿਰ 1990 ਤੋਂ 2011 ਤੱਕ ਅਮਰੀਕਾ ਨਾਲ ਜੰਗ ਅਤੇ ਹੁਣ ਘਰੇਲੂ ਖਾਨਾਜੰਗੀ। ਉਨ੍ਹਾਂ ਦੀ ਤਾਂ ਇੱਕ ਪੀੜ੍ਹੀ ਹੀ ਤਬਾਹ ਹੋ ਗਈ ਹੈ। ਭਵਿੱਖ ਇਸ ਤੋਂ ਵੀ ਭਿਆਨਕ ਜਾਪਦਾ ਹੈ, ਕਿਉਂਕਿ ਫਿਲਹਾਲ ਦਾ ਕੋਈ ਪੱਕਾ ਹੱਲ ਨਜ਼ਰ ਨਹੀਂ ਆਉਂਦਾ।

# ਉਨ੍ਹਾਂ ਬਿਚਾਰਿਆਂ ਦਾ ਕੀ ਕਸੂਰ ਹੈ ਭਾਈ!

**ਸਤਿਜੁਗੀ ਲੋਕ**

***ਐਤਕੀਂ ਇਸ ਲੇਖ ਵਿਚ ਸ. ਗੁਰਬਚਨ ਸਿੰਘ ਭੁੱਲਰ ਨੇ ਜਿਸ ਬੰਦੇ ਅਤੇ ਜਿਸ ਬਾਤ ਬਾਰੇ ਚਰਚਾ ਛੋਹੀ ਹੈ, ਉਹ ਹੁਣ ਮਾਨੋ ਬੀਤੇ ਦੀਆਂ ਬਾਤਾਂ ਹੋ ਚੱਲੀਆਂ ਹਨ, ਜਾਂ ਘੱਟੋ-ਘੱਟ ਘਟ ਤਾਂ ਜ਼ਰੂਰ ਹੀ ਗਈਆਂ ਹਨ। ਅੱਜ ਦੇ ਜ਼ਮਾਨੇ ਦੇ ਹਿਸਾਬ ਨਾਲ ਗੱਲ ਬੜੀ ਸਾਧਾਰਨ ਹੈ, ਪਰ ਸਿਰੇ ਦੀ ਆਸਾਧਾਰਨ ਵੀ ਹੈ। ਬੰਦੇ ਦੇ ਤਰਕ ਦੀ ਲੜੀ ਸਿੱਧੀ ਨਿਆਂ ਨਾਲ ਜਾ ਜੁੜਦੀ ਹੈ ਜੋ ਅੱਜ ਕੱਲ੍ਹ ਬੜੀ ਸਸਤੀ ਸ਼ੈਅ ਬਣ ਗਈ ਹੈ। ਇਸ ਦੇ ਨਾਲ ਹੀ ਬਾਤ ਸੁਣਾ ਰਹੇ ਲੇਖਕ ਦੀ ਖੂਬਸੂਰਤੀ ਇਹ ਹੈ ਕਿ ਜਵਾਬ ਪਤਾ ਹੋਣ ਦੇ ਬਾਵਜੂਦ ਪਾਠਕ ਦੀ ਉਤਸੁਕਤਾ ਬਰਕਰਾਰ ਹੀ ਨਹੀਂ ਰਹਿੰਦੀ, ਬਲਕਿ ਬਹੁਤ ਅਛੋਪਲੇ ਜਿਹੀ ਨਿਆਂ ਦੇ ਹੱਕ ਵਿਚ ਸਰਕਦੀ ਜਾਪਦੀ ਹੈ। -ਸੰਪਾਦਕ***

ਡਾ. ਕਾਲਾ ਸਿੰਘ ਬੇਦੀ ਦਿੱਲੀ ਯੂਨੀਵਰਸਿਟੀ ਵਿਚ ਪੰਜਾਬੀ ਦੇ ਪ੍ਰੋਫ਼ੈਸਰ ਸਨ। ਮੇਰੇ ਦਿੱਲੀ ਪਹੁੰਚਣ ਸਮੇਂ ਅਕਾਦਮਿਕ ਤੇ ਸਾਹਿਤਕ ਖੇਤਰਾਂ ਵਿਚ ਉਨ੍ਹਾਂ ਦਾ ਚੰਗਾ ਨਾਂ ਸੀ। ਉਹ ਮਿਹਨਤੀ ਅਧਿਆਪਕ ਅਤੇ ਬਰੀਕਬੀਨ ਸਾਹਿਤਕ ਖੋਜੀ ਤੇ ਆਲੋਚਕ ਦੇ ਨਾਲ ਨਾਲ ਸਾਊ-ਸਰੀਫ ਇਨਸਾਨ ਵਜੋਂ ਜਾਣੇ ਜਾਂਦੇ ਸਨ। ਜਦੋਂ ਸਾਹਿਤਕ ਖੇਤਰ ਵਿਚ ਮੇਰਾ ਆਉਣ-ਜਾਣ ਹੋਇਆ, ਉਨ੍ਹਾਂ ਨਾਲ ਨਿੱਘੀ ਜਾਣ-ਪਛਾਣ ਹੋ ਗਈ। ਮੈਥੋਂ ਕੋਈ ਤੀਹ ਸਾਲ ਵੱਡੇ ਸਨ। ਉਨ੍ਹਾਂ ਨੂੰ ਮਿਲ ਕੇ ਮਨ ਉਤੇ ਅਸ਼ੀਰਵਾਦੀ ਵਡੇਰੇ ਨੂੰ ਮਿਲੇ ਹੋਣ ਦਾ ਪ੍ਰਭਾਵ ਪੈਂਦਾ। ਹੱਸ ਕੇ ਮਿਲਦੇ ਅਤੇ



**ਗੁਰਬਚਨ ਸਿੰਘ ਭੁੱਲਰ**
ਫੋਨ: 01191-1165736868
bhullargs@gmail.com

ਸਨਿਮਰ, ਮਿੱਠੀ ਬੋਲ-ਬਾਣੀ ਵਿਚ ਖੈਰ-ਸੁੱਖ ਪੁਛਦੇ ਤੇ ਹੋਰ ਗੱਲਾਂ ਕਰਦੇ।

ਪੰਜਾਬੋਂ ਉਹ ਬਿਆਸ ਨੇੜਲੇ ਪਿੰਡ ਭਲੋਜਲਾ ਤੋਂ ਸਨ। ਪਿੰਡ ਨਾਲ ਉਨ੍ਹਾਂ ਨੂੰ ਏਨਾ ਸਨੇਹ ਸੀ ਕਿ ਆਪਣੀਆਂ ਕਈ ਪੁਸਤਕਾਂ ਉਤੇ ਉਨ੍ਹਾਂ ਨੇ ਆਪਣੇ ਨਾਂ ਨਾਲ 'ਭਲੋਜਲਾ ਨਿਵਾਸੀ' ਲਿਖਿਆ। ਉਹ ਸਕੂਲ ਅਧਿਆਪਕ ਤੋਂ ਸ਼ੁਰੂ ਕਰ ਕੇ ਕਾਲਜ ਵਿਚੋਂ ਦੀ ਹੁੰਦੇ ਹੋਏ ਯੂਨੀਵਰਸਿਟੀ ਵਿਚ ਪੜ੍ਹਾਉਣ ਤੱਕ ਪੁੱਜੇ। ਭਾਸ਼ਾਵਾਂ ਦੇ ਉਹ ਗੂੜ੍ਹ-ਗਿਆਨੀ ਸਨ ਅਤੇ ਪੰਜਾਬੀ, ਉਰਦੂ, ਫ਼ਾਰਸੀ ਤੇ ਇਤਿਹਾਸ ਦੇ ਚੌਹਰੇ ਐਮ.ਏ. ਸਨ। ਡਾਕਟਰੇਟ ਵਾਸਤੇ ਉਨ੍ਹਾਂ ਨੇ 'ਪੰਜਾਬੀ ਅਤੇ ਉਰਦੂ ਦਾ ਭਾਸ਼ਾਈ ਸਬੰਧ' ਵਿਸ਼ਾ ਚੁਣਿਆ।

ਉਨ੍ਹਾਂ ਦਾ ਪਹਿਲਾ ਨਾਂ ਰਾਮਜੀ ਦਾਸ ਬੇਦੀ ਸੀ। ਮਗਰੋਂ ਉਨ੍ਹਾਂ ਨੇ ਨਾਂ ਤਾਂ ਕਾਲਾ ਸਿੰਘ ਬੇਦੀ ਕਰ ਲਿਆ ਪਰ ਰਹੇ ਸਹਿਜਧਾਰੀ ਹੀ। ਉਨ੍ਹਾਂ ਨੂੰ ਬਾਬਾ ਨਾਨਕ ਦੀ ਕੁਲ ਵਿਚੋਂ ਹੋਣ ਦਾ ਬਹੁਤ ਮਾਣ ਸੀ ਅਤੇ ਉਹ ਇਸ ਉਚੀ ਕੁਲ ਨਾਲ ਸਬੰਧਤ ਹੋਣ ਦੀ ਜ਼ਿੰਮੇਵਾਰੀ ਤੇ ਮਰਿਆਦਾ ਨੂੰ ਵੀ ਭਲੀਭਾਂਤ ਜਾਣਦੇ-ਸਮਝਦੇ ਸਨ। ਬਾਬਾ ਜੀ ਬਾਰੇ ਉਨ੍ਹਾਂ ਨੇ ਪੰਜ ਪੁਸਤਕਾਂ-ਵਾਰਕਾਰ ਗੁਰੂ ਨਾਨਕ, ਗੁਰੂ ਨਾਨਕ ਕਾਵਿ-ਕਲਾ, ਗੁਰੂ ਨਾਨਕ ਕਾਵਿ-ਚਿਤਰਣ, ਗੁਰੂ ਨਾਨਕ ਦਰਸ਼ਨ ਅਤੇ ਗੁਰੂ ਨਾਨਕ ਨਿਰੰਕਾਰੀ ਦੀ ਰਚਨਾ ਕੀਤੀ। 'ਗੁਰੂ ਨਾਨਕ ਦਰਸ਼ਨ' ਵਿਚ ਉਨ੍ਹਾਂ ਨੇ ਆਪਣਾ ਕੁਰਸੀਨਾਮਾ ਦਿੱਤਾ ਹੋਇਆ ਹੈ ਜੋ ਸਿੱਧਾ ਬਾਬਾ ਨਾਨਕ ਨਾਲ ਜਾ ਜੁੜਦਾ ਹੈ।

ਇਕ ਦਿਨ ਪੰਜਾਬੋਂ ਇਕ ਮੁੰਡਾ ਸਾਡੇ ਘਰ ਆਇਆ ਅਤੇ ਉਹਨੇ ਮੇਰੇ ਇਕਲੌਤੇ ਸਕੂਲ ਅਧਿਆਪਕ ਸਾਂਢੂ ਦੀ ਚਿੱਠੀ ਦਿੱਤੀ। ਉਸ ਵਿਚ ਮੈਨੂੰ ਉਸ ਮੁੰਡੇ ਦਾ ਕੰਮ ਕਰਵਾ ਦੇਣ ਲਈ ਕਿਹਾ ਗਿਆ ਸੀ। ਉਹਨੇ ਕੰਮ ਦੱਸਿਆ ਤਾਂ ਮੈਂ ਇਕ ਵਾਰ ਤਾਂ ਦੁਚਿੱਤੀ ਜਿਹੀ ਵਿਚ ਪੈ ਗਿਆ, ਫੇਰ ਸੋਚਿਆ, ਇਹ ਤਾਂ ਅੱਜ-ਕੱਲ੍ਹ ਸਾਧਾਰਨ ਵਰਤਾਰਾ ਹੈ। ਪੰਜਾਬ ਦੀ ਇਕ ਯੂਨੀਵਰਸਿਟੀ ਤੋਂ ਉਹਨੇ ਪੰਜਾਬੀ ਐਮ. ਏ. ਦੇ ਦੂਜੇ ਭਾਗ ਦੇ ਪਰਚੇ ਦਿੱਤੇ ਹੋਏ ਸਨ ਅਤੇ ਨੰਬਰ ਲਾਉਣ ਵਾਸਤੇ ਇਕ ਪਰਚਾ ਕਾਲਾ ਸਿੰਘ ਬੇਦੀ ਕੋਲ ਆਇਆ ਹੋਇਆ ਸੀ। ਉਹ ਮੇਰੇ ਰਾਹੀਂ ਉਨ੍ਹਾਂ ਤੋਂ ਨੰਬਰ ਵਧਵਾਉਣ ਦੇ ਮੰਤਵ ਨਾਲ ਆਇਆ ਸੀ। ਹੁਣ ਦੇ ਨੇਮਾਂ ਦਾ ਪਤਾ ਨਹੀਂ, ਉਨ੍ਹੀਂ ਦਿਨੀਂ ਉਹ ਯੂਨੀਵਰਸਿਟੀ ਜਵਾਬੀ ਪਰਚੇ ਤੋਂ ਅਸਲ ਰੋਲ ਨੰਬਰ ਪਾੜ ਲੈਂਦੀ ਸੀ ਅਤੇ ਉਹਦੀ ਥਾਂ ਗੁਪਤ ਨੰਬਰ ਲਾ ਦਿੰਦੀ ਸੀ। ਮੁੰਡਾ ਏਨਾ ਜੁਗਤੀ-ਜੁਗਾੜੀ ਸੀ ਕਿ ਉਹਨੇ ਸਬੰਧਤ ਕਲਰਕ ਦੇਵਤਾ ਤੋਂ ਨਾ ਸਿਰਫ਼ ਚਾਰੇ ਪਰਚਿਆਂ ਦੇ ਨੰਬਰ ਲਾਉਣ ਵਾਲੇ ਪ੍ਰੋਫ਼ੈਸਰਾਂ ਦਾ ਹੀ ਪਤਾ ਕਰ ਲਿਆ ਸੀ ਸਗੋਂ ਚਾਰੇ ਗੁਪਤ ਨੰਬਰ ਵੀ ਲੈ ਲਏ ਸਨ। ਇਉਂ ਸਾਨੂੰ ਪੂਰਾ ਢੇਰ ਫਰੋਲ ਕੇ ਪਰਚਾ ਪਛਾਣਨ-ਲੱਭਣ ਦੀ ਖੇਚਲ ਨਹੀਂ ਸੀ ਕਰਨੀ ਪੈਣੀ, ਬੇਦੀ ਸਾਹਿਬ ਨੂੰ ਬੱਸ ਗੁਪਤ ਨੰਬਰ ਹੀ ਦੱਸਣਾ ਪੈਣਾ ਸੀ।

ਮੇਰੇ ਮਿੱਤਰ ਕਹਾਣੀਕਾਰ ਗੁਰਦੇਵ ਸਿੰਘ ਰੁਪਾਣਾ ਨੇ ਉਨ੍ਹਾਂ ਦਾ ਘਰ ਦੇਖਿਆ ਹੋਇਆ ਸੀ। ਉਹਨੂੰ ਮੈਂ ਨਾਲ ਲੈ ਲਿਆ। ਮੈਂ ਸੋਚਿਆ, ਨਾਲੇ ਮੇਰੇ ਇਕੱਲੇ ਨਾਲੋਂ ਸਾਡੇ ਦੋਂਹ ਦਾ ਬੇਦੀ ਸਾਹਿਬ ਉਤੇ ਅਸਰ ਕੁਝ ਵੱਧ ਪਵੇਗਾ। ਉਹ ਕਿਤੇ ਆਪਣੇ ਦਿੱਲੀ ਵਾਸ ਦੇ ਸ਼ੁਰੂ ਤੋਂ ਸੰਘਣੀ ਵਸੋਂ ਵਾਲੇ ਸਦੀਆਂ ਪੁਰਾਣੇ ਪਹਾੜਗੰਜ ਵਿਚ ਕਿਰਾਏਦਾਰ ਵਜੋਂ ਰਹਿ ਰਹੇ ਸਨ। ਬਾਬਾ ਆਦਮ ਦੇ ਜ਼ਮਾਨੇ ਦੇ ਬਣੇ ਇਕ ਭੀੜੇ ਤੇ ਹਨੇਰੇ ਜਿਹੇ ਘਰ ਦੀ ਪਹਿਲੀ ਮੰਜ਼ਲ ਉਤੇ ਉਸ ਚਾਨਣੇ ਮਨੁੱਖ ਦਾ ਟਿਕਾਣਾ ਸੀ। ਅਸੀਂ ਮਟਕ-ਚਾਨਣੀ ਜਿਹੀ ਡਿਉਢੀ ਦੀਆਂ ਭੀੜੀਆਂ ਪੌੜੀਆਂ ਕੋਲ ਪਹੁੰਚੇ ਤਾਂ ਗੁਰਦੇਵ ਕਹਿੰਦਾ, ਸੱਜੀ ਕੰਧ ਨਾਲ ਸੰਗਲ ਲੱਗਿਆ ਹੋਇਆ ਹੈ, ਉਹ ਫੜ ਲਵੋ, ਚੜ੍ਹਨਾ ਸੌਖਾ ਰਹੂ। ਅੱਗੇ ਬੇਦੀ ਸਾਹਿਬ ਦੇ ਕਮਰੇ ਵਿਚ ਵੀ ਦਿਨੇ ਹੀ ਬਲਬ ਜਗ ਰਿਹਾ ਸੀ। ਮੈਨੂੰ ਤੇ ਗੁਰਦੇਵ ਨੂੰ ਦੇਖ ਕੇ ਉਨ੍ਹਾਂ ਨੂੰ ਤਾਂ ਜਿਵੇਂ ਸੱਚੇ ਦਿਲੋਂ ਚਾਅ ਹੀ ਚੜ੍ਹ ਗਿਆ! ਸਾਨੂੰ ਤਿੰਨਾਂ ਨੂੰ ਤਸੱਲੀ ਹੋ ਗਈ ਕਿ ਕੰਮ ਬਣ ਗਿਆ ਸਮਝੋ।

ਚਾਹ-ਪਾਣੀ ਪਿੱਛੋਂ ਬੇਦੀ ਸਾਹਿਬ ਨੇ ਬੜੀ ਮਿੱਠਤ ਨਾਲ ਪੁੱਛਿਆ, "ਅੱਜ ਰਾਹ ਕਿਵੇਂ ਭੁੱਲ ਗਏ ਮੇਰੇ ਪਿਆਰੇ?"

ਪਤਾ ਨਹੀਂ, ਸਾਡੇ ਆਉਣ ਦਾ ਮੰਤਵ ਉਹ ਸਮਝ ਗਏ ਸਨ ਜਾਂ ਨਹੀਂ। ਹੋ ਸਕਦਾ ਹੈ, ਉਨ੍ਹਾਂ ਕੋਲ ਹੋਰ ਲੋਕ ਵੀ ਇਸ ਕੰਮ ਆਉਂਦੇ ਹੋਣ। ਜਾਂ ਹੋ ਸਕਦਾ ਹੈ, ਉਨ੍ਹਾਂ ਨੂੰ ਕੰਮ ਕਰਵਾ ਲੈਣ ਜਿੰਨਾ ਜਾਨਣ ਵਾਲੇ ਬੰਦੇ ਇਹ ਸੋਚ ਕੇ ਨਾ ਹੀ ਆਉਂਦੇ ਹੋਣ ਕਿ ਕੰਮ ਤਾਂ ਉਨ੍ਹਾਂ ਨੇ ਕਰਨਾ ਨਹੀਂ।

ਤਿੰਨਾਂ ਵਿਚੋਂ ਮੈਨੂੰ ਹੀ ਬੋਲਣਾ ਪੈਣਾ ਸੀ। ਬੇਦੀ ਸਾਹਿਬ ਦੇ ਕੀਤੇ ਸਵਾਗਤ ਮਗਰੋਂ ਕੰਮ ਬਣ ਜਾਣ ਵਿਚ ਕੋਈ ਬਹੁਤਾ ਸ਼ੱਕ ਨਹੀਂ ਸੀ ਰਹਿ ਗਿਆ। ਇਸ ਦੇ ਬਾਵਜੂਦ ਮੈਂ ਗੱਲ ਝਿਜਕ ਜਿਹੀ ਦਿਖਾ ਕੇ ਹੀ ਕਰਨੀ ਠੀਕ ਸਮਝੀ, "ਬੇਦੀ ਜੀ, ਅਸੀਂ ਕੁਛ ਕਸੂਤੇ ਜਿਹੇ ਕੰਮ ਆਏ ਹਾਂ।"

ਉਹ ਸਹਿਜ ਨਾਲ ਆਖਣ ਲੱਗੇ, "ਕੰਮ ਕਿਹੋ ਜਿਹਾ ਵੀ ਹੋਵੇ, ਬੰਦਾ ਆਖ਼ਰ ਆਪਣਿਆਂ ਕੋਲ ਹੀ ਪਹੁੰਚਦਾ ਹੈ। ਦੱਸੋ, ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ?"

ਮੈਂ ਕੱਚਾ ਜਿਹਾ ਹੋ ਕੇ ਕਿਹਾ, "ਬੇਦੀ ਜੀ, ਅਸੀਂ ਤਿੰਨੇ ਤੁਹਾਡੇ ਬੱਚਿਆਂ ਵਰਗੇ ਹਾਂ, ਸਾਡੇ ਲਈ ਸੇਵਾ ਵਰਗਾ ਸ਼ਬਦ ਵਰਤ ਕੇ ਸਾਨੂੰ ਪਾਪ ਦੇ ਭਾਗੀ ਨਾ ਬਣਾਉ!" ਆਪਣੀ ਗੱਲ ਦਾ ਅਸਰ ਵਧਾਉਣ ਲਈ ਮੈਂ ਮੁੰਡੇ ਨੂੰ ਸਾਂਢੂ ਦਾ ਦੋਸਤ ਦੱਸਣ ਦੀ ਥਾਂ ਕਿਹਾ, "ਇਹ ਮੇਰਾ ਸਾਂਢੂ ਹੈ। ਇਹਦਾ ਪਰਚਾ ਤੁਹਾਡੇ ਕੋਲ ਹੈ, ਗੁਪਤ ਨੰਬਰ ਐਨਾ ਹੈ।...ਬੇਦੀ ਜੀ, ਗੱਲ ਇਹ ਹੈ, ਪਹਿਲੇ ਸਾਲ ਵਿਚ ਸੈਕੰਡ ਡਵੀਜ਼ਨ ਤੋਂ ਇਹਦੇ ਨੰਬਰ ਕੁਝ ਘੱਟ ਰਹਿ ਗਏ ਸਨ। ਜੇ ਤੁਹਾਡੀ ਕਿਰਪਾ ਹੋ ਜਾਵੇ, ਇਹਦੀ ਸੈਕੰਡ ਡਵੀਜ਼ਨ ਬਣ ਜਾਵੇ ਤੇ ਨੌਕਰੀ ਵਾਸਤੇ ਰਾਹ ਖੁੱਲ੍ਹ ਜਾਵੇ।"

ਉਹ ਮੇਰੀ ਗੱਲ ਟੋਕੇ ਬਿਨਾਂ ਸ਼ਾਂਤੀ ਨਾਲ ਸੁਣਦੇ ਰਹੇ। ਮੈਂ ਸਾਹ ਲਿਆ ਤਾਂ ਬੋਲੇ, "ਤੁਹਾਡੀ ਗੱਲ ਬਿਲਕੁਲ ਸਹੀ ਹੈ। ਸਾਡੇ ਵਾਲੇ ਜ਼ਮਾਨੇ ਤਾਂ ਰਹੇ ਨਹੀਂ। ਹੁਣ ਨੌਜਵਾਨਾਂ ਸਾਹਮਣੇ ਨੌਕਰੀ ਇਕ ਵੱਡੀ ਸਮੱਸਿਆ ਹੈ।" ਫੇਰ ਉਹ ਇਕ ਪਲ ਚੁੱਪ ਰਹਿ ਕੇ ਕਹਿੰਦੇ, "ਪਰ, ਭੁੱਲਰ ਜੀ, ਮੈਂ ਇਹ ਕੰਮ ਜ਼ਿੰਦਗੀ ਵਿਚ ਕਦੀ ਵੀ ਕੀਤਾ ਨਹੀਂ!"

ਕਮਰੇ ਵਿਚ ਚੁੱਪ ਵਰਤ ਗਈ। ਅਸੀਂ ਕਹਿੰਦੇ ਤਾਂ ਕੀ ਕਹਿੰਦੇ! ਆਖ਼ਰ ਉਨ੍ਹਾਂ ਨੇ ਹੀ ਚੁੱਪ ਤੋੜੀ, "ਤੁਹਾਨੂੰ ਮੇਰਾ ਜਵਾਬ ਬੁਰਾ ਲੱਗਿਆ ਹੋ ਸਕਦਾ ਹੈ। ਇਸ ਕਰਕੇ ਮੈਂ ਤੁਹਾਨੂੰ ਇਸ ਦਾ ਕਾਰਨ ਦੱਸਣਾ ਵੀ ਜ਼ਰੂਰੀ ਸਮਝਦਾ ਹਾਂ।...ਮੰਨ ਲਵੋ, ਇਸ ਬੱਚੇ ਦੇ 62 ਨੰਬਰ ਨੇ। ਮੈਂ ਪੰਜ ਵਧਾ ਕੇ 67 ਕਰ ਦਿੰਦਾ ਹਾਂ। ਇਉਂ ਮੈਂ ਇਸ ਨੂੰ ਉਨ੍ਹਾਂ ਕਈ ਬੱਚਿਆਂ ਦੇ ਉਪਰੋਂ ਛਾਲ ਮਰਵਾ ਕੇ ਅੱਗੇ ਲੰਘਾ ਰਿਹਾ ਹੋਵਾਂਗਾ ਜਿਨ੍ਹਾਂ ਦੇ 63 ਤੋਂ 66 ਤੱਕ ਨੰਬਰ ਆਏ ਨੇ। ਉਨ੍ਹਾਂ ਨੇ ਇਹ ਨੰਬਰ ਆਪਣੀ ਮਿਹਨਤ ਨਾਲ ਲਏ ਨੇ। ਉਨ੍ਹਾਂ ਨੂੰ ਵੀ ਨੌਕਰੀਆਂ ਚਾਹੀਦੀਆਂ ਨੇ।...ਮੈਂ ਇਸ ਦੇ ਨੰਬਰ ਵਧਾ ਦਿਆਂਗਾ, ਤੁਸੀਂ ਮੇਰੀ ਇਕ ਗੱਲ ਦਾ ਜਵਾਬ ਦੇ ਦਿਉ।...ਜਿਨ੍ਹਾਂ ਬੱਚਿਆਂ ਦੇ ਉਪਰੋਂ ਦੀ ਮੈਂ ਇਸ ਨੂੰ ਛੜੱਪਾ ਮਰਵਾ ਦਿਆਂਗਾ, ਮਤਲਬ ਉਨ੍ਹਾਂ ਦਾ ਹੱਕ ਮਾਰ ਕੇ ਇਸ ਨੂੰ ਦੇ ਦਿਆਂਗਾ, ਉਨ੍ਹਾਂ ਵਿਚਾਰਿਆਂ ਦਾ ਕੀ ਕਸੂਰ ਹੈ ਭਾਈ?"

ਬੇਦੀ ਸਾਹਿਬ ਨੇ ਅਜਿਹਾ ਸਵਾਲ ਪੁੱਛਿਆ ਸੀ ਜਿਸ ਦਾ ਕਿਸੇ ਕੋਲ ਕੋਈ ਜਵਾਬ ਨਹੀਂ ਸੀ। ਮੈਂ ਉਠਿਆ ਅਤੇ ਉਨ੍ਹਾਂ ਦੇ ਗੋਡੇ ਛੂਹ ਕੇ ਹੱਥ ਜੋੜੇ, "ਬੇਦੀ ਜੀ, ਤੁਹਾਡਾ ਸੁੱਚਾ ਸੁਭਾਅ ਜਾਣਦਿਆਂ ਸਾਨੂੰ ਇਹੋ ਜਿਹੇ ਕੰਮ ਵਾਸਤੇ ਤੁਹਾਡੇ ਕੋਲ ਆਉਣਾ ਹੀ ਨਹੀਂ ਸੀ ਚਾਹੀਦਾ। ਮੈਂ ਆਪਣੀ ਬੇਨਤੀ ਵਾਪਸ ਲੈਂਦਾ ਹਾਂ। ਮੈਂ ਹੁਣ ਨੰਬਰ ਵਧਾਉਣ ਲਈ ਬਿਲਕੁਲ ਨਹੀਂ ਆਖਦਾ। ਮੈਨੂੰ ਅਫ਼ਸੋਸ ਹੈ, ਅਸੀਂ ਤੁਹਾਨੂੰ ਤੁਹਾਡੇ ਆਦਰਸ਼ ਤੋਂ ਥਿੜਕਾਉਣ ਦੀ ਕੋਸ਼ਿਸ਼ ਕੀਤੀ। ਸਾਨੂੰ ਮਾਫ਼ ਕਰ ਦਿਉ!"

ਉਨ੍ਹਾਂ ਨੇ ਖੜ੍ਹੇ ਹੋ ਕੇ ਮੈਨੂੰ ਹਿੱਕ ਨਾਲ ਲਾਇਆ ਅਤੇ ਮਾਹੌਲ ਨੂੰ ਸਹਿਜ ਕਰਨ ਲਈ ਕਹਿੰਦੇ, "ਕੋਈ ਗੱਲ ਨਹੀਂ। ਮਨ ਨੂੰ ਨਾ ਲਾਉ। ਤੁਹਾਡੀ ਕੋਈ ਗ਼ਲਤੀ ਨਹੀਂ। ਅੱਜ-ਕੱਲ੍ਹ ਨੰਬਰ ਵਧਾਉਣ ਨੂੰ ਲੋਕ ਸਾਧਾਰਨ ਗੱਲ ਸਮਝਦੇ ਨੇ। ਤੁਸੀਂ ਕੋਈ ਅਨਹੋਣੀ ਨਹੀਂ ਕੀਤੀ।"

ਮੈਨੂੰ ਪਤਾ ਸੀ, ਸਾਂਢੂ ਦੇ ਦੋਸਤ ਨੂੰ ਮੇਰੀ ਗੱਲ ਬੁਰੀ ਲੱਗੀ ਹੋਵੇਗੀ। ਉਹ ਘਰ ਤੱਕ ਘੁੱਟਿਆ-ਵੱਟਿਆ ਜਿਹਾ ਰਿਹਾ। ਆਇਆ ਤਾਂ ਉਹ ਰਾਤ ਰਹਿਣ ਸੀ ਪਰ ਘਰ ਪਹੁੰਚ ਕੇ ਉਹਨੇ ਬੈਗ ਚੁੱਕਿਆ ਤੇ ਰੁੱਸੀ ਜਿਹੀ ਫਤਹਿ ਬੁਲਾ ਕੇ ਰਾਤ ਵਾਲੀ ਬਸ ਫੜਨ ਵਾਸਤੇ ਤੁਰ ਗਿਆ। ਉਹਨੇ ਜਾ ਕੇ ਗਿਲਾ ਕੀਤਾ, ਕੰਮ ਕੀ ਮੇਰਾ ਸੁਆਹ ਹੋਣਾ ਸੀ, ਭੁੱਲਰ ਨੇ ਤਾਂ ਆਪ ਹੀ ਕਹਿ ਦਿੱਤਾ, ਅਸੀਂ ਨੰਬਰ ਵਧਾਉਣ ਲਈ ਨਹੀਂ ਆਖਦੇ। ਕੁਦਰਤੀ ਸੀ, ਰਿਸ਼ਤੇਦਾਰ ਮੇਰੇ ਨਾਲ ਰੁੱਸ ਗਏ ਪਰ ਬੇਦੀ ਸਾਹਿਬ ਦੀ ਇੱਜ਼ਤ ਮੇਰੇ ਦਿਲ ਵਿਚ ਪਹਿਲਾਂ ਨਾਲੋਂ ਵੀ ਵਧ ਗਈ!

# ਜਪਾਨ ਜਾਣ ਲਈ ਕਵਿਤਾ ਦਾ ਪੁਲ

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਦੂਜੀ ਵੱਡੀ ਜੰਗ ਤੋਂ ਪਿੱਛੋਂ ਜੇ ਕੋਈ ਚੀਜ਼ ਨਕਲੀ ਦਿਖਾਈ ਦਿੰਦੀ ਸੀ ਤਾਂ ਉਸ ਨੂੰ ਅਸੀਂ ਜਪਾਨੀ ਮਾਲ ਕਹਿੰਦੇ ਸਾਂ। ਪਿਛਲੇ ਦਿਨਾਂ ਵਿਚ ਮੈਂ ਜਪਾਨ ਦੀ ਮੁਢਲੀ ਕਵਿਤਾ ਦਾ ਪੰਜਾਬੀ ਅਨੁਵਾਦ ਪੜ੍ਹਿਆ ਤਾਂ ਜਾਪਿਆ ਜਿਵੇਂ ਉਹ ਸਾਡੇ ਹੀ ਮੁਢਲੇ ਕਵੀਆਂ ਦੀ ਰਚਨਾ ਹੈ। ਇਸ ਦੀ ਸ਼ਿਲਪਕਾਰੀ, ਪ੍ਰਕ੍ਰਿਤੀ ਵਰਣਨ ਤੇ ਯਥਾਰਥ ਬਿਲਕੁਲ ਸਾਡੇ ਵਰਗਾ ਹੈ। ਬਹੁਤੀਆਂ ਕਵਿਤਾਵਾਂ ਵਿਚ ਅਸਲੀ ਦੁਨੀਆਂ ਦਾ ਸਰੋਦੀ ਵਰਣਨ ਹੈ।

ਪਿਆਰ ਦੀਆਂ ਸੋਚਾਂ ਪੁੰਗਰੀ ਜਾਂਦੀਆਂ
ਘਾਹ ਵਾਂਗ ਘਣੀਆਂ, ਟਹਿ ਟਹਿ ਕਰਦੀਆਂ।
ਘਾਹ ਨੂੰ ਜਿੰਨਾ ਵੱਢੋ, ਖੋਹੋ, ਖੁਰਚੋ
ਇਹ ਹੋਰ-ਹੋਰ ਪੁੰਗਰੀ ਜਾਂਦਾ ਏ।

---

ਮੇਰੇ ਜਿਹਾ ਪਿਆਰ ਕੌਣ ਰਚਾਉਂਦਾ ਏ!
ਮੈਂ ਸੁੱਕੀ ਜਾਂਦੀ ਹਾਂ, ਖੁਰੀ ਜਾਂਦੀ ਹਾਂ
ਕਮਰਬੰਦ ਹੁਣ ਤੀਹਰਾ ਬੰਨ੍ਹਾਂਗੀ।

---

ਜੇ ਮੈਂ ਮਰ ਜਾਵਾਂ, ਲੱਦ ਜਾਵਾਂ
ਤਾਂ ਮੇਰੇ ਮਨ 'ਚ ਟਿਕਾਅ ਆ ਜਾਵੇਗਾ।
ਜਿਹੋ ਜਿਹਾ ਮੈਂ ਜੀਂਦੀ ਹਾਂ,
ਸੂਰਜ ਕਦ ਚੜ੍ਹਿਆ ਤੇ ਕਦ ਲੱਥਾ,
ਨਾ ਜਾਣਾ, ਪਿਆਰ ਨੇ
ਮੈਨੂੰ ਏਨਾ ਵਿੰਨ੍ਹਿਆ ਏ

ਆਪਣੇ ਜੰਮੇ ਬਾਲਕ ਜਾਂ ਸ਼ਰਾਬ ਦੇ ਪ੍ਰਭਾਵ ਵੀ ਕੋਈ ਵਖਰੇ ਨਹੀਂ ਚਿੱਤਰੇ ਗਏ,

ਨਾ ਚਾਂਦੀ, ਨਾ ਸੋਨਾ,
ਜਾਂ ਬਹੁਮੁੱਲੇ ਹੀਰੇ
ਉਸ ਵੱਡੇ ਖਜ਼ਾਨੇ ਵਰਗੇ ਨੇ,
ਤੇ ਇਹ ਖਜ਼ਾਨਾ ਏ
ਤੁਹਾਡਾ ਆਪਣਾ ਜੰਮਿਆ ਬੱਚਾ।

---

ਹੈ ਨਾ ਤਰਸਯੋਗ ਗੱਲ!
ਦਾਰੂ ਬੰਦੇ ਨੇ ਪੀਤੀ ਨਹੀਂ
ਤੇ ਸਿਆਣਾ ਬਣ ਬਣ ਬਹਿੰਦਾ ਏ।

ਜਪਾਨੀ ਕਵੀਆਂ ਦਾ ਜੀਵਨ ਦਰਸ਼ਨ ਵੀ ਸਾਡੇ ਵਾਲਾ ਹੀ ਹੈ, 'ਦੋ ਪੈਰ ਘਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ',

ਜੇ ਮੈਂ ਇਹ ਜੀਵਨ
ਪਲ ਪਲ ਖੁਸ਼ੀ ਨਾਲ ਹੰਢਾਉਂਦਾ ਹਾਂ
ਤਾਂ ਅਗਲੇ ਜੀਵਨ ਦੀ ਕੀ ਚਿੰਤਾ
ਕੀੜਾ ਬਣਾ ਜਾਂ ਪੰਖੇਰੂ!

---

ਮੁਟਿਆਰਾਂ ਪੈਰ ਪੁੱਟਦੀਆਂ
ਨਵੇਂ ਘਰ ਜਾਂਦੀਆਂ
ਮੋਤੀਆ ਜੜੇ ਕੰਗਣ ਛਣ-ਛਣ ਕਰਦੇ,
ਹੀਰੇ ਵਰਗਾ ਇਕ ਗੱਭਰੂ ਆਉਂਦਾ
ਆਉਣ ਦਿਓ! ਬਈ ਗੱਭਰੂ ਨੂੰ
ਅੰਦਰ ਆਉਣ ਦਿਓ।

---

ਮਰਦ: ਜੇ ਬਿਜਲੀ ਕੜਕਦੀ ਏ
ਅੰਬਰ 'ਚ ਬੱਦਲ ਆਂਦੇ ਨੇ ਵਰ੍ਹ ਪੈਂਦੇ ਨੇ
ਤਾਂ ਤੈਨੂੰ ਮੇਰੇ ਕੋਲ ਰੁਕਣਾ ਪਏਗਾ।
ਇਸਤਰੀ: ਪਰ ਜੇ ਬਿਜਲੀ ਕੜਕੀ ਨਾ
ਤੇ ਬੱਦਲ ਵੀ ਵਰ੍ਹੇ ਨਾ
ਮੈਂ ਰੁਕਾਂਗੀ ਤੇਰੇ ਕੋਲ, ਤੂੰ ਆਖ ਤੇ ਸਹੀ।

ਬਸੰਤ ਬਹਾਰ ਅਤੇ ਪਤਝੜ ਦਾ ਰੰਗ ਵੀ ਕੋਈ ਘੱਟ ਸੁੰਦਰ ਨਹੀਂ ਹੈ,

ਬਸੰਤ ਦੇ ਖੇਤਾਂ ਵਿਚ
ਮੈਂ ਬਨਫਸ਼ੇ ਦੇ ਫੁੱਲ ਤੋੜਨ ਆਇਆ ਸਾਂ,
ਖੇਤਾਂ ਦਾ ਅਜਿਹਾ ਚਾਅ ਚੜ੍ਹਿਆ
ਕਿ ਰਾਤ ਭਰ ਓਥੇ ਹੀ ਲੰਮਾ ਪੈ ਰਿਹਾ।

---

ਇਹ ਨਹੀਂ ਹੁੰਦਾ ਕਿ ਬਸੰਤ
ਕੁਝ ਪਿੰਡਾਂ 'ਚ ਆਵੇ ਤੇ
ਦੂਜਿਆਂ 'ਚ ਆਵੇ ਨਾ,
ਪਰ ਇਹ ਕਿਉਂ ਹੁੰਦਾ ਏ
ਕਿ ਫੁੱਲ ਕਿਤੇ ਖੜੇ ਨੇ ਤੇ
ਕਿਤੇ ਆਏ ਹੀ ਨਹੀਂ।

---

ਤੂੰ ਕਿਹਾ ਕਿ ਮੈਂ ਹੁਣੇ ਆਉਂਦੀ ਹਾਂ
ਤੇ ਮੈਂ ਪਤਝੜ ਦੀ ਰਾਤ
ਤੈਨੂੰ ਉਡੀਕੀ ਗਿਆ,
ਪਰ ਸਵੇਰ ਦੀ ਠਰੀ ਲੋਅ 'ਚ
ਕੱਲਾ ਚੰਨ ਹੀ ਮੈਨੂੰ ਮਿਲਣ ਆਇਆ।

---

ਕੀ ਚੰਨ ਨੂੰ ਸਾਨੂੰ ਏਦਾਂ ਤਿਹਾਏ ਛਡ ਕੇ
ਕਾਹਲੀ ਕਾਹਲੀ ਛਿਪ ਜਾਣਾ ਚਾਹੀਦਾ ਏ?
ਉਹ ਪਰਬਤਾਂ ਦੇ ਕਿੰਗਰੇ! ਪਿਛਾਂਹ ਹਟ,
ਤੇ ਚੰਨ ਨੂੰ ਲਹਿਣੋ ਰੋਕ ਲੈ!

ਹੁਣ ਮੇਰੀ ਉਮਰ ਦੇ ਬੰਦਿਆਂ ਦਾ ਮਨ-ਪਸੰਦ ਤੇ ਅੰਤਮ ਟੋਟਕਾ,ਜਿਸ ਦੇਸ਼ ਦੀ ਕਵਿਤਾ ਏਨੀ ਦੁੱਧ ਧੋਤੀ ਤੇ ਜਾਨਦਾਰ ਹੋਵੇ ਉਨ੍ਹਾਂ ਦੀ ਕੋਈ ਉਪਜ ਨਕਲੀ ਕਿਵੇਂ ਹੋ ਸਕਦੀ ਹੈ। ਜੰਗ ਦੇ ਦਿਨਾਂ 'ਚ ਸਾਡੀ ਨਜ਼ਰ ਹੀ ਜੰਗਾਲੀ ਹੋਈ ਸੀ।

ਮੈਨੂੰ ਜਪਾਨ ਦੀ ਕਵਿਤਾ ਦੇ ਇਹ ਟੋਟਕੇ ਪੰਜਾਬੀ ਅਕਾਡਮੀ, ਦਿੱਲੀ ਦੇ ਦੋ-ਮਾਸਕ ਰਸਾਲੇ ਸਮਰਦਸ਼ੀ ਦੇ ਮਾਰਚ-ਅਪਰੈਲ ਅੰਕ ਵਿਚੋਂ ਮਿਲੇ ਹਨ। ਪੂਰਾ ਅੰਕ ਜਪਾਨੀ ਕਵਿਤਾ ਨਾਲ ਮਾਲਾ ਮਾਲ ਹੈ ਤੇ ਇਸ ਕਵਿਤਾ ਦਾ ਪੰਜਾਬੀ ਅਨੁਵਾਦ ਪ੍ਰੋ. ਇੰਦੇ ਨੇ ਕੀਤਾ ਹੈ।

### ਅੰਗਰੇਜ਼ਾਂ ਦੀ ਦਿੱਤੀ ਅੰਗਰੇਜ਼ੀ ਭਾਸ਼ਾ ਇੱਕ ਦਾਤ

ਸਾਡੀ ਰਿਸ਼ਤੇਦਾਰੀ ਵਿਚ ਇੱਕ ਬਜ਼ੁਰਗ ਹੈ ਬੰਤਾ ਸਿੰਘ। ਉਸ ਨੇ ਹੋਰ ਵਰ੍ਹੇ-ਖੰਡ ਤਾਈਂ ਸੌ ਸਾਲ ਦਾ ਹੋ ਜਾਣਾ ਹੈ। ਸਿਹਤ ਠੀਕ ਹੈ। ਪਰ ਹੁਣ ਆਪਣੀ ਜ਼ਿੰਦਗੀ ਦੇ ਕੁਝ ਤੱਥ ਦੁਹਰਾਉਣ ਲਗ ਪਿਆ ਹੈ। ਬਿਆਸਾ ਵਾਲੇ ਰਾਧਾਸੁਆਮੀਆਂ ਦਾ ਪੈਰੋਕਾਰ ਹੋਣ ਕਾਰਨ ਬਹੁਤੇ ਤੱਥ ਉਸ ਡੇਰੇ ਦੀ ਉਸਤਤ ਵਿਚ ਹੁੰਦੇ ਹਨ। ਪਰ ਗੋਰੀ ਸਰਕਾਰ ਵਲੋਂ ਦਿੱਤੀਆਂ ਰੇਲ ਗੱਡੀਆਂ ਤੇ ਨਹਿਰਾਂ ਵੀ ਉਸ ਦੇ ਚੇਤੇ ਵਿਚ ਉਕਰੀਆਂ ਹੋਈਆਂ ਹਨ। ਉਸ ਦਾ ਮੱਤ ਹੈ ਕਿ ਜੇ ਅੰਗਰੇਜ਼ ਨਹਿਰਾਂ ਨਾ ਪੁੱਟਦੇ ਤਾਂ ਪੰਜਾਬ ਦੀ ਕਿਸਾਨੀ ਰੁਲ ਜਾਣੀ ਸੀ। ਅਤੇ ਜੇ ਉਹ ਰੇਲ ਗੱਡੀਆਂ ਦਾ ਜਾਲ ਨਾ ਵਿਛਾਉਂਦੇ ਤਾਂ ਦੇਸ਼ ਦਾ ਏਨਾ ਵਿਕਾਸ ਨਹੀਂ ਸੀ ਹੋਣਾ ਜਿੰਨਾ ਰੇਲਾਂ ਕਾਰਨ ਹੋਇਆ ਤੇ ਇਨ੍ਹਾਂ ਤੋਂ ਵੀ ਵੱਡਾ ਤੱਥ ਇਹ ਕਿ ਉਨ੍ਹਾਂ ਦੀ ਦਿੱਤੀ ਅੰਗਰੇਜ਼ੀ ਭਾਸ਼ਾ ਨੇ ਸਾਡੇ ਦੇਸ਼ ਨੂੰ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਬੰਨ੍ਹਿਆ ਹੋਇਆ ਹੈ। ਜੇ ਭਾਰਤੀਆਂ ਨੂੰ ਅੰਗਰੇਜ਼ੀ ਨਾ ਆਉਂਦੀ ਹੁੰਦੀ ਤਾਂ ਇਸ ਦੇਸ਼ ਨੇ ਹੁਣ ਤੱਕ ਖਿੰਡ ਪੁੰਡ ਜਾਣਾ ਸੀ।

ਲੰਘੇ ਸਪਤਾਹ ਇਕ ਪੂਰਾ ਦਿਨ ਬੰਤਾ ਸਿੰਘ ਨੂੰ ਸਾਡੇ ਘਰ ਰਹਿਣਾ ਪਿਆ। ਮੈਂ ਨੋਟ ਕੀਤਾ ਕਿ ਐਤਕੀਂ ਦੀ ਫੇਰੀ ਸਮੇਂ ਉਹ ਅੰਗਰੇਜ਼ਾਂ ਦੀ ਦੇਣ ਨੂੰ ਵੀ ਰਾਧਾਸੁਆਮੀਆਂ ਦੀ ਦੇਣ ਦੇ ਬਰਾਬਰ ਹੀ ਤੋਲ ਰਹੇ ਸਨ। ਖਾਸ ਕਰਕੇ ਅੰਗਰੇਜ਼ੀ ਦੇ ਗਿਆਨ ਤੋਂ ਉਪਜੀ ਏਕਤਾ ਨੂੰ। ਉਹ ਰੇਡੀਓ, ਟੀ ਵੀ ਅਤੇ ਸਮਾਚਾਰ ਪੱਤਰ ਨਹੀਂ ਪੜ੍ਹ ਦੇਖ ਸਕਦੇ। ਪਰ ਆਪਣੇ ਕੱਢੇ ਤੱਥਾਂ ਉਤੇ ਪਹਿਰਾ ਦਿੰਦੇ ਹਨ। ਇਸ ਵਾਰੀ ਉਨ੍ਹਾਂ ਦੇ ਕੱਢੇ ਤੱਥਾਂ ਵਿਚੋਂ ਜਿਸ ਤੱਥ ਨੇ ਮੈਨੂੰ ਪ੍ਰਭਾਵਤ ਕੀਤਾ, ਉਹ ਅੰਗਰੇਜ਼ੀ ਭਾਸ਼ਾ ਰਾਹੀਂ ਪ੍ਰਾਪਤ ਹੋਈ ਏਕਤਾ ਵਾਲਾ ਸੀ। ਮੈਂ ਇਹ ਤੱਥ ਮੋਦੀ ਸਰਕਾਰ ਦੇ ਕੰਨੀਂ ਪਾਉਣਾ ਚਾਹੁੰਦਾ ਹਾਂ ਜਿਹੜੀ ਦੇਸ਼ ਦੇ ਨਾਜ਼ੁਕ ਮੋਢਿਆਂ ਨੂੰ ਹਿੰਦੀ ਭਾਸ਼ਾ ਤੇ ਭਾਰ ਨਾਲ ਦਬਾਉਣਾ ਚਾਹੁੰਦੇ ਹਨ। ਹੈ ਕੋਈ ਸੁਣਦਾ?

**ਅੰਤਿਕਾ:**

*(ਸਿਮਰਜੀਤ ਸਿੰਮੀ ਦੀ ਕਵਿਤਾ 'ਰੜਕ')*

ਅੱਜ ਮੁੱਦਤਾਂ ਬਾਅਦ
ਮੁਹੱਬਤ ਦੀ ਰੜਕ ਦਿਲ 'ਚ ਉਠੀ,
ਜਿਵੇਂ ਕੋਈ ਪੁਰਾਣੀ ਸੱਟ
ਪੁਰੇ ਦੀ ਵਾਅ ਨਾਲ ਚਮਕਦੀ ਏ।
ਸੋਚਿਆ ਸੀ ਜੰਗਲ ਦੀ ਅੱਗ
ਬੁੱਝ ਗਈ ਹੋਊ ਹੁਣ ਤੱਕ
ਪਰ ਨਹੀਂ, ਇਹ ਤਾਂ ਧੁਖਦੀ ਏ ਹਾਲੇ ਵੀ।

## ਹਾਇਕੂ

ਟੀਕਾ ਦੁੱਖਦਾ ਲੱਗਣ ਤੋਂ ਪਹਿਲੋਂ,
ਸੱਟ ਦੁੱਖੇ ਲੱਗਣ ਤੋਂ ਬਾਅਦ।

ਅਸੀਂ ਕਿੰਨੇ ਢੋਂਗੀ
ਇਕ ਦਿਨ ਮਾਂ ਦਿਵਸ
364 ਦਿਨ ਨਲਾਇਕ ਪੁੱਤਰ ਹਾਂ।
***-ਜਨਮੇਜਾ ਸਿੰਘ ਜੌਹਲ***

## ਸੱਠ ਸਾਲਾਂ ਦਾ ਰਾਜਸੀ ਤਜ਼ਰਬਾ

# ਬਾਦਲ ਦੇ ਰਾਜ 'ਚ ਪੰਜਾਬ ਦਾ ਇਹ ਹਾਲ ਕਿਉਂ?

### ਸਿਆਸਤ ਦਾ ਪਿੜ



■ ਜਤਿੰਦਰ ਪਨੂੰ
ਫੋਨ: 91-98140-68455

ਉਮਰ ਦੇ ਸਤਾਸੀਵੇਂ ਸਾਲ ਵਿਚ ਚੱਲ ਰਹੇ ਪ੍ਰਕਾਸ਼ ਸਿੰਘ ਬਾਦਲ ਦੇ ਬਰਾਬਰ ਦਾ ਰਾਜਸੀ ਤਿਕੜਮਾਂ ਦੇ ਪੱਖ ਤੋਂ ਮਾਹਰ ਆਗੂ ਸ਼ਾਇਦ ਪੰਜਾਬ ਵਿਚ ਦੂਸਰਾ ਨਹੀਂ ਹੋਵੇਗਾ। ਉਸ ਦੀਆਂ ਸਿਫਤਾਂ ਕਰਨ ਲਈ ਵੀ ਉਸ ਦੇ ਪੁੱਤਰ ਦੇ ਇਹ ਗੱਲ ਕਹਿਣ ਨੂੰ ਕਾਫੀ ਨਾ ਮੰਨੀਏ ਕਿ ਮੇਰੇ ਬਾਪ ਨਾਲ ਦਾ ਵਧੀਆ ਬਾਪ ਸਾਰੀ ਦੁਨੀਆਂ ਵਿਚ ਨਹੀਂ। ਏਦਾਂ ਦੀ ਗੱਲ ਪਿਛਲੇ ਸਮੇਂ ਵਿਚ ਉਸ ਦਾ ਬਾਪ ਵੀ ਸਨਅਤਕਾਰਾਂ ਦੇ ਇੱਕ ਸਮਾਗਮ ਵਿਚ ਆਪਣੇ ਪੁੱਤਰ ਸੁਖਬੀਰ ਸਿੰਘ ਦੇ ਬਾਰੇ ਕਹਿ ਚੁੱਕਾ ਹੈ ਕਿ ਮੇਰੇ ਹੋਣਹਾਰ ਪੁੱਤਰ ਵਰਗਾ ਦੂਸਰਾ ਸਿਆਣਾ ਪੁੱਤਰ ਮਿਲਣਾ ਮੁਸ਼ਕਲ ਹੈ। ਬਾਪ-ਬੇਟਾ ਹੀ ਨਹੀਂ, ਉਨ੍ਹਾਂ ਦੇ ਖੱਬੇ-ਸੱਜੇ ਵੀ ਇਹੋ ਜਿਹੇ ਬਥੇਰੇ ਢੰਡੋਰਚੀ ਫਿਰਦੇ ਹਨ, ਜਿਹੜੇ ਕਿਸੇ ਦੇ ਧੀ-ਪੁੱਤਰ ਦੀ ਸ਼ਾਦੀ ਮੌਕੇ ਆਸ਼ੀਰਵਾਦ ਦੇਣ ਦੇ ਬਹਾਨੇ ਜਾਂ ਕਿਸੇ ਦੇ ਘਰ ਮਰਗ ਦੇ ਭੋਗ ਮੌਕੇ ਸ਼ਰਧਾਂਜਲੀ ਭੇਟ ਕਰਦੇ ਹੋਏ ਵੀ ਵਲਾਵਾਂ ਪਾ ਕੇ ਆਪਣੇ ਆਗੂ ਬਾਦਲ ਬਾਪ-ਬੇਟੇ ਦੇ ਸੋਹਲੇ ਗਾ ਸਕਦੇ ਹਨ। ਇਹ ਹਕੀਕਤ ਦਾ ਇੱਕ ਪੱਖ ਹੈ।

ਦੂਸਰਾ ਪੱਖ ਇਹ ਹੈ ਕਿ ਰਾਜਸੀ ਤਿਕੜਮਾਂ ਨਾਲ ਰਾਜ ਚਲਾਉਣ ਦੇ ਮਾਹਰ ਸ. ਪ੍ਰਕਾਸ਼ ਸਿੰਘ ਬਾਦਲ ਸਿਰਫ ਤਿਕੜਮਾਂ ਲੜਾ ਸਕਣ ਦੇ ਪੱਖੋਂ ਮਾਹਰ ਹਨ, ਰਾਜ ਨੂੰ ਚਲਾਉਣ ਅਤੇ ਅੱਗੇ ਲਿਜਾਣ ਦੇ ਪੱਖ ਤੋਂ ਹਕੀਕੀ ਮਾਹਰ ਨਹੀਂ ਬਣ ਰਹੇ। ਗੁਫਤਾਰ ਦੇ ਗਾਜ਼ੀ ਬਣਨਾ ਹੋਰ ਗੱਲ ਹੁੰਦੀ ਹੈ ਅਤੇ ਅਮਲ ਉਸ ਤੋਂ ਵੱਖਰਾ ਗੁਣ ਹੁੰਦੇ ਹਨ। ਕਿਸੇ ਥਾਂ ਇਕੱਠੇ ਕੀਤੇ ਹੋਏ ਲੋਕਾਂ ਨੂੰ ਆਪਣੇ ਭਾਸ਼ਣ ਨਾਲ ਕੀਲ ਸਕਣ ਵਾਲੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮੁੱਦੇ ਉਤੇ ਸੇਧਤ ਸਵਾਲਾਂ ਦਾ ਸਾਹਮਣਾ ਕਰਨ ਤੋਂ ਇਹ ਕਹਿ ਕੇ ਖਿਸਕਦੇ ਵੇਖਿਆ ਗਿਆ ਹੈ ਕਿ ਮੈਨੂੰ ਇਸ ਗੱਲ ਬਾਰੇ ਪੂਰਾ ਪਤਾ ਨਹੀਂ ਤੇ ਇਹ ਕਹਿ ਕੇ ਪੱਲਾ ਛੁਡਾਉਂਦੇ ਵੀ ਵੇਖਿਆ ਗਿਆ ਹੈ ਕਿ ਅਗਲੇ ਪ੍ਰੋਗਰਾਮ ਦੀ ਜਲਦੀ ਹੈ। ਜਦੋਂ ਕਿਸੇ ਗੱਲ ਦਾ ਜਵਾਬ ਨਾ ਸੁੱਝੇ ਤਾਂ ਉਹ ਭਖਦੇ ਮੁੱਦੇ ਨੂੰ ਛੱਡ ਕੇ ਆਪਣੇ ਸਿਆਸੀ ਵਿਰੋਧੀਆਂ ਵੱਲ ਚਾਂਦਮਾਰੀ ਕਰਨ ਦਾ ਰਾਹ ਫੜ ਲੈਂਦੇ ਹਨ। ਪੰਜਾਬ ਦੇ ਦੁਖਾਂਤ ਦੇ ਦਿਨਾਂ ਦੌਰਾਨ ਉਨ੍ਹਾਂ ਦੇ ਭਾਸ਼ਣਾਂ ਵਿਚ ਭਾਰਤੀ ਜਨਤਾ ਪਾਰਟੀ ਵਾਲਿਆਂ ਬਾਰੇ ਉਨ੍ਹਾਂ ਦੇ ਕਹੇ ਕਈ ਸ਼ਬਦ ਵੀ ਯਾਦ ਕਰਵਾਏ ਜਾ ਸਕਦੇ ਹਨ ਤੇ ਇਹ ਵੀ ਕਿ ਜਿਨ੍ਹਾਂ ਲੀਡਰਾਂ ਬਾਰੇ ਕੌੜਾ ਅਤੇ ਕੁਸੈਲਾ ਬੋਲਿਆ ਸੀ, ਉਨ੍ਹਾਂ ਦੇ ਨਾਲ ਬਾਅਦ ਵਿਚ ਰਾਜਨੀਤਕ ਲੋੜ ਲਈ ਜੱਫੀ ਵੀ ਪਾ ਲਈ ਸੀ। ਪੰਜਾਬ ਦੇ ਬਹੁਤ ਸਾਰੇ ਲੋਕ ਇਹ ਗੱਲ ਨਹੀਂ ਜਾਣਦੇ ਕਿ ਪੁਲਿਸ ਦੇ ਸਾਬਕਾ ਮੁਖੀ ਕੇ ਪੀ ਐਸ ਗਿੱਲ ਦੇ ਖਿਲਾਫ ਜਿਹੜੇ ਦਿਨਾਂ ਵਿਚ ਬਾਦਲ ਦੀ ਬਿਆਨਬਾਜ਼ੀ ਨਾਲ ਅਖਬਾਰਾਂ ਦੇ ਸਫੇ ਭਰੇ ਹੁੰਦੇ ਸਨ, ਉਸੇ ਗਿੱਲ ਦੇ ਪਿਤਾ ਵਾਲੇ ਘਰ ਆਪੋ ਵਿਚ ਦੋਵੇਂ ਜਣੇ ਮਿਲ ਵੀ ਲੈਂਦੇ ਹੁੰਦੇ ਸਨ। ਇਹ ਗੱਲ ਕੇ ਪੀ ਐਸ ਗਿੱਲ ਬਾਰੇ ਕਿਤਾਬ ਵਿਚ ਵੀ ਬਹੁਤ ਸਾਫ ਲਿਖੀ ਹੋਈ ਹੈ ਤੇ ਇਸ ਦਾ ਕਦੀ ਖੰਡਨ ਵੀ ਨਹੀਂ ਕੀਤਾ ਗਿਆ। ਬਹੁਤ ਸਾਰੀਆਂ ਗੁੰਝਲਾਂ ਹਨ ਇਸ ਮਹਾਨ ਆਗੂ ਬਾਰੇ।

ਜਿਹੜੀਆਂ ਬਹੁਤ ਸਾਰੀਆਂ ਗੁੰਝਲਾਂ ਪ੍ਰਕਾਸ਼ ਸਿੰਘ ਬਾਦਲ ਬਾਰੇ ਹਨ, ਉਨ੍ਹਾਂ ਵਿਚ ਇੱਕ ਉਨ੍ਹਾਂ ਦਾ ਕਈ ਵਾਰੀ ਦਿੱਤਾ ਇਹ ਬਿਆਨ ਵੀ ਹੈ ਕਿ ਕਾਂਗਰਸ ਪਾਰਟੀ ਤਾਂ ਮੁੱਢਾਂ ਤੋਂ ਸਿੱਖਾਂ ਤੇ ਪੰਜਾਬ ਦੀ ਦੁਸ਼ਮਣ ਰਹੀ ਹੈ, ਜਿਸ ਕਰ ਕੇ ਪੰਜਾਬ ਦੇ ਲੋਕਾਂ ਦੀ ਤਰੱਕੀ ਦੇ ਰਾਹ ਵਿਚ ਲਗਾਤਾਰ ਅੜਚਣਾਂ ਪਾਈਆਂ ਜਾਂਦੀਆਂ ਰਹੀਆਂ ਹਨ। ਇਹ ਬਿਆਨ ਦੇਣ ਦੀ ਹਿੰਮਤ ਉਸ ਆਗੂ ਨੇ ਦਿਖਾਈ ਹੈ, ਜਿਸ ਦੇ ਬਾਰੇ ਭਾਰਤ ਦੇ ਚੋਣ ਕਮਿਸ਼ਨ ਦੇ



ਰਿਕਾਰਡ ਵਿਚ ਇਹ ਤੱਥ ਦਰਜ ਹੈ ਕਿ ਮਲੋਟ ਦੇ ਦੋਹਰੇ ਵਿਧਾਨ ਸਭਾ ਹਲਕੇ ਦੀ ਜਨਰਲ ਸੀਟ ਤੋਂ ਭਾਰਤੀ ਕਮਿਊਨਿਸਟ ਪਾਰਟੀ ਦੇ ਚਿਰੰਜੀ ਲਾਲ ਧੀਰ ਨੂੰ 1957 ਵਿਚ ਕਾਂਗਰਸ ਪਾਰਟੀ ਦੇ ਉਮੀਦਵਾਰ ਪ੍ਰਕਾਸ਼ ਸਿੰਘ ਬਾਦਲ ਨੇ ਹਰਾਇਆ ਸੀ।

ਹੁਣ ਉਹ ਅੱਸੀ ਸਾਲ ਦੀ ਉਮਰ ਟੱਪ ਕੇ ਉਸ ਅਵਸਥਾ ਵਿਚ ਹਨ, ਜਿੱਥੇ ਪੁੱਜ ਕੇ ਬੰਦੇ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਲੋਕਾਚਾਰੀ ਦਾ ਧਿਆਨ ਰੱਖ ਕੇ ਬੋਲੇਗਾ, ਪਰ ਬਾਦਲ ਸਾਹਿਬ ਅਜੇ ਵੀ ਆਪਣੇ ਉਸੇ ਸੱਠ ਸਾਲ ਪੁਰਾਣੇ ਪੜੁੱਲ ਤੋਂ ਰਾਜਸੀ ਛਾਲ ਮਾਰਨ ਨੂੰ ਤਿਆਰ ਰਹਿੰਦੇ ਹਨ। ਗੰਭੀਰ ਮੁੱਦਿਆਂ ਬਾਰੇ ਗੱਲ ਕਰਨ ਲਈ ਲੋਕ ਜਾਣ ਤਾਂ ਲਤੀਫੇ ਸੁਣ ਕੇ ਮੁੜ ਆਉਂਦੇ ਹਨ। ਜਦੋਂ ਕਿਸੇ ਥਾਂ ਉਪ ਚੋਣ ਆ ਜਾਵੇ, ਬਾਦਲ ਸਾਹਿਬ ਖਜ਼ਾਨੇ ਦੇ ਮੂੰਹ ਖੋਲ੍ਹ ਦਿੰਦੇ ਹਨ। ਚੋਣਾਂ ਦੇ ਦਿਨਾਂ ਤੋਂ ਬਿਨਾਂ ਕਿਸੇ ਵੀ ਕੰਮ ਲਈ ਕਿਸੇ ਵਿਭਾਗ ਦੀ ਕੋਈ ਲੋੜ ਪੇਸ਼ ਕੀਤੀ ਜਾਵੇ ਤਾਂ ਸਰਕਾਰ ਦੇ ਉਸੇ ਖਜ਼ਾਨੇ ਦੀ ਮੰਦੀ ਹਾਲਤ ਦਾ ਹਵਾਲਾ ਦਿੱਤਾ ਜਾਂਦਾ ਹੈ। ਸੱਤ ਸਾਲ ਪਹਿਲਾਂ ਜਦੋਂ ਉਨ੍ਹਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਪਰੇ ਧੱਕ ਕੇ ਕੁਰਸੀ ਸੰਭਾਲੀ ਸੀ, ਉਹ ਪਹਿਲੇ ਦੋ ਸਾਲ ਇਹ ਦੁਹਾਈ ਦੇਈ ਗਏ ਕਿ ਖਜ਼ਾਨਾ ਅਮਰਿੰਦਰ ਸਿੰਘ ਖਾਲੀ ਕਰ ਗਿਆ ਹੈ, ਪਰ ਹੁਣ ਜਦੋਂ ਅਮਰਿੰਦਰ ਸਿੰਘ ਗਏ ਨੂੰ ਵਿਧਾਨ ਸਭਾ ਦੀ ਡੇਢ ਮਿਆਦ ਗੁਜ਼ਰ ਚੁੱਕੀ ਹੈ, ਇਹ ਖਜ਼ਾਨਾ ਅਜੇ ਵੀ ਖਾਲੀ ਦਾ ਖਾਲੀ ਹੈ। ਸੱਚਾਈ ਇਹ ਹੈ ਕਿ ਇਹ ਖਾਲੀ ਹੀ ਰਹਿਣਾ ਹੈ। ਜਿਸ ਹਿਸਾਬ ਨਾਲ ਇਸ ਦੀ ਵਰਤੋਂ ਘੱਟ ਤੇ ਦੁਰਵਰਤੋਂ ਵੱਧ ਕੀਤੀ ਜਾਂਦੀ ਹੈ, ਇਹ ਭਰ ਹੀ ਨਹੀਂ ਸਕਦਾ। ਡਾ. ਮਨਮੋਹਨ ਸਿੰਘ ਕਾਂਗਰਸੀ ਹੋਣ ਦੇ ਨਾਲ ਸਿੱਖ ਵੀ ਸੀ ਤੇ ਇਸ ਗੱਲੋਂ ਡਰਦਾ ਰਹਿੰਦਾ ਸੀ ਕਿ ਉਸ ਨੂੰ ਅਕਾਲ ਤਖਤ ਤੋਂ ਪੇਸ਼ੀ ਵਾਸਤੇ ਸੰਮਨ ਨਾ ਕੱਢਵਾ ਦਿੱਤੇ ਜਾਣ, ਇਸ ਕਰ ਕੇ ਉਹ ਏਨੇ ਫੰਡ ਦੇਈ ਗਏ, ਜਿੰਨੇ ਅਟਲ ਬਿਹਾਰੀ ਵਾਜਪਾਈ ਦੀ ਅਕਾਲੀਆਂ ਦੀ ਸਾਂਝ ਵਾਲੀ ਸਰਕਾਰ ਨੇ ਨਹੀਂ ਸੀ ਦਿੱਤੇ। ਏਨੇ ਫੰਡ ਆਏ ਵੀ ਪੰਜਾਬ ਸਰਕਾਰ ਦੇ ਖਜ਼ਾਨੇ ਦਾ ਥੱਲਾ ਢੱਕਣ ਜੋਗੇ ਸਾਬਤ ਇਸ ਕਰ ਕੇ ਨਹੀਂ ਹੋਏ ਕਿ ਇਸ ਖਜ਼ਾਨੇ ਦੀ ਗਾਗਰ ਵਿਚ ਛੇਕ ਹੀ ਛੇਕ ਹਨ।

ਦੂਸਰਾ ਪਾਸਾ ਪੰਜਾਬ ਵਿਚ ਬਦ-ਅਮਨੀ ਦਾ ਹੈ। ਜਦੋਂ ਅੰਮ੍ਰਿਤਸਰ ਵਿਚ ਇੱਕ ਥਾਣੇਦਾਰ ਨੂੰ ਚਿੱਟੇ ਦਿਨ ਭਰੇ ਬਾਜ਼ਾਰ ਵਿਚ ਛੇਹਰਟੇ ਥਾਣੇ ਦੇ ਦਰਵਾਜ਼ੇ ਤੋਂ ਸਿਰਫ ਸੌ ਗਜ਼ ਦੂਰ ਗੋਲੀਆਂ ਮਾਰ ਕੇ ਮਾਰਿਆ ਗਿਆ ਸੀ ਤੇ ਗੋਲੀਆਂ ਮੁੱਕ ਜਾਣ ਉਤੇ ਕਾਤਲ ਆਪਣੇ ਘਰੋਂ ਜਾ ਕੇ ਹੋਰ ਗੋਲੀਆਂ ਲਿਆ ਕੇ ਮਾਰਦਾ ਰਿਹਾ ਸੀ, ਉਦੋਂ ਲੋਕ ਇਹ ਆਸ ਕਰ ਰਹੇ ਸਨ ਕਿ ਹੁਣ ਮੁੱਖ ਮੰਤਰੀ ਸਾਹਿਬ ਕੁਝ ਨਾ ਕੁਝ ਕਰਨਗੇ, ਪਰ ਉਨ੍ਹਾਂ ਨੇ ਕੀਤਾ ਨਹੀਂ ਸੀ। ਫਿਰ ਫਰੀਦਕੋਟ ਦੀ ਇੱਕ ਧੀ ਚਿੱਟੇ ਦਿਨ ਪੁਲਿਸ ਵਾਲਿਆਂ ਦੀ ਹਾਜ਼ਰੀ ਵਿਚ ਚੁੱਕੀ ਗਈ, ਅਗਵਾਕਾਰ ਦੀ ਕਾਰ ਪੰਜਾਬ ਤੋਂ ਨਿਕਲ ਜਾਣ ਦੀ ਸੌਖ ਲਈ ਹਰ ਨਾਕੇ ਵਾਲੇ ਰਾਹ ਛੱਡਦੇ ਗਏ ਤੇ ਸਾਰਾ ਫਰੀਦਕੋਟ ਜ਼ਿਲ੍ਹਾ ਉਬਲ ਪਿਆ, ਬਾਦਲ ਨੇ ਤਿੰਨ ਦਿਨ ਬਾਅਦ ਵੀ ਪੱਤਰਕਾਰਾਂ ਨੂੰ ਇਹ ਕਹਿ ਦਿੱਤਾ ਸੀ ਕਿ ਮੈਨੂੰ ਹਾਲੇ ਇਸ ਦਾ ਪਤਾ ਨਹੀਂ। ਲੁਧਿਆਣੇ ਵਿਚ ਇੱਕ ਪੁਲਿਸ ਅਫਸਰ ਨੂੰ ਇੱਕ ਰੈਸਟੋਰੈਂਟ ਵਿਚ ਕੁੱਟ ਕੇ ਉਸ ਦੀ ਲੱਤ ਤੋੜ ਦਿੱਤੀ ਗਈ ਤੇ ਫਿਰ ਇਹ ਕਹਿਣ ਨੂੰ ਮਜਬੂਰ ਕੀਤਾ ਗਿਆ ਕਿ ਕਿਸੇ ਨੇ ਕੁੱਟਿਆ ਨਹੀਂ, ਪੌੜੀਆਂ ਤੋਂ ਡਿੱਗ ਪਿਆ ਹਾਂ, ਹਾਲਾਂਕਿ ਸੀ ਸੀ ਟੀ ਵੀ ਕੈਮਰੇ ਦੀ ਫੁੱਟੇਜ ਸਾਰੀ ਕਹਾਣੀ ਦੱਸੀ ਜਾਂਦੀ ਸੀ, ਉਦੋਂ ਵੀ ਮੁੱਖ ਮੰਤਰੀ ਸਾਹਿਬ ਚੁੱਪ ਕੀਤੇ ਰਹੇ। ਲੋਕਾਂ ਨੇ ਉਨ੍ਹਾਂ ਨੂੰ ਰਾਜ ਦਾ ਮੁੱਖ ਮੰਤਰੀ ਇਸ ਲਈ ਨਹੀਂ ਬਣਾਇਆ ਕਿ ਉਹ ਅਹਿਮ ਮੌਕਿਆਂ ਉਤੇ ਚੁੱਪ ਵੱਟ ਜਾਇਆ ਕਰਨ, ਸਗੋਂ ਇਸ ਲਈ ਬਣਾਇਆ ਹੈ ਕਿ ਉਹ ਇਸ ਰਾਜ ਦੇ ਨਾਗਰਿਕਾਂ ਦੇ ਜਾਨ ਤੇ ਮਾਲ ਦੀ ਰਾਖੀ ਦੀ ਗਾਰੰਟੀ ਦਾ ਫਰਜ਼ ਪੂਰਾ ਕਰਨ।

ਅਸੀਂ ਇਹ ਗੱਲਾਂ ਇਸ ਵੇਲੇ ਇਸ ਲਈ ਕਹੀਆਂ ਹਨ ਕਿ ਬਾਦਲ ਸਾਹਿਬ ਨਾਲ ਨੇੜਤਾ ਵਾਲੇ ਲੋਕ ਕਹਿੰਦੇ ਹਨ ਕਿ ਬਾਦਲ ਸਾਹਿਬ ਹੁਣ ਹਾਲਾਤ ਦੀ ਚਿੰਤਾ ਕਰ ਰਹੇ ਹਨ। ਉਨ੍ਹਾਂ ਨੂੰ ਚਿੰਤਾ ਕਰਨੀ ਵੀ ਚਾਹੀਦੀ ਹੈ। ਦੇਰ ਨਾਲ ਹੀ ਸਹੀ, ਉਹ ਚਿੰਤਾ ਕਰਨ ਲੱਗੇ ਹਨ, ਪਰ ਅਜੇ ਵੀ ਉਨ੍ਹਾਂ ਦੇ ਬਿਆਨਾਂ ਤੋਂ ਇਹ ਨਹੀਂ ਜਾਪਦਾ ਕਿ ਉਹ ਰੋਗ ਦੀ ਜੜ੍ਹ ਫੜਨਾ ਚਾਹੁੰਦੇ ਹਨ। ਜਦੋਂ ਤੱਕ ਰੋਗ ਦੀ ਜੜ੍ਹ ਨਾ ਫੜੀ, ਇਹ ਚਿੰਤਾ ਵੀ ਰਾਜਸੀ ਚਿੰਤਾ ਰਹਿ ਜਾਵੇਗੀ।

ਰੋਗ ਦੀ ਜੜ੍ਹ ਉਨ੍ਹਾਂ ਦੇ ਕਈ ਸਾਲਾਂ ਦੇ ਇਸ ਰਟਨ-ਮੰਤਰ ਵਿਚ ਹੈ ਕਿ 'ਦਿੱਲੀ ਦਰਬਾਰ' ਤਾਂ ਪੰਜਾਬੀਆਂ ਦਾ ਦੁਸ਼ਮਣ ਹੈ। ਜਦੋਂ ਉਨ੍ਹਾਂ ਦੇ ਵਿਰੋਧ ਦੀ ਰਾਜਨੀਤੀ ਵਾਲਿਆਂ ਨੇ ਆਪ ਪਿੱਛੇ ਬੈਠ ਕੇ ਡਾ. ਮਨਮੋਹਨ ਸਿੰਘ ਦੇ ਹੱਥ ਕਮਾਨ ਦਿੱਤੀ ਹੋਈ ਸੀ, ਇਹ ਰਟਨ-ਮੰਤਰ ਲੋਕਾਂ ਉਤੇ ਕੰਮ ਕਰ ਜਾਂਦਾ ਸੀ, ਪਰ ਅਕਾਲੀਆਂ ਦੀ ਸਾਂਝ ਵਾਲੀ ਸਰਕਾਰ ਦੇ ਕੇਂਦਰ ਵਿਚ ਆ ਜਾਣ ਨਾਲ ਇਹ ਮੰਤਰ ਅਸਰ ਕਰਨੋਂ ਹਟਦਾ ਜਾਂਦਾ ਹੈ। ਕਾਂਗਰਸੀ ਰਾਜ ਵੇਲੇ ਉਹ ਇਹ ਕਹਿੰਦੇ ਸਨ ਕਿ ਪੰਜਾਬ ਵਿਚ ਨਸ਼ੇ ਦੀਆਂ ਖੇਪਾਂ ਸਰਹੱਦਾਂ ਪਾਰ ਕਰ ਕੇ ਆ ਜਾਂਦੀਆਂ ਹਨ ਅਤੇ ਬੀ ਐਸ ਐਫ ਵਾਲੇ ਰੋਕਦੇ ਨਹੀਂ, ਪਰ ਇਹ ਗੱਲ ਭਾਜਪਾ ਦੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਨਹੀਂ ਸੁਣਨੀ। ਹਾਲਾਤ ਵਿਚ ਵੱਖਰੀ ਤਬਦੀਲੀ ਇਹ ਵੀ ਹੈ ਕਿ ਜਿਹੜੀ ਭਾਜਪਾ ਹੁਣ ਤੱਕ ਪੰਜਾਬ ਵਿਚ ਅਕਾਲੀਆਂ ਦੇ ਭਾਂਡੇ ਮਾਂਜਣ ਤੱਕ ਸੀਮਤ ਹੋ ਕੇ ਰਹਿ ਗਈ ਸੀ, ਉਹ ਸਿਰ ਚੁੱਕ ਕੇ ਅੱਖ ਵਿਚ ਅੱਖ ਪਾ ਕੇ ਗੱਲ ਕਰ ਰਹੀ ਹੈ ਤੇ ਭਾਜਪਾ ਆਗੂ ਸਾਫ ਆਖਦੇ ਹਨ ਕਿ ਨਸ਼ੇ ਦਾ ਵਪਾਰ ਅਕਾਲੀਆਂ ਨਾਲ ਜੁੜੇ ਬੰਦੇ ਕਰਦੇ ਹਨ। ਬਾਦਲ ਸਾਹਿਬ ਕਾਂਗਰਸੀਆਂ ਦੀ ਕਹੀ ਗੱਲ ਕੱਟ ਜਾਂਦੇ ਹਨ, ਪਰ ਭਾਜਪਾ ਵਾਲਿਆਂ ਦੇ ਇਸ ਤਰ੍ਹਾਂ ਕਹਿਣ ਉਤੇ ਚੁੱਪ ਵੱਟ ਜਾਂਦੇ ਹਨ। ਆਖਰ ਕਿਉਂ ਚੁੱਪ ਵੱਟਦੇ ਹਨ ਉਹ? ਕੀ ਇਸ ਲਈ ਕਿ ਪਟਿਆਲੇ ਦੀ ਪੁਲਿਸ ਨੇ ਪੰਜਾਬ ਤੇ ਨਾਲ ਲੱਗਦੇ ਹਿਮਾਚਲ ਤੋਂ ਨਸ਼ੇ ਬਣਾਉਣ ਦੀਆਂ ਜਿੰਨੀਆਂ ਫੈਕਟਰੀਆਂ ਅਤੇ ਸਪਲਾਈ ਦੀਆਂ ਤੰਦਾਂ ਫੜੀਆਂ ਹਨ, ਉਨ੍ਹਾਂ ਦਾ ਸਬੰਧ ਅਕਾਲੀ ਆਗੂਆਂ ਨਾਲ ਜੁੜ ਰਿਹਾ ਹੈ?

ਜਦੋਂ ਬਦ-ਅਮਨੀ ਦੀ ਗੱਲ ਆਉਂਦੀ ਹੈ ਤਾਂ ਇਸ ਵਿਚ ਹਰ ਵਾਰੀ ਮੋਗੇ ਦਾ ਜ਼ਿਕਰ ਉਚੇਚ ਨਾਲ ਆ ਜਾਂਦਾ ਹੈ, ਅਤੇ ਹੁਣ ਵੀ ਆ ਰਿਹਾ ਹੈ। ਪੰਜਾਬ ਦਾ ਸਭ ਤੋਂ ਵੱਡਾ ਪਾਸਪੋਰਟ ਸਕੈਂਡਲ ਵੀ ਮੋਗੇ ਵਿਚ ਹੋਇਆ ਸੀ, ਜਿਸ ਦੇ ਖਿਲਾਰੇ ਨੂੰ ਅਜੇ ਤੱਕ ਸਮੇਟਿਆ ਨਹੀਂ ਜਾ ਸਕਿਆ ਤੇ ਪੰਜਾਬ ਦਾ ਸਭ ਤੋਂ ਵੱਡਾ ਸੈਕਸ ਸਕੈਂਡਲ ਵੀ ਮੋਗੇ ਵਿਚ ਹੀ ਵਾਪਰਿਆ ਸੀ, ਜਿਸ ਵਿਚ ਪੁਲਿਸ ਵਾਲੇ ਆਪ ਕਾਲ ਗਰਲ ਭੇਜ ਕੇ ਖਾਂਦੇ-ਪੀਂਦੇ ਲੋਕਾਂ ਨੂੰ ਫਸਾਉਂਦੇ ਤੇ ਫਿਰ ਬਲੈਕ ਮੇਲ ਕਰਦੇ ਸਨ। ਇਹ ਮਾਮਲਾ ਟੀ ਵੀ ਚੈਨਲਾਂ ਦੇ ਸਟਿੰਗ ਅਪਰੇਸ਼ਨਾਂ ਦਾ ਹਿੱਸਾ ਬਣਨ ਪਿੱਛੋਂ ਉਥੋਂ ਪੁਲਿਸ ਦੇ ਕੁਝ ਵੱਡੇ ਅਫਸਰ ਤੇ ਕੁਝ ਸਿਆਸੀ ਆਗੂ ਵੀ ਇਸ ਦੀ ਲਪੇਟ ਵਿਚ ਆ ਕੇ ਜੇਲ੍ਹ ਗਏ ਸਨ।

ਹੁਣ ਫਿਰ ਮੋਗਾ ਚਰਚਾ ਦਾ ਕੇਂਦਰ ਬਣ ਗਿਆ ਹੈ ਤੇ ਮਾਮਲਾ ਹੁਣ ਇੱਕ ਪੁਲਿਸ ਮੁਕਾਬਲੇ ਦਾ ਹੈ। ਚੰਡੀਗੜ੍ਹ ਦੀ ਪੁਲਿਸ ਨੇ ਮੋਗੇ ਆ ਕੇ ਇੱਕ ਬੰਦੇ ਨੂੰ ਘੇਰਿਆ ਤੇ ਫਿਰ ਆਹਮੋ ਸਾਹਮਣੀ ਗੋਲੀ ਚੱਲਣ ਨਾਲ ਉਹ ਬੰਦਾ ਮਾਰਿਆ ਗਿਆ, ਜਿਸ ਦੇ ਕੰਮਾਂ ਬਾਰੇ ਮੋਗੇ ਦੀ ਪੁਲਿਸ ਵੀ ਜਾਣਦੀ ਸੀ। ਇੱਕ ਵਾਰੀ ਇਸੇ ਬੰਦੇ ਨੇ ਅਦਾਲਤ ਤੋਂ ਆਪ ਭਗੌੜਾ ਹੁੰਦੇ ਹੋਏ ਵੀ ਪੰਜਾਬ ਪੁਲਿਸ ਦੇ ਇੱਕ ਮੁਖੀ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਅਤੇ ਉਸ ਕੋਲੋਂ ਮੋੜਵੀਂ ਭਾਜੀ ਵਾਂਗ ਸਿਰੋਪਾਓ ਹਾਸਲ ਕੀਤਾ ਸੀ। ਪੰਜਾਬ ਪੁਲਿਸ ਦੇ ਉਸ ਮੁਖੀ ਨੇ ਫਿਰ ਅਕਾਲੀ ਟਿਕਟ ਉਤੇ ਮੋਗੇ ਤੋਂ ਚੋਣ ਵੀ ਲੜੀ ਸੀ। ਕਮਾਲ ਦੀ ਗੱਲ ਇਹ ਹੈ ਕਿ ਜਿਸ ਪੁਲਿਸ ਇੰਸਪੈਕਟਰ ਨੇ ਚੰਡੀਗੜ੍ਹ ਤੋਂ ਆਣ ਕੇ ਕਾਰਵਾਈ ਕੀਤੀ, ਉਸ ਦਾ ਇੱਕ ਰਿਸ਼ਤੇਦਾਰ ਨਾਲ ਦੇ ਇਲਾਕੇ ਦੀ ਬਲਾਕ ਸੰਮਤੀ ਦਾ ਅਕਾਲੀ ਦਲ ਵੱਲੋਂ ਚੇਅਰਮੈਨ ਹੈ ਅਤੇ ਉਹ ਵੀ ਉਸ ਮੁਕਾਬਲੇ ਵੇਲੇ ਉਸ ਦੇ ਨਾਲ ਸੀ। ਆਮ ਲੋਕ ਇਸ ਮੁਕਾਬਲੇ ਨੂੰ ਇੱਕ ਸੁਪਾਰੀ ਕਿਲਿੰਗ ਦਾ ਮਾਮਲਾ ਕਹੀ ਜਾਂਦੇ ਹਨ।

ਮੁੱਖ ਮੰਤਰੀ ਸਾਹਿਬ ਇਹ ਕਹਿੰਦੇ ਹਨ ਕਿ ਰਾਜ ਠੀਕ-ਠਾਕ ਚੱਲ ਰਿਹਾ ਹੈ, ਪਰ ਕਿੰਨਾ ਠੀਕ-ਠਾਕ ਚੱਲਦਾ ਹੈ, ਇਸ ਦੀ ਇੱਕ ਮਿਸਾਲ ਇਹ ਹੈ ਕਿ ਪਿਛਲੇ ਦਿਨੀਂ ਕੁਝ ਬਹੁਤ ਵੱਡੇ ਪੁਲਿਸ ਵਾਲੇ ਅਫਸਰਾਂ ਦੇ ਖਿਲਾਫ ਜਾਂਚ ਦੀ ਜ਼ਿੰਮੇਵਾਰੀ ਵਿਜੀਲੈਂਸ ਨੂੰ ਦੇਣੀ ਪਈ ਹੈ। ਉਨ੍ਹਾਂ ਉਤੇ ਦੋਸ਼ ਇਹ ਹੈ ਕਿ ਉਨ੍ਹਾਂ ਨੇ ਮਾਇਆ ਦੇ ਲਾਲਚ ਵਿਚ ਆਪਣੇ ਇੱਕ ਮਿੱਤਰ ਦਾ ਕਤਲ ਕਰਵਾ ਦਿੱਤਾ ਸੀ। ਮਾਇਆ ਪਿੱਛੇ ਆਮ ਹੁੰਦੇ ਕਤਲ ਸੁਣ ਕੇ ਲੋਕਾਂ ਨੂੰ ਆਸ ਹੁੰਦੀ ਹੈ ਕਿ ਪੁਲਿਸ ਇਨਸਾਫ ਕਰੇਗੀ, ਪਰ ਇਥੇ ਪੁਲਿਸ ਦੇ ਵੱਡੇ ਅਫਸਰਾਂ ਉਤੇ ਇਹ ਦੋਸ਼ ਲੱਗੀ ਜਾਂਦੇ ਹਨ ਕਿ ਉਹ ਪੈਸੇ ਦੇ ਲਾਲਚ ਵਿਚ ਕਿਸੇ ਦਾ ਕਤਲ ਕਰ ਜਾਂ ਕਰਵਾ ਸਕਦੇ ਹਨ। ਮੋਗੇ ਦੀ ਘਟਨਾ ਵੀ ਏਦਾਂ ਦੀ ਕਹੀ ਜਾ ਰਹੀ ਹੈ, ਅਤੇ ਕਿਉਂਕਿ ਜਾਂਚ ਦੀਆਂ ਤੰਦਾਂ ਕਈ ਪਾਸਿਆਂ ਤੋਂ ਅਕਾਲੀ ਦਲ ਦੇ ਆਪਣੇ ਬੰਦਿਆਂ, ਜਿਨ੍ਹਾਂ ਵਿਚੋਂ ਇੱਕ ਚੇਅਰਮੈਨ ਵੀ ਹੈ, ਨਾਲ ਜੁੜ ਰਹੀਆਂ ਹਨ, ਇਸ ਤੋਂ ਸਰਕਾਰ ਬਾਰੇ ਲੋਕਾਂ ਵਿਚ ਤੌਖਲੇ ਪੈਦਾ ਹੋ ਰਹੇ ਹਨ। ਸੱਠ ਸਾਲ ਤੋਂ ਵੱਧ ਦੀ ਰਾਜਨੀਤੀ ਦਾ ਤਜਰਬਾ ਜਿਸ ਮੁੱਖ ਮੰਤਰੀ ਦੇ ਕੋਲ ਹੋਵੇ ਤੇ ਜਿਸ ਨੇ ਵੱਡੇ ਜਿਗਰੇ ਵਾਲੇ ਰਾਜਸੀ ਵਿਰੋਧੀਆਂ ਨੂੰ ਚਿੱਤ ਕਰ ਕੇ ਵਿਖਾਇਆ ਹੋਇਆ ਹੋਵੇ, ਉਸ ਦੇ ਰਾਜ ਦਾ ਇਹ ਹਾਲ ਕਿਉਂ ਬਣ ਗਿਆ? ਪੰਜਾਬ ਦੇ ਲੋਕ ਉਸ ਤੋਂ ਇਹ ਜਾਣਨਾ ਚਾਹੁਣਗੇ ਕਿ ਉਹ ਰਾਜ-ਗੱਦੀ ਉਤੇ ਬੈਠਾ ਹੋਇਆ ਹੀ ਰਾਜ ਦੇ ਮੋਹ ਤੋਂ ਵਿਰੱਕਤ ਹੋ ਗਿਆ ਹੈ ਜਾਂ ਜ਼ਾਹਰਾ ਤੌਰ ਉਤੇ ਕਮਾਨ ਉਸ ਦੇ ਹੱਥ ਹੈ, ਪਰ ਅਮਲ ਵਿਚ ਹੁਣ ਉਸ ਦੇ ਹੱਥ ਨਹੀਂ ਰਹੀ। ਫੋਕੀ ਰਾਜਨੀਤਕ ਗਤਕੇਬਾਜ਼ੀ ਨਾਲ ਕੰਮ ਨਹੀਂ ਸਰ ਸਕਦਾ, ਇਹ ਕਾਂਗਰਸੀ ਤੇ ਅਕਾਲੀ ਕਰਦੇ ਆਏ ਹਨ ਅਤੇ ਕਰਦੇ ਵੀ ਰਹਿਣਗੇ, ਪੰਜਾਬ ਦੇ ਲੋਕਾਂ ਨੂੰ ਰਾਜਨੀਤੀ ਨਹੀਂ, ਰਾਜ ਦੇ ਫਰਜ਼ ਨਿਭਾਉਣ ਵਾਲਾ ਰਾਜ ਅਤੇ ਰਾਜਾ ਚਾਹੀਦਾ ਹੈ।

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM



$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

24/7 Customer Service Available
Same rate for lanline and mobile.

ਟੌਲ ਫਰੀ ਨੰਬਰ 1-888-652-6268
732-983-4332/4333

# ਬੁੱਢਾ ਜੋਹੜ ਵਿਦਿਅਕ ਟਰੱਸਟ ਦਾ ਆਗੂ ਪੰਥ ਵਿਚੋਂ ਛੇਕਿਆ

**ਅੰਮ੍ਰਿਤਸਰ:** ਰਾਜਸਥਾਨ ਦੇ ਬੁੱਢਾ ਜੋਹੜ ਵਿਦਿਅਕ ਟਰੱਸਟ ਦੇ ਆਗੂ ਬਲਦੇਵ ਸਿੰਘ ਨੂੰ ਅਕਾਲ ਤਖ਼ਤ ਤੋਂ ਜਾਰੀ ਹੁਕਮਾਂ ਨੂੰ ਅਣਡਿੱਠਾ ਕਰਨ ਦੇ ਦੋਸ਼ ਹੇਠ ਸਿੱਖ ਪੰਥ ਵਿਚੋਂ ਖਾਰਜ ਕਰ ਦਿੱਤਾ ਗਿਆ ਹੈ। ਪੰਜ ਸਿੰਘ ਸਾਹਿਬਾਨ ਵੱਲੋਂ ਲਏ ਗਏ ਫ਼ੈਸਲੇ ਤਹਿਤ ਤਨਖ਼ਾਹੀਆ ਕਰਾਰ ਦਿੱਤੇ ਗਏ ਦੋ ਹੋਰ ਮੈਂਬਰਾਂ ਨੂੰ ਅਗਲੀ ਇਕੱਤਰਤਾ ਸਮੇਂ ਅਕਾਲ ਤਖ਼ਤ 'ਤੇ ਹਾਜ਼ਰ ਹੋ ਕੇ ਭੁੱਲ ਬਖਸ਼ਾਉਣ ਦਾ ਇਕ ਹੋਰ ਮੌਕਾ ਦਿੱਤਾ ਗਿਆ ਹੈ।

ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਹੋਈ ਇਕੱਤਰਤਾ ਵਿਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਤੇ ਗ੍ਰੰਥੀ ਗਿਆਨੀ ਸੁਖਜਿੰਦਰ ਸਿੰਘ ਸ਼ਾਮਲ ਹੋਏ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਅਕਾਲ ਤਖ਼ਤ ਦੀ ਫ਼ਸੀਲ ਤੋਂ ਬਲਦੇਵ ਸਿੰਘ ਨੂੰ ਪੰਥ ਵਿਚੋਂ ਛੇਕਣ ਬਾਰੇ ਹੁਕਮਨਾਮਾ ਸੁਣਾਇਆ। ਉਨ੍ਹਾਂ ਸਿੱਖ ਸੰਗਤ ਨੂੰ ਆਦੇਸ਼ ਦਿੱਤਾ ਕਿ ਜਦੋਂ ਤੱਕ ਬਲਦੇਵ ਸਿੰਘ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਆਪਣੀ ਭੁੱਲ ਨਹੀਂ ਬਖਸ਼ਾਉਂਦਾ, ਉਸ ਨਾਲ ਰੋਟੀ-ਬੇਟੀ ਦੀ ਸਾਂਝ ਤੇ ਧਾਰਮਿਕ, ਸਮਾਜਿਕ ਤੇ ਰਾਜਨੀਤਕ ਮੇਲ-ਮਿਲਾਪ ਨਾ ਕੀਤਾ ਜਾਵੇ।



ਉਨ੍ਹਾਂ ਟਰੱਸਟ ਦੇ ਦੋ ਮੈਂਬਰਾਂ ਨਿਰੰਜਨ ਸਿੰਘ ਤੇ ਪਰਮਜੀਤ ਸਿੰਘ ਨੂੰ ਇਕ ਹੋਰ ਮੌਕਾ ਦਿੰਦਿਆਂ ਕਿਹਾ ਹੈ ਕਿ ਉਹ ਅਗਲੀ ਇਕੱਤਰਤਾ ਵਿਚ ਆਪਣੀ ਭੁੱਲ ਬਖਸ਼ਾਉਣ ਲਈ ਪੇਸ਼ ਹੋਣ। ਇਨ੍ਹਾਂ ਵਿਚੋਂ ਨਿਰੰਜਨ ਸਿੰਘ ਵਧੇਰੇ ਬਿਮਾਰ ਹੈ ਜਦੋਂਕਿ ਪਰਮਜੀਤ ਸਿੰਘ ਵਿਦੇਸ਼ ਗਿਆ ਹੋਇਆ ਹੈ।

ਬੁੱਢਾ ਜੋਹੜ ਟਰੱਸਟ ਦੇ ਝਗੜੇ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਟਰੱਸਟ ਦੀਆਂ ਦੋਹਾਂ ਧਿਰਾਂ ਨੂੰ ਅਕਾਲ ਤਖ਼ਤ ਨੂੰ ਸਮਰਪਤ ਹੁੰਦਿਆਂ ਆਪੋ ਆਪਣੇ ਅਹੁਦਿਆਂ ਤੋਂ ਅਸਤੀਫ਼ੇ ਦੇਣ ਲਈ ਆਦੇਸ਼ ਕੀਤਾ ਸੀ। ਇਕ ਧਿਰ ਦੇ ਮੈਂਬਰਾਂ ਨੇ ਆਪਣੇ ਅਸਤੀਫ਼ੇ ਦੇ ਦਿੱਤੇ ਹਨ ਜਦੋਂਕਿ ਦੂਜੀ ਧਿਰ ਦੇ ਮੈਂਬਰਾਂ ਨੇ ਅਸਤੀਫ਼ੇ ਨਹੀਂ ਦਿੱਤੇ ਸਨ ਤੇ ਅੜੀ 'ਤੇ ਕਾਇਮ ਸਨ। ਸਿੱਟੇ ਵਜੋਂ ਉਨ੍ਹਾਂ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ। ਇਸ ਦੇ ਬਾਵਜੂਦ ਉਹ ਤਨਖਾਹ ਲਵਾਉਣ ਲਈ ਪੇਸ਼ ਨਹੀਂ ਹੋਏ। ਇਸੇ ਲਈ ਉਨ੍ਹਾਂ ਵਿਚੋਂ ਇਕ ਨੂੰ ਪੰਥ ਵਿਚੋਂ ਛੇਕਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਟਰਸਟ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਮਰਪਤ ਕਮੇਟੀ ਨੂੰ ਕੰਮ ਜਾਰੀ ਰੱਖਣ ਦੇ ਆਦੇਸ਼ ਦਿੱਤੇ ਗਏ ਹਨ। ਜਥੇਦਾਰ ਨੇ ਕਿਹਾ ਅਕਾਲ ਤਖ਼ਤ ਤੋਂ ਵੀ ਸਮੇਂ-ਸਮੇਂ 'ਤੇ ਨੁਮਾਇੰਦੇ ਭੇਜੇ ਜਾਣਗੇ, ਜੋ ਟਰਸਟ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰਦੇ ਰਹਿਣਗੇ। ਟਰਸਟ ਦੇ ਮੈਂਬਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਟਰਸਟ ਦੇ ਹਿਸਾਬ-ਕਿਤਾਬ ਨੂੰ ਨੋਟਿਸ ਬੋਰਡ 'ਤੇ ਦਰਸਾਉਣ ਤਾਂ ਜੋ ਕਾਰਜ ਪ੍ਰਣਾਲੀ ਨੂੰ ਪਾਰਦਰਸ਼ੀ ਬਣਾਇਆ ਜਾ ਸਕੇ।

## ਪਟਨਾ ਸਾਹਿਬ ਵਿਵਾਦ ਲਈ ਦੋਵੇਂ ਧਿਰਾਂ ਜ਼ਿੰਮੇਵਾਰ

ਤਖ਼ਤ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਚੱਲ ਰਹੇ ਵਿਵਾਦ ਬਾਰੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਦੋਵੇਂ ਧਿਰਾਂ ਪ੍ਰਬੰਧਕੀ ਕਮੇਟੀ ਤੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ।

ਉਨ੍ਹਾਂ ਦੱਸਿਆ ਕਿ ਗਿਆਨੀ ਇਕਬਾਲ ਸਿੰਘ ਕਹਿਣ ਦੇ ਬਾਵਜੂਦ ਇਸ ਮਾਮਲੇ ਨੂੰ ਪੁਲਿਸ ਤੇ ਅਦਾਲਤ ਵਿਚ ਲੈ ਕੇ ਗਏ ਹਨ, ਜੋ ਉਚਿਤ ਨਹੀਂ ਹੈ। ਇਸੇ ਤਰ੍ਹਾਂ ਪ੍ਰਬੰਧਕੀ ਕਮੇਟੀ ਦੀ ਮੀਟਿੰਗ ਨਾ ਕਰਨ ਤੇ ਕਿਸੇ ਨੂੰ ਅਹੁਦੇ ਤੋਂ ਹਟਾਉਣ ਜਾਂ ਰੱਖਣ ਦੇ ਆਦੇਸ਼ ਦਿਤੇ ਗਏ ਪਰ ਪ੍ਰਬੰਧਕੀ ਕਮੇਟੀ ਵੱਲੋਂ ਆਦੇਸ਼ਾਂ ਨੂੰ ਅਣਦੇਖਿਆਂ ਕਰਕੇ ਮੀਟਿੰਗ ਦਾ ਐਲਾਨ ਕੀਤਾ ਗਿਆ ਤੇ ਮੀਟਿੰਗ ਵਿਚ ਨਵੀਂ ਨਿਯੁਕਤੀ ਤੇ ਬਰਖ਼ਾਸਤਗੀ ਦਾ ਏਜੰਡਾ ਰੱਖਿਆ ਗਿਆ ਸੀ। ਉਨ੍ਹਾਂ ਆਖਿਆ ਕਿ ਮੀਟਿੰਗ ਦਾ ਕੋਰਮ ਪੂਰਾ ਨਾ ਹੋਣ ਕਾਰਨ ਐਨ ਆਖਰੀ ਮੌਕੇ ਮੀਟਿੰਗ ਮੁਲਤਵੀ ਕੀਤੀ ਗਈ ਹੈ ਜਦੋਂਕਿ ਇਸ ਬਾਰੇ ਅਕਾਲ ਤਖ਼ਤ ਵਿਖੇ ਕੋਈ ਜਾਣਕਾਰੀ ਨਹੀਂ ਭੇਜੀ ਗਈ ਸੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਜੋ ਤਖ਼ਤ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਵੀ ਮੈਂਬਰ ਹਨ, ਵੱਲੋਂ ਕੀਤੀ ਗਈ ਮੀਟਿੰਗ ਵਿਚ ਉਨ੍ਹਾਂ ਵੱਲੋਂ ਲਏ ਗਏ ਫ਼ੈਸਲਿਆਂ ਬਾਰੇ ਉਨ੍ਹਾਂ ਕੋਈ ਉੱਤਰ ਨਹੀਂ ਦਿੱਤਾ। ਦੱਸਣਯੋਗ ਹੈ ਕਿ ਜਥੇਦਾਰ ਅਵਤਾਰ ਸਿੰਘ ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਬਰਖ਼ਾਸਤ ਕੀਤੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੂੰ ਮੁੜ ਬਹਾਲ ਕਰਨ ਤੇ ਨਵ ਨਿਯੁਕਤ ਵਧੀਕ ਗ੍ਰੰਥੀ ਗਿਆਨੀ ਪ੍ਰਤਾਪ ਸਿੰਘ ਦੀ ਨਿਯੁਕਤੀ ਨੂੰ ਰੱਦ ਕਰਨ ਦਾ ਫ਼ੈਸਲਾ ਲਿਆ ਗਿਆ ਸੀ।

# ਤਨਖਾਹੀਆ ਕਰਾਰ ਦਿੱਤੇ ਹਰਮਿੰਦਰ ਸਿੰਘ ਨੇ ਲਾਏ ਗੰਭੀਰ ਦੋਸ਼

**ਅੰਮ੍ਰਿਤਸਰ:** ਪੰਜ ਸਿੰਘ ਸਾਹਿਬਾਨ ਵੱਲੋਂ ਬੰਗਲੌਰ ਦੇ ਇਕ ਸਿੱਖ ਹਰਮਿੰਦਰ ਸਿੰਘ (ਖ਼ਾਲਸਾ ਬੁਲੇਟਿਨ) ਨੂੰ ਤਨਖਾਹੀਆ ਕਰਾਰ ਦਿੱਤੇ ਜਾਣ ਤੋਂ ਬਾਅਦ ਇਸ ਮਾਮਲੇ ਬਾਰੇ ਵਿਵਾਦ ਤੂਲ ਫੜਦਾ ਜਾ ਰਿਹਾ ਹੈ। ਪੰਜ ਸਿੰਘ ਸਾਹਿਬਾਨ ਨੇ ਬੰਗਲੌਰ ਤੋਂ ਆਈ ਇਕ ਸ਼ਿਕਾਇਤ ਦੇ ਆਧਾਰ 'ਤੇ ਹਰਮਿੰਦਰ ਸਿੰਘ ਨੂੰ ਤਨਖਾਹੀਆ ਕਰਾਰ ਦਿੱਤਾ ਸੀ। ਇਸ ਕਾਰਵਾਈ ਤੋਂ ਬਾਅਦ ਹਰਮਿੰਦਰ ਸਿੰਘ ਨੇ ਆਪਣਾ ਪੱਖ ਸਪੱਸ਼ਟ ਕਰਦਿਆਂ ਇਸ ਫ਼ੈਸਲੇ ਨੂੰ ਵਿਤਕਰੇ ਵਾਲਾ ਦੱਸਿਆ ਸੀ। ਉਸ ਨੇ ਇਸ ਮਾਮਲੇ ਬਾਰੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਕੁਝ ਸਮਾਂ ਪਹਿਲਾਂ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਬਤੌਰ ਦਫਤਰ ਸਕੱਤਰ ਨਿਯੁਕਤ ਰਹੇ ਇੰਦਰ ਮੋਹਨ ਸਿੰਘ 'ਤੇ ਗੰਭੀਰ ਦੋਸ਼ ਲਾਏ ਸਨ। ਉਸ ਨੇ ਪੰਜ ਸਿੰਘ ਸਾਹਿਬਾਨ ਵੱਲੋਂ ਫੈਸਲਾ ਵਾਪਸ ਨਾ ਲੈਣ ਦੀ ਸੂਰਤ ਵਿਚ ਇਸ ਫੈਸਲੇ ਨੂੰ ਬੰਗਲੋਰ ਦੀ ਅਦਾਲਤ ਵਿਚ ਚੁਣੌਤੀ ਦੇਣ ਦਾ ਵੀ ਐਲਾਨ ਕੀਤਾ ਸੀ। ਤੁਰੰਤ ਬਾਅਦ ਹਰਮਿੰਦਰ ਸਿੰਘ ਨੇ ਇਹ ਵੀ ਦੋਸ਼ ਲਾਏ ਹਨ ਕਿ ਇਸ ਮਾਮਲੇ ਨੂੰ ਹੱਲ ਕਰਨ ਲਈ ਇੰਦਰ ਮੋਹਨ ਸਿੰਘ ਨੇ ਪੈਸਿਆਂ ਦੀ ਮੰਗ ਕੀਤੀ ਸੀ।



ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਕਰਮਚਾਰੀ ਇੰਦਰ ਮੋਹਨ ਸਿੰਘ ਨੇ ਗਿਆਨੀ ਗੁਰਬਚਨ ਸਿੰਘ ਦੀ ਹਾਜ਼ਰੀ ਵਿਚ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਦਾਅਵਾ ਕੀਤਾ ਸੀ ਕਿ ਹਰਮਿੰਦਰ ਸਿੰਘ ਨੇ ਆਪਣੀ ਅੰਮ੍ਰਿਤਸਰ ਆਮਦ 'ਤੇ ਉਸ ਕੋਲੋਂ 50 ਹਜ਼ਾਰ ਰੁਪਏ ਉਧਾਰ ਲਏ ਸਨ। ਇਸ ਵਿਚੋਂ 10 ਹਜ਼ਾਰ ਰੁਪਏ ਉਸ ਨੇ ਆਪਣੀ ਨਿੱਜੀ ਜੇਬ ਵਿਚੋਂ ਤੇ 40 ਹਜ਼ਾਰ ਰੁਪਏ ਆਪਣੇ ਕਿਸੇ ਜਾਣਕਾਰ ਕੋਲੋਂ ਲੈ ਕੇ ਦਿੱਤੇ ਸਨ। ਇਸੇ ਰਕਮ ਵਿਚੋਂ 45 ਹਜ਼ਾਰ ਰੁਪਏ ਉਸ ਨੇ ਕਿਸ਼ਤਾਂ ਵਿਚ ਵਾਪਸ ਕੀਤੇ ਹਨ ਤੇ ਇਸ ਰਕਮ ਦਾ ਗਿਆਨੀ ਗੁਰਬਚਨ ਸਿੰਘ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਗਿਆਨੀ ਗੁਰਬਚਨ ਸਿੰਘ ਖੁਦ ਵੀ ਹਰਮਿੰਦਰ ਸਿੰਘ ਵੱਲੋਂ ਲਾਏ ਗਏ ਦੋਸ਼ਾਂ ਦਾ ਖੰਡਨ ਕਰ ਚੁੱਕੇ ਹਨ।

ਇਸ ਤੋਂ ਇਲਾਵਾ ਹਰਮਿੰਦਰ ਸਿੰਘ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਜਿਸ ਔਰਤ ਨਾਲ ਚਰਿੱਤਰਹੀਣਤਾ ਦੇ ਦੋਸ਼ ਲਾਏ ਗਏ ਹਨ, ਉਸ ਕੋਲੋਂ ਖੁਦ ਗਿਆਨੀ ਗੁਰਬਚਨ ਸਿੰਘ ਨੇ ਸਿਰੋਪਾ ਪ੍ਰਾਪਤ ਕੀਤਾ ਹੈ, ਜਿਸ ਦੀ ਤਸਵੀਰ ਉਸਦੇ ਕੋਲ ਹੈ। ਉਸ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਅਪੀਲ ਕੀਤੀ ਹੈ ਕਿ ਇੰਦਰਮੋਹਨ ਸਿੰਘ ਤੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਖਾਤਿਆਂ ਦੀ ਜਾਂਚ ਕਰਵਾਈ ਜਾਵੇ ਅਤੇ ਇਹ ਜਾਂਚ ਸੇਵਾਮੁਕਤ ਜੱਜਾਂ ਕੋਲੋਂ ਕਰਵਾਈ ਜਾਣੀ ਚਾਹੀਦੀ ਹੈ। ਇਸ ਮਾਮਲੇ ਬਾਰੇ ਗਿਆਨੀ ਗੁਰਬਚਨ ਸਿੰਘ ਨੇ ਮੁੜ ਆਖਿਆ ਕਿ ਇਨ੍ਹਾਂ ਦੋਸ਼ਾਂ ਦਾ ਉਨ੍ਹਾਂ ਨਾਲ ਕੋਈ ਸਬੰਧ ਨਹੀਂ ਹੈ।

# ਕਿਰਪਾਨ 'ਤੇ ਰੋਕ ਦਾ ਪ੍ਰਸਤਾਵ ਪੰਥ ਵਿਰੋਧੀ ਕਰਾਰ

**ਅੰਮ੍ਰਿਤਸਰ:** ਸਿੱਖ ਵਿਦਵਾਨਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਕਾਲ ਤਖ਼ਤ ਵਿਖੇ ਤਿੰਨ ਫੁੱਟ ਦੀ ਵੱਡੀ ਕਿਰਪਾਨ ਲੈ ਕੇ ਜਾਣ 'ਤੇ ਰੋਕ ਲਾਉਣ ਦੀ ਪ੍ਰਸਤਾਵਿਤ ਯੋਜਨਾ ਦਾ ਵਿਰੋਧ ਕਰਦਿਆਂ ਇਸ ਨੂੰ ਪੰਥ ਵਿਰੋਧੀ ਕਾਰਵਾਈ ਕਰਾਰ ਦਿੱਤਾ ਹੈ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਆਖਿਆ ਕਿ ਅਕਾਲ ਤਖ਼ਤ ਵਿਖੇ ਵੱਡੀ ਕਿਰਪਾਨ ਲੈ ਕੇ ਜਾਣ ਉਪਰ ਕੋਈ ਰੋਕ ਨਹੀਂ ਹੈ ਤੇ ਨਾ ਹੀ ਅਜਿਹੀ ਕੋਈ ਰੋਕ ਲਾਈ ਜਾਵੇਗੀ।

ਦੱਸਣਯੋਗ ਹੈ ਕਿ ਛੇ ਜੂਨ ਨੂੰ ਘੱਲੂਘਾਰਾ ਦਿਵਸ ਮੌਕੇ ਵਾਪਰੀ ਹਿੰਸਕ ਘਟਨਾ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਭਵਿੱਖ ਵਿਚ ਸ੍ਰੀ ਅਕਾਲ ਤਖ਼ਤ ਵਿਖੇ ਵੱਡੀ ਕਿਰਪਾਨ ਲੈ ਕੇ ਜਾਣ 'ਤੇ ਰੋਕ ਲਾਏ ਜਾਣ ਦੀ ਪ੍ਰਸਤਾਵਿਤ ਯੋਜਨਾ ਸੀ। ਇਸ ਬਾਰੇ ਮੀਡੀਆ ਦੇ ਇਕ ਹਿੱਸੇ ਵਿਚ ਕੁਝ ਖ਼ਬਰਾਂ ਵੀ ਪ੍ਰਕਾਸ਼ਿਤ ਹੋਈਆਂ ਹਨ ਪਰ ਇਸ ਮਾਮਲੇ 'ਤੇ ਜਥੇਦਾਰ ਅਵਤਾਰ ਸਿੰਘ ਨੇ ਸਪੱਸ਼ਟ ਆਖਿਆ ਹੈ ਕਿ ਅਕਾਲ ਤਖ਼ਤ ਵਿਖੇ ਵੱਡੀ ਕਿਰਪਾਨ ਲੈ ਕੇ ਜਾਣ 'ਤੇ ਕੋਈ ਰੋਕ ਨਹੀਂ ਲਾਈ ਗਈ ਹੈ ਤੇ ਨਾ ਹੀ ਲਾਈ ਜਾਵੇਗੀ। ਉਨ੍ਹਾਂ ਆਖਿਆ ਕਿ ਹਰ ਗੁਰਸਿੱਖ ਅਕਾਲ ਤਖ਼ਤ ਵਿਖੇ ਵੱਡੀ ਸ੍ਰੀ ਸਾਹਿਬ ਪਹਿਨ ਕੇ ਜਾ ਸਕਦਾ ਹੈ।

ਸ੍ਰੀ ਅਕਾਲ ਤਖ਼ਤ ਸਿੱਖਾਂ ਦਾ ਸਰਵਉੱਚ ਤਖ਼ਤ ਹੈ ਤੇ ਉਸ ਦੀ ਮਾਣ ਮਰਿਆਦਾ ਨੂੰ ਕਾਇਮ ਰੱਖਣਾ ਸ਼੍ਰੋਮਣੀ ਕਮੇਟੀ ਸਮੇਤ ਹਰ ਸਿੱਖ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਛੇ ਜੂਨ ਦੀ ਘਟਨਾ ਸ਼ਰਮਨਾਕ ਹੈ ਤੇ ਭਵਿੱਖ ਵਿਚ ਸ੍ਰੀ ਅਕਾਲ ਤਖ਼ਤ ਵਿਖੇ ਨੰਗੀਆਂ ਤਲਵਾਰਾਂ ਲਹਿਰਾਉਣ ਤੇ ਹੁੱਲੜਬਾਜ਼ੀ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਇਸ ਬਾਰੇ ਪੁਖਤਾ ਪ੍ਰਬੰਧ ਕੀਤੇ ਜਾਣਗੇ ਤਾਂ ਜੋ ਸ਼ਰਧਾਂਜਲੀ ਦਿਵਸ ਅਤੇ ਸ੍ਰੀ ਅਕਾਲ ਤਖਤ ਦੀ ਮਰਿਆਦਾ ਨੂੰ ਕਾਇਮ ਰੱਖਿਆ ਜਾ ਸਕੇ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ ਜੇਕਰ ਸ਼੍ਰੋਮਣੀ ਕਮੇਟੀ ਅਕਾਲ ਤਖ਼ਤ 'ਤੇ ਵੱਡੀ ਕਿਰਪਾਨ ਲੈ ਕੇ ਜਾਣ 'ਤੇ ਕੋਈ ਰੋਕ ਲਾਉਂਦੀ ਹੈ ਤਾਂ ਇਹ ਫੈਸਲਾ ਪੰਥ ਵਿਰੋਧੀ ਹੋਵੇਗਾ। ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਆਖਿਆ ਕਿ ਅਜਿਹੀ ਰੋਕ ਸਿੱਖ ਤੇ ਪੰਥ ਵਿਰੋਧੀ ਹੋਵੇਗੀ। ਸ਼੍ਰੋਮਣੀ ਕਮੇਟੀ ਨੂੰ ਅਜਿਹੇ ਬਿਆਨ ਬਾਰੇ ਸਿੱਖ ਕੌਮ ਕੋਲੋਂ ਮੁਆਫੀ ਮੰਗਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਜੇਕਰ ਅਜਿਹੀ ਕੋਈ ਰੋਕ ਲੱਗਦੀ ਹੈ ਤਾਂ ਇਹ ਸਿੱਖ ਆਜ਼ਾਦੀ 'ਤੇ ਖੁਦ ਹੀ ਵਾਰ ਕਰਨ ਵਾਲੀ ਗੱਲ ਹੋਵੇਗੀ।

# ਅਕਾਲ ਤਖਤ ਹਿੰਸਾ: ਗ੍ਰਿਫ਼ਤਾਰ ਨੌਜਵਾਨਾਂ ਨੂੰ ਮੁਆਫੀ ਦੀ ਸਿਫਾਰਸ਼

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਛੇ ਜੂਨ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਵਾਪਰੀ ਹਿੰਸਕ ਘਟਨਾ ਦੀ ਜਾਂਚ ਵਾਸਤੇ ਬਣਾਈ ਗਈ ਚਾਰ ਮੈਂਬਰੀ ਜਾਂਚ ਕਮੇਟੀ ਨੇ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ 22 ਨੌਜਵਾਨਾਂ ਨੂੰ ਪੰਥ ਦੇ ਵੱਡੇ ਹਿੱਤਾਂ ਖਾਤਰ ਮੁਆਫੀ ਦੇਣ ਦੀ ਸਿਫਾਰਸ਼ ਕੀਤੀ ਹੈ। ਜਾਂਚ ਕਮੇਟੀ ਨੇ ਮਾਮਲੇ ਦੀ ਜਾਂਚ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਤੇ ਨਿੱਜੀ ਕੈਮਰਿਆਂ ਦੀ ਫੁਟੇਜ ਤੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਕੋਲੋਂ ਵੀ ਪੁੱਛਗਿੱਛ ਕੀਤੀ। ਜਾਂਚ ਕਮੇਟੀ ਵਿਚ ਦੋ ਮੈਂਬਰ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਹਨ ਤੇ ਦੋ ਮੈਂਬਰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਤੋਂ ਹਨ।

ਇਨ੍ਹਾਂ ਵਿਚ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਤੇ ਕਰਨੈਲ ਸਿੰਘ ਪੰਜੋਲੀ ਤੋਂ ਇਲਾਵਾ ਨਿਹੰਗ ਸਿੰਘ ਜਥੇਬੰਦੀ ਦੇ ਆਗੂ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ ਤੇ ਬਿਧੀ ਚੰਦ ਸੰਪਰਦਾ ਦੇ ਬਾਬਾ ਅਵਤਾਰ ਸਿੰਘ ਸ਼ਾਮਲ ਹਨ। ਵਧੀਕ ਸਕੱਤਰ ਬਲਵਿੰਦਰ ਸਿੰਘ ਜੌੜਾ ਸਿੰਘ ਨੂੰ ਇਸ ਕਮੇਟੀ ਦਾ ਕੋਆਰਡੀਨੇਟਰ ਥਾਪਿਆ ਗਿਆ। ਇਸ ਕਮੇਟੀ ਨੇ ਇਥੇ ਪ੍ਰਬੰਧਕੀ ਬਲਾਕ ਵਿਚ ਇਕੱਤਰਤਾ ਕੀਤੀ ਤੇ ਛੇ ਜੂਨ ਨੂੰ ਵਾਪਰੀਆਂ ਘਟਨਾਵਾਂ ਬਾਰੇ ਸੀ.ਸੀ.ਟੀ.ਵੀ. ਤੇ ਹੋਰ ਨਿੱਜੀ ਕੈਮਰਿਆਂ ਦੀ ਫੁਟੇਜ ਦੇਖੀ। ਇਸ ਤੋਂ ਇਲਾਵਾ ਤਸਵੀਰਾਂ ਵੀ ਦੇਖੀਆਂ ਹਨ ਤੇ ਸ਼੍ਰੋਮਣੀ ਕਮੇਟੀ ਦੇ ਅਮਲੇ ਤੋਂ ਇਲਾਵਾ ਸਕੱਤਰ ਤੇ ਵਧੀਕ ਸਕੱਤਰ ਪੱਧਰ ਦੇ ਅਧਿਕਾਰੀਆਂ ਕੋਲੋਂ ਵੀ ਪੁੱਛਗਿੱਛ ਕੀਤੀ ਹੈ।

ਆਪਣੀ ਜਾਂਚ ਦੌਰਾਨ ਇਸ ਘਟਨਾ ਲਈ ਸ਼੍ਰੋਮਣੀ ਕਮੇਟੀ ਦੇ ਅਮਲੇ ਨੂੰ ਦੋਸ਼ੀ ਨਹੀਂ ਪਾਇਆ ਗਿਆ ਹੈ ਪਰ ਇਸ ਦੇ ਬਾਵਜੂਦ ਕੁਝ ਪ੍ਰਬੰਧਕੀ ਊਣਤਾਈਆਂ ਵੱਲ ਉਂਗਲ ਕੀਤੀ ਗਈ ਹੈ। ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਅਮਲੇ ਵੱਲੋਂ ਛੇ ਜੂਨ ਨੂੰ ਕੋਈ ਵੀ ਕਾਰਵਾਈ ਜਾਣਬੁੱਝ ਕੇ ਜਾਂ ਕਿਸੇ ਵਿਸ਼ੇਸ਼ ਮੰਤਵ ਨਾਲ ਨਹੀਂ ਕੀਤੀ ਗਈ ਹੈ ਕਿਉਂਕਿ ਘਟਨਾ ਸਮੇਂ ਸ਼ਰਧਾਂਜਲੀ ਸਮਾਗਮ ਸਮਾਪਤ ਹੋ ਚੁੱਕਾ ਸੀ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਕੌਮ ਦੇ ਨਾਂ ਸੰਦੇਸ਼ ਜਾਰੀ ਕਰਕੇ ਤੇ ਸ਼ਰਧਾਂਜਲੀ ਦੇਣ ਮਗਰੋਂ ਜਾ ਚੁੱਕੇ ਸਨ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਤੇ ਹੋਰ ਪਤਵੰਤੇ ਵੀ ਜਾ ਚੁੱਕੇ ਸਨ। ਕੁਝ ਵਿਅਕਤੀਆਂ ਨੇ ਪ੍ਰੋਗਰਾਮ ਦੀ ਸਮਾਪਤੀ ਮਗਰੋਂ ਸ੍ਰੀ ਅਕਾਲ ਤਖਤ ਦੇ ਸਨਮੁਖ ਹੇਠਾਂ ਜਾ ਕੇ ਸੰਬੋਧਨ ਸ਼ੁਰੂ ਕਰ ਦਿੱਤਾ ਤੇ ਮਾਈਕ ਦੀ ਮੰਗ ਕੀਤੀ, ਜੋ ਨਾ ਦੇਣ 'ਤੇ ਹੀ ਸਾਰੀ ਘਟਨਾ ਵਾਪਰੀ ਹੈ।

ਉਨ੍ਹਾਂ ਦੱਸਿਆ ਕਿ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਦੇਖਣ ਮਗਰੋਂ ਪਤਾ ਲੱਗਾ ਹੈ ਕਿ ਉਸ ਦਿਨ ਕੁਝ ਵਿਅਕਤੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਦਾ ਕੋਈ ਖਿਆਲ ਨਹੀਂ ਰੱਖਿਆ। ਇਹ ਲੋਕ ਵਾਰ-ਵਾਰ ਗ੍ਰੰਥੀ ਸਿੰਘਾਂ, ਪੰਜ ਪਿਆਰਿਆਂ ਤੇ ਹੋਰ ਅਮਲੇ ਨਾਲ ਤਕਰਾਰ ਕਰ ਰਹੇ ਸਨ।


ਭਵਿੱਖ ਵਿਚ ਅਜਿਹੀ ਘਟਨਾ ਨਾ ਵਾਪਰੇ ਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਜਾਂਚ ਕਮੇਟੀ ਦੀਆਂ ਸਿਫਾਰਸ਼ਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨਾਲ ਮੀਟਿੰਗ ਕਰਨ ਮਗਰੋਂ ਅਗਲੀ ਕਾਰਵਾਈ ਨੂੰ ਅੰਜਾਮ ਦਿੱਤਾ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਜਾਂਚ ਟੀਮ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵੱਡੀ ਕਿਰਪਾਨ ਲੈ ਕੇ ਜਾਣ ਤੇ ਕਿਸੇ ਵੀ ਤਰ੍ਹਾਂ ਦੀ ਰੋਕ ਲਾਉਣ ਦੀ ਸਿਫਾਰਸ਼ ਕਰਨ ਬਾਰੇ ਕੋਈ ਯੋਜਨਾ ਨਹੀਂ ਹੈ।

ਇਸ ਘਟਨਾ ਬਾਰੇ ਪੁਲਿਸ ਵੱਲੋਂ 28 ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਗਿਆ ਸੀ, ਜਿਨ੍ਹਾਂ ਵਿਚੋਂ 22 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਨੌਜਵਾਨਾਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਤ ਹਨ ਤੇ ਵਾਪਰੀ ਹਿੰਸਕ ਘਟਨਾ ਲਈ ਬੇਹੱਦ ਅਫਸੋਸ ਹੈ। ਉਨ੍ਹਾਂ ਇਸ ਘਟਨਾ ਲਈ ਮੁਆਫੀ ਮੰਗਦਿਆਂ ਆਖਿਆ ਕਿ ਜੋ ਵੀ ਧਾਰਮਿਕ ਸਜ਼ਾ ਲਾਈ ਜਾਵੇਗੀ, ਉਹ ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਨਗੇ।

# ਗਾਇਕ ਸੁਰਿੰਦਰ ਸ਼ਿੰਦੇ ਦਾ ਸਨਮਾਨ

**ਮਾਡੈਸਟੋ (ਬਿਊਰੋ):** ਗਾਇਕ ਸੁਰਿੰਦਰ ਸ਼ਿੰਦਾ ਵੱਲੋਂ ਜ਼ੱਲ੍ਹਿਆਂ ਵਾਲਾ ਬਾਗ-ਅੰਮ੍ਰਿਤਸਰ ਵਿਖੇ ਕੀਤੇ ਕਤਲੇਆਮ ਅਤੇ ਸ਼ਹੀਦ ਊਧਮ ਸਿੰਘ ਵੱਲੋਂ ਜਨਰਲ ਡਾਇਰ ਵਿਰੁਧ ਲੰਡਨ ਵਿਖੇ ਕੀਤੀ ਕਾਰਵਾਈ ਦਰਸਾਉਂਦੀ ਹੋਈ ਜਸਬੀਰ ਗੁਣਾਚੌਰੀਆ ਦੇ ਗੀਤਾਂ ਤੇ ਸਕ੍ਰਿਪਟ ਅਤੇ ਬੱਬਲੀ ਸਿੰਘ ਵੱਲੋਂ ਪੇਸ਼ ਕੀਤੀ ਦਸਤਾਵੇਜ਼ੀ ਫਿਲਮ 'ਖ਼ੂਨੀ ਵਿਸਾਖੀ 1919' ਮਾਡੈਸਟੋ-ਸੀਰੀਜ਼, ਸੈਕਰਾਮੈਂਟੋ ਤੇ ਸਟਾਕਟਨ ਵਿਖੇ ਵਿਖਾਈ ਗਈ।

ਭਾਈ ਮਨਜੀਤ ਸਿੰਘ, ਭਾਈ ਅਮਰਜੀਤ ਸਿੰਘ ਅਤੇ ਅਕਾਲੀ ਆਗੂ ਦਵਿੰਦਰ ਸਿੰਘ ਰਣੀਆ ਵੱਲੋਂ ਸੁਰਿੰਦਰ ਸ਼ਿੰਦਾ ਵੱਲੋਂ ਨਿਭਾਈ ਗਈ ਸੇਵਾ ਲਈ ਸਨਮਾਨ ਸਮਾਰੋਹ ਵੀ ਕੀਤਾ ਗਿਆ।








King Ways
Travel Service

Fly India /Nepal/Bangladesh /
$ 899.00 + Taxes Round Trip
We have the best fares for Europe
LONDON/MUNICH/GLASSGOW/
ROME/ATHENS/MADRID/PARIS
$299.00 O/W + Plus Taxes
Group Fare / Group Tours specials

| | |
|---|---|
| DELHI | HYDRABAD |
| MUMBAI | LAHORE |
| AHMADBAD | KHATMUNDU |
| AMRITSAR | BANGKOK |
| CHANANI | SINGAPORE |

$899.00 Plus Taxes

kingwaystravel@outlook.com
Call Toll Free: 1-888-300-9579
Customer Service: 1-914-600-7224




ਹਿੰਦੀ ਫਿਲਮ 'ਨੰਗਾ ਸੱਚ' ਦੇ ਇਕ ਸੀਨ ਵਿਚ ਰੀਨੋ ਨਿਵਾਸੀ ਐਨ. ਐਸ. ਸੌਦਾਗਰ ਡੀ. ਆਈ. ਜੀ. ਦੀ ਭੂਮਿਕਾ ਵਿਚ ਆਪਣੇ ਜੂਨੀਅਰ ਅਫਸਰ ਦਾ ਰੋਲ ਨਿਭਾਅ ਰਹੇ ਅਵਤਾਰ ਗਿੱਲ ਨੂੰ ਡਾਂਟਦੇ ਹੋਏ



ਪ੍ਰੋਡਿਊਸਰ ਡਾਇਰੈਕਟਰ ਸੁਭਾਸ਼ ਘਈ ਦੀ ਹਿੰਦੀ ਫਿਲਮ 'ਮੇਰੀ ਜੰਗ' ਵਿਚ ਜਿਸ ਲੇਡੀ ਡਾਕਟਰ ਬੀਨਾ ਨੂੰ ਬਚਾਉਣ ਦੀ ਖਾਤਰ ਫਿਲਮ ਦਾ ਹੀਰੋ ਅਨਿਲ ਕਪੂਰ ਅਦਾਲਤ ਵਿਚ ਜੱਜ ਦੇ ਸਾਹਮਣੇ ਜ਼ਹਿਰ ਦੀ ਸ਼ੀਸ਼ੀ ਪੀ ਜਾਂਦਾ ਹੈ, ਉਹੀ ਬੀਨਾ ਫਿਲਮ 'ਨੰਗਾ ਸੱਚ' ਵਿਚ ਐਨ. ਐਸ. ਸੌਦਾਗਰ ਦੀ ਪਤਨੀ ਦੀ ਭੂਮਿਕਾ ਨਿਭਾਅ ਰਹੀ ਹੈ। ਤਸਵੀਰ ਵਿਚ ਬੀਨਾ ਐਨ. ਐਸ. ਸੌਦਾਗਰ ਦੇ ਨਾਲ



ਟੋਪੀ ਵਾਲੇ ਐਨ. ਐਸ. ਸੌਦਾਗਰ ਜੋ ਆਪਣੀ ਆਉਣ ਵਾਲੀ ਪੰਜਾਬੀ ਫਿਲਮ 'ਮਿੱਟੀ ਦੀ ਪੰਡ' ਵਿਚ ਜਗੀਰਦਾਰ ਦੀ ਭੂਮਿਕਾ ਨਿਭਾਉਣਗੇ ਅਤੇ ਗੁਲਾਬੀ ਕੋਟੀ ਵਾਲੀ ਹਰਿਆਣੇ ਦੀ ਕੁੜੀ ਮਿਸ ਪੂਨਮ ਸ਼ਰਮਾ ਸੌਦਾਗਰ ਦੀ ਪਤਨੀ ਦਾ ਰੋਲ ਅਦਾ ਕਰੇਗੀ। ਫਿਲਮ 'ਮਿੱਟੀ ਦੀ ਪੰਡ' ਦੀ ਪ੍ਰੋਡਿਊਸਰ ਐਨ. ਐਸ. ਸੌਦਾਗਰ ਦੀ ਭੈਣ ਕਮਲਜੀਤ ਕੌਰ ਅਤੇ ਭਾਣਜੀ ਜੀਆ ਸਿੰਘ ਹਨ। ਫਿਲਮ ਦੀ ਸਕਰਿਪਟ ਕੁਲਦੀਪ ਸਿੰਘ ਬੇਦੀ ਨੇ ਲਿਖੀ ਹੈ। ਨਾਮਵਰ ਐਕਟਰ ਓਮ ਪੁਰੀ ਵਾਲਾ ਕਿਰਦਾਰ ਪ੍ਰਕਾਸ਼ ਗਾਧੂ ਕਰੇਗਾ। ਮਿਊਜ਼ਿਕ ਅਰਵਿੰਦਰ ਸਿੰਘ ਅਤੇ ਸੁਰਿੰਦਰ ਸਿੰਘ ਦਾ ਹੈ।



ਦੋ ਹਿੰਦੀ ਫਿਲਮਾਂ 'ਬਾਗਵਾਨ' ਅਤੇ 'ਸ਼ਹਿਨਸ਼ਾਹ' ਵਿਚ ਅਮਿਤਾਭ ਬੱਚਨ ਨਾਲ ਕੰਮ ਕਰ ਚੁਕੇ ਅਵਤਾਰ ਗਿੱਲ, ਉਨ੍ਹਾਂ ਦੇ ਵਿਚਕਾਰ ਹੀਰੋਇਨ ਕ੍ਰਿਸ਼ਮਾ ਕਪੂਰ ਅਤੇ ਪੱਗ ਵਾਲੇ ਪ੍ਰੋਡਿਊਸਰ ਡਾਇਰੈਕਟਰ ਰੀਨੋ ਨਿਵਾਸੀ ਐਨ. ਐਸ. ਸੌਦਾਗਰ



ਜਗੀਰਦਾਰ ਦੀ ਭੂਮਿਕਾ ਵਿਚ ਐਨ. ਐਸ. ਸੌਦਾਗਰ ਅਤੇ ਜਗੀਰਦਾਰਨੀ ਬਲਦੀਸ਼ ਕੌਰ ਦੀ ਭੂਮਿਕਾ 'ਚ ਪੂਨਮ ਸ਼ਰਮਾ

**ਹੋਰ ਜਾਣਕਾਰੀ ਲਈ ਸੰਪਰਕ ਕਰੋ-ਰੀਨੋ (ਨੇਵਾਡਾ) ਐਨ. ਐਸ. ਸੌਦਾਗਰ, ਫੋਨ: 775-379-5229**

Advt.



ਟੀ.ਵੀ. ਸੀਰੀਅਲ ਵਿਚ ਮੁੱਖ ਮੰਤਰੀ ਪੰਜਾਬ ਦੀ ਭੂਮਿਕਾ ਨਿਭਾਉਣ ਅਤੇ ਹੋਰ ਫਿਲਮਾਂ ਵਿਚ ਕੰਮ ਕਰਨ ਤੋਂ ਬਾਅਦ ਐਨ. ਐਸ. ਸੌਦਾਗਰ ਆਪਣੀ ਆਉਣ ਵਾਲੀ ਨਵੀਂ ਪੰਜਾਬੀ ਫਿਲਮ 'ਮਿੱਟੀ ਦੀ ਪੰਡ' ਵਿਚ ਜਗੀਰਦਾਰ ਦੀ ਭੂਮਿਕਾ ਨਿਭਾਉਣਗੇ। ਤਸਵੀਰ ਵਿਚ ਐਨ. ਐਸ. ਸੌਦਾਗਰ (ਐਨ ਵਿਚਕਾਰ, ਚਿੱਟਾ ਕੁੜਤਾ-ਪਜਾਮਾ ਤੇ ਕਾਲੀ ਪੱਗ) ਸਾਥੀ ਕਲਾਕਾਰਾਂ ਨਾਲ।

ਹੋਰ ਜਾਣਕਾਰੀ ਲਈ ਸੰਪਰਕ ਕਰੋ-ਰੀਨੋ (ਨੇਵਾਡਾ)
ਐਨ. ਐਸ. ਸੌਦਾਗਰ, ਫੋਨ: 775-379-5229

Advt.


# ਚੋਣਾਂ ਵੇਲੇ ਚਿੱਟਾ ਬਣਦਾ ਹੈ ਕਾਲਾ ਧਨ

**ਲੰਡਨ:** ਭਾਰਤ ਵਿਚ ਚੋਣ ਮੁਹਿੰਮ ਦੌਰਾਨ ਕਾਲੇ ਧਨ ਦੀ ਵਰਤੋਂ ਸਭ ਤੋਂ ਵੱਡੀ ਮੁਸ਼ਕਲ ਹੈ ਤੇ ਅਜਿਹਾ ਧਨ ਇਥੇ ਵੋਟਰਾਂ ਨੂੰ ਭਰਮਾਉਣ ਲਈ ਪਾਣੀ ਵਾਂਗ ਵਹਾਇਆ ਜਾਂਦਾ ਹੈ। ਇਹ ਖੁਲਾਸਾ ਭਾਰਤ ਦੇ ਸਾਬਕਾ ਮੁੱਖ ਚੋਣ ਕਮਿਸ਼ਨਰ ਐਸ.ਵਾਈ. ਕੁਰੈਸ਼ੀ ਨੇ ਆਪਣੀ ਪੁਸਤਕ 'ਐਨ ਅਨਡਾਕੂਮੈਂਟਿਡ ਵੰਡਰ: ਦਿ ਮੇਕਿੰਗ ਆਫ ਦਿ ਗਰੇਟ ਇੰਡੀਅਨ ਇਲੈਕਸ਼ਨ' ਵਿਚ ਕੀਤਾ ਹੈ। ਪੁਸਤਕ ਵਿਚਲੀਆਂ ਕੁਝ ਕਥਾਵਾਂ ਵਿਚ ਉਨ੍ਹਾਂ ਨੇ ਭਾਰਤ ਵਿਚ ਕਾਲੇ ਧਨ ਦੀ ਚੋਣ ਮੁਹਿੰਮਾਂ ਵਿਚ ਵਰਤੋਂ ਦੇ ਪੱਖ ਛੋਹੇ ਹਨ ਕਿ ਕਿਵੇਂ 'ਬਰਿਆਨੀ ਪਾਰਟੀਆਂ' ਤੇ 'ਬਿਨਾਂ ਲਾੜੇ-ਲਾੜੀ ਦੇ ਵਿਆਹ ਦੀਆਂ ਰਸਮਾਂ' ਦੇ ਬਹਾਨੇ ਵੋਟਰਾਂ ਨੂੰ ਭਰਮਾਉਣ ਦੇ ਯਤਨ ਕੀਤੇ ਜਾਂਦੇ ਹਨ।

ਸ੍ਰੀ ਕੁਰੈਸ਼ੀ ਨੇ ਭਾਰਤੀ ਜਮਹੂਰੀਅਤ ਦੀ ਮਹੱਤਤਾ ਨੂੰ ਵੀ ਵਡਿਆਉਂਦਿਆਂ ਇਸ ਨੂੰ ਦੇਸ਼ ਦਾ ਸਰਬੋਤਮ ਬਰਾਂਡ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਦਾ ਸਰਬੋਤਮ ਬਰਾਂਡਾਂ ਵਿਚੋਂ ਇਕ ਜਮਹੂਰੀਅਤ ਵੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਹਰੇਕ ਚੋਣ ਪਿਛਲੀ ਨਾਲੋਂ ਬਿਹਤਰ ਹੁੰਦੀ ਹੈ। ਇਹ ਬਹੁਤ ਵੱਡੀ ਕਵਾਇਦ ਹੁੰਦੀ ਹੈ ਕਿਉਂਕਿ ਸਾਰੇ ਯੂਰਪੀ ਮੁਲਕਾਂ ਨੂੰ ਰਲਾ ਕੇ ਵੀ ਸਾਡੇ ਵੋਟਰਾਂ ਦੀ ਗਿਣਤੀ ਵਧ ਬਣਦੀ ਹੈ। ਇਹ ਪੁਸਤਕ ਭਾਰਤ ਵਿਚ ਹਾਲ ਹੀ ਵਿਚ ਹੋਈਆਂ ਚੋਣਾਂ ਦੇ ਇਤਿਹਾਸ ਤੇ ਇਸ ਦੌਰਾਨ ਪੇਸ਼ ਆਈਆਂ ਚੁਣੌਤੀਆਂ ਦਾ 'ਉੱਤਮ' ਦੇ ਰੂਪ ਵਿਚ ਲੇਖਾ-ਜੋਖਾ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਡੀ ਪ੍ਰਣਾਲੀ ਵਿਚ ਕਈ ਦਿੱਕਤਾਂ ਹਨ ਤੇ ਕਾਲੇ ਧਨ ਵਰਤੋਂ ਵੱਡਾ ਅੜਿੱਕਾ ਹੈ। ਬਿਨਾਂ ਸ਼ੱਕ ਸਿਆਸਤਦਾਨਾਂ ਦਾ ਜਿਊਣਾ ਤਰਸਯੋਗ ਕਰ ਦਿੱਤਾ ਗਿਆ ਹੈ ਪਰ ਸਚਾਈ ਹੈ ਕਿ ਦੱਸੇ ਨਾਲੋਂ ਕਿਤੇ ਵੱਧ ਧਨ ਚੋਣਾਂ ਵਿਚ ਵਰਤਿਆ ਜਾਂਦਾ ਹੈ। ਇਹ ਗੱਲ ਵੀ ਪਰ ਨਾਲ ਦੀ ਨਾਲ ਸਪਸ਼ਟ ਹੈ ਕਿ ਚੋਣਾਂ ਦਾ ਖਰਚਾ ਸਰਕਾਰ ਵੱਲੋਂ ਦੇਣਾ ਵੀ ਕੋਈ ਹੱਲ ਨਹੀਂ ਹੈ।




**Harmit Toor**
**Professional Real Estate Services**
For a Real Estate Broker with an in-depth knowledge of both the area and market, contact Harmit Toor!
**925.202.7027 hdtoor@gmail.com**
**WWW.MissionPeakBrokers.Com**
Broker Associate
BRE Lic. #01462579
NMLS #358820
**For Buying/Selling Home, Business & Loans**
550 Credit Scores FHA Purchase Loans Available
**Serving Bay Area and Central Valley Over 10 Years**



# ਯੂਨਾਈਟਿਡ ਸਪੋਰਟਸ ਕਲੱਬ ਦੇ ਕਬੱਡੀ ਕੱਪ ਦਾ ਪਹਿਲਾ ਇਨਾਮ 21 ਹਜ਼ਾਰ ਡਾਲਰ

**ਯੂਨੀਅਨ ਸਿਟੀ (ਬਿਊਰੋ):** ਯੂਨਾਈਟਿਡ ਸਪੋਰਟਸ ਕਲੱਬ-ਕੈਲੀਫੋਰਨੀਆ ਦੀ ਇਕ ਵਿਸ਼ੇਸ਼ ਮੀਟਿੰਗ ਲੰਘੇ ਐਤਵਾਰ ਇਥੇ ਰਾਜਾ ਸਵੀਟਸ ਵਿਚ ਕਲੱਬ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਕਲੱਬ ਦੇ 23 ਅਗਸਤ ਨੂੰ ਹੋ ਰਹੇ 10ਵੇਂ ਕਬੱਡੀ ਕੱਪ ਲਈ ਪਹਿਲਾ ਇਨਾਮ 21 ਹਜ਼ਾਰ ਡਾਲਰ ਦੇਣ 'ਤੇ ਸਾਰੇ ਮੈਂਬਰਾਂ ਨੇ ਸਹਿਮਤੀ ਪ੍ਰਗਟ ਕੀਤੀ।

ਕਲੱਬ ਵਲੋਂ ਜਾਰੀ ਬਿਆਨ ਅਨੁਸਾਰ ਕਬੱਡੀ ਕੱਪ ਲਈ ਚਾਰੇ ਟੀਮਾਂ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੀਆਂ ਹੋਣਗੀਆਂ ਜਿਸ ਵਿਚ ਦੁਨੀਆਂ ਭਰ ਦੇ ਸਟਾਰ ਖਿਡਾਰੀ ਖੇਡਣਗੇ ਅਤੇ ਇਨ੍ਹਾਂ ਲਈ ਸਾਰੇ ਕੰਟਰੈਕਟ ਹੋਣੇ ਸ਼ੁਰੂ ਹੋ ਗਏ ਹਨ। ਇਸ ਮੌਕੇ ਕਬੱਡੀ ਦੇ ਸਟਾਰ ਖਿਡਾਰੀ ਮੀਕ ਸਿਆਟਲ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਮੀਕ ਨੇ ਲੰਮੇ ਸਮੇਂ ਤੋਂ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਅਪਨਾਇਆ ਹੋਇਆ ਹੈ। ਸ. ਗਾਖਲ ਨੇ ਦੱਸਿਆ ਕਿ ਇਸ ਕਬੱਡੀ ਮੇਲੇ ਦੇ ਮੁੱਖ ਮਹਿਮਾਨ ਆਪਣੇ ਸਮੇਂ ਦੇ ਚੋਟੀ ਦੇ ਖਿਡਾਰੀ ਰਹੇ ਸ. ਸਰਵਣ ਸਿੰਘ ਬੱਲ ਹੋਣਗੇ। ਇਸ ਤੋਂ ਇਲਾਵਾ ਹੋਰ ਵੀ ਸ਼ਖਸੀਅਤਾਂ ਇਸ ਕਬੱਡੀ ਮੇਲੇ ਵਿਚ ਸ਼ਿਰਕਤ ਕਰਨਗੀਆਂ।

# ਨਰੇਂਦਰ ਮੋਦੀ ਵਿਆਹ ਕੇਸ ਵਿਚੋਂ ਬਰੀ




**ਅਹਿਮਦਾਬਾਦ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਿਰੁਧ ਇਕ ਪਟੀਸ਼ਨ ਦਾ ਨਿਪਟਾਰਾ ਕਰਦਿਆਂ ਇਥੋਂ ਦੀ ਇਕ ਅਦਾਲਤ ਨੇ ਕਿਹਾ ਕਿ ਨਰੇਂਦਰ ਮੋਦੀ ਨੇ ਚੋਣਾਂ ਦੌਰਾਨ ਆਪਣੇ ਵਿਆਹ ਦੇ ਰੁਤਬੇ ਬਾਰੇ ਜਾਣਕਾਰੀ ਨਾ ਦੇ ਕੇ ਅਪਰਾਧ ਕੀਤਾ ਹੈ ਪਰ ਇਸ ਬਾਰੇ ਨਿਸ਼ਚਿਤ ਸਮੇਂ ਅੰਦਰ ਸ਼ਿਕਾਇਤ ਨਾ ਕਰਨ ਕਰਕੇ ਹੁਣ ਐਫ. ਆਈ. ਆਰ. ਦਰਜ ਨਹੀਂ ਕੀਤੀ ਜਾ ਸਕਦੀ।

ਅਹਿਮਦਾਬਾਦ (ਦਿਹਾਤੀ) ਅਦਾਲਤ ਨੇ 'ਆਪ' ਦੇ ਆਗੂ ਨਿਸ਼ਾਂਤ ਵਰਮਾ ਦੀ ਪਟੀਸ਼ਨ ਦਾ ਨਿਬੇੜਾ ਕਰਦਿਆਂ ਕਿਹਾ ਕਿ ਲੋਕ ਪ੍ਰਤੀਨਿਧ ਕਾਨੂੰਨ ਦੀ ਧਾਰਾ 125 (ਏ) (3) ਤਹਿਤ ਮੋਦੀ ਦੇ ਵਿਆਹ ਬਾਰੇ ਜਾਣਕਾਰੀ ਨਾ ਦੇ ਕੇ ਅਪਰਾਧ ਕੀਤਾ ਗਿਆ ਹੈ ਪਰ ਸੀ.ਆਰ.ਪੀ.ਸੀ. ਦੀ ਧਾਰਾ 468 (2) (ਬੀ) ਤਹਿਤ ਸ਼ਿਕਾਇਤ ਇਕ ਸਾਲ ਦੇ ਵਿਚ ਕੀਤੀ ਜਾਣੀ ਬਣਦੀ ਹੈ ਪਰ ਇਹ ਸ਼ਿਕਾਇਤ ਇਕ ਸਾਲ ਛੇ ਮਹੀਨਿਆਂ ਬਾਅਦ ਕੀਤੀ ਗਈ ਹੈ।

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545

City Travel & Tour

We are the cheapest in the travel industry guaranteed for you travel.

From All Major destination of USA to most destination of India

$ 799.00 RT + Taxes

$500.00+taxes One way to any where in India

Please call us for the special group fares for weddings and and student group trip We also offer senior citizen discount and student discount for three or more tickets



England, Germany, Spain, Norway, Italy, Canada, France,

$299.00 plus TX based on RT purchase

*Infant fly free*

travelforce@outlook.com

Toll Free: 1-888-264-5068

The Anu Attorney Immigration Law Firm

Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ


FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

$25 2,500 Minutes

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।

✓ ਵਧੀਆ, ਸਾਫ਼ ਆਵਾਜ਼ ✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ

Limited Time Offer. Restrictions & Additional Fees Apply.

800.914.1013 • 408.659.9400

## ਸੁਰਾਂ ਦਾ ਸਰਤਾਜ


# ਸਤਿੰਦਰ ਸਰਤਾਜ



ਕਲਾ ਪਰਿਕਰਮਾ

ਸਤਿੰਦਰ ਸਰਤਾਜ ਨੇ ਪੰਜਾਬੀ ਗਾਇਨ ਦੇ ਖੇਤਰ ਵਿਚ ਉਸ ਵਕਤ ਪਰਵੇਸ਼ ਕੀਤਾ ਸੀ ਜਦੋਂ ਪੈਸੇ ਜਾਂ ਸਿਫਾਰਸ਼ਾਂ ਦੇ ਜ਼ੋਰ ਹਰ ਜਣਾ-ਖਣਾ ਗਵੱਈਆ ਹੋਣ ਦਾ ਭਰਮ ਪਾਲ ਰਿਹਾ ਸੀ। ਸਤਿੰਦਰ ਨੇ ਇਸ ਤਰ੍ਹਾਂ ਦੇ ਸੁਰ ਅਤੇ ਸ਼ਬਦ ਛੋਹੇ ਕਿ ਇਹ ਬੱਚੇ-ਬੱਚੇ ਦੀ ਜ਼ੁਬਾਨ 'ਤੇ ਆ ਗਏ। ਹਰ ਵਰਗ ਅਤੇ ਹਰ ਤਬਕੇ ਨੇ ਉਸ ਦੇ ਸਾਫ-ਸੁਥਰੇ ਗਾਇਨ ਨੂੰ ਭਰਪੂਰ ਹੁੰਗਾਰਾ ਭਰਿਆ। ਬਹੁਤੇ ਲੋਕ ਜਿਹੜੇ ਐਲਬਮਾਂ ਦੇ ਸਿਰ 'ਤੇ ਗਵੱਈਏ ਬਣਨ ਦੀ ਦੌੜ ਵਿਚ ਸਨ, ਨਹੀਂ ਸਨ ਜਾਣਦੇ ਕਿ ਐਲਬਮ ਕਿਸੇ ਦੇ ਗਵੱਈਆ ਬਣ ਜਾਣ ਦਾ ਕੋਈ ਸਰਟੀਫਿਕੇਟ ਨਹੀਂ ਹੁੰਦੀ। ਕੋਈ ਸਤਿੰਦਰ ਹੋਵੇ ਤਾਂ ਅੜੀਆਂ-ਐਲਬਮਾਂ ਤੋਂ ਬਗੈਰ ਵੀ ਗਵੱਈਆ ਹੋਣ ਦਾ ਤਮਗਾ ਆਪਣੇ ਸੀਨੇ ਉਤੇ ਸਜਾ ਸਕਦਾ ਹੈ। ਸਤਿੰਦਰ ਦੇ ਘਰਦਿਆਂ ਨੇ ਬੜੇ ਚਾਅ ਨਾਲ ਉਸ ਦਾ ਨਾਂ ਸਤਿੰਦਰ ਰੱਖਿਆ ਸੀ, ਤੇ ਉਸ ਨੇ ਆਪਣੇ ਇਸ ਨਾਂ ਨਾਲ 'ਸਰਤਾਜ' ਤਖੱਲਸ ਜੋੜ ਕੇ ਦੱਸ ਦਿੱਤਾ ਕਿ ਉਹ ਸੰਗੀਤ ਦਾ ਸਰਤਾਜ ਹੋਣ ਦਾ ਦਮ ਰੱਖਦਾ ਹੈ।

ਸਤਿੰਦਰ ਹੁਸ਼ਿਆਰਪੁਰ ਜ਼ਿਲ੍ਹੇ ਦੇ ਘੁੱਗ ਵੱਸਦੇ ਪਿੰਡ ਬਜਵਾੜਾ ਵਿਚ ਜੰਮਿਆ। ਆਪਣੇ ਪਿੰਡੋਂ ਹੀ ਉਹਨੇ ਮੁੱਢਲੀ ਪੜ੍ਹਾਈ ਹਾਸਲ ਕੀਤੀ। ਸੁਰ ਦੀ ਸਰਸਵਤੀ ਉਸ ਉਤੇ ਜਨਮ ਤੋਂ ਹੀ ਮਿਹਰਵਾਨ ਸੀ। ਉਹ ਅਜੇ ਤੀਜੀ ਜਮਾਤ ਵਿਚ ਹੀ ਚੜ੍ਹਿਆ ਸੀ ਕਿ ਸਟੇਜ ਉਤੇ ਗਾਉਣ ਵੀ ਲੱਗ ਪਿਆ। ਹਰ ਪਾਸਿਉਂ ਉਸ ਨੂੰ ਲਾਡ ਅਤੇ ਹੁੰਗਾਰਾ ਮਿਲਿਆ। ਸੁਰਾਂ ਸਿੱਖਦਿਆਂ-ਸਿੱਖਦਿਆਂ ਉਹਨੇ ਹੁਸ਼ਿਆਰਪੁਰ ਦੇ ਸਰਕਾਰੀ ਕਾਲਜ ਤੋਂ ਗਰੈਜੂਏਸ਼ਨ ਵੀ ਕਰ ਲਈ, ਉਹ ਵੀ ਸੰਗੀਤ ਦੀ ਆਨਰਜ਼। ਫਿਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਡਾਕਟਰੇਟ ਵੀ ਲੈ ਲਈ। ਉਹ ਉਨ੍ਹਾਂ ਗਿਣਵੇਂ-ਚੁਣਵੇਂ ਗਵੱਈਆਂ ਵਿਚੋਂ ਹੈ ਜਿਸ ਨੇ ਉਚ ਸਿੱਖਿਆ ਹਾਸਲ ਕੀਤੀ, ਪਰ ਕਦੀ ਹੰਕਾਰ ਨਹੀਂ ਕੀਤਾ। ਅਸਲ ਵਿਚ ਉਹ ਸੂਫੀ ਰੰਗ ਵਿਚ ਇੰਨਾ ਕੁ ਰੰਗਿਆ ਜਾ ਚੁੱਕਾ ਹੈ ਕਿ ਅਜਿਹੀਆਂ ਗੱਲਾਂ ਤੋਂ ਬਹੁਤ ਉਪਰ ਹੈ। ਉਸ ਨੂੰ ਇੰਨੀ ਛੋਟੀ ਉਮਰ ਵਿਚ ਜੋ ਮਾਣ-ਤਾਣ ਮਿਲਿਆ ਹੈ, ਉਸ ਲਈ ਉਹ ਮਿਹਰਬਾਨ ਸੱਚੇ ਪਾਤਸ਼ਾਹ ਦਾ ਬਹੁਤ ਨਿਰਮਾਣ ਹੋ ਕੇ ਸ਼ੁਕਰੀਆ ਅਦਾ ਕਰਦਾ ਹੈ ਅਤੇ ਕਹਿੰਦਾ ਹੈ ਕਿ ਉਸ ਉਤੇ ਸਰਸਵਤੀ ਦਾ ਮੀਂਹ ਇਸੇ ਤਰ੍ਹਾਂ ਲਗਾਤਾਰ ਵਰ੍ਹਦਾ ਰਹੇ ਅਤੇ ਉਹ ਸੰਗੀਤ ਦੀਆਂ ਸੁਰਾਂ ਨਾਲ ਸਰਸ਼ਾਰ ਹੁੰਦਾ ਰਹੇ।




ਹਾਲ ਹੀ ਵਿਚ ਸਤਿੰਦਰ ਸਰਤਾਜ ਦੀ ਨਵੀਂ ਐਲਬਮ 'ਰੰਗਰੇਜ਼' ਆਈ ਹੈ। ਆਪਣੀ ਪਹਿਲੀਆਂ ਐਲਬਮਾਂ ਵਾਂਗ ਇਸ ਐਲਬਮ ਵਿਚ ਵੀ ਉਸ ਨੇ ਸਮਾਜਕ ਸਰੋਕਾਰਾਂ ਵਾਲੇ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ ਹੈ।

ਹਾਲ ਹੀ ਵਿਚ ਸਤਿੰਦਰ ਸਰਤਾਜ ਦੀ ਨਵੀਂ ਐਲਬਮ 'ਰੰਗਰੇਜ਼' ਆਈ ਹੈ। ਆਪਣੀ ਪਹਿਲੀਆਂ ਐਲਬਮਾਂ ਵਾਂਗ ਇਸ ਐਲਬਮ ਵਿਚ ਵੀ ਉਸ ਨੇ ਸਮਾਜਕ ਸਰੋਕਾਰਾਂ ਵਾਲੇ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ ਹੈ। ਉਹ ਆਖਦਾ ਹੈ ਕਿ ਸੱਚੇ ਪਾਤਸ਼ਾਹ ਨੇ ਉਸ ਨੂੰ ਕਲਾ ਦੀ ਬਖਸ਼ਿਸ਼ ਕੀਤੀ ਹੈ, ਤਾਂ ਹੀ ਤਾਂ ਉਹ ਇੰਨੇ ਲੋਕਾਂ ਦਾ ਪਿਆਰ ਹਾਸਲ ਕਰਨ ਦੇ ਯੋਗ ਹੋ ਸਕਿਆ ਹੈ। 'ਰੰਗਰੇਜ਼' ਸਮੇਤ ਹੁਣ ਤੱਕ ਉਸ ਦੀਆਂ ਅੱਠ ਐਲਬਮਾਂ ਆ ਚੁੱਕੀਆਂ ਹਨ। ਇਨ੍ਹਾਂ ਵਿਚ 'ਮਹਿਫਿਲ-ਏ-ਸਰਤਾਜ: ਲਾਈਵ ਕੰਸਰਟ', 'ਇਬਾਦਤ: ਮਹਿਫਿਲ-ਏ-ਸਰਤਾਜ', 'ਸਰਤਾਜ', 'ਚੀਰੇ ਵਾਲਾ ਸਰਤਾਜ', 'ਸਰਤਾਜ ਲਾਈਵ', 'ਅਫਸਾਨੇ ਸਰਤਾਜ ਦੇ', 'ਬਿਗ ਬੇਨ' ਅਤੇ 'ਰੰਗਰੇਜ਼' ਸ਼ਾਮਲ ਹਨ। ਦੱਸਣਾ ਬਣਦਾ ਹੈ ਕਿ ਸਾਲ 2009 ਵਿਚ ਹੀ ਉਸ ਦੀ ਪਹਿਲੀ ਐਲਬਮ ਤਿਆਰ ਹੋ ਕੇ ਸਰੋਤਿਆਂ ਤੱਕ ਅੱਪੜੀ ਸੀ, ਨਹੀਂ ਤਾਂ ਉਹ ਸਿਰਫ ਸਟੇਜਾਂ ਉਤੇ ਹੀ ਸੁਰਾਂ ਦੀਆਂ ਬਾਤਾਂ ਪਾਉਂਦਾ ਹੁੰਦਾ ਸੀ। ਉਸ ਦੀ ਸਭ ਤੋਂ ਵੱਧ ਚਰਚਾ ਉਸ ਦੇ ਗੀਤ 'ਸਾਈਂ' ਨਾਲ ਹੋਈ। ਇਸ ਤੋਂ ਪਿੱਛੋਂ ਉਸ ਨੇ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ।

ਨਿੱਕੀ ਉਮਰੇ ਮੱਲਾਂ ਮਾਰਨ ਬਾਰੇ ਪੁੱਛਣ 'ਤੇ ਉਹ ਆਖਦਾ ਹੈ ਕਿ ਅਜੇ ਤਾਂ ਬਹੁਤ ਦੂਰ ਤੱਕ ਜਾਣਾ ਹੈ। ਆਪਣੀ ਹਰ ਪ੍ਰਾਪਤੀ ਨੂੰ ਉਹ ਆਪਣਾ ਨਵਾਂ ਮੁਕਾਮ ਤਸੱਵਰ ਕਰਦਾ ਹੈ। ਉਸ ਮੁਤਾਬਕ ਉਹ ਸਦਾ ਸਫਰ ਵਿਚ ਹੀ ਰਹਿਣਾ ਚਾਹੁੰਦਾ ਹੈ। ਉਸ ਮੁਤਾਬਕ ਸਿਰਫ ਇਸ ਤਰ੍ਹਾਂ ਹੀ ਸ਼ਹੁ ਪਾਇਆ ਜਾ ਸਕਦਾ ਹੈ।

***-ਪੰਜਾਬ ਟਾਈਮਜ਼ ਫੀਚਰਜ਼***

### ਸੁੱਚੀਆਂ ਸੁਰਾਂ

*ਹਰਿਆਲੀ ਵਾਲੇ ਇਲਾਕੇ ਵਿਚ ਜੰਮੇ ਸਤਿੰਦਰ ਸਰਤਾਜ ਲਈ ਕੁਦਰਤ ਪਹਿਲੀ ਰਾਹ-ਦਸੇਰਾ ਹੈ। ਉਹ ਕੁਦਰਤ ਦੀਆਂ ਨੇਅਮਤਾਂ ਨੂੰ ਸ਼ਤ-ਸ਼ਤ ਪ੍ਰਣਾਮ ਕਰਦਾ ਹੈ। ਉਸ ਲਈ ਉਸਤਾਦ ਵੀ ਕੁਦਰਤ ਹੀ ਹੈ। ਇਸ ਤਸਵੀਰ ਵਿਚ ਉਹ ਪੰਜਾਬੀ ਦੇ ਇਕ ਹੋਰ ਸੁੱਚੇ-ਸੱਚੇ ਗਵੱਈਏ ਨਾਲ ਨਜ਼ਰ ਆ ਰਿਹਾ ਹੈ। ਇਨ੍ਹਾਂ ਦੋਹਾਂ ਗਵੱਈਆਂ ਨੇ ਕਦੀ ਹਲਕੀ ਸ਼ਾਇਰੀ ਦਾ ਸਹਾਰਾ ਨਹੀਂ ਲਿਆ।*



ਸੁੱਚੀਆਂ ਗੱਲਾਂ-ਬਾਤਾਂ: ਗੁਰਦਾਸ ਮਾਨ ਨਾਲ ਸਤਿੰਦਰ ਸਰਤਾਜ।

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 12 ਜੁਲਾਈ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-124



ਤਸਵੀਰ: ਜਸਦੀਪ ਸਿੰਘ ਖੰਨਾ

*ਦਿਨੇ ਸ਼ਹਿਰ ਨੂੰ ਗੇੜੀ ਲਾਈਏ, ਸ਼ਾਮੀਂ ਪੱਠੇ ਢੋਣ ਨੂੰ ਰੱਖੀ।*
*'ਕਾਰ ਮਾਰੂਤੀ' ਮਿੱਤਰਾਂ ਨੇ, ਟੌਹਰ ਵਿਖਾਉਣ ਨੂੰ ਰੱਖੀ।*

## ਕੈਪਸ਼ਨ ਮੁਕਾਬਲਾ-122



ਅਨੇਕਾਂ ਜਫਰ ਜਾਲ ਜਾਲ ਕੇ
ਪੁਲਿਸ 'ਚ ਭਰਤੀ ਹੋਈ।
ਪਾ ਕੇ ਵਰਦੀ ਨਾਲ ਹੌਸਲੇ
ਨਿਭਾਵਣ ਫਰਜ਼ ਖਲੋਈ।
ਮਾਰ ਕੇ ਹਾਰਨ ਕਾਰ ਲੰਘ ਜੇ
ਸਾਈਕਲ ਵਾਲਾ ਵੀ ਰੁਕੇ ਨਾ ਕੋਈ।
ਲੋਕ ਮਨਾਂ ਵਿਚ ਹਾਲੇ ਵੀ ਵਸਿਆ
'ਇਹਦਾ ਕੀ ਹੈ' ਕੁੜੀ ਹੈ ਮੋਈ।

***-ਜਗਮੀਤ ਸਿੰਘ ਪੰਧੇਰ, ਕੈਨੇਡਾ***
***ਫੋਨ: 204-505-0751***

---

ਲੁਧਿਆਣੇ ਦੀ ਇਕ ਸੜਕ ਉਤੇ
ਭਈਏ ਕਰਨ ਡਬਲ ਸਵਾਰੀ।
ਸਾਈਕਲ ਤੱਕ ਕੇ ਸੜਕ ਦੇ ਗੱਭੇ
ਹੌਲਦਾਰਨੀ ਨੇ 'ਵਾਜ਼ ਮਾਰੀ।
ਬੇਖਬਰ ਇੰਜ ਤੁਰੇ ਜਾਂਦੇ ਨੇ
ਜਾਪੇ ਦੁਰਘਟਨਾ ਦੀ ਤਿਆਰੀ।
ਕਿਨਾਰੇ ਚੱਲਣ ਦਾ ਇਸ਼ਾਰਾ ਕਰਕੇ
ਆਪਣਾ ਫਰਜ਼ ਨਿਭਾਵੇ ਵਿਚਾਰੀ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***
***ਫੋਨ: 408-912-3438***

---

ਰੁਕ ਵੇ ਵੀਰਾ 'ਗੱਡੀ' ਵਾਲਿਆ,
ਕਾਗਜ਼ 'ਚੈਕ' ਕਰਾ ਕੇ ਜਾਈਂ।
ਕੀਹਦੇ ਨਾਂ 'ਤੇ 'ਗੱਡੀ' ਬੋਲਦੀ,
'ਇੰਸ਼ੋਰੈਂਸ' ਵੀ ਵਿਖਾ ਕੇ ਜਾਈਂ।
ਨਾਲ ਸਵਾਰੀ 'ਕਿਹੜੀ' ਬੈਠੀ?
'ਪਤਾ-ਟਿਕਾਣਾ' ਲਿਖਾ ਕੇ ਜਾਈਂ।
ਥੈਲੇ ਵਿਚ ਕੀ 'ਸ਼ੈਅ' ਲਕੋਈ,
'ਨਿਗ੍ਹਾ ਸਾਬ੍ਹ ਦੀ' ਪੁਆ ਕੇ ਜਾਈਂ।

***-ਇੰਦਰਜੀਤ ਸਿੰਘ ਗਹੂਣ***
***ਬਫਲੋ, ਨਿਊ ਯਾਰਕ।***

---

ਪੁਲਿਸ ਵਾਲੀ ਦੇਵੇ ਨਿਰਦੇਸ਼
ਸਾਈਕਲ ਵਾਲੇ ਸਵਾਰਾਂ ਨੂੰ।
ਸੜਕ ਕਿਨਾਰੇ ਚੱਲੋ ਭਲਿਓ
ਨਾ ਚੱਲੋ ਸੜਕ ਵਿਚਕਾਰਾਂ ਨੂੰ।

***-ਪਰਸ਼ੋਤਮ ਸਿੰਘ***
***ਯੂਬਾ ਸਿਟੀ, ਕੈਲੀਫੋਰਨੀਆ।***

---

ਬਾਪੂ ਪੈ ਗਿਆ ਪੰਗਾ
ਰੋਕਦੀ ਪਈ ਪੁਲਿਸ ਵਾਲੀ ਆਂਟੀ।
ਲੱਗਦਾ ਬਾਪੂ ਅੱਜ ਕਰੂ
ਪੁਲਿਸ ਆਪਣੀ ਛਾਂਟੀ।
ਡਬਲ ਸਵਾਰੀ ਤੁਸੀਂ ਕਰਦੇ ਹੋ
ਇਹ ਗੱਲ ਹੈ ਮਾੜੀ।
ਦਫਾ 144 ਹੈ ਲੱਗੀ
ਮੱਤ ਕਿਉਂ ਤੁਹਾਡੀ ਮਾਰੀ।
ਕਰ ਦਿਓ ਸਾਡੀ ਸੇਵਾ
ਫਿਰ ਬਿਠਾ ਲਓ ਤੀਜੀ ਸਵਾਰੀ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

## ਕੈਪਸ਼ਨ ਮੁਕਾਬਲਾ-121

ਕੁੱਤੇ ਦੀ ਇਸ ਵੱਟੀ ਚੁੱਪ ਨੇ
ਸਭ ਨੂੰ ਸੋਚੀਂ ਪਾਇਆ।
ਕੁੱਕੜਾਂ ਦੇ ਨਾਲ ਰਲ ਕੇ ਮੋਰ ਵੀ
ਪਤਾ ਲੈਣ ਹੈ ਆਇਆ।
ਧੋਖਾ ਕਿਧਰੇ ਹੋ ਨਾ ਜਾਵੇ
ਮਨਾਂ 'ਚ ਡਰ ਸਮਾਇਆ।

***-ਜਗਮੀਤ ਸਿੰਘ ਪੰਧੇਰ, ਕੈਨੇਡਾ***

# ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਮੌਕੇ ਸਮਾਗਮ

**ਸੈਕਰਾਮੈਂਟੋ (ਬਿਊਰੋ):** ਭਾਰਤ ਦੇ ਸੰਵਿਧਾਨ ਨਿਰਮਾਤਾ ਡਾ. ਬੀ ਆਰ ਅੰਬੇਡਕਰ ਦਾ ਜਨਮ ਦਿਨ ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਸੁਸਾਇਟੀ, ਰੀਓ ਲਿੰਡਾ (ਸੈਕਰਾਮੈਂਟੋ) ਵਲੋਂ ਲੰਘੇ ਸਨਿਚਰਵਾਰ ਨੂੰ ਇੰਡੀਆ ਪਲੇਟ ਰੈਸਟੋਰੈਂਟ ਵਿਚ ਸ੍ਰੀ ਗੁਰੂ ਰਵਿਦਾਸ ਸਭਾਵਾਂ ਅਤੇ ਬਾਲਮੀਕ ਸਭਾ ਯੂਬਾ ਸਿਟੀ ਦੇ ਸਹਿਯੋਗ ਨਾਲ ਗਰਮਜੋਸ਼ੀ ਨਾਲ ਮਨਾਇਆ ਗਿਆ।

ਇਸ ਮੌਕੇ ਸੈਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲਖਾਨੇ ਵਿਚ ਕੌਂਸਲ ਜਨਰਲ ਸ੍ਰੀ ਐਨ ਪਾਰਥਾਸਾਰਥੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਦਿਆਂ ਡਾ. ਅੰਬੇਡਕਰ ਦੀ ਤਸਵੀਰ ਅੱਗੇ ਸ਼ਮ੍ਹਾ ਰੋਸ਼ਨ ਕਰਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਬੋਲਦਿਆਂ ਸ੍ਰੀ ਪਾਰਥਾਸਾਰਥੀ ਨੇ ਡਾ. ਅੰਬੇਡਕਰ ਦੀ ਸ਼ਲਾਘਾ ਕਰਦਿਆਂ ਵਾਅਦਾ ਕੀਤਾ ਕਿ ਅਗਸਤ ਮਹੀਨੇ ਵਿਚ ਡਾ. ਅੰਬੇਡਕਰ ਦੀ ਤਸਵੀਰ ਸੈਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲਖਾਨੇ ਵਿਚ ਲਾਈ ਜਾਵੇਗੀ। ਉਨ੍ਹਾਂ ਗੁਰੂ ਰਵਿਦਾਸ ਸਭਾਵਾਂ ਨੂੰ ਸਲਾਹ ਦਿੱਤੀ ਕਿ ਅਮਰੀਕਾ ਵਿਚ ਡਾ. ਅੰਬੇਡਕਰ ਦੇ ਨਾਂ 'ਤੇ ਐਵਾਰਡ ਸ਼ੁਰੂ ਕਰਕੇ ਕਿਸੇ ਬੈਸਟ ਸਟੂਡੈਂਟ ਨੂੰ ਦਿੱਤਾ ਜਾਵੇ, ਭਾਵੇਂ ਉਹ ਕਿਸੇ ਵੀ ਭਾਈਚਾਰੇ 'ਚੋਂ ਹੋਵੇ।

ਇਸ ਮੌਕੇ ਪੁੱਜੇ ਕੌਂਸਲਰ ਸ੍ਰੀ ਅਨੰਦ ਝਾਅ ਨੇ ਵੀਜ਼ਾ ਅਤੇ ਪਾਸਪੋਰਟ ਸਬੰਧੀ ਦਰਪੇਸ਼ ਮੁਸ਼ਕਲਾਂ ਬਾਰੇ ਸਵਾਲਾਂ ਦੇ ਜਵਾਬ ਦਿੱਤੇ ਅਤੇ ਭਰੋਸਾ ਦਿੱਤਾ ਕਿ ਸੈਨ ਫਰਾਂਸਿਸਕੋ ਸਥਿਤ ਕੌਂਸਲਖਾਨਾ ਲੋਕਾਂ ਦੀ ਸੇਵਾ ਕਰਦਿਆਂ ਉਨ੍ਹਾਂ ਨੂੰ ਪੇਸ਼ ਔਕੜਾਂ ਦੇ ਹੱਲ ਲਈ ਵਚਨਬੱਧ ਹੈ। ਵਿਨੋਦ ਕੁਮਾਰ ਚੁੰਬਰ ਨੇ ਕਿਹਾ ਕਿ ਅਸੀਂ ਅੱਜ ਜੋ ਕੁਝ ਵੀ ਹਾਂ ਬਾਬਾ ਸਾਹਿਬ ਦੀ ਬਦੌਲਤ ਹਾਂ।

ਡਾ. ਅੰਬੇਡਕਰ ਨਾਲ ਸਮਾਂ ਗੁਜ਼ਾਰ ਚੁਕੇ ਓ ਪੀ ਬਾਲੀ ਨੇ ਬਾਬਾ ਸਾਹਿਬ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਕਿਹਾ ਕਿ ਡਾ. ਅੰਬੇਡਕਰ ਦੇ ਚਲਾਣੇ ਉਤੇ ਉਹ ਉਨ੍ਹਾਂ ਦੇ ਘਰ ਸਨ। ਮਿਸ਼ਨਰੀ ਧਰਮ ਚੰਦ ਪਟਵਾਰੀ ਦੀ ਬੇਟੀ ਰਾਜਵੰਤ ਬੇਦੀ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਅਤੇ ਸੂਬੇਦਾਰ ਜੋਗਿੰਦਰ ਸਿੰਘ, ਵਤਨ ਚੰਦ ਤੇ ਸੋਹਣ ਸਿੰਘ ਢੋਲਾ ਨੇ ਜੋ ਕਾਰਜ ਸ਼ੁਰੂ ਕੀਤਾ ਸੀ, ਉਸ ਨੂੰ ਅੱਜ ਤੀਕ ਪ੍ਰਧਾਨ ਜੋਗਿੰਦਰ ਚੁੰਬਰ, ਜੱਸੀ ਬੰਗਾ ਤੇ ਜਸਵੰਤ ਸ਼ੀਮਾਰ ਨੇ ਜਾਰੀ ਰੱਖਿਆ ਹੋਇਆ ਹੈ। ਉਨ੍ਹਾਂ ਡਾ. ਅੰਬੇਡਕਰ ਦੇ ਜੀਵਨ ਬਾਰੇ ਸੰਖੇਪ ਵਿਚਾਰ ਵੀ ਹਾਜ਼ਰੀਨ ਨਾਲ ਸਾਂਝੇ ਕੀਤੇ। ਪ੍ਰੇਮ ਕੁਮਾਰ ਚੁੰਬਰ ਨੇ ਸ੍ਰੀ ਪਾਰਥਾਸਾਰਥੀ ਵਲੋਂ ਕੌਂਸਲਖਾਨੇ ਵਿਚ ਬਾਬਾ ਸਾਹਿਬ ਦੀ ਫੋਟੋ ਲਾਉਣ ਦੇ ਵਾਅਦੇ ਲਈ ਉਚੇਚਾ ਧੰਨਵਾਦ ਕੀਤਾ। ਰਾਮ ਸੇਵਕ ਭਾਟੀਆ (ਯੂਬਾ ਸਿਟੀ), ਗਿਆਨ ਨੇਗਾ (ਲਾਸ ਏਂਜਲਸ), ਮਹਿੰਦਰ ਸਿੰਘ ਧਾਮੀ ਤੇ ਇਕਬਾਲ ਬਡਵਾਲ ਨੇ ਵੀ ਸੰਬੋਧਨ ਕੀਤਾ। ਰਾਜ ਕੁਮਾਰ ਸੂਦ, ਸੇਵਕ ਦਾਸ ਰੱਲੂ ਅਤੇ ਜੀਵਨ ਰੱਤੂ ਨੇ ਕਵਿਤਾਵਾਂ ਪੜ੍ਹੀਆਂ। ਅਵਤਾਰ ਸਿੰਘ ਜੱਸਲ ਅਤੇ ਸੋਹਣ ਸੈਂਪਲਾ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ।

ਇਸ ਮੌਕੇ ਬੇਗਮਪੁਰਾ ਕਲਚਰਲ ਸੁਸਾਇਟੀ ਵਲੋਂ ਐਨ ਪਾਰਥਾਸਾਰਥੀ, ਹਰਦਿਆਲ ਬੰਗਾ ਅਤੇ ਅਵਤਾਰ ਸਿੰਘ ਜੱਸਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਮੰਚ ਸੰਚਾਲਨ ਜੀਵਨ ਰੱਤੂ ਨੇ ਬਾਖੂਬੀ ਕੀਤਾ। ਜੱਸੀ ਬੰਗਾ ਨੇ ਆਏ ਮਹਿਮਾਨਾਂ ਤੇ ਸਭਾਵਾਂ ਦੇ ਨੁਮਾਇੰਦਿਆਂ ਦਾ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਸਭਾ ਗਰੀਬ ਬੱਚਿਆਂ ਨੂੰ ਹੁਨਰਮੰਦ ਬਣਾਉਣ ਅਤੇ ਉਨ੍ਹਾਂ ਦੀ ਪੜ੍ਹਾਈ 'ਤੇ ਖਰਚ ਕਰਿਆ ਕਰੇਗੀ। ਹੋਰ ਜਾਣਕਾਰੀ ਜੱਸੀ ਬੰਗਾ ਫੋਨ: 916-796-5003, ਜੋਗਿੰਦਰ ਚੁੰਬਰ ਫੋਨ: 916-439-4043 ਅਤੇ ਜੱਸੀ ਸ਼ੀਮਾਰ ਫੋਨ: 916-293-6030 ਤੋਂ ਲਈ ਜਾ ਸਕਦੀ ਹੈ।









## ਸਾਹਿਤ ਸਭਾ ਦੀ ਇਕੱਤਰਤਾ 'ਚ ਸਾਹਿਤਕ ਰੰਗ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸੈਕਰਾਮੈਂਟੋ ਇਕਾਈ ਦੀ ਮਾਸਿਕ ਇਕੱਤਰਤਾ ਰੀਓ ਲਿੰਡਾ ਦੇ ਕਮਿਊਨਿਟੀ ਹਾਲ ਵਿਚ ਹੋਈ। ਮੀਟਿੰਗ ਦੇ ਪਹਿਲੇ ਹਿੱਸੇ ਵਿਚ ਕਹਾਣੀ ਦਰਬਾਰ ਹੋਇਆ ਜਿਸ ਦੌਰਾਨ



ਤਤਿੰਦਰ ਕੌਰ ਨੇ ਕਹਾਣੀ 'ਬਚਪਨ', ਮਨਜੀਤ ਸੇਖੋਂ ਨੇ 'ਗੁੱਡੀ', ਜੋਤੀ ਸਿੰਘ ਨੇ 'ਦੋ ਤਿਤਲੀਆਂ' ਅਤੇ ਮਹਿੰਦਰ ਘੱਗ ਤੇ ਪਰਮਿੰਦਰ ਰਾਏ ਨੇ ਕਹਾਣੀਆਂ ਪੜ੍ਹੀਆਂ। ਕਹਾਣੀਆਂ ਉਤੇ ਚਰਚਾ ਦੌਰਾਨ ਗੁਰਪਾਲ ਖਹਿਰਾ, ਦਲਵੀਰ ਦਿਲ ਨਿੱਝਰ ਤੇ ਰਾਠੇਸ਼ਵਰ ਸੂਰਾਪੁਰੀ ਨੇ ਵਿਚਾਰ ਪੇਸ਼ ਕੀਤੇ।

ਮੀਟਿੰਗ ਦੇ ਦੂਜੇ ਹਿੱਸੇ ਵਿਚ ਹੋਏ ਕਵੀ ਦਰਬਾਰ ਦੌਰਾਨ ਇੰਦਰਜੀਤ ਗਰੇਵਾਲ, ਜੀਵਨ ਰੱਤੂ, ਪਰਮਿੰਦਰ ਰਾਏ, ਜੱਸ ਫਿਜ਼ਾ, ਦਿਲ ਨਿੱਝਰ, ਰਾਠੇਸ਼ਵਰ ਸੂਰਾਪੁਰੀ, ਜੋਤੀ ਸਿੰਘ, ਗੁਰਪਾਲ ਖਹਿਰਾ, ਜਸਵੰਤ ਸ਼ੀਮਾਰ, ਮਨਜੀਤ ਕੌਰ ਸੇਖੋਂ, ਰਮੇਸ਼ ਬੰਗੜ, ਹਰਭਜਨ ਢੇਰੀ ਅਤੇ ਮਹਿੰਦਰ ਘੱਗ ਨੇ ਆਪਣੀਆਂ ਰਚਨਾਵਾਂ ਸੁਣਾਈਆਂ।

## ਖੋਖਰ ਕਲਾਂ 'ਚ ਚਚੇਰੇ ਭਰਾਵਾਂ ਵੱਲੋਂ ਸਾਬਕਾ ਹੌਲਦਾਰ ਦਾ ਕਤਲ

**ਲਹਿਰਾਗਾਗਾ:** ਨੇੜਲੇ ਪਿੰਡ ਖੋਖਰ ਕਲਾਂ ਵਿਚ ਜ਼ਮੀਨੀ ਝਗੜੇ ਕਾਰਨ ਇਕ ਸਾਬਕਾ ਹੌਲਦਾਰ ਦੀ ਉਸਦੇ ਚਚੇਰੇ ਭਰਾਵਾਂ ਨੇ ਗੋਲੀਆਂ ਮਾਰਕੇ ਹੱਤਿਆ ਕਰ ਦਿੱਤੀ। ਮਿਲੀ ਜਾਣਕਾਰੀ ਮੁਤਾਬਕ ਮ੍ਰਿਤਕ ਦਾ ਆਪਣੇ ਚਚੇਰੇ ਭਰਾਵਾਂ ਨਾਲ ਸਵਾ ਏਕੜ ਜ਼ਮੀਨ ਨੂੰ ਲੈਕੇ ਰੌਲਾ ਸੀ ਤੇ ਛਾਜਲੀ ਪੁਲਿਸ ਨੇ ਦੋਹੇਂ ਧਿਰਾਂ ਨੂੰ ਥਾਣੇ ਵਿਚ ਆਪੋ-ਆਪਣਾ ਪੱਖ ਪੇਸ਼ ਕਰਨ ਲਈ ਬੁਲਾਇਆ ਸੀ ਪਰ ਖੇਤ ਵਿਚ ਹੀ ਝੋਨੇ ਲਾਉਣ ਬਾਰੇ ਹੋਏ ਝਗੜੇ ਦੌਰਾਨ ਚੱਲੀਆਂ ਗੋਲੀਆਂ ਕਾਰਨ ਸਾਬਕਾ ਹੌਲਦਾਰ ਹਰਨੈਬ ਸਿੰਘ (65 ਸਾਲ) ਦੀ ਮੌਕੇ 'ਤੇ ਹੀ ਮੌਤ ਹੋ ਗਈ।

ਮ੍ਰਿਤਕ ਦੇ ਪੁੱਤਰ ਬਲਜਿੰਦਰ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪਿੰਡ ਵਿਚ 14 ਏਕੜ ਜ਼ਮੀਨ ਹੈ ਤੇ ਉਸ ਦੀ ਭੂਆ ਵਾਲੀ ਸਵਾ ਏਕੜ ਜ਼ਮੀਨ ਵੀ ਪਿਛਲੇ ਚਾਲੀ ਸਾਲਾਂ ਤੋਂ ਉਨ੍ਹਾਂ ਕੋਲ ਹੈ। ਉਸ ਦੇ ਦਾਦਾ ਕੇਸਰ ਸਿੰਘ, ਨੰਦ ਸਿੰਘ ਤੇ ਪੂਰਨ ਸਿੰਘ ਤਿੰਨ ਭਰਾ ਸਨ। ਪਿਛਲੇ ਕੁਝ ਸਮੇਂ ਤੋਂ ਸੰਘਰੇੜੀ ਰਹਿੰਦੇ ਨੰਦ ਸਿੰਘ ਦੇ ਪੁੱਤਰ ਪਿੰਡ ਖੋਖਰ ਕਲਾਂ ਵਾਲੀ ਜ਼ਮੀਨ 'ਚੋਂ ਹਿੱਸਾ ਮੰਗਦੇ ਆ ਰਹੇ ਸਨ। ਪੁਲਿਸ ਨੇ ਪੀੜਤ ਪਰਿਵਾਰ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕੀਤਾ ਹੈ।



# ਵਰਤੋਂ ਲਾਇਕ ਨਹੀਂ ਰਿਹਾ ਪੰਜਾਬ ਦਾ ਦਰਿਆਈ ਪਾਣੀ

**ਚੰਡੀਗੜ੍ਹ:** ਸਤਲੁਜ, ਬਿਆਸ ਤੇ ਘੱਗਰ ਦਰਿਆਵਾਂ ਦੇ ਪਾਣੀਆਂ ਦੀਆਂ ਆਈਆਂ ਰਿਪੋਰਟਾਂ ਵਿਚ ਬਿਆਸ ਨੂੰ ਛੱਡ ਕੇ ਬਾਕੀ ਦੋਵੇਂ ਦਰਿਆਵਾਂ ਦੇ ਪਾਣੀਆਂ ਬਾਰੇ ਸਥਿਤੀ ਚਿੰਤਾਜਨਕ ਬਣੀ ਹੋਈ ਹੈ। ਸਤਲੁਜ ਦਰਿਆ ਦਾ ਪਾਣੀ ਤਾਂ ਮਾਲਵੇ ਤੇ ਰਾਜਸਥਾਨ ਦੇ ਅੱਠ ਜ਼ਿਲ੍ਹਿਆਂ ਦੇ ਲੋਕ ਪੀ ਰਹੇ ਹਨ। ਸਤਲੁਜ ਦੇ ਪਾਣੀ ਦੀ ਹਾਲਤ ਤਾਂ ਜਨਵਰੀ 2009 ਦੀਆਂ ਰਿਪੋਰਟਾਂ ਤੋਂ ਬਾਅਦ ਹੋਰ ਵੀ ਖਰਾਬ ਹੁੰਦੀ ਜਾ ਰਹੀ ਹੈ।



ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਅਪਰੈਲ 2014 ਦੀ ਰਿਪੋਰਟ ਮੁਤਾਬਕ ਸਤਲੁਜ ਦਾ ਪਾਣੀ ਦੋ ਥਾਵਾਂ ਤੋਂ 'ਈ' ਗਰੇਡ ਦਾ ਹੋ ਜਾਂਦਾ ਹੈ, ਜੋ ਕਿ ਸਭ ਤੋਂ ਖਤਰਨਾਕ ਹੈ ਤੇ ਇਹ ਪਾਣੀ ਖੇਤੀ ਲਈ ਵਰਤੇ ਜਾਣ ਨਾਲ ਫੂਡ ਚੇਨ ਵਿਚ ਆਉਣ ਨਾਲ ਹੋਰ ਵੀ ਖਤਰਨਾਕ ਹੋ ਜਾਂਦਾ ਹੈ। ਜਨਵਰੀ 2009 ਵਿਚ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਰਿਪੋਰਟ ਮੁਤਾਬਕ ਪੰਜਾਬ ਵਿਚ ਸਤਲੁਜ ਦਾ ਪਾਣੀ ਜਦੋਂ ਦਾਖਲ ਹੁੰਦਾ ਸੀ ਉਦੋਂ ਉਹ 'ਏ' ਗਰੇਡ ਦਾ ਹੁੰਦਾ ਸੀ ਪਰ ਅਪਰੈਲ 2014 ਦੀ ਰਿਪੋਰਟ ਮੁਤਾਬਕ ਪੰਜਾਬ ਵਿਚ ਦਾਖਲ ਹੋਣ ਵਾਲਾ ਸਤਲੁਜ ਦਰਿਆ ਦਾ ਪਾਣੀ 'ਬੀ' ਗਰੇਡ ਦਾ ਹੋ ਗਿਆ ਹੈ। ਸਤਲੁਜ ਦਰਿਆ ਦੇ ਪਾਣੀ ਵਿਚ ਬੁੱਢੇ ਨਾਲੇ ਦਾ ਪਾਣੀ ਪੈਣ ਤੋਂ ਬਾਅਦ 100 ਮੀਟਰ ਦੂਰ ਤੋਂ ਲਏ ਗਏ ਦਰਿਆ ਦੇ ਨਮੂਨਿਆਂ ਦੇ ਨਤੀਜੇ ਮੁਤਾਬਕ ਪਾਣੀ 'ਈ' ਗਰੇਡ ਦਾ ਹੋ ਜਾਂਦਾ ਹੈ।

ਪੰਜਾਬ ਦੀ ਸਭ ਤੋਂ ਵੱਧ ਦੂਸ਼ਿਤ ਮੰਨੀ ਜਾਂਦੀ ਕਾਲਾ ਸੰਘਿਆ ਡਰੇਨ ਨੂੰ ਬੰਨ੍ਹ ਮਾਰ ਕੇ ਉਸ ਦਾ ਪਾਣੀ ਟਰੀਟਮੈਂਟ ਪਲਾਂਟ ਵਿਚ ਭੇਜਣ ਵਾਲੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਕਹਿਣਾ ਹੈ ਕਿ ਸਤਲੁਜ ਦਰਿਆ ਨੂੰ ਪਲੀਤ ਕਰਨ ਵਾਲੇ ਦੋਸ਼ੀਆਂ ਦੀ ਪਛਾਣ ਕਰਨੀ ਚਾਹੀਦੀ ਹੈ ਤੇ ਉਨ੍ਹਾਂ ਵਿਰੁੱਧ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਲੰਧਰ ਤੇ ਲੁਧਿਆਣਾ ਦੀਆਂ ਨਗਰ ਨਿਗਮਾਂ ਵਿਰੁੱਧ ਵੀ ਉਸੇ ਤਰ੍ਹਾਂ ਕਾਰਵਾਈ ਕਰਨੀ ਚਾਹੀਦੀ ਹੈ ਜਿਵੇਂ ਜ਼ਹਿਰੀਲਾ ਪਾਣੀ ਪਾਉਣ ਵਾਲੀ ਇੰਡਸਟਰੀ ਵਿਰੁੱਧ ਕੀਤੀ ਜਾਂਦੀ ਹੈ।

ਬੁੱਢੇ ਨਾਲੇ ਦਾ ਪਾਣੀ ਸਤਲੁਜ ਦਰਿਆ ਵਿਚ ਪੈਣ ਤੋਂ ਬਾਅਦ ਇਸ ਪਾਣੀ ਵਿਚ ਆਕਸੀਜਨ ਦੀ ਮਾਤਰਾ ਏਨੀ ਘਟ ਜਾਂਦੀ ਹੈ ਕਿ ਦਰਿਆ ਵਿਚਲੇ ਜੀਵ ਖ਼ਤਮ ਹੋ ਜਾਂਦੇ ਹਨ। ਸਤਲੁਜ ਦਰਿਆ ਵਿਚ ਬੁੱਢਾ ਨਾਲਾ ਪੈਣ ਤੋਂ ਪਹਿਲਾਂ ਦਰਿਆ ਦੇ 100 ਮਿਲੀਲੀਟਰ ਪਾਣੀ ਵਿਚ ਕੋਲੀਫੋਰਮ ਦੀ ਦਰ ਤਕਰੀਬਨ 500 ਹੁੰਦੀ ਹੈ ਪਰ ਦਰਿਆ ਵਿਚ ਬੁੱਢੇ ਨਾਲੇ ਦਾ ਰਲੇਵਾਂ ਹੋਣ ਤੋਂ ਬਾਅਦ ਇਹ ਦਰ 65000 ਪ੍ਰਤੀ 100 ਮਿਲੀਲਿਟਰ ਹੋ ਜਾਂਦੀ ਹੈ ਜੋ ਕਿ ਬਹੁਤ ਖਤਰਨਾਕ ਹੈ। ਇਥੇ ਹੀ ਫੀਕਲ ਕੋਲੀਫੋਰਮ ਦੀ ਦਰ 40 ਹਜ਼ਾਰ ਮਿਲੀਲਿਟਰ ਹੋ ਜਾਂਦੀ ਹੈ। ਬੋਰਡ ਦੇ ਸੂਤਰਾਂ ਮੁਤਾਬਕ ਅਜਿਹੀ ਸਥਿਤੀ ਵਿਚ ਪਾਣੀ ਫੂਡ ਚੈਨ ਲਈ ਸਭ ਤੋਂ ਵੱਧ ਖ਼ਤਰਨਾਕ ਹੈ।

## 'ਈ' ਗਰੇਡ ਤੱਕ ਡਿੱਗੀ ਪਾਣੀ ਦੀ ਗੁਣਵੱਤਾ

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਰਿਪੋਰਟ ਮੁਤਾਬਕ ਬੁੱਢੇ ਨਾਲੇ ਦਾ ਪਾਣੀ ਪੈਣ ਨਾਲ ਇਹ ਹੀ ਪਾਣੀ 'ਈ' ਗਰੇਡ ਦਾ ਹੋ ਜਾਂਦਾ ਹੈ। ਇਹ ਪਾਣੀ ਖੇਤੀ ਲਈ ਵਰਤਣਾ ਵੀ ਖਤਰਨਾਕ ਹੈ। ਅਜਿਹੇ ਪਾਣੀ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ। ਸਤਲੁਜ ਦਰਿਆ ਦੇ ਦੂਸ਼ਿਤ ਤੇ ਜ਼ਹਿਰੀਲੇ ਪਾਣੀਆਂ ਵਿਚ ਹਰੀਕੇ ਪੱਤਣ ਤੋਂ ਬਿਆਸ ਦਰਿਆ ਦਾ ਪਾਣੀ ਰਲਣ ਨਾਲ ਇਸ ਦੀ ਸਥਿਤੀ ਵਿਚ ਕੁਝ ਸੁਧਾਰ ਹੋ ਜਾਂਦਾ ਹੈ। ਰਿਪੋਰਟ ਮੁਤਾਬਕ ਘੱਗਰ ਦਰਿਆ ਦਾ ਪਾਣੀ ਪੰਜਾਬ ਵਿਚ ਬਹੁਤੀਆਂ ਥਾਵਾਂ 'ਤੇ 'ਡੀ' ਕਲਾਸ ਦਾ ਹੀ ਵਗਦਾ ਹੈ। ਇਕ ਥਾਂ 'ਤੇ ਤਾਂ ਘੱਗਰ ਦਰਿਆ ਦਾ ਪਾਣੀ ਵੀ 'ਈ' ਗਰੇਡ ਦਾ ਹੋ ਜਾਂਦਾ ਹੈ।

ਜਲੰਧਰ, ਫਗਵਾੜਾ ਤੇ ਹੁਸ਼ਿਆਰਪੁਰ ਦੇ ਕੁਝ ਹਿੱਸੇ ਦਾ ਪਾਣੀ ਚਿੱਟੀ ਵੇਈਂ ਰਾਹੀ ਗਿੱਦੜਪਿੰਡੀ ਕੋਲ ਸਤਲੁਜ ਦਰਿਆ ਵਿਚ ਪੈਂਦਾ ਹੈ, ਜਿਸ ਕਰਕੇ ਇਥੇ ਵੀ ਸਤਲੁਜ ਦੀ ਹਾਲਤ ਤਰਸਯੋਗ ਹੋ ਜਾਂਦੀ ਹੈ। ਧਰਮਕੋਟ ਕੋਲ ਵੀ ਸਤਲੁਜ ਦਾ ਪਾਣੀ ਬਹੁਤ ਜ਼ਿਆਦਾ ਪਲੀਤ ਹੋ ਚੁੱਕਿਆ ਹੈ।

# ਬਲਾਤਕਾਰ ਦੇ ਦੋਸ਼ 'ਚ ਭਾਰਤੀ ਨੂੰ ਕੈਦ

**ਮੈਲਬਰਨ:** ਮੈਲਬਰਨ ਦੀ ਇਕ ਅਦਾਲਤ ਨੇ ਆਸਟਰੇਲਿਆਈ ਕੁੜੀ ਨਾਲ ਬਲਾਤਕਾਰ ਕਰਨ ਵਾਲੇ ਭਾਰਤੀ ਨੌਜਵਾਨ ਨੂੰ ਛੇ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਫੇਸਬੁੱਕ ਜ਼ਰੀਏ ਇਕ ਸਥਾਨਕ ਕੁੜੀ ਨੂੰ ਦੋਸਤ ਬਣਾਉਣ ਮਗਰੋਂ ਕੁਕਰਮ ਕਰਨ ਵਾਲੇ ਇਸ 24 ਸਾਲਾ ਮੁੰਡੇ ਦਾ ਨਾਂ ਕਾਨੂੰਨੀ ਕਾਰਨਾਂ ਕਰਕੇ ਜਨਤਕ ਨਹੀਂ ਕੀਤਾ ਗਿਆ। ਇਥੋਂ ਦੀ ਕਾਊਂਟੀ ਕੋਰਟ ਵਿਚ ਚੱਲੀ ਸੁਣਵਾਈ ਮੌਕੇ ਸਾਹਮਣੇ ਆਇਆ ਕਿ 2009 ਵਿਚ ਭਾਰਤ ਤੋਂ ਆਸਟਰੇਲੀਆ ਆਏ ਇਸ ਦੋਸ਼ੀ ਨੇ ਯੂਨੀਵਰਸਿਟੀ ਦੇ ਪਹਿਲੇ ਸਾਲ ਦੀ ਵਿਦਿਆਰਥਣ ਨੂੰ ਫੇਸਬੁੱਕ 'ਤੇ ਅਕਾਊਂਟ ਬਣਾ ਕੇ ਵਰਗਲਾਇਆ ਤੇ ਫੇਸਬੁੱਕ ਰਾਹੀਂ ਹੀ ਦੋਸਤੀ ਦੇ ਨਾਂ ਥੱਲੇ ਉਸ ਨੂੰ ਮਹਿਮਾਨ ਵਜੋਂ ਘਰ ਸੱਦਿਆ। ਇਥੇ ਸ਼ਰਾਬ ਪਿਲਾਉਣ ਮਗਰੋਂ ਉਸ ਨੇ ਕੁੜੀ ਨਾਲ ਬਲਾਤਕਾਰ ਕੀਤਾ। ਹੋਸ਼ ਵਿਚ ਆਉਣ 'ਤੇ ਪੀੜਤ ਲੜਕੀ ਨੇ ਇਸ ਦਾ ਵਿਰੋਧ ਕੀਤਾ ਤਾਂ ਉਸ ਨੇ ਧਮਕੀ ਦਿੱਤੀ ਕਿ ਉਹ ਉਸ ਦੀ ਅਸ਼ਲੀਲ ਵੀਡੀਓ ਉਸ ਦੇ ਮਾਪਿਆਂ ਨੂੰ ਭੇਜ ਦੇਵੇਗਾ। ਮਾਨਸਿਕ ਦਬਾਅ ਹੇਠ ਰਹਿਣ ਮਗਰੋਂ ਪੀੜਤਾ ਨੇ ਪੁਲਿਸ ਕੋਲ ਸ਼ਿਕਾਇਤ ਕੀਤੀ ਤਾਂ ਇਸ ਮੁੰਡੇ ਨੂੰ ਗ੍ਰਿਫਤਾਰ ਕੀਤਾ ਗਿਆ। ਪਿਛਲੇ ਸਾਲ ਵਾਪਰੀ ਇਸ ਘਟਨਾ ਵਿਚ ਆਪਣੇ ਬਚਾਅ ਤਹਿਤ ਇਸ ਨੌਜਵਾਨ ਨੇ ਅਦਾਲਤ ਨੂੰ ਕਿਹਾ ਕਿ ਉਸ ਨੂੰ ਭਾਰਤ ਤੇ ਆਸਟਰੇਲੀਆ ਦੇ ਸੱਭਿਆਚਾਰ ਵਿਚ ਫਰਕ ਦੀ ਸਮਝ ਨਹੀਂ ਸੀ, ਜਿਸ ਦੇ ਕਰਕੇ ਇਹ ਘਟਨਾ ਵਾਪਰੀ।

# ਆਸਟ੍ਰੇਲੀਆ ਨੇ ਨਵਾਂ ਇਮੀਗ੍ਰੇਸ਼ਨ ਪ੍ਰੋਗਰਾਮ ਐਲਾਨਿਆ

**ਸਿਡਨੀ:** ਆਸਟ੍ਰੇਲੀਆ ਸਰਕਾਰ ਨੇ ਆਪਣੇ ਨਵੇਂ ਇਮੀਗ੍ਰੇਸ਼ਨ ਪ੍ਰੋਗਰਾਮ ਦਾ ਬਾਕਾਇਦਾ ਐਲਾਨ ਕਰ ਦਿੱਤਾ ਹੈ। ਆਸਟ੍ਰੇਲੀਆ ਆਉਂਦੇ ਇਕ ਵਰ੍ਹੇ ਵਿਚ ਤਕਰੀਬਨ ਦੋ ਲੱਖ ਲੋਕਾਂ ਨੂੰ ਪੱਕੇ ਵੀਜ਼ੇ ਦਿੰਦਿਆਂ ਵਿਦੇਸ਼ਾਂ ਤੋਂ ਸੱਦੇਗਾ। ਉਧਰ ਵੀਜ਼ਾ ਕਾਨੂੰਨਾਂ ਦੇ ਮਾਹਿਰਾਂ ਨੇ ਇਸ ਨੂੰ ਇਕ ਚੰਗਾ ਕਦਮ ਮੰਨਦਿਆਂ ਸਰਕਾਰ ਨੂੰ ਆਪਣੀ ਆਵਾਸ ਨੀਤੀ ਹੋਰ ਸਰਲ ਕਰਨ ਦੀ ਮੰਗ ਕੀਤੀ ਹੈ।

ਆਸਟ੍ਰੇਲੀਆ ਦੇ ਇਮੀਗ੍ਰੇਸ਼ਨ ਵਿਭਾਗ ਦੇ ਮੰਤਰੀ ਸਕੌਟ ਮੋਰੀਸਨ ਨੇ ਦੱਸਿਆ ਕਿ ਮੌਜੂਦਾ ਸਥਿਤੀ ਮੁਤਾਬਕ ਆਸਟ੍ਰੇਲੀਆ ਨੂੰ ਵੱਖ-ਵੱਖ ਖੇਤਰਾਂ ਵਿਚ ਕਾਮਿਆਂ ਦੀ ਲੋੜ ਹੈ। ਸਰਕਾਰ ਆਪਣੇ ਵਿੱਤੀ ਵਰ੍ਹੇ 2014-15 ਵਿਚ ਇਕ ਲੱਖ 90 ਹਜ਼ਾਰ ਲੋਕਾਂ ਨੂੰ ਵਿਦੇਸ਼ਾਂ ਤੋਂ ਬੁਲਾਏਗੀ। ਇਨ੍ਹਾਂ ਵਿਚ ਵੱਡੀ ਗਿਣਤੀ 1,28,550 ਹੁਨਰਮੰਦ ਕਾਮਿਆਂ ਦੀ ਹੈ। ਇਥੇ ਜ਼ਿਕਰਯੋਗ ਹੈ ਕਿ ਆਸਟ੍ਰੇਲੀਆ ਵਿਚ ਵਿੱਤੀ ਵਰ੍ਹਾ ਪਹਿਲੀ ਜੁਲਾਈ ਤੋਂ ਸ਼ੁਰੂ ਹੁੰਦਾ ਹੈ ਤੇ ਇਮੀਗ੍ਰੇਸ਼ਨ ਦੇ ਵਧੇਰੇ ਕਾਨੂੰਨ ਆਮ ਤੌਰ 'ਤੇ ਉਸ ਦਿਨ ਤੋਂ ਹੀ ਆਰੰਭ ਹੁੰਦੇ ਹਨ।

ਪ੍ਰਧਾਨ ਮੰਤਰੀ ਟੋਨੀ ਐਬਟ ਦੀ ਅਗਵਾਈ ਹੇਠਲੀ ਲਿਬਰਲ ਸਰਕਾਰ ਨੇ ਆਸਟ੍ਰੇਲੀਆ ਵਿਚ ਪੱਕੇ ਤੌਰ 'ਤੇ ਵੱਸਦੇ ਪਰਵਾਸੀਆਂ ਅੰਦਰ ਆਪਣੀ ਪਕੜ ਬਣਾਉਣ ਦੀ ਨੀਤੀ ਤਹਿਤ ਫੈਮਿਲੀ ਮਾਈਗ੍ਰੇਸ਼ਨ ਸਪਾਂਸਰਡ ਕੈਟਾਗਰੀ ਤਹਿਤ ਵੀ 60 ਹਜ਼ਾਰ 885 ਤੇ ਸਪੈਸ਼ਲ ਮਾਈਗ੍ਰੇਸ਼ਨ ਕੈਟਾਗਰੀ

## ਇਕ ਸਾਲ ਵਿਚ ਸੱਦੇਗਾ ਦੋ ਲੱਖ ਵਿਦੇਸ਼ੀ ਕਾਮੇ

ਹੇਠ 565 ਯੋਗ ਵਿਅਕਤੀਆਂ ਨੂੰ ਨਵੇਂ ਵਿੱਤੀ ਵਰ੍ਹੇ ਵਿਚ ਵੀਜ਼ੇ ਦੇਣ ਦੀ ਯੋਜਨਾ ਬਣਾਈ ਹੈ। ਮੰਤਰੀ ਸਕੌਟ ਮੌਰੀਸਨ ਨੇ ਕਿਹਾ ਕਿ ਇਮੀਗ੍ਰੇਸ਼ਨ ਪ੍ਰੋਗਰਾਮ ਆਸਟ੍ਰੇਲੀਆ ਦੀ ਆਰਥਿਕਤਾ ਲਈ ਲਾਹੇਵੰਦ ਸਾਬਤ ਹੁੰਦਾ ਹੋਇਆ ਹਰ ਪਾਸੇ ਲੰਬੇ ਸਮੇਂ ਤੋਂ ਸਕਿਲਡ ਵਰਕਰਾਂ ਦੀ ਘਾਟ ਨੂੰ ਪੂਰਾ ਕਰੇਗਾ। ਇਸ ਦੇ ਨਾਲ ਹੀ ਇਹ ਪ੍ਰੋਗਰਾਮ ਸਮਾਜਕ ਤੌਰ 'ਤੇ ਪਰਿਵਾਰਾਂ ਦਾ ਮੇਲ-ਮਿਲਾਪ ਕਰਵਾਉਣ ਦੇ ਵੀ ਸਮਰਥ ਹੋਵੇਗਾ।

ਇਥੇ ਜ਼ਿਕਰਯੋਗ ਹੈ ਕਿ ਯੂਰਪ ਤੋਂ ਬਾਅਦ ਏਸ਼ੀਆ ਤੋਂ ਆਸਟ੍ਰੇਲੀਆ ਨੂੰ ਵੱਡੀ ਗਿਣਤੀ ਵਿਚ ਹੁਨਰਮੰਦ ਵਰਕਰ ਮਿਲਦੇ ਹਨ। ਏਸ਼ਿਆਈ ਦੇਸ਼ਾਂ ਵਿਚੋਂ ਭਾਰਤ ਵਿਚੋਂ ਬਿਹਤਰ ਹੁਨਰਮੰਦ ਕਾਮੇ, ਜਿਨ੍ਹਾਂ ਨੂੰ ਅੰਗਰੇਜ਼ੀ ਭਾਸ਼ਾ ਦਾ ਗਿਆਨ ਹੁੰਦਾ ਹੈ, ਵਧੇਰੇ ਗਿਣਤੀ ਵਿਚ ਆਸਟ੍ਰੇਲੀਆ ਪੁੱਜਦੇ ਹਨ। ਉਧਰ ਆਸਟ੍ਰੇਲੀਅਨ ਇਮੀਗ੍ਰੇਸ਼ਨ ਕਾਨੂੰਨਾਂ ਦੇ ਮਾਹਿਰ ਪ੍ਰਭਜੋਤ ਸਿੰਘ ਸੰਧੂ ਤੇ ਡਾ. ਹਰਜਿੰਦਰ ਸਿੰਘ ਨੇ ਕਿਹਾ ਕਿ ਸਕਿਲਡ ਮਾਈਗ੍ਰੇਸ਼ਨ ਕਾਨੂੰਨਾਂ ਨਰਮ ਕੀਤਿਆਂ ਹੀ ਇਹ ਪ੍ਰੋਗਰਾਮ ਸੁਚਾਰੂ ਢੰਗ ਨਾਲ ਸਫਲ ਹੋ ਸਕਦਾ ਹੈ। ਸਕਿਲਡ ਸਕਰੀਨਿੰਗ ਦੀਆਂ ਬੇਲੋੜੀਆਂ ਪੇਚੀਦਗੀਆਂ ਤੇ ਆਈਲੈਟ ਟੈਸਟ ਦੀ ਸਕੋਰਿੰਗ ਨੂੰ ਘੱਟ ਕੀਤਿਆਂ ਹੀ ਆਸਟ੍ਰੇਲੀਆ ਦੀ ਮੰਗ ਤੇ ਸਪਲਾਈ ਪੂਰੀ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਖ਼ੁਦ ਆਸਟ੍ਰੇਲੀਅਨ ਸਕਿਲਡ ਗੋਰੇ ਆਈਲੈਟ ਟੈਸਟ ਦੀ ਸਕੋਰਿੰਗ ਪੂਰਾ ਨਹੀਂ ਕਰ ਸਕਦੇ ਜਦੋਂਕਿ ਇਨ੍ਹਾਂ ਦੀ ਮੂਲ ਭਾਸ਼ਾ, ਪੜ੍ਹਾਈ ਤੇ ਸਭਿਆਚਾਰ ਅੰਗਰੇਜ਼ੀ ਹੀ ਹੈ।

# ਪੰਜਾਬੀ ਦਾ ਪੇਪਰ ਲੈਣਾ ਭੁੱਲ ਗਈ ਪੰਜਾਬੀ ਯੂਨੀਵਰਸਿਟੀ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਨੇ ਭਾਵੇਂ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਲਈ ਡਿਗਰੀ ਦੌਰਾਨ ਪੰਜਾਬੀ ਦਾ ਇਮਤਿਹਾਨ ਪਾਸ ਕਰਨਾ ਲਾਜ਼ਮੀ ਕੀਤਾ ਹੋਇਆ ਹੈ, ਪਰ ਇਹ ਇਮਤਿਹਾਨ ਲੈਣ ਦੀ ਪ੍ਰਕਿਰਿਆ ਤਕਨੀਕੀ ਤੌਰ 'ਤੇ ਠੀਕ ਨਾ ਹੋਣ ਕਰਕੇ ਤਕਰੀਬਨ 100 ਵਿਦਿਆਰਥੀ ਕੁਝ ਸਾਲਾਂ ਤੋਂ ਇਹ ਇਮਤਿਹਾਨ ਦੇਣ ਤੋਂ ਵਾਂਝੇ ਹਨ। ਇਹ ਇਮਤਿਹਾਨ ਪਹਿਲੇ ਸਾਲ ਵਿਚ ਹੀ ਲਿਆ ਜਾਂਦਾ ਹੈ, ਪਰ ਆਪਣੀ ਗਲਤੀ ਨੂੰ ਦਰੁਸਤ ਕਰਨ ਲਈ ਹੁਣ ਚਾਰ ਜੁਲਾਈ ਲਈ ਲਏ ਜਾ ਰਹੇ ਇਸ ਇਮਤਿਹਾਨ ਵਿਚ ਬੈਠਣ ਵਾਲੇ ਭਾਗ ਤੀਜਾ ਤੇ ਭਾਗ ਚੌਥਾ ਦੇ ਵਿਦਿਆਰਥੀ ਹਨ। ਕੁਝ ਜਣੇ ਤਾਂ ਡਿਗਰੀ ਵੀ ਕਰ ਚੁੱਕੇ ਹਨ। ਯੂਨੀਵਰਸਿਟੀ ਮੁਤਾਬਕ ਅਜਿਹੇ ਸਿਰਫ ਦੋ ਹੀ ਵਿਦਿਆਰਥੀ ਹਨ।

ਪੰਜਾਬੀ ਯੂਨੀਵਰਸਿਟੀ ਦੇ ਨਿਯਮਾਂ ਮੁਤਾਬਕ ਇੰਜੀਨੀਅਰਿੰਗ ਦੀ ਡਿਗਰੀ ਲਈ ਹਰ ਵਿਦਿਆਰਥੀ ਲਈ ਪੰਜਾਬੀ ਦਾ ਇਮਤਿਹਾਨ ਪਾਸ ਕਰਨਾ ਲਾਜ਼ਮੀ ਹੈ, ਜਿਸ ਤਹਿਤ 'ਵਰਸਿਟੀ ਕੈਂਪਸ ਵਿਚਲੇ ਇੰਜੀਨੀਅਰਿੰਗ ਕਾਲਜ ਵਿਚ ਇੰਜੀਨੀਅਰਿੰਗ ਦੀ ਡਿਗਰੀ ਕਰਨ ਲਈ ਆਉਂਦੇ ਵਿਦਿਆਰਥੀਆਂ ਦਾ ਪਹਿਲੇ ਸਾਲ ਵਿਚ ਹੀ ਪੰਜਾਬੀ ਦਾ ਇਹ ਇਮਤਿਹਾਨ ਲਿਆ ਜਾਂਦਾ ਹੈ ਪਰ ਇਮਤਿਹਾਨ ਲੈਣ ਦੀ ਅਜਿਹੀ ਵਿਉਂਤਵੰਦੀ ਤਕਨੀਕੀ ਤੌਰ 'ਤੇ ਦਰੁਸਤ ਨਹੀਂ ਹੈ; ਕਿਉਂਕਿ ਨਿਯਮਾਂ ਮੁਤਾਬਕ ਜਦੋਂ ਕੋਈ ਵਿਦਿਆਰਥੀ ਡਿਪਲੋਮਾ ਕਰਨ ਤੋਂ ਬਾਅਦ ਡਿਗਰੀ ਕਰਦਾ ਹੈ ਤਾਂ ਉਸ ਦਾ ਦਾਖਲਾ ਭਾਗ ਦੂਜਾ ਵਿਚ ਹੁੰਦਾ ਹੈ ਜਿਸ ਕਰ ਕੇ ਉਹ ਪੰਜਾਬੀ ਦਾ ਇਮਤਿਹਾਨ ਦੇਣ ਤੋਂ ਖੁੰਝ ਜਾਂਦੇ ਹਨ। ਇਨ੍ਹਾਂ ਵਿਦਿਆਰਥੀਆਂ ਨਾਲ ਵੀ ਅਜਿਹਾ ਹੀ ਹੋਇਆ ਕਿਉਂਕਿ 'ਵਰਸਿਟੀ ਦੇ ਧਿਆਨ ਵਿਚ ਹੀ ਨਹੀਂ ਰਿਹਾ ਕਿ ਭਾਗ ਦੂਜਾ ਵਿਚ ਦਾਖਲ ਹੋਏ ਵਿਦਿਆਰਥੀਆਂ ਦਾ ਵੀ ਇਹ ਇਮਤਿਹਾਨ ਲੈਣਾ ਹੈ। ਇਸ ਤਰ੍ਹਾਂ ਇਮਤਿਹਾਨ ਦੇਣ ਤੋਂ ਵਾਂਝੇ ਕੁਝ ਵਿਦਿਆਰਥੀ ਆਖਰੀ ਸਾਲ ਤੇ ਕੁਝ ਭਾਗ ਤੀਜਾ ਵਿਚ ਹਨ।

# ਸਰਕਾਰੀ ਹਸਪਤਾਲ ਵੀ ਹੁਣ ਮਰੀਜ਼ਾਂ ਦਾ ਖੂਨ ਚੂਸਣ ਲੱਗੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਦੇ ਲੋਕਾਂ ਨੂੰ ਨਵਾਂ ਝਟਕਾ ਦਿੰਦਿਆਂ ਸਰਕਾਰੀ ਹਸਪਤਾਲਾਂ ਵਿਚ ਇਲਾਜ ਚਾਰ ਗੁਣਾ ਮਹਿੰਗਾ ਕਰ ਦਿੱਤਾ ਹੈ। ਪਿਛਲੇ ਡੇਢ ਸਾਲ ਵਿਚ ਅਜਿਹਾ ਦੂਜੀ ਵਾਰ ਹੈ ਜਦੋਂ ਹਸਪਤਾਲ ਦੀ ਪਰਚੀ ਫੀਸ, ਕਮਰੇ ਦੇ ਕਿਰਾਏ, ਅਪਰੇਸ਼ਨ, ਲੈਬਾਰਟਰੀ

## ਚਾਰ ਗੁਣਾ ਮਹਿੰਗਾ ਹੋਇਆ ਇਲਾਜ

ਟੈਸਟ ਤੇ ਖੂਨ ਦੀ ਬੋਤਲ ਦੇ ਭਾਅ ਵਿਚ ਵਾਧਾ ਕੀਤਾ ਗਿਆ ਹੈ।




ਨਵੀਆਂ ਦਰਾਂ ਪਹਿਲੀ ਜੁਲਾਈ ਤੋਂ ਲਾਗੂ ਹੋਣਗੀਆਂ। ਇਸ ਤਹਿਤ ਪਰਚੀ ਦੀ ਫੀਸ ਹੁਣ 10 ਰੁਪਏ ਕਰ ਦਿੱਤੀ ਗਈ ਹੈ। ਅਪਰੈਲ 2013 ਤੋਂ ਪਹਿਲਾਂ ਇਹ ਦੋ ਰੁਪਏ ਸੀ ਜਦੋਂਕਿ ਪਿਛਲੇ ਵਾਰ ਇਸ ਨੂੰ ਪੰਜ ਰੁਪਏ ਕਰ ਦਿੱਤਾ ਗਿਆ ਸੀ। ਸਰਕਾਰੀ ਹਸਪਤਾਲਾਂ ਦੇ ਏ.ਸੀ. ਕਮਰੇ ਦਾ ਕਿਰਾਇਆ 200 ਰੁਪਏ ਤੋਂ ਵਧਾ ਕੇ 500 ਰੁਪਏ ਪ੍ਰਤੀ ਦਿਨ ਕਰ ਦਿੱਤਾ ਗਿਆ ਹੈ। ਕੂਲਰ ਵਾਲੇ ਕਮਰੇ ਦਾ ਕਿਰਾਇਆ 50 ਤੋਂ ਵਧਾ ਕੇ 100 ਰੁਪਏ ਹੋ ਗਿਆ ਹੈ। ਹੀਟਰ ਵਾਲੇ ਕਮਰੇ ਦੇ ਹੁਣ 25 ਰੁਪਏ ਦੀ ਥਾਂ 100 ਰੁਪਏ ਭਰਨੇ ਪੈਣਗੇ। ਹਸਪਤਾਲ ਦੇ ਜਨਰਲ ਵਾਰਡ ਵਿਚ ਮਰੀਜ਼ ਲਈ ਦਾਖਲਾ ਫੀਸ 25 ਤੋਂ ਵਧਾ ਕੇ 30 ਰੁਪਏ ਤੇ ਪ੍ਰਾਈਵੇਟ ਵਾਰਡ ਦੀ ਫੀਸ 100 ਤੋਂ 150 ਰੁਪਏ ਕਰ ਦਿੱਤੀ ਗਈ ਹੈ।

ਮਰੀਜ਼ ਨੂੰ ਅਪਰੇਸ਼ਨ ਵਾਸਤੇ 750 ਦੀ ਥਾਂ 1000 ਰੁਪਏ ਭਰਨੇ ਪੈਣਗੇ। ਛੋਟੇ ਅਪਰੇਸ਼ਨ ਦੀ ਫੀਸ ਵਿਚ 50 ਰੁਪਏ ਦਾ ਵਾਧਾ ਹੋਇਆ ਹੈ। ਆਈ.ਸੀ.ਯੂ. ਦੇ ਬੈੱਡ ਤੇ ਵੈਂਟੀਲੇਟਰ ਮਸ਼ੀਨ ਦੇ ਕਿਰਾਏ ਵਿਚ ਪ੍ਰਤੀ ਦਿਨ 100 ਰੁਪਏ ਦਾ ਵਾਧਾ ਕਰ ਦਿੱਤਾ ਗਿਆ ਹੈ। ਸਰਕਾਰ ਨੇ ਮਰੀਜ਼ਾਂ ਨੂੰ ਚੜ੍ਹਾਏ ਜਾਣ ਵਾਲੇ ਖੂਨ ਦੀ ਬੋਤਲ ਦਾ ਮੁੱਲ 300 ਦੀ ਥਾਂ 500 ਰੁਪਏ ਮਿੱਥ ਦਿੱਤਾ ਹੈ ਜਦੋਂਕਿ ਪ੍ਰਾਈਵੇਟ ਹਸਪਤਾਲਾਂ ਵਿਚ ਇਸ ਦਾ ਮੁੱਲ 450 ਰੁਪਏ ਹੈ। ਈ.ਸੀ.ਜੀ. ਦੀ ਫੀਸ ਵਿਚ 35 ਰੁਪਏ, ਐਕਸਰੇਅ ਦੇ ਰੇਟ ਵਿਚ 10 ਰੁਪਏ, ਅਲਟਰਾਸਾਊਂਡ ਦੀ ਫੀਸ 50 ਰੁਪਏ ਤੇ ਮੈਮੋਗ੍ਰਾਫੀ ਦੀ ਫੀਸ ਵਿਚ 150 ਰੁਪਏ ਦਾ ਵਾਧਾ ਕੀਤਾ ਗਿਆ ਹੈ। ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵੱਲੋਂ ਇਹ ਦਰਾਂ ਵਧਾਈਆਂ ਗਈਆਂ ਹਨ।

## ਪੰਜਾਬ ਵਿਚ ਬੱਸ ਸਫ਼ਰ ਸਭ ਤੋਂ ਮਹਿੰਗਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਲਗਾਤਾਰ ਬੱਸ ਭਾੜੇ ਵਿਚ ਵਾਧੇ ਕਾਰਨ ਪੰਜਾਬ ਇਸ ਵੇਲੇ ਸਭ ਤੋਂ ਵਧੇਰੇ ਬੱਸ ਕਿਰਾਏ ਵਾਲਾ ਸੂਬਾ ਬਣ ਗਿਆ ਹੈ। ਪਿਛਲੇ ਦਿਨਾਂ ਵਿਚ ਬੱਸ ਕਿਰਾਏ ਵਿਚ ਹੋਏ ਅੱਠ ਫ਼ੀਸਦੀ ਵਾਧੇ ਤੋਂ ਬਾਅਦ ਹੁਣ ਪ੍ਰਤੀ ਕਿਲੋਮੀਟਰ 91 ਪੈਸੇ ਹੋ ਗਿਆ ਹੈ, ਜਦ ਕਿ ਹਰਿਆਣਾ ਵਿਚ ਪ੍ਰਤੀ ਕਿਲੋਮੀਟਰ 75 ਪੈਸੇ, ਰਾਜਸਥਾਨ ਵਿਚ 75 ਪੈਸੇ, ਹਿਮਾਚਲ 'ਚ 90 ਪੈਸੇ, ਜੰਮੂ-ਕਸ਼ਮੀਰ ਵਿਚ 78 ਪੈਸੇ ਪ੍ਰਤੀ ਕਿਲੋਮੀਟਰ ਬੱਸ ਕਰਾਇਆ ਹੈ।

ਪੰਜਾਬ ਦੇ ਮੁੱਖ ਮੰਤਰੀ ਪਿਛਲੇ ਦੋ ਹਫ਼ਤੇ ਤੋਂ ਦਿੱਲੀ ਗੇੜੇ ਮਾਰ ਕੇ ਕੇਂਦਰੀ ਮੰਤਰੀਆਂ ਤੇ ਪ੍ਰਧਾਨ ਮੰਤਰੀ ਨੂੰ ਮਿਲ ਕੇ ਪੰਜਾਬ ਲਈ ਵੱਡੀਆਂ ਯੋਜਨਾਵਾਂ ਤੇ ਪ੍ਰਾਜੈਕਟਾਂ ਨੂੰ ਪ੍ਰਵਾਨ ਕਰਵਾਉਣ ਦੀਆਂ ਗੱਲਾਂ ਕਰਦੇ ਰਹੇ ਹਨ ਤੇ ਇਹ ਪ੍ਰਭਾਵ ਦੇਣ ਦਾ ਯਤਨ ਕੀਤਾ ਜਾ ਰਿਹਾ ਸੀ ਕਿ ਪੰਜਾਬ ਵਿਚ ਵੀ ਚੰਗੇ ਦਿਨਾਂ ਦੀ ਸ਼ੁਰੂਆਤ ਹੋ ਗਈ ਹੈ ਪਰ ਬੱਸ ਭਾੜੇ ਵਿਚ ਹੋਏ ਭਾਰੀ ਵਾਧੇ ਨੇ ਆਮ ਆਦਮੀ ਨੂੰ ਨਿਰਾਸ਼ਾ ਦੇ ਆਲਮ ਵਿਚ ਲਿਜਾ ਸੁਟਿਆ ਹੈ। ਕੇਂਦਰ ਤੇ ਪੰਜਾਬ ਸਰਕਾਰ ਦੇ ਬਜਟ ਅਜੇ ਆਉਣੇ ਹਨ, ਪਰ ਲੋਕਾਂ ਦੇ ਬਜਟ ਭਾੜੇ ਵਿਚ ਵਾਧੇ ਨੇ ਪਹਿਲਾਂ ਹੀ ਹਿਲਾ ਦਿੱਤੇ ਹਨ। ਖਾਣ ਵਾਲੀਆਂ ਵਸਤਾਂ ਦੇ ਭਾਅ ਵੀ ਪਹਿਲਾਂ ਨਾਲੋਂ ਘਟੇ ਨਹੀਂ, ਉਲਟਾ ਸਗੋਂ ਕਈ ਵਸਤਾਂ ਦੇ ਭਾਅ ਵਿਚ ਤੇਜ਼ੀ ਆਈ ਦਿਖਾਈ ਦੇ ਰਹੀ ਹੈ। ਬੱਸ ਭਾੜਿਆਂ ਵਿਚ ਵਾਧੇ ਦਾ ਅਸਰ ਏਨਾ ਵਿਆਪਕ ਹੋਵੇਗਾ ਕਿ ਇਸ ਨੇ ਹਰ ਵਸਤ ਦੀ ਕੀਮਤ ਵਿਚ ਵਾਧਾ ਕਰ ਦੇਣਾ ਹੈ। ਇਸ ਹਿਸਾਬ ਲੋਕ ਮਹਿੰਗਾਈ ਦੇ ਚੁਪਾਸੜ ਹਮਲੇ ਵਿਚ ਅਜੇ ਵੀ ਘਿਰੇ ਰਹਿਣਗੇ।

# ਨਸ਼ਿਆਂ ਖਿਲਾਫ ਅਜੇ ਢਿੱਲੀ ਹੈ ਸਰਕਾਰ ਦੀ ਮੋਰਚਾਬੰਦੀ

**ਚੰਡੀਗੜ੍ਹ:** ਪੰਜਾਬ ਸਰਕਾਰ ਭਾਵੇਂ ਸੂਬੇ ਨੂੰ ਨਸ਼ਾਮੁਕਤ ਕਰਨ ਲਈ ਵੱਡੇ ਪੱਧਰ 'ਤੇ ਮੁਹਿੰਮ ਵਿੱਢਣ ਦੇ ਦਾਅਵੇ ਕਰ ਰਹੀ ਹੈ ਪਰ ਸਰਕਾਰ ਦੀਆਂ ਕੁਝ ਅਣਦੇਖੀਆਂ ਇਸ ਕਾਰਜ ਵਿਚ ਸਭ ਤੋਂ ਵੱਡਾ ਰੋੜਾ ਸਾਬਤ ਹੋ ਰਹੀਆਂ ਹਨ। ਪੰਜਾਬ ਸਰਕਾਰ ਜਿਥੇ ਨਸ਼ਾ ਤਸਕਰੀ ਨਾਲ ਜੁੜੇ ਰਸੂਖਵਾਲੇ ਵਿਅਕਤੀਆਂ ਨੂੰ ਹੱਥ ਪਾਉਣ ਵਿਚ ਨਾਕਾਮ ਰਹੀ ਹੈ, ਉਥੇ ਨਸ਼ੇ ਦੇ ਆਦੀ ਨੌਜਵਾਨਾਂ ਨੂੰ ਇਸ ਲਤ ਤੋਂ ਆਜ਼ਾਦ ਕਰਵਾਉਣ ਲਈ ਬਣਾਏ ਨਸ਼ਾ ਛਡਾਊ ਕੇਂਦਰ ਵੀ ਫੰਡਾਂ ਦੀ ਘਾਟ ਕਾਰਨ ਆਖਰੀ ਸਾਹਾਂ 'ਤੇ ਆਣ ਖਲੋਤੇ ਹਨ। ਸੂਬੇ ਦੇ ਜ਼ਿਆਦਾਤਰ ਨਸ਼ੇੜੀ ਇਨ੍ਹਾਂ ਕੇਂਦਰਾਂ 'ਤੇ ਇਸ ਗੱਲੋਂ ਜਾਣ ਤੋਂ ਝਿਜਕਦੇ ਹਨ, ਕਿਉਂਕਿ ਨਾ ਤਾਂ ਉਨ੍ਹਾਂ ਨੂੰ ਇਥੇ ਨਸ਼ੇ ਦੀ ਤੋਟ ਤੋਂ ਬਚਣ ਲਈ ਦਵਾਈ ਮਿਲਦੀ ਹੈ ਤੇ ਨਾ ਹੀ ਹੋਰ ਸਹੂਲਤਾਂ। ਇਸ ਕਾਰਨ ਅਜਿਹੇ ਕੇਂਦਰ ਬੰਦ ਹੋਣ ਕਿਨਾਰੇ ਹਨ।

ਇਨ੍ਹਾਂ ਕੇਂਦਰਾਂ ਵਿਚ ਮਰੀਜ਼ਾਂ ਨੂੰ ਨਸ਼ਾ ਛੁਡਾਉਣ ਲਈ ਦਿੱਤੀ ਜਾਣ ਵਾਲੀ ਦਵਾਈ ਵੀ ਮੁੱਕ ਗਈ ਹੈ। ਸਿਹਤ ਵਿਭਾਗ ਨੇ ਸੂਬੇ ਦੇ ਸਿਵਲ ਸਰਜਨਾਂ ਨੂੰ ਇਕ ਪੱਤਰ ਲਿਖ ਕੇ ਅਗਲੇ ਡੇਢ ਮਹੀਨੇ ਲਈ ਦਵਾਈ ਦਾ ਪ੍ਰਬੰਧ ਆਪਣੇ ਪੱਧਰ 'ਤੇ ਕਰਨ ਦੇ ਹੁਕਮ ਦਿੱਤੇ ਹਨ। ਸਰਕਾਰ ਨੇ ਨਸ਼ਿਆਂ ਵਿਰੁੱਧ ਛੇੜੀ ਮੁਹਿੰਮ ਦੌਰਾਨ ਮਰੀਜ਼ਾਂ ਨੂੰ ਮੁਫ਼ਤ ਦਵਾਈ ਦੇਣ ਦਾ ਫ਼ੈਸਲਾ ਲਿਆ ਸੀ ਪਰ ਵਿਭਾਗ ਵੱਲੋਂ ਅਜੇ ਤੱਕ ਬੂਪਰੋ ਨੌਰਫਿਨ ਐਂਡ ਨੋਲੌਕਸਨ ਦਵਾਈ ਨਹੀਂ ਖ਼ਰੀਦੀ ਗਈ।

ਸਰਕਾਰੀ ਹਸਪਤਾਲਾਂ ਵਿਚ ਮੁਹੱਈਆ ਕਰਵਾਈਆਂ ਜਾਣ ਵਾਲੀਆਂ 228 ਦਵਾਈਆਂ ਦੀ ਸੂਚੀ ਵਿਚ ਇਸ ਨੂੰ ਸ਼ਾਮਲ ਨਹੀਂ ਕੀਤਾ ਗਿਆ ਸੀ। ਇਸ ਦਵਾਈ ਦਾ ਜਿਹੜਾ ਸਟਾਕ ਏਡਜ਼ ਕੰਟਰੋਲ ਸੁਸਾਇਟੀ ਕੋਲ ਪਿਆ ਸੀ, ਉਸ ਦੀ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿਚ ਸਪਲਾਈ ਕਰ ਦਿੱਤੀ ਗਈ ਸੀ ਤੇ ਇਹ ਪਹਿਲੇ ਹਫ਼ਤੇ ਹੀ ਮੁੱਕ ਗਈ ਸੀ। ਇਨ੍ਹੀਂ ਦਿਨੀਂ ਸਰਕਾਰੀ ਜਨ ਔਸ਼ਧੀ ਸਟੋਰਾਂ 'ਤੇ ਉਪਲਬਧ ਦਵਾਈ ਨਾਲ ਕੰਮ ਚਲਾਇਆ ਜਾ ਰਿਹਾ ਹੈ। ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵੱਲੋਂ ਨਸ਼ੇੜੀਆਂ ਨੂੰ ਨਸ਼ਾ ਛੁਡਵਾਉਣ ਲਈ ਦਿੱਤੀ ਜਾਣ ਵਾਲੀ ਦਵਾਈ ਖ਼ਰੀਦਣ ਲਈ ਕੰਪਨੀਆਂ ਤੋਂ ਸੱਤ ਜੁਲਾਈ ਤੱਕ ਟੈਂਡਰ ਮੰਗੇ ਗਏ ਹਨ। ਜਾਣਕਾਰੀ ਮੁਤਾਬਕ ਸਰਕਾਰ ਵੱਲੋਂ ਅਜੇ ਤੱਕ 800 ਮਰੀਜ਼ਾਂ ਨੂੰ ਕੇਂਦਰਾਂ ਵਿਚ ਦਾਖ਼ਲ ਕੀਤਾ ਗਿਆ ਹੈ ਜਦਕਿ 22 ਹਜ਼ਾਰ ਨਸ਼ੇੜੀ ਓ.ਪੀ.ਡੀ. ਵਿਚ ਜਾਂਚ ਲਈ ਆ ਚੁੱਕੇ ਹਨ।

ਜੇਲ੍ਹਾਂ ਵਿਚ ਬੰਦ ਨਸ਼ੇੜੀਆਂ ਦੇ ਇਲਾਜ ਲਈ ਇਕ ਕਰੋੜ ਤੀਹ ਲੱਖ ਰੁਪਏ ਦੀਆਂ ਵੱਖਰੀਆਂ ਦਵਾਈਆਂ ਭੇਜੀਆਂ ਗਈਆਂ ਹਨ। ਸੂਬੇ ਵਿਚ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਦੀ ਗਿਣਤੀ 12 ਹੈ ਜਦਕਿ 53 ਹੋਰ ਮਨਜ਼ੂਰਸ਼ੁਦਾ ਪ੍ਰਾਈਵੇਟ ਨਸ਼ਾਮੁਕਤੀ ਕੇਂਦਰ ਚੱਲ ਰਹੇ ਹਨ। ਮਿਲੀ ਜਾਣਕਾਰੀ ਮੁਤਾਬਕ ਸਰਕਾਰ ਨੇ ਡਰੱਗ ਕੰਟਰੋਲਰਾਂ ਨੂੰ ਕੈਮਿਸਟਾਂ ਦੀਆਂ ਦੁਕਾਨਾਂ 'ਤੇ ਛਾਪੇਮਾਰੀ ਤੇਜ਼ ਕਰਨ ਤੇ ਗ਼ੈਰਕਾਨੂੰਨੀ ਤੌਰ 'ਤੇ ਦਵਾਈ ਦੇਣ ਵਾਲੇ ਕੈਮਿਸਟਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਹੁਕਮ ਦਿੱਤਾ ਹੈ। ਡਰੱਗ ਕੰਟਰੋਲਰਾਂ ਦੀ ਗਿਣਤੀ ਦੇ ਹਿਸਾਬ ਨਾਲ ਸਰਕਾਰ ਇਥੇ ਵੀ ਹਥਿਆਰਬੰਦ ਨਜ਼ਰ ਨਹੀਂ ਹੈ। ਵਿਭਾਗ 'ਚ ਡਰੱਗ ਕੰਟਰੋਲਰਾਂ ਦੀਆਂ ਇਕ ਸੌ ਅਸਾਮੀਆਂ ਹਨ ਜਿਨ੍ਹਾਂ ਵਿਚੋਂ 48 ਖਾਲੀ ਹਨ। ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਪ੍ਰਬੰਧਕੀ ਨਿਰਦੇਸ਼ਕ ਹੁਸਨ ਲਾਲ ਮੁਤਾਬਕ ਬੂਪਰੋ ਨੌਰਫਿਨ ਜ਼ਰੂਰੀ ਦਵਾਈਆਂ ਦੀ ਸੂਚੀ ਵਿਚ ਸ਼ਾਮਲ ਨਹੀਂ ਹੈ ਤੇ ਇਸ ਦੀ ਖ਼ਰੀਦ ਲਈ ਟੈਂਡਰ ਮੰਗੇ ਗਏ ਹਨ।

## ਔਰਤਾਂ ਤੇ ਬੱਚਿਆਂ ਵਿਚ ਵਧਿਆ ਨਸ਼ਿਆਂ ਦਾ ਰੁਝਾਨ

**ਚੰਡੀਗੜ੍ਹ:** ਪੰਜਾਬ ਵਿਚ ਔਰਤਾਂ ਤੇ ਬੱਚੇ ਵੀ ਨਸ਼ਿਆਂ ਦੇ ਜਾਲ ਵਿਚ ਫਸਦੇ ਜਾ ਰਹੇ ਹਨ। ਨਸ਼ੇੜੀਆਂ ਵਿਚ ਸਕੂਲਾਂ/ਕਾਲਜਾਂ ਵਿਚ ਪੜ੍ਹ ਰਹੀਆਂ ਸਿਰਫ ਲੜਕੀਆਂ ਹੀ ਨਹੀਂ ਬਲਕਿ ਨੌਕਰੀ ਪੇਸ਼ੇ ਤੇ ਵੱਡੇ ਕੰਮਾਂ ਕਾਰਾਂ ਨਾਲ ਜੁੜੀਆਂ ਔਰਤਾਂ ਵੀ ਸ਼ਾਮਲ ਹਨ।

ਗੁਰੂ ਤੇਗ ਬਹਾਦਰ ਸਾਹਿਬ ਚੈਰੀਟੇਬਲ ਹਸਪਤਾਲ ਲੁਧਿਆਣਾ ਵਿਚ ਦਿਮਾਗੀ ਰੋਗਾਂ ਦੇ ਮਾਹਿਰ ਡਾ. ਪਰਮਜੀਤ ਸਿੰਘ ਖੁਰਾਣਾ ਦਾ ਕਹਿਣਾ ਹੈ ਕਿ ਇਸ ਹਸਪਤਾਲ ਵਿਚ ਹਰ ਰੋਜ਼ 200 ਨਸ਼ੇੜੀ ਇਲਾਜ ਲਈ ਆ ਰਹੇ ਹਨ ਤੇ ਇਸ ਵੇਲੇ ਇਸ ਹਸਪਤਾਲ ਵਿਚ ਇਕ 11 ਸਾਲ ਦੇ ਬੱਚੇ ਦਾ ਇਲਾਜ਼ ਵੀ ਚੱਲ ਰਿਹਾ ਹੈ, ਜਿਸਨੂੰ ਵੱਡੀ ਉਮਰ ਦੇ ਮੁੰਡਿਆਂ ਨੇ 'ਚਿੱਟਾ' ਖਾਣ ਲਾ ਦਿੱਤਾ। ਚਿੱਟਾ ਖਾਣ ਵਾਲਿਆਂ ਵਿਚ ਬਹੁ ਗਿਣਤੀ ਕਿਸਾਨ ਪਰਿਵਾਰਾਂ ਨਾਲ ਸਬੰਧਤ ਨਸ਼ੇੜੀਆਂ ਦੀ ਹੈ। ਇਸ ਹਸਪਤਾਲ ਵਿਚ ਮੋਗਾ, ਫ਼ਰੀਦਕੋਟ ਤੇ ਨਵਾਂ ਸ਼ਹਿਰ ਤੋਂ ਨਸ਼ੇੜੀ ਆ ਰਹੇ ਹਨ। ਉਨ੍ਹਾਂ ਕੋਲ ਅਜਿਹੇ ਨਸ਼ੇੜੀ ਵੀ ਆਏ ਹਨ, ਜਿਹੜੇ ਛੇ ਸਾਲ ਦੀ ਉਮਰ ਵਿਚ ਨਸ਼ਾ ਕਰਨ ਲੱਗ ਪਏ ਸਨ। ਉਨ੍ਹਾਂ ਦੱਸਿਆ ਕਿ ਜਿੰਨੇ ਵੀ ਵਿਅਕਤੀ ਨਸ਼ੇ ਕਰਦੇ ਹਨ, ਉਨ੍ਹਾਂ ਵਿਚੋਂ ਅਜੇ ਸਿਰਫ ਦੋ ਫੀਸਦੀ ਹੀ ਨਸ਼ੇੜੀ ਇਲਾਜ ਲਈ ਆ ਰਹੇ ਹਨ, ਜਦੋਂ ਕਿ 98 ਫੀਸਦੀ ਜਾਂ ਤਾਂ ਸ਼ਰਮ ਮੰਨਦੇ ਹਨ ਜਾਂ ਫਿਰ ਪੈਸੇ ਦੀ ਥੋੜ ਕਾਰਨ ਨਹੀਂ ਆਉਂਦੇ ਜਾਂ ਫਿਰ ਉਹ ਆਪਣੇ ਆਪ ਬਾਰੇ ਕਿਸੇ ਨੂੰ ਦੱਸਣ ਦੀ ਬਜਾਏ ਲੁਕ ਛਿਪ ਕੇ ਹੀ ਨਸ਼ਾ ਕਰਨ ਦੀ ਆਦਤ ਪਾਈ ਬੈਠੇ ਹਨ।

# ਪੰਜਾਬ ਸਰਕਾਰ ਦੀ ਨਸ਼ਾ-ਵਿਰੋਧੀ ਮੁਹਿੰਮ ਮਹਿਜ਼ ਡਰਾਮਾ: ਬਾਜਵਾ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਸੂਬੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਸ਼ਾ ਛੁਡਾਊ ਕੈਂਪ ਲਗਾ ਕੇ ਨਸ਼ਾ ਵਿਰੋਧੀ ਹੋਣ ਦੇ ਮਹਿਜ਼ ਡਰਾਮੇ ਕਰ ਰਹੇ ਹਨ, ਜੇਕਰ ਉਹ ਸੱਚਮੁੱਚ ਹੀ ਨਸ਼ਿਆਂ ਦਾ ਖ਼ਾਤਮਾ ਕਰਨਾ ਚਾਹੁੰਦੇ ਹਨ ਤਾਂ ਉਹ ਵਿਧਾਨ ਸਭਾ ਹਲਕੇ ਤਲਵੰਡੀ ਸਾਬੋ ਸੀਟ ਦੀ ਹੋਣ ਜਾ ਰਹੀ ਜ਼ਿਮਨੀ ਚੋਣ 'ਤੇ ਨਸ਼ਾ ਨਾ ਵੰਡਣ ਦਾ ਪ੍ਰਣ ਤਖ਼ਤ ਸ੍ਰੀ ਦਮਦਮਾ ਸਾਹਿਬ 'ਤੇ ਅਰਦਾਸ ਕਰਵਾ ਕੇ ਕਰਨ। ਉਨ੍ਹਾਂ ਕਿਹਾ ਕਿ ਜੇਕਰ ਮੁੱਖ ਮੰਤਰੀ ਅਜਿਹਾ ਕਰਦੇ ਹਨ ਤਾਂ ਉਹ ਵੀ ਇਸ ਅਰਦਾਸ ਵਿਚ ਸ਼ਾਮਲ ਹੋਣਗੇ ਤਾਂ ਜੋ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਚੰਗੇ ਕੰਮ ਦੀ ਸ਼ੁਰੂਆਤ ਹੋ ਸਕੇ।

ਲੋਕ ਸਭਾ ਚੋਣਾਂ ਬਾਅਦ ਕਾਂਗਰਸੀ ਵਰਕਰਾਂ 'ਤੇ ਹੋਏ ਪਰਚਿਆਂ ਦੀ ਅਸਲੀਅਤ ਪਰਖਣ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਜਾਣਨ ਦੀ ਮੁਹਿੰਮ ਤਹਿਤ ਪਿੰਡ ਮਾਨਸਾ ਕਲਾਂ ਪਹੁੰਚੇ ਸ. ਬਾਜਵਾ ਨੇ ਕਿਹਾ ਕਿ ਕਾਂਗਰਸੀ ਵਰਕਰਾਂ 'ਤੇ ਝੂਠੇ ਪਰਚੇ ਦਰਜ ਕਰ ਕੇ ਉਨ੍ਹਾਂ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਸ੍ਰੀ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਬਾਦਲ ਸਰਕਾਰ ਨਸ਼ਿਆਂ ਦੇ ਖ਼ਾਤਮੇ ਦਾ ਡਰਾਮਾ ਕਰ ਰਹੀ ਹੈ, ਇਸੇ ਲਈ ਵੱਡੇ ਤਸਕਰਾਂ ਦੀ ਥਾਂ ਨਸ਼ਿਆਂ ਦੇ ਸ਼ਿਕਾਰ ਨੌਜਵਾਨਾਂ ਨੂੰ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ। ਉਨ੍ਹਾਂ ਬੱਸਾਂ ਦੇ ਕਿਰਾਏ ਵਿਚ ਕੀਤੇ ਵਾਧੇ ਬਾਰੇ ਕਿਹਾ ਕਿ ਇਸ ਨਾਲ 70 ਫ਼ੀਸਦੀ ਫ਼ਾਇਦਾ ਬਾਦਲ ਪਰਿਵਾਰ ਨੂੰ ਹੀ ਹੋਵੇਗਾ ਕਿਉਂਕਿ ਟਰਾਂਸਪੋਰਟ 'ਤੇ ਸਭ ਤੋਂ ਵੱਧ ਕਬਜ਼ਾ ਇਸੇ ਦਾ ਹੈ।

# ਬਠਿੰਡਾ ਵਾਸੀਆਂ ਲਈ ਖੋਲ੍ਹਿਆ ਖਜ਼ਾਨੇ ਦਾ ਮੂੰਹ

**ਚੰਡੀਗੜ੍ਹ:** ਪੰਜਾਬ ਸਰਕਾਰ ਬਠਿੰਡਾ ਜ਼ਿਲ੍ਹੇ ਦੇ ਹਲਕਾ ਤਲਵੰਡੀ ਸਾਬੋ ਦੀ ਜ਼ਿਮਨੀ ਚੋਣ ਦੀ ਤਿਆਰੀ ਵਿਚ ਜੁਟ ਗਈ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਧੜਾ-ਧੜਾ ਇਲਾਕਾ ਵਾਸੀਆਂ ਦੀਆਂ ਮੁਰਾਦਾਂ ਪੂਰੀਆਂ ਕਰਨ ਵਿਚ ਲੱਗੇ ਹਨ। ਮੁੱਖ ਮੰਤਰੀ ਵੱਲੋਂ ਜਿਥੇ ਪਿਛਲੇ ਕੁਝ ਦਿਨਾਂ ਵਿਚ ਹਲਕੇ ਦੇ ਸੰਗਤ ਦਰਸ਼ਨ ਦੌਰਾਨ ਖੁਲ੍ਹੇ ਗੱਫੇ ਦਿੱਤੇ ਗਏ ਹਨ ਉਥੇ ਬਠਿੰਡਾ ਇਕਲੌਤਾ ਜ਼ਿਲ੍ਹਾ ਹੈ, ਜਿਸ ਨੂੰ ਅਪਰੈਲ ਮਹੀਨੇ ਤੱਕ ਦੀ ਬੁਢਾਪਾ ਪੈਨਸ਼ਨ ਮਿਲ ਚੁੱਕੀ ਹੈ।

ਬਾਕੀ ਕਿਸੇ ਜ਼ਿਲ੍ਹੇ ਨੂੰ ਅਪਰੈਲ ਦੀ ਬੁਢਾਪਾ ਪੈਨਸ਼ਨ ਨਹੀਂ ਮਿਲੀ ਹੈ। ਪੰਜਾਬ ਦੇ ਚਾਰ ਜ਼ਿਲ੍ਹੇ ਤਾਂ ਅਜਿਹੇ ਹਨ, ਜਿਨ੍ਹਾਂ ਨੂੰ ਜਨਵਰੀ ਤੱਕ ਦੀ ਹੀ ਬੁਢਾਪਾ ਪੈਨਸ਼ਨ ਮਿਲੀ ਹੈ।

ਸਰਕਾਰ ਨੇ ਜ਼ਿਲ੍ਹਾ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ ਤੇ ਮੋਗਾ ਨੂੰ ਜਨਵਰੀ ਮਹੀਨੇ ਤੱਕ ਦੀ ਹੀ ਬੁਢਾਪਾ ਪੈਨਸ਼ਨ ਦਿੱਤੀ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਜਨਵਰੀ ਮਗਰੋਂ ਬੁਢਾਪਾ ਪੈਨਸ਼ਨ ਵੰਡੀ ਹੀ ਨਹੀਂ ਗਈ ਹੈ। ਜ਼ਿਲ੍ਹਾ ਰੋਪੜ ਨੂੰ ਫਰਵਰੀ ਤੱਕ ਦੀ ਬੁਢਾਪਾ ਪੈਨਸ਼ਨ ਮਿਲੀ ਹੈ। ਭਾਵੇਂ ਸਰਕਾਰ ਪੈਨਸ਼ਨਾਂ ਦੀ ਪ੍ਰਵਾਨਗੀ ਤਾਂ ਭੇਜ ਰਹੀ ਹੈ ਪਰ ਖ਼ਜ਼ਾਨੇ ਵਿਚੋਂ ਪੈਸਾ ਡਰਾਅ ਨਹੀਂ ਹੋ ਰਿਹਾ ਹੈ। ਬਠਿੰਡਾ ਜ਼ਿਲ੍ਹੇ ਨੇ ਅਪਰੈਲ ਦੀ ਪੈਨਸ਼ਨ ਦੇ ਸਵਾ ਦੋ ਕਰੋੜ ਰੁਪਏ ਖ਼ਜ਼ਾਨੇ ਵਿਚੋਂ ਕਢਵਾ ਲਏ ਹਨ। ਜ਼ਿਲ੍ਹੇ ਦੇ ਬਜ਼ੁਰਗਾਂ ਦੇ ਖਾਤਿਆਂ ਵਿਚ ਸਰਕਾਰ ਨੇ ਅਪਰੈਲ ਦੀ ਬੁਢਾਪਾ ਪੈਨਸ਼ਨ ਭੇਜ ਵੀ ਦਿੱਤੀ ਹੈ। ਬਾਕੀ ਜ਼ਿਲ੍ਹਿਆਂ ਵਿਚ ਹਾਲੇ ਏਨੀ ਫੁਰਤੀ ਨਹੀਂ ਦਿਖਾਈ ਗਈ ਹੈ। ਖ਼ਜ਼ਾਨਾ ਵਿਭਾਗ ਨੇ ਹੀ ਅਦਾਇਗੀ ਰੋਕੀ ਹੋਈ ਹੈ। ਸਰਕਾਰ ਦੇ ਇਸ਼ਾਰੇ ਮਗਰੋਂ ਹੀ ਪੈਸਾ ਜਾਰੀ ਹੁੰਦਾ ਹੈ।

ਪੰਜਾਬ ਸਰਕਾਰ ਨੇ ਜ਼ਿਲ੍ਹਾ ਬਠਿੰਡਾ ਵਿਚ ਚੋਣਾਂ ਤੋਂ ਪਹਿਲਾਂ ਜਨਵਰੀ ਦੀ ਬੁਢਾਪਾ ਪੈਨਸ਼ਨ ਭੇਜ ਦਿੱਤੀ ਸੀ ਤੇ ਚੋਣਾਂ ਮਗਰੋਂ ਫਰਵਰੀ ਤੇ ਮਾਰਚ ਦੀ ਬੁਢਾਪਾ ਪੈਨਸ਼ਨ ਵੀ 29 ਮਈ ਨੂੰ ਭੇਜ ਦਿੱਤੀ ਗਈ ਸੀ। ਇਹ ਪੈਨਸ਼ਨ ਵੰਡੀ ਵੀ ਜਾ ਚੁੱਕੀ ਹੈ ਤੇ ਹੁਣ ਅਪਰੈਲ ਦੀ ਬੁਢਾਪਾ ਪੈਨਸ਼ਨ ਵੀ ਖਾਤਿਆਂ ਵਿਚ ਪਾ ਦਿੱਤੀ ਗਈ ਹੈ। ਸਰਕਾਰ ਵੱਲੋਂ ਬੀਬੀ ਹਰਸਿਮਰਤ ਕੌਰ ਬਾਦਲ ਦਾ ਹਲਕਾ ਹੋਣ ਕਰਕੇ ਬਠਿੰਡਾ ਨੂੰ ਤਰਜੀਹ ਦਿੱਤੀ ਜਾਂਦੀ ਹੈ। ਹੁਣ ਜ਼ਿਮਨੀ ਚੋਣ ਕਰਕੇ ਸਰਕਾਰ ਨੇ ਬਠਿੰਡਾ ਵੱਲ ਖ਼ਜ਼ਾਨੇ ਦੇ ਮੂੰਹ ਖੋਲ੍ਹੇ ਹੋਏ ਹਨ। ਸਮਾਜਿਕ ਸੁਰੱਖਿਆ ਵਿਭਾਗ ਨੇ ਤਾਂ ਜ਼ਿਲ੍ਹੇ ਦੇ ਹਲਕਾ ਤਲਵੰਡੀ ਸਾਬੋ ਵਿਚ ਨਵੀਆਂ ਬੁਢਾਪਾ ਪੈਨਸ਼ਨਾਂ ਲਾਉਣ ਲਈ ਵਿਸ਼ੇਸ਼ ਕੈਂਪ ਵੀ ਲਾਏ ਸਨ। ਇਨ੍ਹਾਂ ਕੈਂਪਾਂ ਵਿਚ 1250 ਨਵੀਆਂ ਪੈਨਸ਼ਨਾਂ ਦੇ ਕੇਸ ਪੁੱਜੇ ਹਨ, ਜਿਨ੍ਹਾਂ ਵਿਚੋਂ ਕਈ ਕੇਸ ਤਾਂ ਅਯੋਗ ਪਾਏ ਗਏ ਹਨ। ਤਕਰੀਬਨ 250 ਪੈਨਸ਼ਨਾਂ ਦੇ ਕੇਸ ਪ੍ਰਵਾਨ ਹੋ ਗਏ ਹਨ ਤੇ ਪ੍ਰਕਿਰਿਆ ਅਧੀਨ ਹਨ।

ਬਾਕੀ ਜ਼ਿਲ੍ਹੇ ਵਿਚ ਨਵੀਆਂ ਪੈਨਸ਼ਨਾਂ ਦੇ ਕੇਸਾਂ ਦੇ ਮਾਮਲੇ ਵਿਚ ਸੁਸਤੀ ਛਾਈ ਹੋਈ ਹੈ। ਬਾਲ ਵਿਕਾਸ ਤੇ ਪ੍ਰਾਜੈਕਟ ਅਫਸਰ ਤਲਵੰਡੀ ਸਾਬੋ ਮਨਜੀਤ ਕੌਰ ਦਾ ਕਹਿਣਾ ਹੈ ਕਿ ਕਾਫ਼ੀ ਕੇਸਾਂ ਵਿਚ ਹਾਲੇ ਪਟਵਾਰੀ ਦੀ ਰਿਪੋਰਟ ਆਉਣੀ ਬਾਕੀ ਹੈ। ਉਨ੍ਹਾਂ ਦੱਸਿਆ ਕਿ ਕਈ ਕੇਸ ਘੱਟ ਉਮਰ ਵਾਲੇ ਤੇ ਵੱਧ ਜ਼ਮੀਨ ਵਾਲੇ ਰੱਦ ਵੀ ਹੋ ਗਏ ਹਨ। ਸਮਾਜਿਕ ਸੁਰੱਖਿਆ ਵਿਭਾਗ ਦੇ ਡਿਪਟੀ ਡਾਇਰੈਕਟਰ ਤੇ ਬਠਿੰਡਾ ਜ਼ਿਲ੍ਹੇ ਦੇ ਇੰਚਾਰਜ ਹਰਪਾਲ ਸਿੰਘ ਨੇ ਦੱਸਿਆ ਕਿ ਬਠਿੰਡਾ ਜ਼ਿਲ੍ਹੇ ਵਿਚ ਬੁਢਾਪਾ ਪੈਨਸ਼ਨਾਂ ਦੀ ਅਦਾਇਗੀ ਅਪਰੈਲ ਤੱਕ ਹੋ ਚੁੱਕੀ ਹੈ।

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਰੰਗਮੰਚ ਦੀ ਦਲਿਤ ਭੂਮੀ ਦਾ ਰਾਹੀ ਸੈਮੂਅਲ ਜੌਨ

## ਚਲਦੇ-ਚਲਦੇ

ਜਦੋਂ ਸ਼ੇਰ ਅਤੇ ਜੰਗਲ ਦੀ ਕਹਾਣੀ ਸ਼ੁਰੂ ਹੁੰਦੀ ਹੈ ਤਾਂ ਬੱਚਿਆਂ ਨੂੰ ਦਿਲਚਸਪ ਲੱਗਦੀ ਹੈ ਪਰ ਕੁਝ ਉਮਰ ਤੋਂ ਬਾਅਦ ਇਸ ਵਿਚ ਦਿਲਚਸਪੀ ਖ਼ਤਮ ਹੋ ਜਾਂਦੀ ਹੈ। ਇਸ ਕਹਾਣੀ ਨੂੰ ਜਦੋਂ ਸੈਮੂਅਲ ਜੌਨ ਆਪਣੇ ਨਾਟਕ ਰਾਹੀਂ ਸੁਣਾਉਂਦਾ ਹੈ ਤਾਂ ਇਸ ਵਿਚ ਨਵੇਂ ਸਿਰਿਓਂ ਦਿਲਚਸਪੀ ਵੀ ਜਾਗ ਪੈਂਦੀ ਹੈ ਅਤੇ ਇਸ ਦੇ ਅਰਥ ਵੀ ਬਦਲ ਜਾਂਦੇ ਹਨ। ਸ਼ੇਰ ਨੇ ਖਾਣ ਲਈ ਜਾਨਵਰਾਂ ਦੀ ਵਾਰੀ ਤੈਅ ਕਰ ਦਿੱਤੀ ਹੈ। ਪੁਰਾਣੀ ਕਹਾਣੀ ਵਿਚ ਸ਼ੇਰ ਨੂੰ ਖੂਹ ਤੱਕ ਲਿਜਾਣ ਦੀ ਹੁਸ਼ਿਆਰੀ ਖਰਗ਼ੋਸ਼



ਦਲਜੀਤ ਅਮੀ
ਫੋਨ: 91-97811-21873

ਵਿਖਾਉਂਦਾ ਹੈ। ਸ਼ੇਰ ਆਪਣੇ ਪਰਛਾਵੇਂ ਨਾਲ ਲੜਨ ਲਈ ਖੂਹ ਵਿਚ ਛਾਲ ਮਾਰ ਦਿੰਦਾ ਹੈ। ਸੈਮੂਅਲ ਜੌਨ ਇਸ ਜਾਣੀ-ਪਛਾਣੀ ਕਹਾਣੀ ਨੂੰ ਆਪਣੇ ਅੰਦਾਜ਼ ਵਿਚ ਪੇਸ਼ ਕਰਦਾ ਹੈ। ਸੈਮੂਅਲ ਜਾਣਦਾ ਹੈ ਕਿ ਇਹ ਕਹਾਣੀ ਤਾਂ ਹਰ ਕਿਸੇ ਨੂੰ ਪਤਾ ਹੈ ਜਿਨ੍ਹਾਂ ਵਿਚ ਕਹਾਣੀ ਦਾ ਕਿਰਦਾਰ ਗਧਾ ਵੀ ਸ਼ਾਮਿਲ ਹੈ। ਗਧਾ ਆਪਣੀ ਜਾਨ ਬਚਾਉਣ ਲਈ ਸ਼ੇਰ ਨੂੰ ਖਰਗ਼ੋਸ਼ ਵਾਲੀ ਤਰਜ਼ ਉਤੇ ਕਹਾਣੀ ਸੁਣਾਉਂਦਾ ਹੈ ਅਤੇ ਸ਼ੇਰ ਨੂੰ ਖੂਹ ਤੱਕ ਲੈ ਜਾਂਦਾ ਹੈ। ਖੂਹ ਉਤੇ ਪਹੁੰਚ ਕੇ ਸ਼ੇਰ ਨਵੀਂ ਬਣ ਰਹੀ ਕਹਾਣੀ ਨੂੰ ਬਦਲ ਦਿੰਦਾ ਹੈ। ਜਿਹੜੀ ਕਹਾਣੀ ਦਰਸ਼ਕਾਂ ਤੋਂ ਲੈ ਕੇ ਗਧੇ ਤੱਕ ਨੇ ਸੁਣੀ ਹੋਈ ਹੈ, ਉਹ ਸ਼ੇਰ ਨੇ ਵੀ ਸੁਣੀ ਹੋਈ ਹੈ। ਇਸ ਤੋਂ ਬਾਅਦ ਗਧਾ ਭੱਜਦਾ ਹੈ। ਸ਼ੇਰ ਪਿੱਛੇ ਹੈ। ਗਧਾ ਭੱਜਦਾ ਹੋਇਆ ਕਮਜ਼ੋਰ, ਦਲਿਤ, ਮਜ਼ਦੂਰ ਅਤੇ ਗ਼ਰੀਬ ਦੀ ਬੋਲੀ ਬੋਲਦਾ ਹੈ। ਦੂਜੇ ਪਾਸੇ ਸ਼ੇਰ ਆਪਣੇ ਲਹਿਜ਼ੇ ਵਿਚ ਤਾਕਤਵਰ, ਉਚੀ ਜਾਤ, ਮਾਲਕ ਅਤੇ ਅਮੀਰ ਦੀ ਨੁਮਾਇੰਦਗੀ ਕਰਦਾ ਹੈ। ਭੱਜਦੇ-ਭੱਜਦੇ ਗਧੇ ਤੋਂ ਸ਼ੇਰ ਦੇ ਦੁਲਿਤੀ ਵੱਜ ਜਾਂਦੀ ਹੈ। ਸ਼ੇਰ ਦੀ ਲੇਰ ਨਿਕਲ ਜਾਂਦੀ ਹੈ। ਗਧੇ ਨੂੰ ਫੌਰੀ ਅਹਿਸਾਸ ਹੁੰਦਾ ਹੈ ਕਿ ਉਸ ਦੀ ਸਭ ਤੋਂ ਬੁਰੀ ਆਦਤ ਮੰਨੀ ਗਈ ਦੁਲਿਤੀ ਹੀ ਉਸ ਦੀ ਸਭ ਤੋਂ ਵੱਡੀ ਤਾਕਤ ਹੈ। ਗਧੇ ਦੀਆਂ ਦੁਲਿਤੀਆਂ ਦੀ ਮਾਰ ਸਭ ਤੋਂ ਤਾਕਤਵਰ ਮੰਨੇ ਜਾਂਦੇ ਸ਼ੇਰ ਤੋਂ ਸਹਾਰੀ ਨਹੀਂ ਜਾਂਦੀ।

ਇਹ ਦੁਲਿਤੀ ਗਧੇ ਦੀ ਹੀ ਨਹੀਂ, ਸਗੋਂ ਸੈਮੂਅਲ ਜੌਨ ਦੀ ਕਲਾ ਦੀ ਵੀ ਸਭ ਤੋਂ ਵੱਡੀ ਤਾਕਤ ਹੈ। 'ਸ਼ੇਰ ਅਤੇ ਜੰਗਲ' ਨਾਮ ਦੀ ਕਹਾਣੀ ਦਾ ਨਾਟਕ ਤਾਂ ਸੈਮੂਅਲ ਜੌਨ ਨੇ ਇਸ ਲਈ ਬਣਾਇਆ ਸੀ ਕਿ ਦਰਸ਼ਕਾਂ ਵਿਚ ਸ਼ੁਮਾਰ ਬੱਚਿਆਂ ਲਈ ਕੁਝ ਹੋਵੇ। ਸੈਮੂਅਲ ਜੌਨ ਨੇ ਬੱਚਿਆਂ ਦੀ ਦਿਲਚਸਪੀ ਅਤੇ ਆਪਣਾ ਸੁਨੇਹਾ ਗੁੰਨ੍ਹ ਕੇ ਨਾਟਕ ਬਣਾ ਦਿੱਤਾ। ਇਹ ਕੰਮ ਉਹ ਲਗਾਤਾਰ ਆਪਣੇ ਨਾਟਕਾਂ ਵਿਚ ਕਰਦਾ ਹੈ। 'ਸ਼ੇਰ ਅਤੇ ਜੰਗਲ' ਦੀ ਤਰਜ਼ ਉਤੇ ਸਮਾਜਕ ਵਿਹਾਰ ਅਤੇ ਸਮਕਾਲੀ ਘਟਨਾਵਾਂ ਉਸ ਦੇ ਨਾਟਕਾਂ ਦਾ ਵਿਸ਼ਾ ਬਣਦੀਆਂ ਹਨ। ਉਹ ਇਨ੍ਹਾਂ ਵਿਸ਼ਿਆਂ ਦੀ ਭਾਲ 'ਚ ਕਹਾਣੀਆਂ ਤੇ ਨਾਟਕਾਂ ਦੀਆਂ ਕਿਤਾਬਾਂ ਪੜ੍ਹਦਾ ਹੈ।

ਸੰਗਰੂਰ ਜ਼ਿਲ੍ਹੇ ਦੇ ਪਿੰਡ ਚੰਗਾਲੀ ਕਲਾਂ ਵਿਚ ਸੈਮੂਅਲ ਜੌਨ ਦਾ ਘਰ ਹੈ। ਤਿੰਨ ਕਮਰਿਆਂ ਦੇ ਨਾਲ ਰਸੋਈ ਅਤੇ ਪਾਖ਼ਾਨਾ। ਕਮਰਿਆਂ ਦੇ ਬਾਹਰਵਾਰ ਵਿਹੜੇ ਵਿਚ ਬਾਂਸਾਂ ਦਾ ਛੱਪਰ ਹੈ। ਇਸੇ ਛੱਪਰ ਵਿਚ ਸੈਮੂਅਲ ਜੌਨ ਦੇ ਕਲਾਕਾਰ ਨਾਟਕ ਦੇ ਗੁਰ ਸਿੱਖਦੇ ਹਨ ਅਤੇ ਪੇਸ਼ਕਾਰੀ ਤੋਂ ਪਹਿਲਾਂ ਅਭਿਆਸ ਕਰਦੇ ਹਨ। ਪਿੰਡ ਦੇ ਅੰਦਰਲੀ ਬੀਹੀ ਦੇ ਤਕਰੀਬਨ ਅਖ਼ੀਰ ਵਿਚ ਇਸ ਘਰ ਦੇ ਵਿਹੜੇ ਦਾ ਲੋਹੇ ਵਾਲਾ ਦਰਵਾਜ਼ਾ ਖੁੱਲ੍ਹਦਾ ਹੈ। ਵਾਗਲੇ ਦੀ ਕੰਧ ਉਤੇ ਫੇਰੀ ਹੋਈ ਹੈ। ਇਸ ਘਰ ਦੇ ਨਾਲ ਲੱਗਦੇ ਘਰਾਂ ਤੋਂ ਅੰਦਾਜ਼ਾ ਹੋ ਜਾਂਦਾ ਹੈ ਕਿ ਮੌਜੂਦਾ ਪੰਜਾਬੀ ਪਿੰਡ ਕਿਨ੍ਹਾਂ ਹਾਲਾਤ ਵਿਚੋਂ ਗੁਜ਼ਰ ਰਿਹਾ ਹੈ। ਕੱਚੇ ਘਰ ਢਹਿ ਰਹੇ ਹਨ। ਕੰਧਾਂ ਬਿਨਾਂ ਪੁੱਛੇ ਦੱਸ ਦਿੰਦੀਆਂ ਹਨ ਕਿ ਪੱਕੀਆਂ ਇੱਟਾਂ ਦੇ ਘਰ ਕਈ ਕਿਸ਼ਤਾਂ ਵਿਚ ਉਸਰੇ ਹਨ। ਦਰਵਾਜ਼ਿਆਂ ਤੋਂ ਅੰਦਾਜ਼ਾ ਹੁੰਦਾ ਹੈ ਕਿ ਇਹ ਸ਼ਾਇਦ ਪਹਿਲਾਂ ਕਿਤੇ ਹੋਰ ਹੁੰਦੇ ਸਨ। ਇੱਟਾਂ ਦੀ ਚਿਣਾਈ ਤੋਂ ਬਾਅਦ ਇਨ੍ਹਾਂ ਕੰਧਾਂ ਨੂੰ ਪਲਸਤਰ ਨਸੀਬ ਨਹੀਂ ਹੋਇਆ। ਇਹ ਬੀਹੀ ਵੀਰਾਨ ਦਿਖਾਈ ਦਿੰਦੀ ਹੈ। ਕਦੇ-ਕਦਾਈਂ ਸੈਮੂਅਲ ਦੇ ਘਰ ਦੇ ਸਾਹਮਣੇ ਗੁਆਂਢੀਆਂ ਦਾ ਬਲਦ ਬੰਨ੍ਹਿਆ ਹੁੰਦਾ ਹੈ। ਇਹੋ ਬਲਦ ਆਪਣੇ ਕਿੱਲੇ ਅਤੇ ਰੱਸੇ ਰਾਹੀਂ ਦੱਸਦਾ ਹੈ ਕਿ ਸਮਾਜਕ ਵਿਹਾਰ ਚੱਲਦਾ ਹੈ। ਪੁੱਛਣ ਉਤੇ ਹੀ ਪਤਾ ਲੱਗਦਾ ਹੈ ਕਿ ਇਸ ਬੀਹੀ ਦੀ ਵੀਰਾਨਗੀ ਭੁਲੇਖਾ ਹੈ; ਦਰਅਸਲ ਇਸ ਦੇ ਵਾਸੀ ਪੰਜਾਬ ਦੇ ਪਿੰਡ ਵਿਚ ਵਾਪਰ ਰਹੀ ਤਬਦੀਲੀ ਹੱਡੀਂ ਹੰਢਾ ਰਹੇ ਹਨ। ਇਸ ਤਬਦੀਲੀ ਦੀ ਆਵਾਜ਼ ਨਹੀਂ ਆ ਰਹੀ। ਸੈਮੂਅਲ ਜੌਨ ਦੇ ਕਲਾਕਾਰ ਇਸ ਬੇਆਵਾਜ਼ ਥਾਂ ਨੂੰ ਆਵਾਜ਼ ਨਾਲ ਨਿਵਾਜਦੇ ਹਨ।

ਸੈਮੂਅਲ ਜੌਨ ਪੰਜਾਬੀ ਯੂਨੀਵਰਸਿਟੀ ਦੇ ਥੀਏਟਰ ਐਂਡ ਟੈਲੀਵਿਜ਼ਨ ਵਿਚ ਪੜ੍ਹਿਆ ਹੈ। ਪੜ੍ਹਨ ਤੋਂ ਬਾਅਦ ਉਹ ਮਾਇਆ ਨਗਰੀ ਮੁੰਬਈ ਵਿਚ ਕਲਾਕਾਰ ਬਣਨ ਗਿਆ ਸੀ। ਮਾਇਆਨਗਰੀ ਅਤੇ ਫ਼ਿਲਮ ਸਨਅਤ ਸੈਮੂਅਲ ਨੂੰ ਰਾਸ ਨਹੀਂ ਆਈ। ਉਹ ਵਾਪਸ ਪਰਤਿਆ ਅਤੇ ਲੋਕ ਕਲਾ ਮੰਚ ਚਮਕੌਰ ਸਾਹਿਬ ਵਿਚ ਕੰਮ ਕਰਨ ਲੱਗਿਆ। ਕੁਝ ਦਿਨਾਂ ਤੱਕ ਪੁਰਾਣੇ ਦੋਸਤਾਂ ਨਾਲ ਪਟਿਆਲੇ ਰੰਗਮੰਚ ਕੀਤਾ। ਉਸ ਦੀ ਅੱਚਵੀ ਨੂੰ ਠੱਲ੍ਹ ਨਹੀਂ ਪਈ ਅਤੇ ਬੇਚੈਨ ਸੈਮੂਅਲ ਚੰਗਾਲੀ ਕਲਾਂ ਪਹੁੰਚ ਗਿਆ। ਕਈ ਸੁਆਲ ਸੈਮੂਅਲ ਜੌਨ ਨੂੰ ਪ੍ਰੇਸ਼ਾਨ ਕਰ ਰਹੇ ਸਨ। ਉਹ ਦਲਿਤ ਸਮਾਜ ਵਿਚ ਪੈਦਾ ਹੋਇਆ। ਇਸੇ ਸਮਾਜ ਦੇ ਸੁਆਲਾਂ, ਮਸਲਿਆਂ ਅਤੇ ਜਜ਼ਬਾਤ ਨੂੰ ਕਲਾ ਰਾਹੀਂ ਕਿਵੇਂ ਪੇਸ਼ ਕੀਤਾ ਜਾਵੇ? ਇਸ ਕਲਾ ਦੀ ਪਹੁੰਚ ਦਲਿਤ ਸਮਾਜ ਤੱਕ ਕਿਵੇਂ ਹੋਵੇ? ਕਿਹੜਾ ਨਾਟਕ ਖੇਡਿਆ ਜਾਵੇ ਅਤੇ ਖ਼ਰਚਾ ਕੌਣ ਕਰੇ? ਕੁਝ ਦੇਰ ਦੀ ਸ਼ੰਸ਼ੋਪੰਜ ਤੋਂ ਬਾਅਦ ਸੈਮੂਅਲ ਜੌਨ ਨੇ ਫ਼ੈਸਲਾ ਕਰ ਲਿਆ। ਜਿਨ੍ਹਾਂ ਲਈ ਨਾਟਕ ਹੋਵੇਗਾ, ਉਨ੍ਹਾਂ ਵਰਗੀ ਹੀ ਪੇਸ਼ਕਾਰੀ ਅਤੇ ਉਸੇ ਤਰਜ਼ ਦਾ ਅਰਥਚਾਰਾ। ਸੈਮੂਅਲ ਜੌਨ ਦੇ ਪੁਰਾਣੇ ਦੋਸਤ ਅਤੇ 'ਸੀਬਾ' ਸਕੂਲ ਦੇ ਮਾਲਕ ਕੰਵਲਜੀਤ ਢੀਂਡਸਾ ਨੇ ਲਹਿਰਾਗਾਗਾ ਵਿਖੇ ਆਪਣੇ ਸਕੂਲ ਵਿਚ ਥਾਂ ਦੇ ਦਿੱਤੀ। ਇੱਥੇ ਸੈਮੂਅਲ ਨੇ ਓਪਨ ਏਅਰ ਥਿਏਟਰ ਬਣਾਇਆ। ਨਾਟਕ ਦੇਖਣ ਦਾ ਸੱਦਾ ਅਖ਼ਬਾਰਾਂ ਵਿਚ ਇਸ਼ਤਿਹਾਰ ਪਾ ਕੇ ਘਰ-ਘਰ ਪਹੁੰਚਾਇਆ ਗਿਆ। ਲਾਗਲੇ ਪਿੰਡਾਂ ਦੇ ਗੁਰਦੁਆਰਿਆਂ ਦੇ ਸਪੀਕਰਾਂ ਰਾਹੀਂ ਵੀ ਲੋਕਾਂ ਨੂੰ ਸੱਦਾ ਦਿੱਤਾ ਗਿਆ। ਉਨ੍ਹਾਂ ਦਿਨਾਂ ਵਿਚ ਸੈਮੂਅਲ ਜੌਨ ਦੀਆਂ ਜੇਬਾਂ ਵਿਚ ਦਰਸ਼ਕਾਂ ਵੱਲੋਂ ਨਾਟਕ ਦੇਖ ਕੇ ਦਿੱਤੇ ਪੰਜ-ਪੰਜ ਦੇ ਨੋਟ ਹੁੰਦੇ ਹਨ। ਉਹ ਬੱਸਾਂ ਦੇ ਕੰਡਕਟਰਾਂ ਤੋਂ ਟਿਕਟ ਲੈਣ ਲੱਗਿਆ ਪੰਜ-ਪੰਜ ਦੀ ਭਾਨ ਬਦਲੇ ਵੱਡੇ ਨੋਟ ਮੰਗ ਲੈਂਦਾ ਸੀ। ਦੋਵੇਂ ਧਿਰਾਂ ਖ਼ੁਸ਼ ਹੋ ਜਾਂਦੀਆਂ ਅਤੇ ਕੁਝ ਗੱਲਾਂ ਬਦੋਬਦੀ ਹੋ ਜਾਂਦੀਆਂ। ਕੰਡਕਟਰ ਹੈਰਾਨ ਹੁੰਦੇ ਕਿ ਭਾਨ ਵਟਾਉਣ ਬੰਦਾ ਕੋਈ ਹੱਟੀ ਨਹੀਂ ਕਰਦਾ, ਸਗੋਂ ਨਾਟਕ ਖੇਡਦਾ ਹੈ। ਸੈਮੂਅਲ ਨੇ ਹਾਲੇ ਕੁਝ ਹੋਰ ਕਰਨਾ ਸੀ। ਉਸ ਨੇ ਆਪਣੇ ਨਾਟਕ ਦੇ ਕਿਰਦਾਰਾਂ ਦੇ ਹੋਰ ਨੇੜੇ ਜਾਣਾ ਸੀ। ਉਸ ਨੇ ਫ਼ੈਸਲਾ ਕਰ ਲਿਆ ਕਿ ਨਾਟਕ ਲਈ ਕੋਈ ਪੱਕੀ ਥਾਂ ਨਹੀਂ ਅਤੇ ਕੋਈ ਪ੍ਰਬੰਧਕ ਨਹੀਂ। ਨਾਟਕ ਹਰ ਤਰ੍ਹਾਂ ਦੇ ਪ੍ਰਬੰਧ, ਪ੍ਰਬੰਧਕ ਅਤੇ ਥਾਂ ਦੀਆਂ ਹੱਦਾਂ ਤੋਂ ਮੁਕਤ।

ਇਸੇ ਮੋੜ ਤੋਂ ਸੈਮੂਅਲ ਤੋਂ ਉਹ ਸਫ਼ਰ ਸ਼ੁਰੂ ਹੁੰਦਾ ਹੈ ਜੋ 'ਸ਼ੇਰ ਅਤੇ ਜੰਗਲ' ਦੀ ਕਹਾਣੀ ਦੇ ਨਵੇਂ ਅਵਤਾਰ ਤੱਕ ਪਹੁੰਚ ਗਿਆ ਹੈ। ਸੈਮੂਅਲ ਨੇ ਨਾਟਕ ਦੇ ਕਲਾਕਾਰਾਂ ਦੀ ਗਿਣਤੀ ਨੂੰ ਪਹਿਲਾਂ ਸਕੂਟਰਾਂ ਦੇ ਹਿਸਾਬ ਨਾਲ ਘੱਟ ਕੀਤਾ ਅਤੇ ਹੁਣ ਉਸ ਦੇ ਕਲਾਕਾਰਾਂ ਦੀ ਗਿਣਤੀ ਉਸ ਦੀ ਮਾਰੂਤੀ ਕਾਰ ਵਿਚ ਸਮਾ ਜਾਂਦੀ ਹੈ। ਉਸ ਦੇ ਨਾਟਕਾਂ ਵਿਚ ਦਲਿਤ ਸਮਾਜ ਦੇ ਤਮਾਮ ਸੁਆਲ ਸ਼ਾਮਿਲ ਹਨ। ਜਾਤੀ ਮੂਲਕ ਵਿਤਕਰਾ, ਦਲਿਤਾਂ ਦਾ ਸਮਾਜਕ ਬਾਈਕਾਟ, ਸਮਾਜਕ ਰੁਤਬਾ, ਸ਼ੋਸ਼ਣ ਆਦਿ ਮੁੱਦੇ ਸੈਮੂਅਲ ਜੌਨ ਦੇ ਨਾਟਕਾਂ ਦਾ ਹਿੱਸਾ ਬਣ ਗਏ। ਉਹ ਚੱਲ ਕੇ ਦਲਿਤ ਸਮਾਜ ਵਿਚ ਜਾਂਦਾ ਹੈ, ਨਾਟਕ ਕਰਦਾ ਹੈ ਅਤੇ ਚਾਦਰ ਫੈਲਾ ਦਿੰਦਾ ਹੈ। ਲੋਕ ਆਪਣੀ ਮਰਜ਼ੀ ਨਾਲ ਚਾਦਰ ਉਤੇ ਨਕਦੀ ਤੋਂ ਲੈ ਕੇ ਰਸੋਈ ਦਾ ਸਾਮਾਨ ਦੇ ਦਿੰਦੇ ਹਨ ਜਿਸ ਵਿਚ ਆਟਾ, ਖੰਡ, ਚਾਹ-ਪੱਤੀ, ਲੂਣ ਅਤੇ ਗੁੜ ਵਰਗੀਆਂ ਚੀਜ਼ਾਂ ਸ਼ਾਮਿਲ ਹੁੰਦੀਆਂ ਹਨ। ਸੈਮੂਅਲ ਇਸ ਸਮਾਨ ਨੂੰ ਆਪਣਾ ਸਨਮਾਨ ਸਮਝਦਾ ਹੈ ਅਤੇ ਚਾਦਰ ਦੀਆਂ ਕੰਨੀਆਂ ਵਿਚ ਬੰਨ੍ਹ ਕੇ ਮੋਗਰਾ ਮਾਰ ਲੈਂਦਾ ਹੈ।

ਇਸ ਤਰ੍ਹਾਂ ਦਾ ਨਾਟਕ ਸੈਮੂਅਲ ਦਾ ਰੋਜ਼ਗਾਰ ਤਾਂ ਨਹੀਂ ਬਣਦਾ, ਪਰ ਇਸ ਨਾਲ ਕਲਾ ਆਵਾਮ ਤੱਕ ਜ਼ਰੂਰ ਪਹੁੰਚਦੀ ਹੈ। ਰੋਜ਼ਗਾਰ ਦਾ ਜ਼ਿੰਮਾ ਉਸ ਦੀ ਜੀਵਨ ਸਾਥਣ ਜਸਵਿੰਦਰ ਚੁੱਕਦੀ ਹੈ ਜੋ ਚੰਡੀਗੜ੍ਹ ਲਾਗੇ ਧਨਾਸ ਪਿੰਡ ਦੇ ਸਕੂਲ ਵਿਚ ਸੰਗੀਤ ਪੜ੍ਹਾਉਂਦੀ ਹੈ। ਪੰਜਾਬੀ ਯੂਨੀਵਰਸਿਟੀ ਵਿਚ ਸੈਮੂਅਲ ਅਤੇ ਜਸਵਿੰਦਰ ਇਕੱਠੇ ਪੜ੍ਹਦੇ ਸਨ। ਜਸਵਿੰਦਰ ਹੁਣ ਕਦੇ-ਕਦਾਈਂ ਨਾਟਕ ਕਰਨ ਸੈਮੂਅਲ ਨਾਲ ਜਾਂਦੀ ਹੈ। ਸੈਮੂਅਲ ਕਹਿੰਦਾ ਹੈ ਕਿ ਉਸ ਦੀ ਕਲਾ ਕਮਾਈ ਲਈ ਨਹੀਂ, ਸਗੋਂ ਸਮਾਜਕ ਜਾਗ੍ਰਿਤੀ ਲਈ ਹੈ। ਸੈਮੂਅਲ ਨਾਟਕ ਦੇ ਨਾਲ-ਨਾਲ ਫ਼ਿਲਮਾਂ ਵਿਚ ਵੀ ਕੰਮ ਕਰਦਾ ਹੈ। ਉਸ ਨੇ ਕੌਮਾਂਤਰੀ ਪੱਧਰ ਉਤੇ ਕਈ ਫ਼ਿਲਮ ਮੇਲਿਆਂ ਵਿਚ ਦਿਖਾਈ ਜਾਣ ਵਾਲੀ ਅਤੇ ਇਨਾਮ ਜਿੱਤਣ ਵਾਲੀ ਫ਼ਿਲਮ 'ਅੰਨ੍ਹੇ ਘੋੜੇ ਦਾ ਦਾਨ' ਵਿਚ ਅਹਿਮ ਕਿਰਦਾਰ ਨਿਭਾਇਆ ਹੈ। ਉਸ ਦੀ ਲਘੂ ਫ਼ਿਲਮ 'ਆਤੂ ਖੋਜੀ' ਲਗਾਤਾਰ ਚਰਚਾ ਵਿਚ ਰਹੀ ਹੈ। ਇਸ ਫ਼ਿਲਮ ਦੇ ਨਿਰਦੇਸ਼ਕ ਰਾਜੀਵ ਸ਼ਰਮਾ ਕਹਿੰਦੇ ਹਨ, "ਸੈਮੂਅਲ ਬਹੁਤ ਸਮਰੱਥਾ ਵਾਲਾ ਕਲਾਕਾਰ ਹੈ, ਪਰ ਉਸ ਦਾ ਸਮਾਜਕ ਸਿਰੜ ਉਸ ਨੂੰ ਬਾਕੀ ਕਲਾਕਾਰਾਂ ਨਾਲੋਂ ਵੱਖ ਕਰਦਾ ਹੈ।"

ਇਸੇ ਤਰ੍ਹਾਂ ਸੈਮੂਅਲ ਜੌਨ ਫ਼ਿਲਮ ਅਦਾਕਾਰਾਂ ਦੀ ਸਿਖਲਾਈ ਲਈ ਵਰਕਸ਼ਾਪ ਕਰਦਾ ਰਹਿੰਦਾ ਹੈ। ਜਦੋਂ ਸੁਆਲ ਉਸ ਦੀ ਆਪਣੀ ਪਸੰਦ ਦਾ ਆਉਂਦਾ ਹੈ ਤਾਂ ਸੈਮੂਅਲ ਸਾਫ਼ ਕਹਿੰਦਾ ਹੈ, "ਓਮ ਪ੍ਰਕਾਸ਼ ਬਾਲਮੀਕੀ ਦੀ ਸਵੈਜੀਵਨੀ 'ਜੂਠ' ਉਤੇ ਕੀਤਾ ਇੱਕ-ਪਾਤਰੀ ਨਾਟਕ ਅਤੇ ਮੋਹਨ ਲਾਲ ਫਲੌਰੀਆ ਦੀ ਕਹਾਣੀ 'ਮੋਚੀ ਦਾ ਪੁੱਤ' ਉਤੇ ਨਾਟਕ ਬਣਾਉਣਾ ਮੇਰਾ ਬਿਹਤਰੀਨ ਕੰਮ ਹੈ।" ਹੁਣ ਸੈਮੂਅਲ ਨੇ ਆਪਣੇ ਨਾਟਕਾਂ ਦਾ ਮੁਹਾਂਦਰਾ ਕੁਝ ਬਦਲਿਆ ਹੈ। ਇਸ ਤਬਦੀਲੀ ਬਾਬਤ ਉਹ ਆਪ ਦੱਸਦਾ ਹੈ, "ਹੁਣ ਮੈਂ ਦਲਿਤਾਂ ਨਾਲ ਛੋਟੀ ਕਿਸਾਨੀ ਬਾਰੇ ਵੀ ਨਾਟਕ ਕਰ ਰਿਹਾ ਹਾਂ, ਕਿਉਂਕਿ ਇਨ੍ਹਾਂ ਦੋਵਾਂ ਦੀ ਹਾਲਤ ਇੱਕੋ ਜਿਹੀ ਹੈ। ਇਹ ਦੋਵੇਂ ਇੱਕ-ਦੂਜੇ ਦੀ ਬਾਂਹ ਫੜ ਸਕਦੇ ਹਨ। ਬਰਾਬਰੀ ਵਾਲਾ ਸਮਾਜ ਇਨ੍ਹਾਂ ਦੀ ਸਭ ਤੋਂ ਵੱਡੀ ਲੋੜ ਹੈ ਅਤੇ ਇਹੋ ਮੇਰੀ ਕਲਾ ਦਾ ਮਕਸਦ ਹੈ।"

ਸੈਮੂਅਲ ਦੇ ਕਰੀਬੀ ਦੋਸਤ ਅਤੇ ਫ਼ਿਲਮਸਾਜ਼ ਜਤਿੰਦਰ ਮੌਹਰ ਕਹਿੰਦੇ ਹਨ, "ਸੈਮੂਅਲ ਭਾਅ ਜੀ ਨੇ ਗ਼ਰੀਬ ਆਦਮੀ ਦੀ ਸਿਆਸਤ ਨੂੰ ਸੁਖਾਲਾ ਕਰ ਕੇ ਨਾਟਕ ਬਣਾਏ ਹਨ ਅਤੇ ਇਨ੍ਹਾਂ ਨੂੰ ਸਭ ਤੋਂ ਕਮਜ਼ੋਰ ਤਬਕੇ ਤੱਕ ਪੁੱਜਦਾ ਕੀਤਾ ਹੈ।" ਸੈਮੂਅਲ ਦੇ ਨਾਟਕ ਵਿਚ ਗਧਾ ਸਭ ਤੋਂ ਤਾਕਤਵਰ ਮੰਨੇ ਗਏ ਸ਼ੇਰ ਦਾ





ਸ਼ਿਕਾਰ ਕਰਦਾ ਹੈ ਅਤੇ ਸੁਆਲ ਕਰਦਾ ਹੈ ਕਿ ਉਸ ਨੂੰ ਬੇਅਕਲ ਬਣਾ ਕੇ ਪੇਸ਼ ਕਰਨਾ ਗ਼ਾਲਿਬ ਧਿਰ ਦੀ ਸਾਜ਼ਿਸ਼ ਹੈ। ਇਸ ਸਾਜ਼ਿਸ਼ ਦਾ ਸ਼ਿਕਾਰ ਹੋਣ ਦੇ ਨਾਲ-ਨਾਲ ਇਸ ਦਾ ਹਿੱਸਾ ਹੋਣਾ ਸਭ ਤੋਂ ਖ਼ਤਰਨਾਕ ਹੈ।

ਸੈਮੂਅਲ ਦਾ ਨਾਟਕ ਸ਼ੁਰੂ ਹੁੰਦਾ ਹੈ। ਸਾਰੇ ਕਲਾਕਾਰ ਇੱਕਸੁਰ ਵਿਚ ਬੋਲਦੇ ਹਨ, "ਨਾਟਕ, ਨਾਟਕ, ਨਾਟਕ, ਨਾਟਕ, ਨਾਟਕ, ਨਾਟਕ...", ਨਾਟਕ ਖ਼ਤਮ ਹੁੰਦਾ ਹੈ ਤਾਂ ਸੈਮੂਅਲ ਜੌਨ ਬੁਲੰਦ ਆਵਾਜ਼ ਵਿਚ ਬੋਲਣਾ ਸ਼ੁਰੂ ਕਰਦਾ ਹੈ, "ਇਹ ਨਾਟਕ ਨਹੀਂ ਹੈ, ਸਗੋਂ ਸਾਡੀ ਜ਼ਿੰਦਗੀ ਹੈ। ਇਸ ਨਰਕਨੁਮਾ ਜ਼ਿੰਦਗੀ ਨੂੰ ਬਦਲਣਾ ਹੈ।"

ਜਦੋਂ ਸੈਮੂਅਲ ਨੂੰ ਪੁੱਛਿਆ ਜਾਂਦਾ ਹੈ ਕਿ ਉਹ ਕਲਾ ਨਾਲ ਸਮਾਜਕ ਤਬਦੀਲੀ ਦੀ ਗੱਲ ਕਰਦਾ ਹੈ, ਕਲਾ ਇੰਨਾ ਬੋਝ ਕਿਵੇਂ ਚੁੱਕ ਸਕਦੀ ਹੈ? ਸੈਮੂਅਲ ਜੁਆਬ ਦਿੰਦਾ ਹੈ, "ਗ਼ਰੀਬ ਇੰਨਾ ਬੋਝਾ ਚੁੱਕ ਰਿਹਾ ਹੈ, ਉਸ ਦੀ ਚਿੰਤਾ ਕਰੋ। ਗ਼ਰੀਬ ਦੀ ਕਲਾ ਗ਼ਰੀਬ ਦਾ ਬੋਝਾ ਚੁੱਕ ਸਕਦੀ ਹੈ।" ਇੰਨਾ ਕਹਿੰਦੇ ਹੋਏ ਸੈਮੂਅਲ ਦੀ ਅੱਖਾਂ ਹੋਰ ਵੀ ਖੁੱਲ੍ਹ ਜਾਂਦੀਆਂ ਹਨ।

---

## ਮਿੰਨੀ ਕਹਾਣੀ

### ਅਕਲ

ਜ਼ਿਲ੍ਹਾ ਸਿੱਖਿਆ ਅਫਸਰ ਨੇ ਸਕੂਲ ਦੇ ਦਫਤਰ ਵਿਚ ਬੈਠਦਿਆਂ ਹੀ ਪ੍ਰਿੰਸੀਪਲ ਕੋਲ ਰੋਸ ਪ੍ਰਗਟ ਕੀਤਾ, "ਉਹ ਸਾਹਮਣੇ ਕਮਰੇ ਵਿਚ ਜਿਹੜਾ ਤੁਹਾਡਾ ਅਧਿਆਪਕ ਪੜ੍ਹਾ ਰਿਹਾ ਹੈ ਇੰਜ ਲੱਗਦਾ ਹੈ ਜਿਵੇਂ ਉਸ ਨੂੰ ਅਕਲ ਹੀ ਨਹੀਂ ਹੁੰਦੀ। ਮੈਂ ਦਰਵਾਜ਼ੇ ਅੱਗੇ ਦੋ ਮਿੰਟ ਖੜ੍ਹ ਕੇ ਆਇਆ ਹਾਂ। ਉਸ ਨੇ ਮੇਰੀ ਭੋਰਾ ਪ੍ਰਵਾਹ ਨਹੀਂ ਕੀਤੀ ਅਤੇ ਨਾ ਹੀ ਕੋਈ ਦੁਆ-ਸਲਾਮ ਕੀਤੀ ਹੈ।"

ਪ੍ਰਿੰਸੀਪਲ ਨੇ ਬੜੇ ਮਾਣ ਨਾਲ ਕਿਹਾ, "ਉਹ ਤਾਂ ਬੜਾ ਮਿਹਨਤੀ, ਸਮੇਂ ਦਾ ਪਾਬੰਦ ਅਤੇ ਬਹੁਤ ਹੀ ਅਕਲਮੰਦ ਅਧਿਆਪਕ ਹੈ। ਤੁਸੀਂ ਉਸ ਨੂੰ ਬੇਅਕਲ ਆਖਦੇ ਹੋ ਉਹ ਤਾਂ ਹੋਰਾਂ ਨੂੰ ਅਕਲਾਂ ਦੇ ਗੱਫੇ ਵੰਡਦਾ ਹੈ। ਉਸ ਨੇ ਜ਼ਿੰਦਗੀ ਦੇ ਕੁਝ ਅਸੂਲ ਬਣਾਏ ਹੋਏ ਹਨ। ਉਨ੍ਹਾਂ ਉਪਰ ਡਟ ਕੇ ਪਹਿਰਾ ਦਿੰਦਾ ਹੈ।

ਗੱਲ ਅਸਲ ਵਿਚ ਇਹ ਹੈ ਕਿ ਤੁਸੀਂ 10 ਵਜੇ ਦਾ ਸਮਾਂ ਦਿੱਤਾ ਸੀ ਪਰ ਆਏ 12 ਵਜੇ ਹੋ। ਉਹ ਕਿਸੇ ਵੀ ਪੜ੍ਹੇ-ਲਿਖੇ ਨੂੰ ਲੇਟ ਆਉਣ 'ਤੇ ਮੁਆਫ ਨਹੀਂ ਕਰਦਾ। ਉਹ ਆਪ ਕਦੇ ਵੀ ਲੇਟ ਨਹੀਂ ਹੁੰਦਾ। ਮੈਂ ਜਦੋਂ ਕਿਤੇ ਮਜਬੂਰੀਵੱਸ ਕੁਝ ਮਿੰਟ ਪੱਛੜ ਜਾਂਦਾ ਹਾਂ ਤਾਂ ਉਹ ਮੈਨੂੰ ਵੀ ਨਹੀਂ ਬੁਲਾਉਂਦਾ। ਫਿਰ ਮੈਂ ਦੇਰ ਨਾਲ ਆਉਣ ਦਾ ਪਛਤਾਵਾ ਕਰਦਾ ਹਾਂ ਤਾਂ ਕਿਤੇ ਜਾ ਕੇ ਉਹ ਮੇਰੇ ਨਾਲ ਸਿੱਧੇ ਮੂੰਹ ਬੋਲਦਾ ਹੈ। ਤੁਸੀਂ ਉਸ ਤੋਂ ਦੇਰੀ ਨਾਲ ਆ ਕੇ ਵੀ ਦੁਆ-ਸਲਾਮ ਦੀ ਆਸ ਰੱਖਦੇ ਹੋ? ਉਹ ਤਾਂ ਜੇ ਤੁਸੀਂ ਆਪ ਵੀ ਦੁਆ-ਸਲਾਮ ਕਰਦੇ, ਉਸ ਨੇ ਮੰਨਣੀ ਨਹੀਂ ਸੀ। ਉਹ ਇੱਕ ਆਦਰਸ਼ ਅਧਿਆਪਕ ਹੈ। ਜੋ ਕੁਝ ਵੀ ਤੁਸੀਂ ਸਕੂਲ ਵਿਚ ਬਾਕੀ ਸਕੂਲਾਂ ਤੋਂ ਵੱਖਰਾ ਅਤੇ ਵਧੀਆ ਵੇਖ ਰਹੇ ਹੋ ਇਹ ਸਿਰਫ ਤੇ ਸਿਰਫ ਇਸ ਅਧਿਆਪਕ ਸਦਕਾ ਹੀ ਹੈ। ਮੈਂ ਇਸ ਅਧਿਆਪਕ ਉਪਰ ਜਿੰਨਾ ਵੀ ਮਾਣ ਕਰਾਂ ਥੋੜ੍ਹਾ ਹੈ।"

ਜ਼ਿਲ੍ਹਾ ਸਿੱਖਿਆ ਅਫਸਰ ਨੇ ਪ੍ਰਿੰਸੀਪਲ ਦੀਆਂ ਤਰਕਸੰਗਤ ਗੱਲਾਂ ਸੁਣ ਕੇ ਸਾਰੇ ਅਧਿਆਪਕਾਂ ਨੂੰ ਦਫਤਰ ਵਿਚ ਬੁਲਾਇਆ ਅਤੇ ਉਸ ਅਧਿਆਪਕ ਤੋਂ ਦੇਰ ਨਾਲ ਆਉਣ 'ਤੇ ਬਿਨਾਂ ਕਿਸੇ ਬਹਾਨੇ ਦੇ ਮੁਆਫੀ ਮੰਗੀ। ਹੁਣ ਉਸੇ ਅਧਿਆਪਕ ਨੇ ਬੜੇ ਸਤਿਕਾਰ ਸਹਿਤ ਸਤਿ ਸ੍ਰੀ ਅਕਾਲ ਬੁਲਾਈ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਨੇ ਉਸ ਨੂੰ ਘੁੱਟ ਕੇ ਜੱਫੀ ਵਿਚ ਲੈਂਦਿਆਂ ਆਖਿਆ, "ਮੈਨੂੰ ਅਜਿਹੇ ਅਧਿਆਪਕ ਚਾਹੀਦੇ ਹਨ। ਅਜਿਹੇ ਅਧਿਆਪਕਾਂ ਦੀ ਸੋਚ ਅੱਗੇ ਮੇਰਾ ਸਿਰ ਝੁਕਦਾ ਹੈ।"

ਸਾਰੇ ਅਧਿਆਪਕਾਂ ਨੇ ਜ਼ੋਰਦਾਰ ਤਾੜੀਆਂ ਵਜਾਈਆਂ। ਹੁਣ ਅਫਸਰ ਦੀਆਂ ਅੱਖਾਂ ਵਿਚ ਗੁੱਸੇ ਦੀ ਥਾਂ ਖੁਸ਼ੀ ਦੇ ਹੰਝੂ ਸਨ।

*-ਅਮਰੀਕ ਸਿੰਘ ਤਲਵੰਡੀ*

---

## ਮਾਲਵੇ ਦੀਆਂ ਬਾਤਾਂ

### ਨਾਈ ਤੇ ਗੁਲਗੁਲੇ

ਇਕ ਵਾਰ ਦੀ ਗੱਲ ਆ ਕਿਸੇ ਦਾ ਵਿਆਹ ਧਰਿਆ ਹੁੰਦਾ, ਨਾਈ ਨੂੰ ਗੰਢ ਦੇ ਕੇ ਘਲ ਦਿੰਦੇ ਆ। ਨਾਈ ਜਾਂਦਾ ਤੇ ਜਦੋਂ ਅਗਲਿਆਂ ਦੇ ਘਰੇ ਪਹੁੰਚਦਾ ਤਾਂ ਉਸ ਘਰ ਆਲਿਆਂ ਨੇ ਆਖਿਆ ਬਈ ਲਾਗੀ ਗੰਢ ਲੈ ਕੇ ਆਇਆ ਚਲੋ ਇਹਨੂੰ ਗੁਲਗੁਲੇ ਪਕਾ ਕੇ ਖਵਾਈਏ। ਉਹ ਉਹਨੂੰ ਗੁਲਗੁਲੇ ਪਕਾ ਕੇ ਖਵਾਂਉਦੇ ਆ। ਨਾਈ ਨੂੰ ਗੁਲਗੁਲੇ ਬਹੁਤ ਸਵਾਦ ਲਗਦੇ ਆ। ਉਹਨੇ ਸੋਚਿਆ ਬਈ ਘਰੇ ਜਾ ਕੇ ਵੀ ਗੁਲਗੁਲੇ ਹੀ ਪਕਵਾ ਕੇ ਖਾਵਾਂਗੇ। ਉਥੋਂ ਉਹ ਦੋ-ਚਾਰ ਘੰਟੇ ਅਰਾਮ ਕਰਕੇ ਪਿੰਡ ਨੂੰ ਜਾਂਦਾ। ਉਹਨੇ ਸੋਚਿਆ, ਪਈ ਕਿਤੇ ਗੁਲਗੁਲਿਆਂ ਦਾ ਨਾਂ ਈ ਨਾ ਰਾਹ ਵਿਚ ਭੁਲ'ਜਾਂ। ਉਹ ਸਾਰੇ ਰਾਹ ਗੁਲਗੁਲੇ ਗੁਲਗੁਲੇ ਕਰਦਾ ਜਾਂਦਾ। ਰਾਹ 'ਚ ਉਹਨੂੰ ਖਾਲ ਆ ਜਾਂਦਾ। ਉਹ ਖਾਲ ਟੱਪਣ ਲੱਗਾ ਕਹਿੰਦਾ ਹੱਪੜੇ। ਗੁਲਗੁਲਿਆਂ ਦਾ ਉਹਨੂੰ ਚੇਤਾ ਭੁਲ ਜਾਂਦਾ ਤੇ ਉਹ ਹੱਪੜੇ ਹੱਪੜੇ ਕਰਦਾ ਜਾਂਦਾ।

ਜਦੋਂ ਉਹ ਆਵਦੇ ਘਰੇ ਪਹੁੰਚਦਾ ਤਾਂ ਆਵਦੀ ਘਰਆਲੀ ਨੂੰ ਕਹਿੰਦਾ, ਅੱਜ ਹੱਪੜੇ ਪਕਾ ਕੇ ਖਵਾ। ਉਹ ਆਂਹਦੀ ਮੈਨੂੰ ਸਮਝ ਨਹੀਂ ਆਉਂਦੀ ਕਿ ਹੱਪੜੇ ਕੀ ਚੀਜ ਹੁੰਦੀ ਐ। ਉਹ ਦੋ ਚਾਰ ਵਾਰ ਹੋਰ ਕਹਿੰਦਾ, ਬਈ ਮੈਨੂੰ ਹੱਪੜੇ ਪਕਾ ਕੇ ਦੇਹ। ਉਹਨੂੰ ਸਮਝ ਆਵੇ ਤਾਂ ਹੀ ਬਚਾਰੀ ਪਕਾ ਕੇ ਦੇਵੇ। ਗੁੱਸੇ 'ਚ ਆ ਕੇ ਨਾਈ ਆਵਦੀ ਘਰ ਆਲੀ ਨੂੰ ਗਾਲਾਂ ਦਿੰਦਾ ਤੇ ਨਾਲੇ ਬਹੁਤ ਜਿਆਦੇ ਕੁਟਦਾ। ਉਹ ਆਵਦੀ ਘਰ ਆਲੀ ਦਾ ਮੂੰਹ ਕੁੱਟ ਕੁੱਟ ਕੇ ਸਜਾ ਦਿੰਦਾ। ਉਹਦੇ ਨੱਕ ਬੁੱਲ ਆਦਿ ਸੁੱਜ ਜਾਂਦੇ ਹਨ। ਇਕ ਗਵਾਂਢਣ ਆਉਂਦੀ ਆ ਉਨ੍ਹਾਂ ਦੇ ਘਰੇ ਤੇ ਉਹਨੂੰ ਦੇਖ ਕੇ ਕਹਿੰਦੀ, ਨੀ ਭੈਣੇ ਤੈਨੂੰ ਕਿਉਂ ਕੁੱਟਿਆ, ਤੇਰਾ ਮੂੰਹ ਤਾਂ ਗੁਲਗੁਲਿਆਂ ਵਰਗਾ ਕੀਤਾ ਪਿਆ।

ਨਾਈ ਨੇ ਜਦੋਂ ਈ ਗੁਲਗੁਲਿਆਂ ਦਾ ਨਾਂ ਸੁਣਿਆ ਉਦੋਂ ਹੀ ਉਹਨੂੰ ਹੱਪੜੇ ਦੀ ਥਾਂ ਗੁਲਗੁਲੇ ਯਾਦ ਆ ਗਿਆ। ਫੇਰ ਉਹ ਆਂਹਦਾ ਗੁਲਗੁਲੇ ਪਕਾਉਣੇ ਆ, ਮੇਰੇ ਤਾਂ ਯਾਦ ਈ ਨਾ ਆਇਆ, ਮੈਂ ਐਮੇਂ ਹੱਪੜੇ ਹੱਪੜੇ ਕਰੀ ਗਿਆ।

*-ਨਵਦੀਪ ਸਿੰਘ ਸਿੱਧੂ*

ਦੇਸੀ ਪਰਿਕਰਮਾ

# ਕੁਝ ਕਾਲਜਾਂ ਦੇ ਅੰਗ-ਸੰਗ

ਜ਼ਿੰਦਗੀ ਦੇ ਜੋੜ ਮੇਲੇ ਦਾ ਅਨੰਦ ਇਸ ਗੱਲ ਵਿਚ ਹੁੰਦਾ ਹੈ ਕਿ ਤੁਸੀਂ ਇਹ ਮੇਲਾ ਮਨਾ ਕਿਨ੍ਹਾਂ ਲੋਕਾਂ ਨਾਲ ਰਹੇ ਹੋ। ਅੰਬਾਂ ਦੇ ਬਾਗ ਵਿਚੋਂ ਗੁਜ਼ਰਦਿਆਂ ਆਵਾਜ਼ਾਂ ਚਮਗਿੱਦੜਾਂ ਦੀਆਂ ਨਹੀਂ, ਕੋਇਲਾਂ ਦੀਆਂ ਹੀ ਆਉਣੀਆਂ ਹੁੰਦੀਆਂ ਹਨ। ਲੰਬਾ ਸਮਾਂ ਖੁਦ ਅਧਿਆਪਕ ਰਿਹਾ ਹੋਣ ਕਰ ਕੇ ਮੇਰੀ ਬਹਿਣੀ-ਉਠਣੀ ਵਿਚ ਸਾਹਿਤਕਾਰਾਂ ਤੋਂ ਵੀ ਵੱਧ ਸਿੱਖਿਆ ਸ਼ਾਸਤਰੀ, ਵਿਗਿਆਨੀ ਤੇ ਪ੍ਰੋਫੈਸਰ ਸ਼ਾਮਲ ਰਹੇ ਹਨ। ਪੜ੍ਹਾਉਣ ਵਾਲਿਆਂ ਨੂੰ ਜੇ ਉਥੇ ਪੜ੍ਹਾਉਣ ਦਾ ਮੌਕਾ ਮਿਲ ਜਾਵੇ, ਜਿਥੋਂ ਉਹ ਪੜ੍ਹੇ ਹੁੰਦੇ ਹਨ ਤਾਂ ਸੁਆਦ ਖੋਏ ਦੀ ਖੀਰ ਵਰਗਾ ਹੋ ਜਾਂਦਾ ਹੈ। ਬਹੁਤੇ ਲੋਕ ਸਕੂਲ ਤੋਂ ਕਾਲਜ ਵੱਲ ਜਾਂਦੇ ਹਨ, ਪਰ ਮੈਂ ਸਰਕਾਰੀ ਤੇ ਪੱਕੀ ਨੌਕਰੀ ਦੇ

**ਐਸ. ਅਸ਼ੋਕ ਭੌਰਾ**

ਲਾਲਚ ਵਿਚ ਕਾਲਜ ਤੋਂ ਸਕੂਲ ਵੱਲ ਪਰਤ ਆਇਆ ਸਾਂ।

ਕਪੂਰਥਲੇ ਜ਼ਿਲ੍ਹੇ ਦਾ ਸਨਅਤੀ ਸ਼ਹਿਰ ਫਗਵਾੜਾ ਜੇ.ਸੀ.ਟੀ. ਕੱਪੜਾ ਮਿਲ ਨਾਲੋਂ ਵੀ ਜੇ.ਸੀ.ਟੀ. ਫੁੱਟਬਾਲ ਕਰ ਕੇ ਮਸ਼ਹੂਰ ਹੈ। ਪਹਿਲਵਾਨ ਕਸ਼ਮੀਰਾ ਸਿੰਘ ਦੇ ਪੜ੍ਹਾਉਣ ਕਰ ਕੇ ਅਤੇ ਉਹਦੇ ਪੁੱਤਰ ਸੰਨੀ ਗਿੱਲ ਦੇ ਘੁਲਣ ਕਰ ਕੇ ਇਸ ਸ਼ਹਿਰ ਨਾਲ ਵਾਸਤਾ ਰਿਹਾ ਹੈ। ਇਹ ਸ਼ਹਿਰ ਮੈਨੂੰ ਇਸ ਕਰ ਕੇ ਵੀ ਨਹੀਂ ਭੁੱਲਦਾ ਕਿਉਂਕਿ ਉਥੇ ਕਦੇ ਅਮਰ ਸਿੰਘ ਚਮਕੀਲੇ ਤੇ ਅਮਰਜੋਤ ਦਾ ਵਿਆਹ ਹੱਥੀਂ ਕਰਵਾਇਆ ਸੀ। ਜਦੋਂ ਪੂਰੇ ਪੰਜਾਬ ਵਿਚ ਸਿਰਫ ਨੌਂ ਬਹੁ-ਤਕਨੀਕੀ ਕਾਲਜ ਸਨ, ਉਦੋਂ ਮੈਂ ਇਸੇ ਸ਼ਹਿਰ ਵਿਚੋਂ ਮਕੈਨੀਕਲ ਵਿਚ ਇੰਜੀਨੀਅਰਿੰਗ ਕੀਤੀ ਸੀ। ਮੇਰੇ ਸਾਥੀਆਂ ਵਿਚੋਂ ਰਾਕੇਸ਼ ਕੁਮਾਰ ਏਅਰ ਇੰਡੀਆ ਵਿਚ ਹੈ, ਜਸਪਾਲ ਸਿੰਘ ਪਲਾਹਾ ਕੈਨੇਡਾ ਵਿਚ, ਰਣਬੀਰ ਜੀ.ਐਨ.ਏ. ਦਾ ਮਾਲਕ ਹੈ, ਹਰਬੰਸ ਬੱਧਣ ਨਿਊ ਯਾਰਕ ਹੈ, ਪਰਮਿੰਦਰ ਨਰ ਜਪਾਨ ਦੀ ਜੁਕੀ ਕੰਪਨੀ ਵਿਚ, ਜਗਮੋਹਨ ਐਚ.ਐਮ.ਟੀ. ਵਿਚ ਹੈ। ਬਲਜੀਤ ਸਿੰਘ ਉਭੀ ਮੇਰੇ ਕਾਲਜ, ਰਾਮਗੜ੍ਹੀਆ ਪਾਲੀਟੈਕਨਿਕ ਵਿਚ ਮਕੈਨੀਕਲ ਵਿਭਾਗ ਦਾ ਮੁਖੀ ਹੈ। ਡੀ.ਏ.ਵੀ. ਸੰਸਥਾਵਾਂ ਤੋਂ ਬਾਅਦ ਸਭ ਤੋਂ ਵੱਧ ਵਿਦਿਅਕ ਸੰਸਥਾਵਾਂ ਚਲਾਉਣ ਵਾਲੀ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਫਗਵਾੜੇ ਵਿਚ ਸੀ, ਤੇ ਸ਼ਮਸ਼ੇਰ ਸੰਧੂ ਨੇ ਬੀ.ਐਡ ਉਥੋਂ ਹੀ ਕੀਤੀ ਹੈ।

ਕਈ ਸਾਲਾਂ ਬਾਅਦ ਇਸ ਕਾਲਜ ਦੇ ਦੀਦਾਰ ਕਰਨ ਦਾ ਮੌਕਾ ਮਿਲਿਆ। ਨਰੇਂਦਰ ਮੋਦੀ ਨੇ ਤਾਂ ਸੰਸਦ ਵਿਚ ਮੱਥਾ ਟੇਕਿਆ ਪੰਜ ਸਾਲਾਂ ਲਈ, ਪਰ ਮੇਰੇ ਲਈ ਅਨੇਕਾਂ ਇੰਜੀਨੀਅਰਾਂ ਵਾਂਗ ਇਹ ਸੰਸਦ ਹੀ ਸੀ। ਮੱਥਾ ਟੇਕ ਕੇ ਅੰਦਰ ਪ੍ਰਵੇਸ਼ ਕੀਤਾ। ਪਤਾ ਲੱਗਾ ਕਿ ਕੈਲੀਫੋਰਨੀਆ ਵੱਸਣ ਵਾਲੇ ਨਾਮਵਰ ਸ਼ਾਇਰ ਕੁਲਵਿੰਦਰ ਦਾ ਹਮ-ਜਮਾਤੀ ਬੰਗਿਆ ਵਾਲਾ ਰਾਜੇਸ਼ ਵਰਮਾ ਪ੍ਰਿੰਸੀਪਲ ਬਣ ਗਿਆ ਹੈ। ਉਹ ਤਾਂ ਉਸ ਦਿਨ ਛੁੱਟੀ 'ਤੇ ਸੀ, ਪਰ ਬਲਜੀਤ ਉਭੀ ਨੂੰ ਮਕੈਨੀਕਲ ਵਿਭਾਗ ਦੇ ਮੁਖੀ ਵਜੋਂ ਵੇਖ ਕੇ ਚਾਅ ਚੜ੍ਹ ਗਿਆ। ਅਸੀਂ ਕਿੰਨਾ ਚਿਰ ਗਲਵੱਕੜੀ ਹੋਏ ਰਹੇ। ਕਿੰਨੀਆਂ ਸਾਰੀਆਂ ਖੁਸ਼ੀਆਂ ਯਾਦਾਂ ਦੀ ਢੋਲਕੀ ਨਾਲ ਨੱਚਦੀਆਂ ਰਹੀਆਂ। ਬਲਜੀਤ ਨੂੰ ਯਾਦ ਸੀ ਕਿ ਪ੍ਰੋ. ਅਜੀਤ ਚੱਗਰ ਨੇ ਉਦੋਂ ਕਾਲਜ ਮੈਗਜ਼ੀਨ 'ਵਿਸ਼ਵਾਕ੍ਰਿਤੀ' ਦਾ ਵਿਦਿਆਰਥੀ ਸੰਪਾਦਕ ਮੈਨੂੰ ਬਣਾਇਆ ਸੀ, ਤੇ ਕਾਲਜ ਦੇ ਕਰੀਬ ਹਰ ਸਾਹਿਤਕ ਸਮਾਗਮ ਵਿਚ ਮੈਂ ਮੋਹਰੀ ਹੁੰਦਾ ਸੀ। ਹੋਸਟਲ ਹੁਣ ਉਹ ਨਹੀਂ ਰਿਹਾ, ਕੰਟੀਨ ਪਹਿਲਾਂ ਵਾਲੀ ਥਾਂ ਨਹੀਂ ਰਹੀ, ਸਾਨੂੰ ਪੜ੍ਹਾਉਣ ਵਾਲੇ ਪ੍ਰੋਫੈਸਰ ਲਗਭਗ ਸੇਵਾਮੁਕਤ ਹੋ ਗਏ ਸਨ। ਬਲਜੀਤ ਖੁਸ਼ ਸੀ ਕਿ ਹੁਣ ਨਵੇਂ ਵਿਗਿਆਨਕ ਯੁੱਗ ਦੇ ਨਵੇਂ ਕੋਰਸ ਆਉਣ ਨਾਲ ਬਹੁਤ ਟ੍ਰੇਡਾਂ ਹੋ ਗਈਆਂ ਹਨ ਪਰ ਦੁਖੀ ਵੀ ਸੀ ਕਿ ਕਦੇ ਜਿਸ ਪਾਲੀਟੈਕਨਿਕ ਦਾ ਮਾਹੌਲ ਸਕੂਲਾਂ ਵਰਗਾ ਹੁੰਦਾ ਸੀ, ਕੋਈ ਵੀ ਵਿਦਿਆਰਥੀ ਅੱਧੀ ਛੁੱਟੀ ਤੋਂ ਸਿਵਾ ਬਾਹਰ ਟਹਿਲਦਾ ਨਹੀਂ ਸੀ ਦਿਸਦਾ, ਹੁਣ ਸਾਰਾ ਦਿਨ ਰੌਣਕਾਂ ਲੱਗੀਆਂ ਰਹਿੰਦੀਆਂ ਨੇ। ਪ੍ਰੋਫੈਸਰਾਂ ਤੇ ਵਿਦਿਆਰਥੀਆਂ ਵਿਚਕਾਰ ਸਤਿਕਾਰ ਵਾਲੀ ਕੰਧ ਡਿਗ ਰਹੀ ਹੈ। ਚੀਰਦੀ ਠੰਢ ਵਿਚ ਦੋ ਵਾਰ ਬਿਸਕੁਟਾਂ ਤੇ ਨਮਕੀਨ ਨਾਲ ਗਰਮ ਕਾਫੀ ਤਾਂ ਪੀ ਲਈ ਸੀ, ਪਰ ਪੜ੍ਹਨ ਵੇਲੇ ਜਿਸ ਕਾਲਜ ਤੋਂ ਭੱਜਣ ਨੂੰ ਜੀਅ ਕਰਦਾ ਸੀ, ਉਥੋਂ ਹੁਣ ਬਾਹਰ ਨਿਕਲਣ ਦਾ ਦੁੱਖ ਸਤਾ ਰਿਹਾ ਸੀ।

ਬਹੁਤ ਦੇਰ ਬਲਜੀਤ ਉਭੀ ਤੇ ਲੈਕਚਰਾਰ ਸੁਰਿੰਦਰਜੀਤ ਨਾਲ ਗੱਲਾਂ ਹੁੰਦੀਆਂ ਰਹੀਆਂ; ਉਸੇ ਦਫਤਰ ਵਿਚ ਜਿਥੇ ਸਾਡੇ ਵੇਲੇ ਇੰਡਸਟਰੀਅਲ ਮੈਨੇਜਮੈਂਟ ਪੜ੍ਹਾਉਣ ਵਾਲੇ ਐਸ.ਐਮ. ਬੱਤਾ ਤੇ ਗੱਜਣ ਸਿੰਘ ਬੈਠਦੇ ਸਨ। ਕਦੇ ਇਸੇ ਵਿਸ਼ੇ ਵਿਚੋਂ ਮੈਂ ਕਾਲਜ ਵਿਚੋਂ ਸਭ ਵੱਧ ਅੰਕ ਲੈਣ ਦਾ ਰਿਕਾਰਡ ਬਣਾਇਆ ਸੀ। ਚਿੱਤ ਹੋਰ ਵੀ ਰਾਜ਼ੀ ਹੋ ਗਿਆ ਕਿ ਇਸ ਕਾਲਜ ਨੇ ਅੰਗਰੇਜ਼ੀ ਦੀਆਂ ਇੰਜੀਨੀਅਰਿੰਗ ਕਿਤਾਬਾਂ ਦਰਮਿਆਨ ਮੇਰੀਆਂ ਸਾਹਿਤਕ ਪੁਸਤਕਾਂ 'ਗੱਲੀਂ-ਬਾਤੀਂ' ਅਤੇ 'ਨੈਣ-ਨਕਸ਼' ਵੀ ਸਜਾ ਕੇ ਰੱਖੀਆਂ ਹੋਈਆਂ ਸਨ, ਤੇ ਕਾਲਜ ਅਤੇ ਰਾਮਗੜ੍ਹੀਆ ਕੌਂਸਲ ਵੀ ਜਾਣਦੀ ਹੈ ਕਿ ਅਸ਼ੋਕ ਕਾਲਜ ਵਿਚ ਪੜ੍ਹਿਆ ਤਾਂ ਇੰਜੀਨੀਅਰਿੰਗ ਸੀ ਪਰ ਖੋਰੇ ਸਾਹਿਤਕਾਰ ਕਿਵੇਂ ਬਣ ਗਿਆ? ਬਲਜੀਤ ਤੋਂ ਵਿਛੜ ਕੇ ਫਿਰ ਮੈਂ ਕਿੰਨਾ ਚਿਰ ਆਪਣੇ ਭਤੀਜੇ ਬਿੰਦੂ ਨਾਲ ਉਸ ਬੋਹੜ ਹੇਠ ਬੈਠਾ ਰਿਹਾ ਜਿਥੇ ਕਦੇ ਮੋਹਨ ਸਿੰਘ ਭੱਗੜ (ਐਸ.ਐਫ.ਆਈ.), ਮੋਹਨ ਸਿੰਘ ਕੰਡਿਆਣਾ (ਹੁਣ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ) ਤੇ ਕਾਮਰੇਡ ਕੁਲਵੰਤ ਸਿੰਘ ਸੰਧੂ ਰੈਲੀਆਂ ਤੇ ਹੜਤਾਲਾਂ ਕਰਦੇ ਸਨ। ਅੱਖਾਂ ਭਰ ਆਈਆਂ ਕਿ ਕਾਲਜ ਦੇ ਵਿਹੜੇ ਵਿਚ ਲੱਗੀ ਬੋਹੜ, ਲੱਗੀ ਹੀ ਰਹੇਗੀ; ਅਸੀਂ ਜਵਾਨੀ ਤੋਂ ਬੁਢਾਪੇ ਵੱਧ ਧੱਕੇ ਗਏ ਹਾਂ!





*ਗੁਰੂ ਨਾਨਕ ਕਾਲਜ ਬੰਗਾ ਦੀਆਂ ਐਮ.ਏ. ਦੀਆਂ ਵਿਦਿਆਰਥਣਾਂ ਵਲੋਂ ਸਵਾਗਤ ਅਤੇ ਪ੍ਰਿੰ. ਕਮਲਜੀਤ ਕੌਰ ਛੀਨਾ ਵੱਲੋਂ ਸਨਮਾਨ*

ਉਸੇ ਦਿਨ ਹੀ ਪ੍ਰਿੰਸੀਪਲ ਕਮਲਜੀਤ ਕੌਰ ਛੀਨਾ ਦੇ ਮੁਹੱਬਤ ਭਰੇ ਬੁਲਾਵੇ 'ਤੇ ਲੜਕੀਆਂ ਦੇ ਗੁਰੂ ਨਾਨਕ ਕਾਲਜ ਬੰਗਾ ਪਹੁੰਚਿਆ। ਇਹ ਕਾਲਜ ਮੇਰੇ ਉਸੇ ਸਕੂਲ ਦੇ ਪਿਛਵਾੜੇ ਸੀ ਜਿਥੇ ਮੈਂ ਦਸ ਸਾਲ ਪੜ੍ਹਾਉਂਦਾ ਰਿਹਾ। ਉਦੋਂ ਸੜਕ ਤੋਂ ਗੁਜ਼ਰਦੀਆਂ ਕੁੜੀਆਂ ਨੇ ਕਿਤੇ ਮੈਨੂੰ ਸਕੂਲ ਤੋਂ ਬਾਹਰ ਖੜ੍ਹਿਆਂ ਵੇਖ ਲੈਣਾ ਤਾਂ ਰੁਕ ਕੇ ਪੁੱਛਣਾ, 'ਸਰ ਰਾਤੀਂ ਤੁਸੀਂ ਜਲੰਧਰ ਟੈਲੀਵਿਜ਼ਨ ਤੋਂ ਲਿਸ਼ਕਾਰਾ ਪ੍ਰੋਗਰਾਮ ਪੇਸ਼ ਕਰ ਰਹੇ ਸੀ', ਪਰ ਇਸ ਵਾਰ ਐਮ.ਏ. ਕਰ ਰਹੀਆਂ ਵਿਦਿਆਰਥਣਾਂ ਦੇ ਰੂ-ਬ-ਰੂ ਪਹਿਲੀ ਵਾਰ ਹੋ ਰਿਹਾ ਸਾਂ।

ਜਿਸ ਤਰ੍ਹਾਂ ਦੀ ਆਓ-ਭਗਤ ਹੋ ਰਹੀ ਸੀ, ਮੈਨੂੰ ਲਗਦਾ ਸੀ ਕਿ ਲੀਡਰਾਂ ਨੂੰ ਤਾਂ ਵਹਿਮ ਹੀ ਹੈ ਕਿ ਲੋਕ ਉਨ੍ਹਾਂ ਦੇ ਨਾਲ ਨੇ। ਪ੍ਰਿੰਸੀਪਲ ਕਮਲਜੀਤ ਪਿਛਲੇ ਵਰ੍ਹੇ ਸਾਡੇ ਰੇਡੀਓ ਸਟੇਸ਼ਨ ਚੜ੍ਹਦੀ ਕਲਾ 'ਤੇ ਵੀ ਕੈਲੀਫੋਰਨੀਆ ਆ ਕੇ ਗਈ ਸੀ। ਕਾਫੀ ਦੇਰ ਦਫ਼ਤਰ ਵਿਚ ਗੱਲਬਾਤ ਹੁੰਦੀ ਰਹੀ। ਮੈਂ ਦੱਸਿਆ ਕਿ ਇਸ ਕਾਲਜ ਦੇ ਸੁੰਦਰ ਬਗੀਚੇ ਵਿਚ ਬੜੀ ਦੇਰ ਪਹਿਲਾਂ ਬੱਚਿਆਂ ਦੇ ਜਲੰਧਰ ਦੂਰਦਰਸ਼ਨ ਦੇ ਪ੍ਰੋਗਰਾਮ 'ਛਾਈਆਂ ਮਾਈਆਂ' ਦੀ ਸ਼ੂਟਿੰਗ ਕਮਲਜੀਤ ਨੀਲੋਂ ਨਾਲ ਕਰਿਆ ਕਰਦੇ ਸਾਂ। ਨਾਲ ਹੀ ਮੈਂ ਦੱਸਿਆ ਕਿ ਮੈਂ ਕਾਲਜ ਦੀਆਂ ਖੇਡ ਪ੍ਰਾਪਤੀਆਂ ਬਾਰੇ 'ਪੰਜਾਬੀ ਟ੍ਰਿਬਿਊਨ' ਵਿਚ ਲਿਖਦਾ ਰਿਹਾਂ ਤੇ ਕਾਲਜ ਦੇ ਪੰਜਾਬੀ ਵਿਭਾਗ ਦੀ ਮੁਖੀ ਰਹਿਣ ਵਾਲੀ ਅਦਾਕਾਰਾ ਤੇ ਨਾਟਕਕਾਰਾ ਦਵਿੰਦਰ ਸੰਧੂ ਮੇਰੇ ਨਜ਼ਦੀਕੀ ਤੇ ਹਮਦਰਦਾਂ ਵਿਚੋਂ ਇਕ ਸੀ। ਇਕ ਪੁੱਤਰ ਦੀ ਅਚਾਨਕ ਮੌਤ ਨਾਲ ਉਹ ਉਖੜ ਗਈ ਸੀ। ਕੁੱਖ ਵਿਚ ਧੀਆਂ ਮਾਰਨ ਵਾਲਾ ਉਹਦਾ ਲੜੀਵਾਰ ਬਹੁਤ ਚਰਚਿਤ ਰਿਹਾ ਸੀ।

ਕਾਲਜ ਦੀ ਪਹਿਲੀ ਮੰਜ਼ਿਲ ਦੇ ਖੁੱਲ੍ਹੇ ਹਾਲ 'ਚ ਚੱਲੇ ਕਰੀਬ ਦੋ ਘੰਟੇ ਦੇ ਪ੍ਰੋਗਰਾਮ ਵਿਚ ਸੱਤਰ ਕੁ ਵਿਦਿਆਰਥਣਾਂ ਹਾਜ਼ਰ ਸਨ, ਵਧੇਰੇ ਐਮ.ਏ. ਕਰਨ ਵਾਲੀਆਂ। ਮੇਰੀਆਂ ਦੋ ਪੁਸਤਕਾਂ ਵਿਚੋਂ ਕਈ ਲੇਖ ਲੜਕੀਆਂ ਨੇ ਪੜ੍ਹੇ ਹੋਏ ਸਨ। ਪ੍ਰਿੰਸੀਪਲ ਕਮਲਜੀਤ ਨੇ ਮੇਰੇ ਬਾਰੇ ਵਿਸਥਾਰ ਨਾਲ ਦੱਸਿਆ। ਬਹੁਤੀਆਂ ਲੜਕੀਆਂ ਹੈਰਾਨ ਸਨ ਕਿ ਸਾਂਝੀ ਕੰਧ ਵਾਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਮੈਂ ਇਕ ਦਹਾਕਾ ਪੜ੍ਹਾ ਕੇ ਗਿਆ ਹਾਂ। ਇਸ ਮਿਲਣੀ ਤੋਂ ਬਾਅਦ ਮੈਨੂੰ ਲੱਗਿਆ ਕਿ ਲੜਕੀਆਂ, ਮੁੰਡਿਆਂ ਨਾਲੋਂ ਕਿਤੇ ਸੁਹਿਰਦ ਤੇ ਸੁਚੇਤ ਹਨ। ਮੇਰੇ ਅੱਧੇ ਘੰਟੇ ਦੇ ਭਾਸ਼ਣ ਨੂੰ ਉਨ੍ਹਾਂ ਨੀਝ ਤੇ ਰੀਝ ਨਾਲ ਸੁਣਿਆ, ਤੇ ਫਿਰ ਗੰਭੀਰ ਸੁਆਲਾਂ ਨਾਲ ਰੂ-ਬ-ਰੂ ਨੂੰ ਹੋਰ ਰੌਚਕ ਬਣਾ ਦਿੱਤਾ। ਆਸਾ ਰਾਮ ਸਾਧ ਬਾਰੇ ਜਦੋਂ ਮੈਂ 'ਅਗਨਬਾਣ' ਵਿਚੋਂ ਚਾਰ ਸਤਰਾਂ ਸੁਣਾਈਆਂ:

ਸਵਰਗ ਨਰਕ ਦੇ ਕੂੰਡ ਨੂੰ ਮਾਰੋ ਗੋਲੀ,
ਆਪਾਂ ਲਈਏ ਉਸਾਰ ਇਕ ਧਾਮ ਬਾਪੂ।
ਲੋਕਾਂ ਭੋਲਿਆਂ ਨੂੰ ਪਤਾ ਕੀ ਰੱਬ ਹੁੰਦਾ,
ਵੱਡਿਆ ਕਰਾਂਗੇ ਓਸ ਦਾ ਨਾਮ ਬਾਪੂ।...

...ਤਾਂ ਉਨ੍ਹਾਂ ਦਿਨ ਵਿਚ ਬਦਨਾਮੀ ਦੀ ਸਿਖ਼ਰ 'ਤੇ ਪੁੱਜੇ ਬਾਪੂ ਬਾਰੇ ਵੱਜੀਆਂ ਤਾੜੀਆਂ ਤੋਂ ਲਗਦਾ ਸੀ, ਕੁੜੀਆਂ ਵਿਚ ਅਜਿਹੇ ਲੋਕਾਂ ਬਾਰੇ ਕਿੰਨਾ ਗੁੱਸਾ ਸੀ।



*ਰਾਮਗੜ੍ਹੀਆ ਪਾਲੀਟੈਕਨਿਕ 'ਚ ਮਕੈਨੀਕਲ ਵਿਭਾਗ ਦੇ ਮੁਖੀ ਬਲਜੀਤ ਸਿੰਘ ਉਭੀ ਨਾਲ*

ਪੜ੍ਹਾਉਣ ਦੇ ਅਨੰਦ ਤੋਂ ਇਹ ਕਿਤੇ ਵੱਡਾ ਅਨੰਦ ਸੀ।

ਗੜ੍ਹਸ਼ੰਕਰ ਤੋਂ ਸ੍ਰੀ ਅਨੰਦਪੁਰ ਸਾਹਿਬ ਜਾਓ ਤਾਂ ਵਿਚਕਾਰ ਜਿਹੇ ਪਿੰਡ ਆਉਂਦਾ ਹੈ ਪੋਜੇਵਾਲ, ਪਰ ਇਹ ਸਰਾਂ ਕਰ ਕੇ ਵੱਧ ਮਸ਼ਹੂਰ ਹੈ। ਪਹਾੜੀਆਂ ਸ਼ੁਰੂ ਹੋਣ ਤੋਂ ਪਹਿਲਾਂ ਇਹ ਗੋਦ 'ਚ ਵਸਿਆ ਪਿੰਡ ਹੈ। ਕਦੇ ਉਜਾੜ ਬੀਆਵਾਨ ਹੁੰਦਾ ਸੀ ਪਰ ਪਿਛਲੇ ਵੀਹ ਸਾਲਾਂ ਵਿਚ ਬੜੀ ਤਰੱਕੀ ਹੋਈ ਹੈ। ਇਸ ਹਲਕੇ ਵਿਚ ਬਹੁਤੀ ਬਰਾਦਰੀ ਗੁੱਜਰ ਹੈ ਤੇ ਅਕਾਲੀ ਦਲ ਦੇ ਆਗੂ ਤੇ ਪਾਰਲੀਮਾਨੀ ਸਕੱਤਰ ਚੌਧਰੀ ਨੰਦ ਲਾਲ ਬਲਾਚੌਰ ਵਿਧਾਨ ਸਭਾ ਹਲਕੇ ਤੋਂ ਲਗਾਤਾਰ ਜਿੱਤਣ ਕੇ ਹਲਕੇ ਦੀ ਅਗਵਾਈ ਕਰ ਰਹੇ ਹਨ। ਇਹ ਲੋਕ ਸੰਤ ਗਰੀਬ ਦਾਸ ਭੂਰੀ ਵਾਲਿਆਂ ਦੀ ਚਲੀ ਆਉਂਦੀ ਸੰਪਰਦਾਇ ਦੇ ਸ਼ਰਧਾਲੂ ਹਨ। ਪੋਜੇਵਾਲ ਜਿਸ ਕਾਲਜ ਦੀ ਉਸਾਰੀ ਇਸ ਸੰਪਰਦਾਇ ਵੱਲੋਂ ਕਰਵਾਈ ਗਈ ਸੀ, ਉਸ ਨੂੰ ਬਾਅਦ ਵਿਚ ਪੰਜਾਬ ਸਰਕਾਰ ਨੇ ਆਪਣੇ ਹੱਥਾਂ ਵਿਚ ਲੈ ਕੇ ਇਸ ਦਾ ਨਾਂ ਸੰਤ ਗਰੀਬ ਦਾਸ ਭੂਰੀਵਾਲੇ ਸਰਕਾਰੀ ਕਾਲਜ ਰੱਖ ਦਿੱਤਾ ਸੀ। ਉਥੇ ਅੱਜ ਕੱਲ੍ਹ ਕਾਰਜਕਾਰੀ ਪ੍ਰਿੰਸੀਪਲ ਸਾਹਿਤਕ ਝੱਸ ਰੱਖਣ ਵਾਲੇ ਸਾਡੇ ਪੁਰਾਣੇ ਮਿੱਤਰ ਬਿੱਕਰ ਸਿੰਘ ਹਨ, ਤੇ ਗਜ਼ਲਗੋ ਸੰਧੂ ਵਰਿਆਣਵੀ ਉਥੋਂ ਹੀ ਅੰਗਰੇਜ਼ੀ ਵਿਸ਼ੇ ਦਾ ਪ੍ਰੋਫੈਸਰ ਰਿਟਾਇਰ ਹੋਇਆ ਹੈ।

ਸੰਧੂ ਖਾਲਸਾ ਸਕੂਲੇ ਕਵੀ ਦਰਬਾਰ ਵਿਚ ਬੰਗੇ ਮਿਲਿਆ ਤਾਂ ਕਹਿਣ ਲੱਗਾ, "ਪ੍ਰਿੰਸੀਪਲ ਬਿੱਕਰ ਸਿੰਘ ਚੇਤੇ ਕਰਦੇ ਸਨ ਕਿ ਉਨ੍ਹਾਂ ਤੇ ਅਸ਼ੋਕ ਨੇ ਨੌਕਰੀ ਵੇਲੇ ਗੜ੍ਹਸ਼ੰਕਰ ਤੋਂ ਇਕੱਠਿਆਂ ਬੜਾ ਸਫ਼ਰ ਕੀਤਾ ਹੈ, ਅੱਜ ਕੱਲ੍ਹ ਅਮਰੀਕਾ ਤੋਂ ਆਇਆ ਹੋਇਐ, ਉਹਨੂੰ ਲਿਆਓ ਬੱਚਿਆਂ ਨੂੰ ਮਿਲਾਉਂਦੇ ਆਂ, ਬੜਾ ਕੁਝ ਪੱਲੇ ਪਊ।"

ਮੈਂ ਕਿਹਾ, "ਸੰਧੂ ਸਾਹਿਬ, ਤੁਸੀਂ ਸੇਵਾ ਮੁਕਤ ਨ੍ਹੀਂ ਹੋ ਗਏ?"




*ਸਰਕਾਰੀ ਕਾਲਜ ਪੋਜੇਵਾਲ ਦੀ ਇਕ ਯਾਦ*

"ਹੋ ਤਾਂ ਗਿਆ ਪਰ ਅੰਗਰੇਜ਼ੀ ਦੀ ਪੋਸਟ ਖਾਲੀ ਹੋਣ ਕਰ ਕੇ ਮੈਨੂੰ ਕਾਲਜ ਫੰਡ ਵਿਚੋਂ ਰੱਖਿਆ ਹੋਇਐ।"

ਖ਼ੈਰ! ਸੰਧੂ ਨਾਲ ਤੈਅ ਪ੍ਰੋਗਰਾਮ ਅਨੁਸਾਰ ਮੈਂ ਆਪਣੇ ਸ਼ਾਇਰ ਮਿੱਤਰ ਅਵਤਾਰ ਸਿੰਘ ਸੰਧੂ ਨੂੰ ਨਾਲ ਲੈ ਕੇ ਕਾਲਜ ਗਿਆ ਤਾਂ ਪਤਾ ਲੱਗਾ ਕਿ ਮੈਂ ਭਾਵੇਂ ਅਮਰੀਕਾ ਚਲਾ ਗਿਆ ਸਾਂ ਪਰ ਲੋਕ ਨਾ ਹਾਲੇ ਮੈਨੂੰ ਭੁੱਲੇ ਸਨ, ਨਾ ਮੇਰੀਆਂ ਲਿਖ਼ਤਾਂ ਨੂੰ, ਤੇ ਨਾ ਹੀ ਸ਼ੌਂਕੀ ਮੇਲੇ ਨੂੰ। ਕਾਲਜ ਦੇ ਵੱਡੇ ਹਾਲ ਵਿਚ ਹੋਏ ਇਸ ਰੂ-ਬ-ਰੂ ਪ੍ਰੋਗਰਾਮ ਵਿਚ ਵੱਡੀ ਗਿਣਤੀ 'ਚ ਹਾਜ਼ਰ ਵਿਦਿਆਰਥੀਆਂ ਵਿਚੋਂ ਕਈਆਂ ਨੇ ਮੈਥੋਂ ਸ਼ੌਂਕੀ ਮੇਲੇ ਦੇ ਉਜੜਨ ਬਾਰੇ ਵੀ ਸਵਾਲ ਪੁੱਛੇ। ਹਾਲ ਦੀ ਵੱਡੀ ਸਟੇਜ ਦੇ ਪਿੱਛੇ ਕੰਪਿਊਟਰ ਸਕਰੀਨ 'ਤੇ ਲਿਖੇ ਸ਼ਬਦ ਤਾਂ ਚੰਗੇ ਸਨ ਪਰ ਕਦੇ ਇਹ ਨਹੀਂ ਸੋਚਿਆ ਸੀ ਕਿ 'ਲੇਖਕ' ਸ਼ਬਦ ਨਾਲ 'ਪਰਵਾਸੀ' ਵੀ ਲਿਖਿਆ ਜਾਵੇਗਾ। ਇਹ ਮੱਠਾ-ਮੱਠਾ ਦਰਦ ਕਦੇ-ਕਦੇ ਵਤਨ ਗਏ 'ਤੇ ਅਕਸਰ ਹੋਣ ਲਗਦਾ ਹੈ ਜਦੋਂ ਅਖ਼ਬਾਰਾਂ ਵਾਲੇ ਮੇਰੀਆਂ ਖ਼ਬਰਾਂ ਨਾਲ ਇੱਦਾਂ ਕਰਦੇ ਹਨ। ਪ੍ਰੋ. ਸੁਰਿੰਦਰ ਪਾਲ ਨੇ ਮੰਚ ਸੰਚਾਲਨ ਕੀਤਾ। ਮੈਂ ਹੈਰਾਨ ਸਾਂ ਕਿ ਜਿਸ ਨੂੰ ਮੈਂ ਜਾਣਦਾ ਨਹੀਂ ਸਾਂ, ਉਹ ਮੈਨੂੰ ਸਾਰੇ ਦੇ ਸਾਰੇ ਨੂੰ ਕਿਵੇਂ ਜਾਣਦਾ ਸੀ। ਸੁਰਿੰਦਰ ਪਾਲ ਨੇ ਮੇਰੀਆਂ ਤੀਹ ਵਰ੍ਹਿਆਂ ਦੀਆਂ ਲਿਖਤਾਂ ਤੇ ਸਰਗਰਮੀਆਂ ਦਾ ਉਲੇਖ ਬਹੁਤ ਕਮਾਲ ਨਾਲ ਕੀਤਾ ਸੀ। ਅਵਤਾਰ ਸੰਧੂ ਨੇ ਮੇਰੇ ਬਾਰੇ ਕਾਵਿ ਚਿੱਤਰ ਤਰੰਨੁਮ ਵਿਚ ਪੇਸ਼ ਕੀਤਾ ਤੇ ਸੰਧੂ ਵਰਿਆਣਵੀ ਨੇ ਸਾਰੀਆਂ ਯਾਦਾਂ ਖੱਟ ਵਾਂਗ ਸਜਾ ਦਿੱਤੀਆਂ। ਪ੍ਰਿੰਸੀਪਲ ਬਿੱਕਰ ਸਿੰਘ ਦੇ ਬੋਲਾਂ ਵਿਚ ਮੇਰੇ ਪੰਜਾਬ ਛੱਡਣ ਦਾ ਦਰਦ ਛਲਕ ਪਿਆ। ਸਟਾਫ ਵਿਚੋਂ ਪ੍ਰੋ. ਧਰਮ ਕੌਰ, ਪ੍ਰੋ. ਰਜਿੰਦਰ ਸਿੰਘ, ਪ੍ਰੋ. ਸਰਬਜੀਤ ਕੌਰ, ਪ੍ਰੋ. ਅਸ਼ਵਨੀ ਕੁਮਾਰ, ਪ੍ਰੋ. ਸਰਿਤਾ ਦੇਵੀ, ਪ੍ਰੋ. ਮਨੀਸ਼ ਦੇਵ, ਪ੍ਰੋ. ਮੀਨਾਕਸ਼ੀ ਸ਼ਰਮਾ, ਪ੍ਰੋ. ਰਵਿੰਦਰ ਕੌਰ ਤੇ ਪ੍ਰੋ. ਸਤਿਨਾਮ ਸਿੰਘ ਹਾਜ਼ਰ ਸਨ।

ਸਾਹਿਤਕ ਕਿਤਾਬਾਂ ਦਾ ਸੈਟ ਤੇ ਲੋਈ ਚਲੋ ਮਾਣ ਲਈ ਕਾਫੀ ਸੀ, ਪਰ ਕਾਲਜ ਵੱਲੋਂ ਸਵਾਗਤ ਦਾ ਜੋ ਸਨਮਾਨ ਦਿੱਤਾ ਗਿਆ ਸੀ, ਉਹ ਹਰਫ-ਬਿਆਨੀ ਤੋਂ ਬਾਹਰ ਹੈ। ਸ਼ਾਇਦ ਆਪਣੀ ਅੱਧੀ ਸਦੀ ਦੀ ਉਮਰ ਦਾ ਸਭ ਤੋਂ ਜਜ਼ਬਾਤੀ ਭਾਸ਼ਣ ਮੈਂ ਇਸੇ ਸਰਕਾਰੀ ਕਾਲਜ ਵਿਚ ਦਿੱਤਾ ਸੀ, ਤੇ ਇਸ ਸਵਾਲ ਦਾ ਜਵਾਬ ਦੇਣ ਵੇਲੇ ਮੈਂ ਰੋਣਹਾਕਾ ਹੋ ਗਿਆ ਸਾਂ ਕਿ "ਤੁਸੀਂ ਹੁਣ 'ਅਜੀਤ' ਵਿਚੋਂ ਗਾਇਬ ਕਿਉਂ ਹੋ ਗਏ ਹੋ?"

ਲਗਦਾ ਨਹੀਂ, ਕਦੀ ਵਾਰ ਸਿਰਨਾਵਾਂ ਠੀਕ ਹੁੰਦਾ, ਡਾਕੀਆ ਗਲਤ ਹੋ ਜਾਂਦਾ ਹੈ।

#

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

**ਤੂੰਬਾ ਭਾਵੇਂ ਟੁੱਟ ਗਿਆ ਏ**

ਵਿਕ ਜਾਂਦੇ ਨੇ ਆਮ ਕਈ ਲੋਕੀਂ ਵੇਚਦੇ ਨਹੀਂ ਜਮੀਰਾਂ।
ਫਿਰ ਵੀ ਧੋਖਾ ਦੇ ਜਾਂਦੀਆਂ ਨੇ ਬੱਲਿਆ ਹੁਣ ਤਕਦੀਰਾਂ।
ਸਤਿਸੰਗ ਵਿਚ ਸਕੂਨ ਮਿਲੇ ਨਾ ਉਠ ਉਠ ਸ਼ਰਧਾ ਰੋਵੇ,
ਮੁੜ੍ਹਕੇ ਨਾਲ ਹੀ ਪੂੰਝ ਆਉਂਦੇ ਹਾਂ ਮੱਥੇ ਦੀਆਂ ਲਕੀਰਾਂ।
ਚੋਰ ਬਣੇ ਨੇ ਸਾਧ ਜਦੋਂ ਦੇ ਡਾਕੂ ਹਾਕਮ ਪੂਰੇ,
ਲੱਗਦੈ ਥਾਂ ਹੀ ਬਦਲ ਲਈ ਏ ਗੁਰੂਆਂ ਅਤੇ ਫਕੀਰਾਂ।
ਹੀਰ ਲੈ ਗਿਆ ਮਿਰਜਾ, ਰਾਂਝਾ ਸਾਹਿਬਾਂ ਪਿਛੇ ਫਿਰਦਾ,
ਇਸ਼ਕ ਦੀਆਂ ਫਿਰ ਹੋਣਗੀਆਂ ਹੀ ਥਾਂ ਥਾਂ ਲੀਰਾਂ ਲੀਰਾਂ।
ਉਠ ਮਨਾ ਕੁਝ ਰੱਖ ਧਰਵਾਸਾ ਇੰਜ ਨਹੀਂ ਬਹਿ ਕੇ ਸਰਨਾ,
ਤੂੰਬਾ ਭਾਵੇਂ ਟੁੱਟ ਗਿਆ ਏ, ਹੈ ਜਿਉਂਦੀ 'ਭੌਰੇ' ਮੀਰਾਂ।

ਗੁਰਮਤਿ ਵਿਚਾਰ

# ਨਾਨਕ ਕਿਰਪਾ ਤੇ ਹਰਿ ਧਿਆਈਐ ਗੁਰਮੁਖਿ ਪਾਵੈ ਕੋਇ



ਡਾ. ਗੁਰਨਾਮ ਕੌਰ, ਕੈਨੇਡਾ

ਰਾਗ ਗਉੜੀ ਵਿਚ ਚੌਥੀ ਨਾਨਕ ਜੋਤਿ ਗੁਰੂ ਰਾਮਦਾਸ ਜੀ ਦੀ ਵਾਰ ਹੈ ਜਿਸ ਦਾ ਅਧਿਐਨ ਇਸ ਹਥਲੇ ਲੇਖ ਦਾ ਵਿਸ਼ਾ ਹੈ।

ਸਤਿਗੁਰ ਪੁਰਖੁ ਦਇਆਲੁ ਹੈ
ਜਿਸ ਨੋ ਸਮਤੁ ਸਭੁ ਕੋਇ॥
ਏਕ ਦ੍ਰਿਸਟਿ ਕਰਿ ਦੇਖਦਾ
ਮਨ ਭਾਵਨੀ ਤੇ ਸਿਧਿ ਹੋਇ॥
ਸਤਿਗੁਰ ਵਿਚਿ ਅੰਮ੍ਰਿਤੁ ਹੈ
ਹਰਿ ਉਤਮੁ ਹਰਿ ਪਦੁ ਸੋਇ॥
ਨਾਨਕ ਕਿਰਪਾ ਤੇ ਹਰਿ ਧਿਆਈਐ
ਗੁਰਮੁਖਿ ਪਾਵੈ ਕੋਇ॥ (ਪੰਨਾ ੩੦੦)

ਵਾਰ ਦੇ ਪਹਿਲੇ ਸਲੋਕ ਵਿਚ ਹੀ ਗੁਰੂ ਰਾਮਦਾਸ ਜੀ ਨੇ ਬਿਆਨ ਕੀਤਾ ਹੈ ਕਿ ਅਕਾਲ ਪੁਰਖ ਹਰ ਇੱਕ ਜੀਵ ਉਤੇ ਮਿਹਰ ਕਰਦਾ ਹੈ ਅਤੇ ਉਸ ਲਈ ਸਾਰੇ ਜੀਵ ਇੱਕੋ ਜਿਹੇ ਹਨ। ਅਕਾਲ ਪੁਰਖ ਵਾਸਤੇ ਕੋਈ ਜੀਵ ਛੋਟਾ ਜਾਂ ਵੱਡਾ, ਉਚਾ ਜਾਂ ਨੀਵਾਂ ਨਹੀਂ ਹੈ। ਉਸ ਦੀ ਮਿਹਰ ਹਰ ਇੱਕ 'ਤੇ ਹੁੰਦੀ ਹੈ। ਅਕਾਲ ਪੁਰਖ ਸਭ ਨੂੰ ਇੱਕੋ ਦ੍ਰਿਸ਼ਟੀ ਨਾਲ ਦੇਖਦਾ ਹੈ ਪਰ ਹਰ ਇੱਕ ਜੀਵ ਨੂੰ ਉਸ ਦੇ ਉਦਮ ਦਾ ਫਲ ਉਸ ਦੇ ਮਨ ਦੀ ਭਾਵਨਾ ਅਨੁਸਾਰ ਮਿਲਦਾ ਹੈ।

ਗੁਰੂ ਰਾਮਦਾਸ ਜੀ ਅੱਗੇ ਦੱਸਦੇ ਹਨ ਕਿ ਸਤਿਗੁਰ ਕੋਲ ਅਕਾਲ ਪੁਰਖ ਦਾ ਨਾਮ ਰੂਪੀ ਅੰਮ੍ਰਿਤ ਹੈ ਪਰ ਇਹ ਅੰਮ੍ਰਿਤ ਉਸ ਨੂੰ ਮਿਲਦਾ ਹੈ ਜੋ ਜੀਵ ਅਕਾਲ ਪੁਰਖ ਦੀ ਮਿਹਰ ਦਾ ਪਾਤਰ ਬਣ ਕੇ ਉਸ ਦੇ ਨਾਮ ਦਾ ਸਿਮਰਨ ਕਰਦਾ ਹੈ। ਸਤਿਗੁਰ ਦੇ ਸਨਮੁਖ ਹੋ ਕੇ ਅਰਥਾਤ ਗੁਰੂ ਦੇ ਦੱਸੇ ਰਸਤੇ 'ਤੇ ਚੱਲ ਕੇ ਕੋਈ ਵੱਡੇ ਭਾਗਾਂ ਵਾਲਾ ਜੀਵ ਇਸ ਨੂੰ ਪ੍ਰਾਪਤ ਕਰ ਸਕਦਾ ਹੈ।

ਅਗਲਾ ਸਲੋਕ ਵੀ ਗੁਰੂ ਰਾਮਦਾਸ ਜੀ ਦਾ ਹੈ ਜਿਸ ਵਿਚ ਉਨ੍ਹਾਂ ਨੇ ਇੱਕ ਪਾਸੇ ਮਾਇਆ ਤੋਂ ਉਪਜੀ ਹਉਮੈ ਅਤੇ ਦੂਜੇ ਪਾਸੇ ਸ਼ਬਦ ਦੀ ਵਿਚਾਰ ਦੀ ਗੱਲ ਕੀਤੀ ਹੈ। ਗੁਰੂ ਸਾਹਿਬ ਬਿਆਨ ਕਰਦੇ ਹਨ ਕਿ ਇਸ ਸੰਸਾਰ ਵਿਚ ਮਾਇਆ ਤੋਂ ਪੈਦਾ ਹੋਈ ਹਉਮੈ ਦੇ ਪਿੱਛੇ ਲੱਗ ਕੇ ਸੰਸਾਰ ਘਾਟੇ ਵਿਚ ਰਹਿੰਦਾ ਹੈ, ਉਸ ਦਾ ਨੁਕਸਾਨ ਹੀ ਨੁਕਸਾਨ ਹੈ। ਜੋ ਵੀ ਇਸ ਦੇ ਪਿੱਛੇ ਲੱਗਦਾ ਹੈ, ਉਹ ਖੁਆਰ ਹੁੰਦਾ ਹੈ। ਦੂਸਰੇ ਪਾਸੇ ਜੀਵ ਗੁਰੂ ਦੇ ਸ਼ਬਦ ਦੀ ਵਿਚਾਰ ਰਾਹੀਂ ਅਕਾਲ ਪੁਰਖ ਦੇ ਨਾਮ ਦਾ ਲਾਭ ਗੁਰੂ ਦੇ ਸਨਮੁੱਖ ਰਹਿ ਕੇ ਪ੍ਰਾਪਤ ਕਰ ਸਕਦਾ ਹੈ। ਹਉਮੈ ਦੀ ਮੈਲ ਦਾ ਜ਼ਹਿਰ ਹਿਰਦੇ ਵਿਚੋਂ ਅਕਾਲ ਪੁਰਖ ਦੇ ਨਾਮ ਰੂਪੀ ਅੰਮ੍ਰਿਤ ਨੂੰ ਹਿਰਦੇ ਵਿਚ ਵਸਾਉਣ ਨਾਲ ਦੂਰ ਹੋ ਜਾਂਦਾ ਹੈ।

ਇਥੇ ਇੱਕ ਗੱਲ ਧਿਆਨ ਦੇਣ ਯੋਗ ਹੈ ਕਿ ਗੁਰਮਤਿ ਦਰਸ਼ਨ ਵਿਚ ਸ਼ਬਦ 'ਤੇ ਵਿਚਾਰ ਕਰਕੇ ਉਸ ਨੂੰ ਹਿਰਦੇ ਵਿਚ ਵਸਾਉਣ ਦੀ ਗੱਲ ਕੀਤੀ ਹੈ। ਵਿਚਾਰ ਰਾਹੀਂ ਸ਼ਬਦ ਦੀ ਪ੍ਰਾਪਤੀ ਮਨੁੱਖ ਦੇ ਨਾਲ ਸਦੀਵੀ ਨਿਭਦੀ ਹੈ ਕਿਉਂਕਿ ਇਹ ਕੋਈ ਅੰਨ੍ਹਾ ਵਿਸ਼ਵਾਸ ਨਹੀਂ ਸਗੋਂ ਵਿਚਾਰ ਰਾਹੀਂ ਪ੍ਰਾਪਤ ਕੀਤਾ ਗਿਆਨ ਹੈ। ਦੂਸਰਾ ਜ਼ਰੂਰੀ ਤੱਥ ਮਿਹਰ ਦਾ ਪਾਤਰ ਹੋਣਾ ਹੈ। ਮਿਹਰ ਦਾ ਪਾਤਰ ਹੋਣ ਲਈ ਮਨੁੱਖ ਨੂੰ ਉਦਮ ਕਰਨਾ ਪੈਂਦਾ ਹੈ ਅਤੇ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਆਪਣੇ ਅੰਦਰ ਗੁਣ ਪੈਦਾ ਕਰਨੇ ਪੈਂਦੇ ਹਨ।

ਗੁਰੂ ਰਾਮਦਾਸ ਸਾਹਿਬ ਅੱਗੇ ਦੱਸਦੇ ਹਨ ਕਿ ਜਿਨ੍ਹਾਂ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲੇ ਮਨੁੱਖਾਂ ਉਤੇ ਅਕਾਲ ਪੁਰਖ ਆਪਣੀ ਮਿਹਰ ਕਰਦਾ ਹੈ, ਉਨ੍ਹਾਂ ਦੇ ਸਾਰੇ ਕਾਰਜ ਰਾਸ ਆ ਜਾਂਦੇ ਹਨ। ਅਕਾਲ ਪੁਰਖ ਨਾਲ ਉਨ੍ਹਾਂ ਜੀਵਾਂ ਦਾ ਮੇਲ ਹੋ ਸਕਿਆ ਹੈ ਜਿਨ੍ਹਾਂ ਨੂੰ ਧੁਰੋਂ ਬਖਸ਼ਿਸ਼ ਕਰਕੇ ਸਿਰਜਣਹਾਰ ਨੇ ਆਪ ਮੇਲਿਆ ਹੈ,

ਹਉਮੈ ਮਾਇਆ ਸਭ ਬਿਖੁ ਹੈ
ਨਿਤ ਜਗਿ ਤੋਟਾ ਸੰਸਾਰਿ॥
ਲਾਹਾ ਹਰਿ ਧਨੁ ਖਟਿਆ
ਗੁਰਮੁਖਿ ਸਬਦੁ ਵੀਚਾਰਿ॥
ਹਉਮੈ ਮੈਲੁ ਬਿਖੁ ਉਤਰੈ
ਹਰਿ ਅੰਮ੍ਰਿਤੁ ਹਰਿ ਉਰਧਾਰਿ॥
ਸਭਿ ਕਾਰਜ ਤਿਨ ਕੇ ਸਿਧਿ ਹਹਿ
ਜਿਨ ਗੁਰਮਖਿ ਕਿਰਪਾ ਧਾਰਿ॥
ਨਾਨਕ ਜੋ ਧੁਰਿ ਮਿਲੇ ਸੇ
ਮਿਲਿ ਰਹੇ ਹਰਿ ਮੇਲੇ ਸਿਰਜਣਹਾਰਿ॥੨॥
(ਪੰਨਾ ੩੦੦-੩੦੧)

ਇਸ ਤੋਂ ਅੱਗੇ ਪਹਿਲੀ ਪਉੜੀ ਵਿਚ ਚੌਥੀ ਨਾਨਕ ਜੋਤਿ ਨੇ ਉਸ ਪਰਵਰਦਗਾਰ ਦੀ ਅਰਦਾਸ ਦੇ ਰੂਪ ਵਿਚ ਸਿਫਤਿ-ਸਾਲਾਹ ਕੀਤੀ ਹੈ ਕਿ ਉਹ ਅਕਾਲ ਪੁਰਖ ਸਦੀਵੀ ਸੱਚ ਹੈ ਅਰਥਾਤ ਸਦਾ ਕਾਇਮ ਰਹਿਣ ਵਾਲੀ ਹਸਤੀ ਹੈ ਜੋ ਇਸ ਸ੍ਰਿਸ਼ਟੀ ਦੀ ਸੱਚੀ ਮਾਲਕ ਹੈ। ਸਾਰੀ ਸ੍ਰਿਸ਼ਟੀ ਉਸ ਦਾ ਧਿਆਨ ਧਰਦੀ ਹੈ ਅਤੇ ਸਾਰੇ ਜੀਅ-ਜੰਤ ਉਸ ਅੱਗੇ ਨਤਮਸਤਕ ਹੁੰਦੇ ਹਨ। ਉਸ ਦੇ ਗੁਣ ਗਾਉਣੇ, ਉਸ ਦੀ ਸਿਫਤਿ-ਸਾਲਾਹ ਕਰਨੀ ਇੱਕ ਵਧੀਆ ਅਤੇ ਸੋਹਣਾ ਕੰਮ ਹੈ ਅਤੇ ਜੋ ਵੀ ਜੀਵ ਉਸ ਦੀ ਸੁੰਦਰ ਸਿਫਤਿ-ਸਾਲਾਹ ਕਰਦਾ ਹੈ, ਉਹ ਇਸ ਸੰਸਾਰ-ਸਾਗਰ ਤੋਂ ਪਾਰ ਹੋ ਜਾਂਦਾ ਹੈ।

ਅੱਗੇ ਅਰਦਾਸ ਕੀਤੀ ਹੈ ਕਿ ਹੇ ਵਾਹਿਗੁਰੂ! ਜਿਹੜੇ ਪ੍ਰਾਣੀ ਸਤਿਗੁਰ ਵੱਲ ਮੂੰਹ ਕਰਕੇ ਚੱਲਦੇ ਹਨ, ਉਸ ਦੇ ਦੱਸੇ ਰਸਤੇ 'ਤੇ ਚੱਲਦੇ ਹਨ, ਉਨ੍ਹਾਂ ਦੀ ਘਾਲ-ਕਮਾਈ ਨੂੰ, ਉਨ੍ਹਾਂ ਦੀ ਸਿਫਤਿ-ਸਾਲਾਹ ਕਰਨ ਦੇ ਉਦਮ ਨੂੰ ਤੂੰ ਸਫਲ ਬਣਾਉਂਦਾ ਹੈ ਅਤੇ ਉਹ ਅਕਾਲ ਪੁਰਖ ਦੇ ਸੱਚੇ ਨਾਮ ਵਿਚ ਲੀਨ ਹੋ ਜਾਂਦੇ ਹਨ। ਅੱਗੇ ਦੱਸਿਆ ਹੈ ਕਿ ਉਹ ਸਭ ਪ੍ਰਾਣੀਆਂ ਦਾ ਮਾਲਕ ਅਕਾਲ ਪੁਰਖ ਜਿਹੋ ਜਿਹਾ ਵੱਡਾ ਆਪ ਹੈ, ਉਹੋ ਜਿਹੀ ਹੀ ਉਸ ਦੀ ਵਡਿਆਈ ਹੈ। ਉਸ ਦੀ ਵਡਿਆਈ ਜੀਵ ਅੰਦਰ ਵੀ ਵੱਡੇ ਗੁਣ ਪੈਦਾ ਕਰਦੀ ਹੈ,

ਤੂ ਸਚਾ ਸਾਹਿਬੁ ਸਚੁ ਹੈ
ਸਚੁ ਸਚਾ ਗੋਸਾਈ॥
ਤੁਧੁਨੋ ਸਭ ਧਿਆਇਦੀ
ਸਭ ਲਗੈ ਤੇਰੀ ਪਾਈ॥
ਤੇਰੀ ਸਿਫਤਿ ਸੁਆਲਿਉ ਸਰੂਪ ਹੈ
ਜਿਨਿ ਕੀਤੀ ਤਿਸੁ ਪਾਰਿ ਲਘਾਈ॥
ਗੁਰਮੁਖਾ ਨੋ ਫਲੁ ਪਾਇਦਾ
ਸਚਿ ਨਾਮਿ ਸਮਾਈ॥
ਵਡੇ ਮੇਰੇ ਸਾਹਿਬਾ
ਵਡੀ ਤੇਰੀ ਵਡਿਆਈ॥੧॥ (ਪੰਨਾ ੩੦੧)

ਪਹਿਲੀ ਪਉੜੀ ਤੋਂ ਅਗਲੇ ਸਲੋਕ ਵਿਚ ਗੁਰੂ ਰਾਮਦਾਸ ਜੀ ਦੱਸਦੇ ਹਨ ਕਿ ਅਕਾਲ ਪੁਰਖ ਦਾ ਨਾਮ ਜਪਣਾ ਉਸ ਦੀ ਵਡਿਆਈ ਕਰਨਾ ਹੈ, ਉਸ ਦੇ ਗੁਣਾਂ ਦਾ ਗਾਇਨ ਹੈ ਅਤੇ ਉਸ ਦੇ ਨਾਮ ਦੀ ਵਡਿਆਈ ਤੋਂ ਬਿਨਾਂ ਕਿਸੇ ਹੋਰ ਦੀ ਉਸਤਤਿ ਜਾਂ ਵਡਿਆਈ ਕਰਨੀ ਫਿਕਾ ਬੋਲਣਾ ਹੈ, ਜਿਸ ਵਿਚ ਕੋਈ ਰਸ ਜਾਂ ਅਨੰਦ ਨਹੀਂ ਹੈ। ਆਪਣੇ ਮਨ ਦੀ ਮੱਤ ਪਿੱਛੇ ਲੱਗ ਕੇ ਤੁਰਨ ਵਾਲੇ ਮਨੁੱਖ ਅਹੰਕਾਰ, ਹਉਮੈ ਅਤੇ ਮਮਤਾ ਦੀਆਂ ਗੱਲਾਂ ਕਰਨੀਆਂ ਪਸੰਦ ਕਰਦੇ ਹਨ ਅਰਥਾਤ ਮਨ ਦੀ ਇਸ ਹਉਮੈ, ਮਮਤਾ ਆਦਿ ਮੱਤ ਦੇ ਅਨੁਸਾਰ ਹੀ ਕਿਸੇ ਦੀ ਨਿੰਦਾ ਜਾਂ ਉਸਤਤਿ ਕਰਦੇ ਹਨ, ਇਸ ਅਪਵਾਦ ਵਿਚ ਖਪਦੇ ਰਹਿੰਦੇ ਹਨ ਅਤੇ ਇਹ ਸਾਰਾ ਵਾਦ ਵਿਅਰਥ ਜਾਂਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜਿਹੜੇ ਮਨੁੱਖ ਗੁਰੂ ਦੇ ਦੱਸੇ ਰਸਤੇ 'ਤੇ ਚੱਲਦੇ ਹਨ, ਉਹ ਉਸ ਪੂਰਨ ਅਨੰਦ-ਸਰੂਪ ਅਕਾਲ ਪੁਰਖ ਦਾ ਸਿਮਰਨ ਕਰਕੇ ਅਜਿਹੇ ਅਪਵਾਦ ਤੋਂ ਬਚ ਜਾਂਦੇ ਹਨ,

ਵਿਣੁ ਨਾਵੈ ਹੋਰੁ ਸਲਾਹਣਾ
ਸਭੁ ਬੋਲਣੁ ਫਿਕਾ ਸਾਦੁ॥
ਮਨਮੁਖ ਅਹੰਕਾਰੁ ਸਲਾਹਦੇ
ਹਉਮੈ ਮਮਤਾ ਵਾਦੁ॥
ਜਿਨ ਸਾਲਾਹਨਿ ਸੇ ਮਰਹਿ
ਖਪਿ ਜਾਵੈ ਸਭੁ ਅਪਵਾਦੁ॥
ਜਨ ਨਾਨਕ ਗੁਰਮੁਖਿ ਉਬਰੇ
ਜਪਿ ਹਰਿ ਹਰਿ ਪਰਮਾਨਾਦੁ॥੧॥
(ਪੰਨਾ ੩੦੧)

ਇਸ ਸਲੋਕ ਵਿਚ ਗੁਰੂ ਰਾਮਦਾਸ ਸਤਿਗੁਰੂ ਨੂੰ ਬੇਨਤੀ ਕਰਦੇ ਹਨ ਕਿ ਮੈਨੂੰ ਉਸ ਪਰਮਾਤਮਾ ਦੀਆਂ ਗੱਲਾਂ ਸੁਣਾ ਜਿਨ੍ਹਾਂ ਨੂੰ ਸੁਣ ਕੇ ਮੈਂ ਉਸ ਦੇ ਨਾਮ ਦਾ ਸਿਮਰਨ ਕਰ ਸਕਾਂ। ਗੁਰੂ ਸਾਹਿਬ ਕਹਿੰਦੇ ਹਨ ਕਿ ਹਰਿ ਦਾ ਨਾਮ ਪਵਿੱਤਰ ਹੈ ਜਿਸ ਕਰਕੇ ਮਨ ਵਿਚ ਇੱਛਾ ਪੈਦਾ ਹੁੰਦੀ ਹੈ ਕਿ ਨਾਮ ਨੂੰ ਮੁੱਖ ਤੋਂ ਉਚਾਰਨ ਕਰ ਕੇ ਮੈਂ ਆਪਣੇ ਸਾਰੇ ਦੁੱਖ ਅਤੇ ਦਰਦ ਦੂਰ ਕਰ ਲਵਾਂ,

ਸਤਿਗੁਰ ਹਰਿ ਪ੍ਰਭ ਦਸਿ
ਨਾਮੁ ਧਿਆਈ ਮਨਿ ਹਰੀ॥
ਨਾਨਕ ਨਾਮੁ ਪਵਿਤੁ ਹਰਿ
ਮੁਖਿ ਬੋਲੀ ਸਭਿ ਦੁਖ ਪਰਹਰੀ॥੨॥
(ਪੰਨਾ ੩੦੧)

ਦੂਸਰੀ ਪਉੜੀ ਵਿਚ ਦੱਸਿਆ ਹੈ ਕਿ ਉਹ ਅਕਾਲ ਪੁਰਖ ਅਕਾਰ-ਰਹਿਤ, ਮਾਇਆ ਤੋਂ ਨਿਰਲੇਪ, ਆਪਣੇ ਆਪ ਤੋਂ ਹੈ ਅਤੇ ਸਾਰੇ ਸੰਸਾਰ ਨੂੰ ਚਾਨਣ ਬਖਸ਼ਣ ਵਾਲਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਉਸ ਸਦੀਵੀ ਹੋਂਦ ਅਕਾਲ ਪੁਰਖ ਨੂੰ ਜਿਸ ਨੇ ਵੀ ਇਕਾਗਰ-ਚਿੱਤ ਨਾਲ ਧਿਆਇਆ ਹੈ, ਉਸ ਦਾ ਨਾਮ ਸਿਮਰਨ ਕੀਤਾ ਹੈ, ਉਨ੍ਹਾਂ ਦਾ ਉਸ ਨੇ ਸਭ ਦੁੱਖ ਹਰ ਲਿਆ ਹੈ। ਉਸ ਅਕਾਲ ਪੁਰਖ ਦੇ ਬਰਾਬਰ ਹੋਰ ਕੋਈ ਵੀ ਹਸਤੀ ਨਹੀਂ ਹੈ ਜਿਸ ਨੂੰ ਉਸ ਵਰਗਾ ਕਿਹਾ ਜਾ ਸਕਦਾ ਹੋਵੇ। ਉਹ ਸਦੀਵੀ ਹੋਂਦ ਮਾਇਆ ਤੋਂ ਰਹਿਤ ਸਾਰਿਆਂ ਤੋਂ ਵੱਡਾ ਦਾਤਾ ਹੈ, ਕੋਈ ਵੀ ਹੋਰ ਉਸ ਦੇ ਬਰਾਬਰ ਦਾਤਾਂ ਦੇਣ ਵਾਲਾ ਨਹੀਂ ਹੈ, ਅਰਥਾਤ ਉਹ ਹੀ ਸਭ ਦਾ ਦਾਤਾ ਹੈ ਜੋ ਮਨ ਨੂੰ ਪਿਆਰਾ ਲੱਗਦਾ ਹੈ। ਉਸ ਸੱਚੇ ਸਾਹਿਬ ਦੀ ਵਡਿਆਈ ਸਦਾ ਕਾਇਮ ਰਹਿਣ ਵਾਲੀ ਹੈ,

ਤੂ ਆਪੇ ਆਪਿ ਨਿਰੰਕਾਰੁ ਹੈ
ਨਿਰੰਜਨ ਹਰਿ ਰਾਇਆ॥
ਜਿਨੀ ਤੂ ਇਕ ਮਨਿ ਸਚੁ ਧਿਆਇਆ
ਤਿਨ ਕਾ ਸਭੁ ਦੁਖ ਗਵਾਇਆ॥
ਤੇਰਾ ਸਰੀਕੁ ਕੋ ਨਾਹੀ
ਜਿਸ ਨੋ ਲਵੈ ਲਾਇ ਸੁਣਾਇਆ॥
ਤੁਧੁ ਜੇਵਡੁ ਦਾਤਾ ਤੂ ਹੈ ਨਿਰੰਜਨਾ
ਤੂ ਹੈ ਸਚੁ ਮੇਰੈ ਮਨਿ ਭਾਇਆ॥
ਸਚੇ ਮੇਰੇ ਸਾਹਿਬਾ ਸਚੇ ਸਚੁ ਨਾਇਆ॥੨॥
(ਪੰਨਾ ੩੦੧)

ਜਿਸ ਤਰ੍ਹਾਂ ਉਪਰ ਇੱਕ ਸਲੋਕ ਵਿਚ ਆ ਚੁਕਾ ਹੈ ਕਿ ਗੁਰਮਤਿ ਵਿਚ ਸ਼ਬਦ ਨੂੰ ਵੀ ਵਿਚਾਰ ਰਾਹੀਂ ਗ੍ਰਹਿਣ ਕਰਨ ਦੀ ਸਿੱਖਿਆ ਦਿੱਤੀ ਹੈ। ਜਦੋਂ ਵਿਚਾਰ ਰਾਹੀਂ ਕੋਈ ਵੀ ਗਿਆਨ ਅਪਨਾਇਆ ਜਾਂਦਾ ਹੈ, ਉਸ ਵਿਚ ਭਰਮ ਨੂੰ ਕੋਈ ਥਾਂ ਨਹੀਂ ਰਹਿੰਦਾ। ਗੁਰਮਤਿ ਅਨੁਸਾਰ ਨਾਮ ਨੂੰ ਗ੍ਰਹਿਣ ਕਰਨ ਲਈ ਮਨ ਦਾ ਭਰਮ-ਰਹਿਤ ਹੋਣਾ ਜ਼ਰੂਰੀ ਹੈ। ਭਰਮ-ਮੂਲਕ ਵਿਚਾਰ ਨੂੰ ਕੋਈ ਥਾਂ ਪ੍ਰਾਪਤ ਨਹੀਂ ਹੈ। ਹਉਮੈ ਭਰਮ ਦਾ ਕਾਰਨ ਬਣਦੀ ਹੈ ਕਿਉਂਕਿ ਹਉਮੈ ਕਾਰਨ ਮਨੁੱਖ ਨੂੰ ਇਹ ਭਰਮ ਹੋ ਜਾਂਦਾ ਹੈ ਕਿ ਉਸ ਦੀ ਹੋਂਦ ਕੋਈ ਅੱਡਰੀ ਹਸਤੀ ਹੈ।

ਇਸ ਸਲੋਕ ਵਿਚ ਗੁਰੂ ਰਾਮਦਾਸ ਇਸੇ ਤੱਥ ਦਾ ਖੁਲਾਸਾ ਕਰਦੇ ਹਨ ਕਿ ਜਿਨ੍ਹਾਂ ਮਨੁੱਖਾਂ ਦੇ ਮਨ ਅੰਦਰ ਹਉਮੈ ਦਾ ਰੋਗ ਹੈ, ਉਹ ਆਪਣੇ ਮਨ ਦੀ ਮੱਤ ਪਿੱਛੇ ਚੱਲਣ ਵਾਲੇ ਮਨੁੱਖ ਵਿਕਾਰਾਂ ਨਾਲ ਭਰੇ ਹੋਏ, ਭਰਮ ਵਿਚ ਭੁੱਲੇ ਹੋਏ ਹਨ। ਗੁਰਮਤਿ ਅਨੁਸਾਰ ਇਸ ਹਉਮੈ ਰੋਗ ਤੋਂ ਮੁਕਤੀ ਪਾਈ ਜਾ ਸਕਦੀ ਹੈ। ਗੁਰੂ ਰਾਮਦਾਸ ਕਹਿੰਦੇ ਹਨ ਕਿ ਇਸ ਹਉਮੈ ਰੋਗ ਤੋਂ ਮੁਕਤੀ ਸਤਿਗੁਰੂ ਨੂੰ ਮਿਲ ਕੇ ਸਤਿਸੰਗਤਿ ਵਿਚ ਰਹਿ ਕੇ ਪਾਈ ਜਾਂਦੀ ਹੈ। ਗੁਰੂ ਦੀ ਸਿੱਖਿਆ ਅਤੇ ਗੁਰਮੁਖਾਂ ਦੀ ਸੰਗਤਿ ਇਸ ਹਉਮੈ ਰੋਗ ਨੂੰ ਦੂਰ ਕਰਨ ਦਾ ਕਾਰਗਰ ਸਾਧਨ ਹੈ,

ਮਨ ਅੰਤਰਿ ਹਉਮੈ ਰੋਗੁ ਹੈ
ਭ੍ਰਮਿ ਭੂਲੇ ਮਨਮੁਖ ਦੁਰਜਨਾ॥
ਨਾਨਕ ਰੋਗੁ ਗਵਾਇ ਮਿਲਿ
ਸਤਿਗੁਰ ਸਾਧੂ ਸਜਨਾ॥੧॥

ਇਸ ਤੋਂ ਅਗਲੇ ਸਲੋਕ ਵਿਚ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲੇ ਮਨੁੱਖ ਦੀਆਂ ਪ੍ਰਾਪਤੀਆਂ ਵੱਲ ਸੰਕੇਤ ਕੀਤਾ ਹੈ। ਗੁਰੂ ਰਾਮਦਾਸ ਫੁਰਮਾਉਂਦੇ ਹਨ ਕਿ ਜਿਹੜੇ ਮਨੁੱਖ ਗੁਰੂ ਦੇ ਸਨਮੁਖ ਹੋ ਕੇ ਚੱਲਦੇ ਹਨ, ਉਨ੍ਹਾਂ ਦਾ ਮਨ ਅਤੇ ਤਨ-ਦੋਵੇਂ ਗੁਣਾਂ ਦੇ ਖ਼ਜ਼ਾਨੇ ਅਕਾਲ ਪੁਰਖ ਦੇ ਪ੍ਰੇਮ ਵਿਚ ਰੰਗਿਆ ਜਾਂਦਾ ਹੈ। ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਜਿਸ ਜੀਵ ਨੂੰ ਗੁਰੂ ਦੀ ਥਾਪਣਾ ਮਿਲ ਜਾਂਦੀ ਹੈ, ਅਕਾਲ ਪੁਰਖ ਦੀ ਸ਼ਰਨ ਆਏ ਹੋਏ ਉਸ ਮਨੁੱਖ ਨੂੰ ਅਕਾਲ ਪੁਰਖ ਆਪਣੇ ਨਾਲ ਮਿਲਾ ਲੈਂਦਾ ਹੈ। ਭਾਵ ਗੁਰੂ ਰਾਹੀਂ ਮਨੁੱਖ ਨੂੰ ਪਰਮ ਜੋਤਿ ਦੇ ਦਰਵਾਜ਼ੇ ਦਾ ਪਤਾ ਲੱਗਦਾ ਹੈ, ਉਸ ਨੂੰ ਵਹਿਗੁਰੂ ਦੀ ਸ਼ਰਨ ਪ੍ਰਾਪਤ ਹੁੰਦੀ ਹੈ ਅਤੇ ਹਰਿ ਦੀ ਮਿਹਰ ਨਾਲ ਉਸ ਨੂੰ ਹਰਿ ਨਾਲ ਮਿਲਾਪ ਪ੍ਰਾਪਤ ਹੋ ਜਾਂਦਾ ਹੈ,

ਮਨੁ ਤਨੁ ਰਤਾ ਰੰਗ ਸਿਉ
ਗੁਰਮੁਖਿ ਹਰਿ ਗੁਣਤਾਸੁ॥
ਜਨ ਨਾਨਕ ਹਰਿ ਸਰਣਾਗਤੀ
ਹਰਿ ਮੇਲੇ ਗੁਰ ਸਾਬਾਸਿ॥੨॥
(ਪੰਨਾ ੩੦੧)

ਇਸ ਤੋਂ ਅੱਗੇ ਪਉੜੀ ਵਿਚ ਦੱਸਿਆ ਹੈ ਕਿ ਉਹ ਸਿਰਜਣਹਾਰ ਅਕਾਲ ਪੁਰਖ ਹਰ ਥਾਂ ਸਮਾਇਆ ਹੋਇਆ ਹੈ ਅਤੇ ਫਿਰ ਵੀ ਪਹੁੰਚ ਤੋਂ ਪਰੇ ਹੈ। ਇਸ ਲਈ ਉਸ ਦੀ ਤੁਲਨਾ ਕਿਸੇ ਨਾਲ ਨਹੀਂ ਕੀਤੀ ਜਾ ਸਕਦੀ। ਜੇ ਕੋਈ ਹੋਰ ਹਸਤੀ ਉਸ ਦੇ ਬਰਾਬਰ ਹੋਵੇ, ਉਸ ਜਿੱਡੀ ਹੋਵੇ ਤਾਂ ਹੀ ਕਿਸੇ ਹੋਰ ਦਾ ਨਾਮ ਲਿਆ ਜਾ ਸਕਦਾ ਹੈ ਪਰ ਉਸ ਦੇ ਬਰਾਬਰ ਹੋਰ ਕੋਈ ਨਹੀਂ, ਇਸ ਲਈ ਉਸ ਨੂੰ ਉਸ ਵਰਗਾ ਹੀ ਕਿਹਾ ਜਾ ਸਕਦਾ ਹੈ। ਉਹ ਸ੍ਰਿਸ਼ਟੀ ਦੀ ਹਰ ਰਚਨਾ ਵਿਚ, ਹਰ ਇੱਕ ਸਰੀਰ ਵਿਚ ਵਿਆਪਕ ਹੈ ਪਰ ਉਸ ਦੀ ਵਿਆਪਕਤਾ ਦਾ ਪਤਾ ਉਨ੍ਹਾਂ ਨੂੰ ਲੱਗਦਾ ਹੈ ਜੋ ਸਤਿਗੁਰੂ ਵੱਲ ਆਪਣਾ ਮੁੱਖ ਰੱਖਦੇ ਹਨ ਅਰਥਾਤ ਉਸ ਦੀ ਵਿਆਪਕਤਾ ਦਾ ਅਨੁਭਵ ਮਨੁੱਖ ਆਪਣੇ ਅੰਦਰ ਗੁਰੂ ਦੇ ਦੱਸੇ ਰਸਤੇ 'ਤੇ ਚੱਲ ਕੇ ਹੀ ਕਰ ਸਕਦਾ ਹੈ। ਉਹ ਸਦੀਵੀ ਸੱਚਾ, ਹਰ ਸਮੇਂ ਵਿਚ ਵਿਆਪਕ ਅਕਾਲ ਪੁਰਖ ਸਭ ਦਾ ਮਾਲਕ ਹੈ ਅਤੇ ਸਭ ਤੋਂ ਉਤਮ ਅਤੇ ਸੁੰਦਰ ਹੈ। ਜੇ ਮਨੁੱਖ ਨੂੰ ਇਸ ਗੱਲ ਦਾ ਅਨੁਭਵ ਹੋ ਜਾਵੇ ਕਿ ਉਹ ਅਕਾਲ ਪੁਰਖ ਜੋ ਵੀ ਕਰਦਾ ਹੈ, ਉਹ ਹੀ ਹੁੰਦਾ ਹੈ, ਫਿਰ ਮਨੁੱਖ ਨੂੰ ਝੋਰਾ ਕਿਉਂ ਲੱਗੇ?

ਤੂ ਕਰਤਾ ਪੁਰਖੁ ਅਗੰਮੁ ਹੈ
ਕਿਸੁ ਨਾਲਿ ਤੂ ਵੜੀਐ॥
ਤੁਧੁ ਜੇਵਡੁ ਹੋਇ ਸੁ ਆਖੀਐ
ਤੁਧੁ ਜੇਹਾ ਤੂਹੈ ਪੜੀਐ॥
ਤੂ ਘਟਿ ਘਟਿ ਇਕੁ ਵਰਤਦਾ
ਗੁਰਮੁਖਿ ਪਰਗੜੀਐ॥
ਤੂ ਸਚਾ ਸਭਸ ਦਾ ਖਸਮੁ ਹੈ
ਸਭ ਦੂ ਤੂ ਚੜੀਐ॥
ਤੂ ਕਰਹਿ ਸੁ ਸਚੇ ਹੋਇਸੀ
ਤਾ ਕਾਇਤੁ ਕੜੀਐ॥੩॥ (ਪੰਨਾ ੩੦੧)

ਅੱਗੇ ਸਲੋਕ ਵਿਚ ਗੁਰੂ ਰਾਮਦਾਸ ਸਾਹਿਬ ਫੁਰਮਾਉਂਦੇ ਹਨ ਕਿ ਮੇਰੇ ਮਨ ਅਤੇ ਤਨ ਵਿਚ ਉਸ ਅਕਾਲ ਪੁਰਖ ਦਾ ਪ੍ਰੇਮ ਹੈ ਅਤੇ ਮੇਰਾ ਮਨ ਇਹ ਚਾਹੁੰਦਾ ਹੈ ਕਿ ਸਾਰਾ ਸਮਾਂ ਅਰਥਾਤ ਅੱਠੇ ਪਹਿਰ ਉਸ ਦੇ ਪ੍ਰੇਮ ਰੰਗ ਵਿਚ ਹੀ ਗੁਜ਼ਰ ਜਾਣ। ਗੁਰੂ ਸਾਹਿਬ ਦੱਸਦੇ ਹਨ ਕਿ ਜਿਨ੍ਹਾਂ ਮਨੁੱਖਾਂ 'ਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ, ਉਹ ਸਦਾ ਹੀ ਸਤਿਗੁਰ ਦੇ ਬਖਸ਼ੇ ਹੋਏ ਸੁੱਖ ਵਿਚ ਵੱਸਦੇ ਹਨ,

ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ
ਅਠੇ ਪਹਰ ਲਗੰਨਿ॥
ਜਨ ਨਾਨਕ ਕਿਰਪਾ ਧਾਰਿ ਪ੍ਰਭ
ਸਤਿਗੁਰ ਸੁਖ ਵਸੰਨਿ॥੧॥

ਗੁਰੂ ਸਾਹਿਬ ਰੱਬ ਦੇ ਪਿਆਰਿਆਂ ਦੇ ਅੰਦਰ ਉਸ ਦੇ ਵੱਸ ਰਹੇ ਪ੍ਰੇਮ ਦੀ ਗੱਲ ਕਰਦੇ ਹੋਏ ਹੋਰ ਦੱਸਦੇ ਹਨ ਕਿ ਜਿਨ੍ਹਾਂ ਦੇ ਮਨ ਅੰਦਰ ਉਸ ਦੀ ਪ੍ਰੀਤ ਹੈ, ਉਹ ਜਿਸ ਤਰ੍ਹਾਂ ਵੀ ਬੋਲਦੇ ਹਨ, ਚੰਗੇ ਲੱਗਦੇ ਹਨ ਕਿਉਂਕਿ ਉਨ੍ਹਾਂ ਨੇ ਪਰਮਾਤਮ-ਪ੍ਰੇਮ ਦੀਆਂ ਹੀ ਗੱਲਾਂ ਕਰਨੀਆਂ ਹੁੰਦੀਆਂ ਹਨ। ਗੁਰੂ ਸਾਹਿਬ ਕਹਿੰਦੇ ਹਨ ਕਿ ਜਿਸ ਵਾਹਿਗੁਰੂ ਨੇ ਇਹ ਪ੍ਰੇਮ ਲਾਇਆ ਹੈ, ਉਹ ਆਪ ਹੀ ਇਸ ਨੂੰ ਜਾਣਦਾ ਹੈ,

ਜਿਨ ਅੰਦਰਿ ਪ੍ਰੀਤਿ ਪਿਰੰਮ ਕੀ
ਜਿਉ ਬੋਲਨਿ ਤਿਵੈ ਸੋਹੰਨਿ॥
ਨਾਨਕ ਹਰਿ ਆਪੇ ਜਾਣਦਾ
ਜਿਨਿ ਲਾਈ ਪ੍ਰੀਤਿ ਪਿਰੰਨਿ॥੨॥
(ਪੰਨਾ ੩੦੧)

## ਹਰਿ ਕਾ ਸੰਤੁ ਪਰਾਨ ਧਨ...

ਗੁਰਬਾਣੀ ਗਿਆਨ

**ਸੂਹੀ ਮਹਲਾ ੫**
ਹਰਿ ਕਾ ਸੰਤੁ ਪਰਾਨ ਧਨ
ਤਿਸ ਕਾ ਪਨਿਹਾਰਾ॥
ਭਾਈ ਮੀਤ ਸੁਤ ਸਗਲ ਤੇ
ਜੀਅ ਹੂੰ ਤੇ ਪਿਆਰਾ॥੧॥ ਰਹਾਉ॥
ਕੇਸਾ ਕਾ ਕਰਿ ਬੀਜਨਾ
ਸੰਤ ਚਉਰੁ ਢੁਲਾਵਉ॥
ਸੀਸੁ ਨਿਹਾਰਉ ਚਰਣ ਤਲਿ
ਧੂਰਿ ਮੁਖਿ ਲਾਵਉ॥੧॥
ਮਿਸਟ ਬਚਨ ਬੇਨਤੀ ਕਰਉ
ਦੀਨ ਕੀ ਨਿਆਈ॥
ਤਜਿ ਅਭਿਮਾਨੁ ਸਰਣੀ ਪਰਉ
ਹਰਿ ਗੁਣ ਨਿਧਿ ਪਾਈ॥੨॥
ਅਵਲੋਕਨ ਪੁਨਹ ਪੁਨਹ ਕਰਉ
ਜਨ ਕਾ ਦਰਸਾਰੁ॥
ਅੰਮ੍ਰਿਤ ਬਚਨ ਮਨ ਮਹਿ ਸਿੰਚਉ
ਬੰਦਉ ਬਾਰ ਬਾਰ॥੩॥
ਚਿਤਵਉ ਮਨਿ ਆਸਾ ਕਰਉ
ਜਨ ਕਾ ਸੰਗੁ ਮਾਗਉ॥
ਨਾਨਕ ਕਉ ਪ੍ਰਭ ਦਇਆ ਕਰਿ
ਦਾਸ ਚਰਣੀ ਲਾਗਉ॥੪॥

ਗੁਰੂ ਅਰਜਨ ਦੇਵ ਜੀ ਸੰਸਾਰ ਦੇ ਜੀਵਾਂ ਨੂੰ ਪ੍ਰਭੂ ਅਤੇ ਪ੍ਰਭੂ ਦੇ ਪਿਆਰਿਆਂ ਦੇ ਪਿਆਰ ਵਿਚ ਸਮਰਪਿਤ ਹੋਣ ਲਈ ਉਪਦੇਸ਼ ਕਰਦੇ ਹਨ, ਹਰਿ ਕਾ ਸੰਤੁ ਪਰਾਨ ਧਨ ਤਿਸ ਕਾ ਪਨਿਹਾਰਾ, ਹੇ ਭਾਈ! ਜਿਹੜਾ ਜੀਵ ਉਸ ਮਿਹਰਵਾਨ ਪ੍ਰਭੂ ਦੀ ਭਗਤੀ ਕਰਨ ਵਾਲਾ ਹੈ, ਜੇ ਪ੍ਰਭੂ ਮਿਹਰ ਕਰੇ ਤਾਂ ਮੈਂ ਆਪਣੇ ਪ੍ਰਾਣ, ਆਪਣਾ ਧਨ, ਉਸ ਪਿਆਰੇ ਨੂੰ ਅਰਪਣ ਕਰ ਦੇਵਾਂ, ਤੇ ਉਸ ਦਾ ਪਾਣੀ ਭਰਨ ਵਾਲਾ ਪਨਿਹਾਰਾ ਬਣ ਜਾਵਾਂ; ਉਸ ਪ੍ਰਭੂ ਦੇ ਪਿਆਰੇ ਨੂੰ ਮੈਂ ਆਪਣੇ ਭਰਾਵਾਂ, ਮਿੱਤਰਾਂ, ਪੁੱਤਰਾਂ ਅਤੇ ਆਪਣੀ ਜਿੰਦ ਜਾਨ ਨਾਲੋਂ ਵੀ ਵੱਧ ਪਿਆਰ ਕਰਾਂ।

ਕੇਸਾ ਕਾ ਕਰਿ ਬੀਜਨਾ
ਸੰਤ ਚਉਰੁ ਢੁਲਾਵਉ॥
ਸੀਸੁ ਨਿਹਾਰਉ ਚਰਣ ਤਲਿ
ਧੂਰਿ ਮੁਖਿ ਲਾਵਉ॥੧॥

ਗੁਰਦੇਵ ਜੀ ਆਖਦੇ ਹਨ, ਹੇ ਭਾਈ! ਜੇ ਪ੍ਰਭੂ ਦੀ ਮਿਹਰ ਹੋਵੇ ਤਾਂ ਮੈਂ ਉਸ ਪ੍ਰਭੂ ਦੇ ਪਿਆਰੇ ਸੰਤ ਜਨ ਨੂੰ ਆਪਣੇ ਕੇਸਾਂ ਦਾ ਬੀਜਨਾ, ਭਾਵ ਪੱਖਾ ਬਣਾ ਕੇ ਚੌਰ ਕਰਦਾ ਰਵਾਂ; ਮੈਂ ਉਸ ਮਿਹਰਵਾਨ ਪ੍ਰਭੂ ਦੇ ਪਿਆਰੇ ਜਨ ਦੇ ਬਚਨਾਂ ਨੂੰ ਆਪਣਾ ਸਿਰ ਝੁਕਾ ਕੇ ਮੰਨਾਂ, ਉਸ ਦੇ ਬਚਨਾਂ ਦਾ ਪਾਲਣ ਕਰਾਂ ਅਤੇ ਉਸ ਦੀ ਚਰਨ ਧੂੜੀ ਲੈ ਕੇ ਆਪਣੇ ਮੱਥੇ 'ਤੇ ਲਾਵਾਂ ਅਤੇ ਆਪਣਾ ਜੀਵਨ ਉਸ ਦੇ ਅਰਪਣ ਕਰ ਦਿਆਂ।

ਮਿਸਟ ਬਚਨ ਬੇਨਤੀ ਕਰਉ
ਦੀਨ ਕੀ ਨਿਆਈ॥
ਤਜਿ ਅਭਿਮਾਨੁ ਸਰਣੀ ਪਰਉ
ਹਰਿ ਗੁਣ ਨਿਧਿ ਪਾਈ॥੨॥

ਗੁਰਦੇਵ ਪਿਤਾ ਜੀਵ ਨੂੰ ਹਉਮੈ ਅਤੇ ਹੰਕਾਰ ਛੱਡ ਕੇ ਨਿਮਰਤਾ ਵਲ ਆਉਣ ਦੀ ਪ੍ਰੇਰਨਾ ਦਿੰਦੇ ਹਨ। ਹੇ ਭਾਈ! ਜੇ ਮਾਲਕ ਕ੍ਰਿਪਾ ਕਰੇ ਤਾਂ ਮੈਂ ਦੀਨ ਨਿਮਾਣਾ ਬਣ ਕੇ ਉਸ ਪ੍ਰਭੂ ਪਿਆਰੇ ਦੇ ਅੱਗੇ ਮਿਸਟ, ਭਾਵ ਮਿੱਠੇ ਬੋਲ ਬੋਲ ਕੇ ਬੇਨਤੀ ਕਰਦਾ ਰਵਾਂ; ਹੇ ਭਾਈ! ਮੈਂ ਆਪਣਾ ਸਾਰਾ ਹੰਕਾਰ ਛੱਡ ਕੇ ਉਸ ਪਿਆਰੇ ਦੀ ਸ਼ਰਨ ਵਿਚ ਹੀ ਪਿਆ ਰਵਾਂ ਅਤੇ ਉਸ ਕੋਲੋਂ ਗੁਣਾਂ ਦੇ ਖਜ਼ਾਨੇ ਪ੍ਰਭੂ ਦਾ ਮਿਲਾਪ ਹਾਸਲ ਕਰ ਲਵਾਂ।

ਅਵਲੋਕਨ ਪੁਨਹ ਪੁਨਹ ਕਰਉ
ਜਨ ਕਾ ਦਰਸਾਰੁ॥
ਅੰਮ੍ਰਿਤ ਬਚਨ ਮਨ ਮਹਿ ਸਿੰਚਉ
ਬੰਦਉ ਬਾਰ ਬਾਰ॥੩॥

ਗੁਰਦੇਵ ਬਖ਼ਸ਼ਿਸ਼ ਕਰਦੇ ਹਨ, ਹੇ ਭਾਈ! ਜੇ ਉਹ ਮਿਹਰਵਾਨ ਪ੍ਰਭੂ ਕ੍ਰਿਪਾ ਕਰ ਦੇਵੇ ਤਾਂ ਮੈਂ ਉਸ ਪ੍ਰਭੂ ਦੇ ਪਿਆਰੇ ਸੇਵਕ ਦੇ ਦੀਦਾਰ ਮੁੜ-ਮੁੜ ਕੇ ਕਰਦਾ ਰਵਾਂ ਅਤੇ ਆਪਣੇ ਮਨ ਨੂੰ ਤ੍ਰਿਪਤ ਕਰਦਾ ਰਵਾਂ; ਹੇ ਭਾਈ! ਜੇ ਮੇਰੇ ਪ੍ਰੀਤਮ ਪ੍ਰਭੂ ਦੀ ਮੇਰੇ 'ਤੇ ਕ੍ਰਿਪਾ ਹੋ ਜਾਵੇ ਤਾਂ ਮੈਂ ਉਸ ਪਿਆਰੇ ਦੇ ਅੰਮ੍ਰਿਤ ਰੂਪੀ ਬਚਨਾਂ ਦੇ ਜਲ ਨੂੰ ਆਪਣੇ ਮਨ ਵਿਚ ਸਿੰਜ ਕੇ ਵਾਰ-ਵਾਰ ਨਮਸਕਾਰ ਕਰਦਾ ਰਵਾਂ।

ਚਿਤਵਉ ਮਨਿ ਆਸਾ ਕਰਉ
ਜਨ ਕਾ ਸੰਗੁ ਮਾਗਉ॥
ਨਾਨਕ ਕਉ ਪ੍ਰਭ ਦਇਆ ਕਰਿ
ਦਾਸ ਚਰਣੀ ਲਾਗਉ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਪਿਤਾ ਮਿਹਰਵਾਨ ਪ੍ਰਭੂ ਅੱਗੇ ਅਰਦਾਸ ਕਰਦੇ ਹਨੁ, ਹੇ ਮੇਰੇ ਮਾਲਕ ਮੇਰੇ ਪ੍ਰੀਤਮ ਜੀਓ! ਮੇਰੇ 'ਤੇ ਮਿਹਰ ਦੀ ਨਜ਼ਰ ਕਰੋ, ਤਾਂ ਜੋ ਮੈਂ ਹਰ ਵੇਲੇ ਇਹੋ ਹੀ ਚਿਤਵਦਾ ਰਵਾਂ, ਤੇ ਆਪਣੇ ਮਨ ਵਿਚ ਇਹੋ ਹੀ ਆਸ ਕਰਦਾ ਰਵਾਂ; ਪ੍ਰਭ ਜੀਓ! ਮੈਂ ਸਦਾ ਹੀ ਤੇਰੇ ਕੋਲੋਂ ਤੇਰੇ ਪਿਆਰੇ ਜਨ ਦਾ ਸਾਥ ਮੰਗਦਾ ਰਵਾਂ। ਇਸ ਨਾਨਕ ਉਤੇ ਆਪਣੀ ਮਿਹਰ ਕਰੋ ਕਿ ਮੈਂ ਤੇਰੇ ਪਿਆਰਿਆਂ ਦਾਸਾਂ ਦੇ ਸਦਾ ਚਰਨੀਂ ਲੱਗਾ ਰਵਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਵਿਚਾਰ-ਚਰਚਾ

# ਮਾਰਕਸ ਦੀ ਮਨੁੱਖ ਜਾਤੀ ਨੂੰ ਅਸਲੀ ਦੇਣ

***ਸੰਸਾਰ ਦਾ ਮੁਹਾਣ ਮੋੜਨ ਦੀ ਸਮਰੱਥਾ ਵਾਲੇ ਵਿਦਵਾਨ ਕਾਰਲ ਮਾਰਕਸ ਬਾਰੇ ਪ੍ਰੋ. ਹਰਪਾਲ ਸਿੰਘ ਪੰਨੂ ਦਾ ਲੰਮਾ ਲੇਖ 'ਕਾਰਲ ਮਾਰਕਸ ਦੀ ਜੀਵਨ ਕਹਾਣੀ' ਪੰਜ ਕਿਸ਼ਤਾਂ ਵਿਚ ਛਾਪਿਆ ਸੀ ਜਿਸ ਵਿਚ ਮਾਰਕਸ ਅਤੇ ਉਸ ਦੇ ਸਾਥੀ ਫਰੈਡਰਿਕ ਏਂਗਲਜ ਤੋਂ ਇਲਾਵਾ ਪਰਿਵਾਰ ਦੇ ਹੋਰ ਜੀਆਂ ਬਾਰੇ ਚਰਚਾ ਕੀਤੀ ਗਈ ਸੀ। ਇਸ ਲੇਖ ਲੜੀ ਬਾਰੇ ਸ. ਗੁਰਬਚਨ ਸਿੰਘ ਨੇ ਸਾਨੂੰ ਆਪਣੀ ਟਿੱਪਣੀ ਭੇਜੀ ਹੈ ਜੋ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਸ. ਗੁਰਬਚਨ ਸਿੰਘ ਉਨ੍ਹਾਂ ਵਿਦਵਾਨਾਂ ਵਿਚੋਂ ਹਨ ਜਿਹੜੇ ਮਾਰਕਸਵਾਦ ਅਤੇ ਸਿੱਖੀ ਦੇ ਸੁਮੇਲ ਨੂੰ ਲੋਕਾਈ ਦੀ ਭਲਾਈ ਸਮਝਦੇ ਹਨ। ਪਿੱਛੇ ਜਿਹੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਬਾਬਤ ਉਨ੍ਹਾਂ ਦੀ ਕਿਤਾਬ 'ਸੰਤ ਭਿੰਡਰਾਂਵਾਲੇ ਤੇ ਖਾਲਿਸਤਾਨੀ ਲਹਿਰ' ਛਪੀ ਸੀ। ਇਸ ਵਿਚ ਵੀ ਉਨ੍ਹਾਂ ਸਿੱਖ ਧਰਮ ਸ਼ਾਸਤਰ, ਦਰਸ਼ਨ ਅਤੇ ਮਰਕਸਵਾਦ ਦੇ ਦ੍ਰਿਸ਼ਟੀਕੋਣ ਤੋਂ ਆਪਣੀਆਂ ਗੱਲਾਂ ਰੱਖੀਆਂ ਸਨ।-ਸੰਪਾਦਕ***

ਪ੍ਰੋ. ਹਰਪਾਲ ਸਿੰਘ ਪੰਨੂ ਦੀ ਲਿਖਤ 'ਕਾਰਲ ਮਾਰਕਸ ਦੀ ਜੀਵਨ ਕਹਾਣੀ' ਬੜੀ ਦਿਲਚਸਪੀ ਨਾਲ ਪੜ੍ਹੀ। ਅਰੰਭ ਤੋਂ ਲੈ ਕੇ ਅਖੀਰ ਤਕ ਲਿਖਤ ਵਿਚ ਪੜ੍ਹਨ ਦੀ ਜਿਗਿਆਸਾ ਬਣੀ ਰਹੀ। ਉਂਜ ਸਾਰੀ ਲਿਖਤ ਪੜ੍ਹ ਕੇ ਜਾਪਿਆ ਕਿ ਜੇ ਪ੍ਰੋ. ਪੰਨੂ ਇਸ ਲਿਖਤ ਦੇ ਅਖੀਰ ਵਿਚ ਪਹੁੰਚੇ ਸਿੱਟੇ ਤੋਂ ਆਪਣੀ ਇਸ ਲਿਖਤ ਦਾ ਅਰੰਭ ਕਰਦੇ ਤਾਂ ਸ਼ਾਇਦ ਉਹ ਮੌਜੂਦਾ ਆਲਮੀ ਕਮਿਊਨਿਸਟ ਲਹਿਰ ਨੂੰ ਦਰਪੇਸ਼ ਬੜੀ ਵੱਡੀ ਉਲਝਣ ਵਿਚੋਂ ਕੱਢਣ ਦਾ ਸਬੱਬ ਬਣਦੇ ਅਤੇ ਜੇ ਉਹ ਇਉਂ ਕਰਦੇ ਤਾਂ ਯਕੀਨਨ ਕਾਰਲ ਮਾਰਕਸ ਵੱਲੋਂ ਮਨੁੱਖ ਜਾਤੀ ਨੂੰ ਦਿੱਤੀ ਗਈ ਮਹਾਨ ਦੇਣ ਨੂੰ ਹੋਰ ਵੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰ ਸਕਦੇ।



ਪ੍ਰੋ. ਪੰਨੂ ਆਪਣੀ ਲਿਖਤ ਦੇ ਅਖੀਰ ਵਿਚ ਇਸ ਸਿੱਟੇ ਉਤੇ ਪਹੁੰਚੇ ਹਨ, "ਬੁੱਧ, ਯਸੂ ਮਸੀਹ ਅਤੇ ਹਜ਼ਰਤ ਮੁਹੰਮਦ ਤੋਂ ਬਾਅਦ ਦੁਨੀਆਂ ਜਿਸ ਤੋਂ ਪ੍ਰਭਾਵਿਤ ਹੋਈ, ਉਹ ਕਾਰਲ ਮਾਰਕਸ ਹੈ।...ਈਸਾ ਤੇ ਬੁੱਧ ਤੋਂ ਲੈ ਕੇ ਸਿੱਖ ਗੁਰੂ ਸਾਹਿਬਾਨ, ਹਰ ਪੈਗੰਬਰ ਨੇ ਦੁਨਿਆਵੀ ਮਾਇਆ ਦੀ ਹੋੜ ਨੂੰ ਇਨਸਾਨੀ ਸ਼ਖਸੀਅਤ ਦੇ ਰੂਹਾਨੀ ਵਿਕਾਸ ਲਈ ਸਭ ਤੋਂ ਵੱਡਾ ਰੋੜਾ ਮੰਨਿਆ ਹੈ।...ਮਾਇਆ ਦੇ ਜਾਲ ਵਿਚੋਂ ਆਦਮੀ ਕਿੰਜ ਮੁਕਤ ਹੋਵੇ, ਕਾਰਲ ਮਾਰਕਸ ਦਾ ਇਹੋ ਕੇਂਦਰੀ ਸਰੋਕਾਰ ਸੀ।"

**ਗੁਰਬਚਨ ਸਿੰਘ**
**ਫੋਨ: 91-98156-98451**

ਕਾਰਲ ਮਾਰਕਸ ਦੀ ਇਹੀ ਪ੍ਰਤਿਭਾ ਸੀ ਕਿ ਉਸ ਨੇ 'ਮਾਇਆ' ਦੇ ਦੋਵੇਂ-ਆਤਮਿਕ ਤੇ ਭੌਤਿਕ ਪੱਖਾਂ ਦੀ ਪਛਾਣ ਕੀਤੀ ਅਤੇ ਇਸ ਦੇ ਭੌਤਿਕ ਪੱਖ ਦੇ ਅਜੋਕੇ ਰੂਪ 'ਪੂੰਜੀ' ਦੀ ਬਣਤਰ ਦੇ ਵਜੂਦ ਸਮੋਈਆਂ ਅਲਾਮਤਾਂ (ਵਿਰੋਧਤਾਈਆਂ) ਦੀ ਜਾਣਕਾਰੀ ਦਿੱਤੀ। ਮਨੁੱਖ ਜਾਤੀ ਦੇ ਭਵਿਖ ਉਤੇ ਇਨ੍ਹਾਂ ਅਲਾਮਤਾਂ ਦੇ ਪੈਣ ਵਾਲੇ ਖਤਰਨਾਕ ਪ੍ਰਭਾਵਾਂ ਦੀ ਬੜੀ ਸਪਸ਼ਟ ਨਿਸ਼ਾਨਦੇਹੀ ਕੀਤੀ। ਮਾਰਕਸ ਨੇ ਨਾ ਸਿਰਫ ਪੂੰਜੀ ਦੇ ਵਜੂਦ ਸਮੋਈਆਂ ਅਲਾਮਤਾਂ ਦੀ ਜਾਣਕਾਰੀ ਦਿਤੀ, ਸਗੋਂ ਮਾਇਆ ਦੀ ਇਸ ਹੋੜ ਤੋਂ ਸਦਾ-ਸਦਾ ਲਈ ਖਹਿੜਾ ਛੁਡਾਉਣ ਦਾ ਰਾਹ ਦੱਸਿਆ। ਇਹ ਰਾਹ ਮਾਰਕਸ ਦੀ ਕਿਸੇ ਖਿਆਲੀ ਕਲਪਨਾ ਵਿਚੋਂ ਨਹੀਂ ਸੀ ਨਿਕਲਿਆ, ਸਗੋਂ ਜ਼ਮੀਨੀ ਹਕੀਕਤਾਂ ਉਤੇ ਆਧਾਰਤ ਸੀ ਅਤੇ ਉਦੋਂ ਤਕ ਹੋ ਚੁੱਕੇ ਸਾਰੇ ਪੈਗੰਬਰਾਂ ਵੱਲੋਂ ਦਿੱਤੇ ਗਏ ਆਤਮਿਕ ਗਿਆਨ ਨੂੰ ਆਪਣੇ ਆਤਮ ਵਿਚ ਸਮੇਟ ਕੇ, ਉਸ ਦਾ ਕੀਤਾ ਗਿਆ ਵਿਸਥਾਰ ਸੀ। ਮਾਰਕਸ ਨੇ ਆਪਣੇ ਤੋਂ ਪਹਿਲੇ ਧਰਮਾਂ ਵਿਚਲੇ ਫਲਸਫੇ ਦੀ ਪੜਚੋਲ ਕੀਤੀ ਅਤੇ ਉਸ ਫਲਸਫੇ ਦਾ ਹੋਰ ਵਿਸਥਾਰ ਕੀਤਾ। ਇਸੇ ਮੌਲਿਕ ਆਧਾਰ ਉਤੇ ਉਸ ਨੇ ਸਗਲ ਮਨੁੱਖ ਜਾਤੀ ਨੂੰ ਇਸ 'ਮਾਇਆ ਦੀ ਹੋੜ' ਤੋਂ ਆਪਣੀ ਮੁਕਤੀ ਦਾ ਰਾਹ ਦੱਸਿਆ ਤਾਂ ਕਿ ਮਨੁੱਖ ਜਾਤੀ ਸਦਾ-ਸਦਾ ਲਈ ਇਸ ਹੋੜ ਤੋਂ ਖਹਿੜਾ ਛੁਡਾ ਕੇ ਰੂਹਾਨੀ ਆਜ਼ਾਦੀ ਦੀ ਆਪਣੀ ਮੰਜ਼ਿਲ ਨੂੰ ਪ੍ਰਾਪਤ ਕਰ ਸਕੇ।

ਪ੍ਰੋ. ਪੰਨੂ ਨੇ ਆਪਣੀ ਇਸ ਲਿਖਤ ਦੇ ਸ਼ੁਰੂ ਵਿਚ ਹੀ ਇਹ ਜਾਣਕਾਰੀ ਦਿੱਤੀ ਹੈ ਕਿ ਮਾਰਕਸ ਯੂਰਪ ਦੇ ਉਸ ਦੌਰ ਦੀ ਪੈਦਾਵਾਰ ਹੈ, ਜਦੋਂ ਫਿਲਾਸਫਰ ਇਮੈਨੂਅਲ ਕਾਂਤ ਨੇ ਇਹ ਐਲਾਨ ਕਰ ਦਿੱਤਾ ਸੀ, "ਜਿਹੜਾ ਬੰਦਾ ਦੂਜੇ ਬੰਦੇ ਉਪਰ ਨਿਰਭਰ ਹੈ, ਉਹ ਬੰਦਾ ਨਹੀਂ, ਉਹ ਤਾਂ ਦੂਜੇ ਦੀ ਜਾਇਦਾਦ ਹੈ। ਔਰਤ ਮਰਦ ਦੀ ਗੁਲਾਮ ਨਹੀਂ ਅਤੇ ਮਨੁੱਖਤਾ ਕਿਸੇ ਵੀ ਸ਼ਰਤ ਵਿਚ ਰਾਜੇ ਦੀ ਗੁਲਾਮ ਨਹੀਂ। ਰਾਜੇ ਦਾ ਐਲਾਨ ਕਿ ਉਹ ਰੱਬ ਦਾ ਦੂਤ ਹੈ, ਬਕਵਾਸ ਹੈ।" ਉਨ੍ਹਾਂ ਇਹ ਜਾਣਕਾਰੀ ਵੀ ਦਿੱਤੀ ਹੈ ਕਿ "ਹੇਗਲ ਦੇ ਫਲਸਫੇ ਨਾਲ ਯੂਰਪ ਹਿੱਲ ਗਿਆ ਸੀ, ਜਵਾਨੀ ਸੋਚਣ ਲੱਗ ਪਈ ਸੀ ਕਿ ਹੇਗਲ ਦਾ ਕਿਹਾ-ਤਬਦੀਲੀ ਯਕੀਨੀ ਹੈ, ਸੱਚ ਹੋਵੇਗਾ, ਨਿਰੰਕੁਸ਼ ਬਾਦਸ਼ਾਹਾਂ ਤੋਂ ਖਹਿੜਾ ਛੁੱਟੇਗਾ।"

ਹੁਣ ਜਾਣਨ ਵਾਲਾ ਨੁਕਤਾ ਇਹ ਸੀ ਕਿ ਹੇਗਲ ਦੇ ਜਿਹੜੇ ਫਲਸਫੇ ਨੇ ਯੂਰਪ ਨੂੰ ਹਿਲਾ ਦਿਤਾ, ਮਾਰਕਸ ਨੇ ਇਸ ਫਲਸਫੇ ਵਿਚ ਕੀ ਮੌਲਿਕ ਵਾਧਾ ਕੀਤਾ ਜਿਸ ਨੇ ਉਸ ਨੂੰ ਬੁਧ, ਯਸੂ ਮਸੀਹ ਅਤੇ ਹਜ਼ਰਤ ਮੁਹੰਮਦ ਸਾਹਿਬ ਤੋਂ ਬਾਅਦ ਦੁਨੀਆਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਨ ਵਾਲਾ ਮਨੁੱਖ ਬਣਾ ਦਿਤਾ। ਜੇ ਪ੍ਰੋ. ਪੰਨੂ ਹੇਗਲ ਤੇ ਮਾਰਕਸ ਦੇ ਫਲਸਫੇ ਦੀ ਸਾਂਝ ਤੇ ਨਿਖੇੜੇ ਦੇ ਪੱਖਾਂ ਨੂੰ ਜਾਣਨ ਦੀ ਕੋਸ਼ਿਸ਼ ਕਰਦੇ ਤਾਂ ਉਨ੍ਹਾਂ ਨੂੰ ਮਾਰਕਸ ਵੱਲੋਂ ਮਨੁੱਖ ਜਾਤੀ ਨੂੰ ਦਿੱਤੀ ਗਈ ਇਸ ਮੌਲਿਕ ਦੇਣ ਦੀ ਜਾਣਕਾਰੀ ਮਿਲਣੀ ਸੀ। ਇਸ ਦੀ ਜਾਣਕਾਰੀ ਮਾਰਕਸ ਦੇ ਸਾਥੀ ਫਰੈਡਰਿਕ ਏਂਗਲਜ ਨੇ ਦਿੱਤੀ ਹੈ।

ਏਂਗਲਜ ਨੇ ਮਾਰਕਸ ਦੇ ਅਕਾਲ ਚਲਾਣੇ ਤੋਂ ਬਾਅਦ (1883) ਲਿਖੀ ਆਪਣੀ ਕਿਰਤ 'ਟਕਸਾਲੀ ਜਰਮਨ ਫਲਸਫੇ ਦਾ ਅੰਤ ਅਤੇ ਫਿਊਰਬਾਖ' ਵਿਚ ਹੇਗਲ ਤੇ ਫਿਊਰਬਾਖ ਦੇ ਪ੍ਰਸੰਗ ਵਿਚ ਮਾਰਕਸ ਦੀ ਦਿੱਤੀ ਇਸ ਮੌਲਿਕ ਦੇਣ ਦੀ ਬੜੀ ਵਿਸਥਾਰੀ ਚਰਚਾ ਕੀਤੀ ਹੈ। ਉਸ ਨੇ ਇਹ ਜਾਣਕਾਰੀ ਵੀ ਦਿੱਤੀ ਹੈ ਕਿ ਮਾਰਕਸ ਦੀ ਇਹ ਮੌਲਿਕ ਦੇਣ ਹੇਗਲ ਅਤੇ ਫਿਊਰਬਾਖ ਦੇ ਫਲਸਫੇ ਦੇ ਤੱਤ ਨੂੰ ਆਪਣੇ ਆਤਮ ਵਿਚ ਸਮੇਟ ਕੇ ਹੀ ਅੱਗੇ ਵਧੀ ਹੈ। ਇਸ ਕਿਰਤ ਦੀ ਭੂਮਿਕਾ ਵਿਚ ਹੀ ਉਸ ਨੇ ਇਹ ਜਾਣਕਾਰੀ ਦਿੱਤੀ ਹੈ ਕਿ "ਸਾਡੇ ਉਥਲ-ਪੁਥਲ ਅਤੇ ਸੰਘਰਸ਼ ਦੇ ਦੌਰ ਵਿਚ ਹੇਗਲ ਤੋਂ ਬਾਅਦ ਸਾਨੂੰ ਸਭ ਤੋਂ ਵਧ ਪ੍ਰਭਾਵਿਤ ਕਰਨ ਵਾਲੇ ਫਿਲਾਸਫਰ ਫਿਊਰਬਾਖ ਦੀ ਦੇਣ ਨੂੰ ਪ੍ਰਵਾਨ ਕਰਦੇ ਹੋਏ, ਮੈਨੂੰ ਜਾਪਿਆ ਕਿ ਉਸ ਦੀ ਦੇਣ ਦਾ ਕਰਜ਼ਾ ਅਜੇ ਤਕ ਮੋੜਿਆ ਨਹੀਂ ਗਿਆ।" ਅੱਗੇ ਜਾ ਕੇ ਇਸ ਲਿਖਤ ਵਿਚ ਸਪਸ਼ਟ ਕੀਤਾ ਗਿਆ ਹੈ, "ਹੇਗਲਵਾਦੀ ਪਰਪਾਟੀ ਦੇ ਗਿਆਨ ਨੂੰ ਆਤਮਸਾਤ ਕਰ ਕੇ ਇਕ ਹੋਰ ਝੁਕਾਅ ਪ੍ਰਗਟ ਹੋਇਆ, ਇਕੋ-ਇਕ ਝੁਕਾਅ ਜਿਸ ਨੇ ਅਸਲੀ ਫਲ ਦਿਤਾ, ਯਕੀਨਨ ਹੀ ਇਹ ਝੁਕਾਅ ਮਾਰਕਸ ਦੇ ਨਾਂ ਨਾਲ ਸਬੰਧਤ ਹੈ। ਹੇਗਲ ਨੂੰ ਮਹਿਜ ਇਕ ਪਾਸੇ ਹੀ ਨਹੀਂ ਰੱਖ ਦਿੱਤਾ ਗਿਆ, ਸਗੋਂ ਇਸ ਦੇ ਉਲਟ, ਉਸ ਦੇ ਇਨਕਲਾਬੀ ਪੱਖ 'ਦਵੰਦਵਾਦੀ ਢੰਗ' ਤੋਂ ਮੁੱਢ ਬੰਨ੍ਹਿਆ ਗਿਆ। ਇਸ ਢੰਗ ਨਾਲ ਇਕ ਵਾਰ ਫਿਰ ਹੇਗਲਵਾਦੀ ਫਿਲਾਸਫੀ ਦੇ ਇਨਕਲਾਬੀ ਪੱਖ ਨੂੰ ਬੁਲੰਦ ਕੀਤਾ ਗਿਆ ਅਤੇ ਨਾਲ ਹੀ ਉਸ ਨੂੰ ਆਦਰਸ਼ਵਾਦੀ ਬਾਹਰੀ ਲੱਗ-ਲਬੇੜ ਤੋਂ ਮੁਕਤ ਕਰਵਾਇਆ ਗਿਆ ਜਿਹੜਾ ਹੇਗਲਵਾਦੀ ਫਿਲਾਸਫੀ ਵਿਚ ਇਸ ਨੂੰ ਦ੍ਰਿੜ੍ਹਤਾ ਨਾਲ ਲਾਗੂ ਕਰਨ ਤੋਂ ਰੋਕਦਾ ਸੀ।"

ਧਰਮ ਬਾਰੇ ਮਾਰਕਸ ਦੇ ਹਵਾਲੇ ਨਾਲ ਪ੍ਰੋ. ਪੰਨੂ ਦੀ ਕੀਤੀ ਟਿੱਪਣੀ, "ਮੁਸੀਬਤ ਵਿਚ ਘਿਰੇ ਮਨੁੱਖ ਨੇ ਜਦੋਂ ਦੇਖਿਆ, ਉਹ ਸੰਸਾਰ ਨੂੰ ਬਦਲ ਨਹੀਂ ਸਕਦਾ, ਦੁੱਖ ਤੋਂ ਰਾਹਤ ਪਾਉਣ ਲਈ ਉਸ ਨੇ ਧਰਮ ਦੀ ਕਾਢ ਕੱਢੀ। ਧਰਮ ਦਰੜੇ ਹੋਏ ਮਨੁੱਖ ਦਾ ਹਉਕਾ ਹੈ, ਦੱਬੇ ਲੋਕਾਂ ਵਾਸਤੇ ਅਫੀਮ ਹੈ", ਵਿਚੋਂ ਗੰਭੀਰਤਾ ਦੀ ਘਾਟ ਰੜਕਦੀ ਹੈ। ਏਡਾ ਯੁਗ ਪਲਟਾਊ ਫਿਲਾਸਫਰ ਕਦੀ ਵੀ ਧਰਮ ਬਾਰੇ ਇਹੋ ਜਿਹੇ ਹਲਕੇ ਪੱਧਰ ਦੀ ਟਿੱਪਣੀ ਨਹੀਂ ਸੀ ਕਰ ਸਕਦਾ। ਇਸ ਬਾਰੇ ਇਥੇ ਦੋ ਸੰਖੇਪ ਨੁਕਤੇ ਸਾਂਝੇ ਕਰਨੇ ਜ਼ਰੂਰੀ ਹਨ। ਪਹਿਲਾ, ਉਨ੍ਹਾਂ ਦੀ ਮਾਰਕਸ ਦੇ ਹਵਾਲੇ ਨਾਲ ਕੀਤੀ ਗਈ ਇਹ ਟਿੱਪਣੀ ਮਾਰਕਸ ਦੀ ਮੌਲਿਕ ਟੂਕ ਦਾ ਅਧੂਰਾ ਰੂਪ ਹੈ ਅਤੇ ਦੂਜਾ ਨੁਕਤਾ ਮਾਰਕਸ-ਏਂਗਲਜ ਨੇ ਧਰਮ ਬਾਰੇ ਬਹੁਤ ਭਰਵੀਂ ਤੇ ਬੜੀ ਗੰਭੀਰ ਪੜਚੋਲ ਕੀਤੀ ਹੈ।


ਪ੍ਰੋ. ਪੰਨੂ ਨੇ ਧਰਮ ਬਾਰੇ ਮਾਰਕਸ ਦੀ ਜਿਹੜੀ ਟੂਕ ਦਾ ਜ਼ਿਕਰ ਕੀਤਾ ਹੈ, ਉਸ ਦਾ ਮੌਲਿਕ ਰੂਪ ਇਸ ਤਰ੍ਹਾਂ ਹੈ, "ਧਰਮ ਪੀੜਤ ਪ੍ਰਾਣੀ ਦਾ ਇਕ ਹਉਕਾ ਹੈ, ਇਕ ਨਿਰਦਈ ਸੰਸਾਰ ਦਾ ਦਿਲ ਹੈ ਅਤੇ ਰੂਹ-ਵਿਹੂਣੇ ਮਾਹੌਲ ਦੀ ਰੂਹ ਹੈ। ਇਹ ਲੋਕਾਂ ਦੀ ਅਫੀਮ ਹੈ।"

'ਇਹ ਲੋਕਾਂ ਦੀ ਅਫੀਮ ਹੈ' ਦੇ ਮੁਹਾਵਰੇ ਨੂੰ ਹੋਰ ਸਪਸ਼ਟ ਕਰਨ ਲਈ ਇਸ ਲਿਖਤ ਦੇ ਹੇਠਾਂ ਹੀ ਇਕ ਵਿਸ਼ੇਸ਼ ਨੋਟ ਦਿਤਾ ਗਿਆ ਹੈ ਜਿਸ ਅਨੁਸਾਰ "19ਵੀਂ ਸਦੀ ਵਿਚ ਅਫੀਮ ਦੀ ਵਰਤੋਂ ਨਸ਼ੇ ਵਜੋਂ ਨਹੀਂ ਸਗੋਂ ਜ਼ਿਆਦਾਤਰ ਸਰੀਰਕ ਪੀੜ ਨੂੰ ਦੂਰ ਕਰਨ ਲਈ ਦਵਾਈ ਦੇ ਤੌਰ ਉਤੇ ਕੀਤੀ ਜਾਂਦੀ ਸੀ। ਇਸ ਲਈ ਮਾਰਕਸ ਨੇ ਇਥੇ ਇਸ ਮੁਹਾਵਰੇ ਦੀ ਵਰਤੋਂ ਮਨੁੱਖੀ ਦੁੱਖ ਨੂੰ ਸਹਿਣਯੋਗ ਬਣਾਉਣ ਦੀ ਭਾਵਨਾ ਨਾਲ ਹੀ ਕੀਤੀ ਹੈ। ਕੁਝ ਤਰਜਮਿਆਂ ਵਿਚ ਇਸ ਮੁਹਾਵਰੇ ਨੂੰ ਲੋਕਾਂ ਦੀ ਅਫੀਮ ਕਹਿਣ ਦੀ ਬਜਾਇ ਲੋਕਾਂ ਵਾਸਤੇ ਅਫੀਮ ਕਹਿਣ ਨਾਲ ਇਸ ਮੁਹਾਵਰੇ ਦੀ ਨਸ਼ੇ ਵਜੋਂ ਵਰਤੇ ਜਾਣ ਦੀ ਸੰਭਾਵਨਾ ਹੈ।"

ਧਰਮ ਬਾਰੇ ਮਾਰਕਸ ਦੀ ਧਾਰਨਾ ਹੈ, "ਧਰਮ ਇਸ ਸੰਸਾਰ ਦਾ ਸਰਬਵਿਆਪੀ ਸਿਧਾਂਤ ਹੈ, ਇਸ ਸੰਸਾਰ ਦਾ ਮਹਾਂ-ਕੋਸ਼ੀ ਸੰਖੇਪ ਪਰ ਭਾਵਪੂਰਨ ਸਾਰ ਹੈ। ਇਹ ਸੰਸਾਰ ਦਾ ਸਰਬਵਿਆਪੀ ਪ੍ਰਚਲਿਤ ਤਰਕ ਹੈ, ਰੂਹਾਨੀ ਸਤਿਕਾਰ ਹੈ, ਜੋਸ਼ ਹੈ, ਇਖਲਾਕੀ ਪ੍ਰਵਾਨਗੀ ਹੈ, ਪਵਿੱਤਰ ਪੂਰਨਤਾ ਹੈ ਅਤੇ ਇਸ ਸੰਸਾਰ ਅੰਦਰ (ਵਸਦੇ ਲੋਕਾਂ ਲਈ) ਢਾਰਸ ਅਤੇ ਮਨੁੱਖੀ ਹੋਂਦ ਦੀ ਜਾਇਜ਼ਤਾ ਦਾ ਸਰਬ-ਵਿਆਪੀ ਆਧਾਰ ਹੈ। ਇਹ ਮਨੁੱਖੀ ਤੱਤ ਦੀ ਕਾਲਪਨਿਕ ਪ੍ਰਾਪਤੀ ਹੈ, ਕਿਉਂਕਿ ਮਨੁੱਖੀ ਤੱਤ ਨੇ ਅਜੇ ਕੋਈ ਹਕੀਕੀ ਪ੍ਰਾਪਤੀ ਨਹੀਂ ਕੀਤੀ। ਇਸ ਲਈ ਧਰਮ ਵਿਰੁਧ ਸੰਘਰਸ਼ ਅਸਿਧੇ ਰੂਪ ਵਿਚ ਉਸ ਸੰਸਾਰ ਵਿਰੁਧ ਸੰਘਰਸ਼ ਹੈ ਜਿਸ ਦਾ ਰੂਹਾਨੀ ਜਲੌਅ ਧਰਮ ਹੈ। ਧਾਰਮਿਕ ਦੁੱਖ ਇਕੋ ਵੇਲੇ ਹਕੀਕੀ ਦੁੱਖ ਦਾ ਪ੍ਰਗਟਾਵਾ ਹੈ ਅਤੇ ਹਕੀਕੀ ਦੁੱਖ ਵਿਰੁਧ ਇਕ ਰੋਸ ਹੈ।"

ਇਸਾਈ ਧਰਮ ਬਾਰੇ ਏਂਗਲਜ ਦੀ ਧਾਰਨਾ ਹੈ, "ਇਸਾਈਅਤ, ਜਿਸ ਨੇ ਰੋਮ ਦੀ ਸ਼ਹਿਨਸ਼ਾਹੀ ਨੂੰ ਆਪਣੇ ਅਧੀਨ ਕਰ ਲਿਆ ਅਤੇ 1800 ਵਰ੍ਹਿਆਂ ਤੋਂ ਸਭਿਆ ਮਨੁੱਖਤਾ ਦੇ ਇਕ ਵੱਡੇ ਹਿੱਸੇ ਦੇ ਮਨਾਂ ਉਤੇ ਆਪਣਾ ਗਲਬਾ ਪਾਇਆ ਹੋਇਆ ਹੈ, ਦੀ ਗੱਲ ਸਿਰਫ ਇਹ ਕਹਿ ਕੇ ਹੀ ਨਹੀਂ ਮੁਕਾਈ ਜਾ ਸਕਦੀ ਕਿ ਇਹ ਧੋਖੇ ਜਾਂ ਫਰੇਬ ਨਾਲ ਇਕੱਠੀ ਕੀਤੀ ਗਈ ਬਕਵਾਸ ਹੈ। (ਜਿਵੇਂ ਨਾਸਤਿਕ ਕਮਿਊਨਿਸਟ, ਅਖੌਤੀ ਤਰਕਸ਼ੀਲ, ਕਥਿਤ ਵਿਗਿਆਨਿਕ ਸੋਚ ਦੇ ਧਾਰਨੀ ਅਤੇ ਧਰਮ ਨਿਰਪਖਤਾ ਦੇ ਪੈਰੋਕਾਰ ਦਾਅਵਾ ਕਰਦੇ ਹਨ।) ਇਸਾਈਅਤ ਦੇ ਅਰੰਭ ਅਤੇ ਇਸ ਦੇ ਵਿਕਾਸ ਨੂੰ ਉਨ੍ਹਾਂ ਇਤਿਹਾਸਕ ਹਾਲਾਤ ਦੇ ਪ੍ਰਸੰਗ ਵਿਚ ਰੱਖ ਕੇ, ਜਿਨ੍ਹਾਂ ਅਧੀਨ ਇਸ ਨੇ ਜਨਮ ਲਿਆ ਅਤੇ ਆਪਣੀ ਭਾਰੂ ਪੋਜੀਸ਼ਨ ਨੂੰ ਪਹੁੰਚੀ, ਦੀ ਵਿਆਖਿਆ ਕਰਨ ਵਿਚ ਸਫਲ ਹੋਏ ਬਿਨਾਂ, ਧਰਮਾਂ ਦੇ ਇਸ ਮਸਲੇ ਨਾਲ ਇਨਸਾਫ ਨਹੀਂ ਕੀਤਾ ਜਾ ਸਕਦਾ। ਹੱਲ ਕਰਨ ਵਾਲਾ ਸੁਆਲ ਇਹ ਹੈ ਕਿ ਇਹ ਕਿਵੇਂ ਹੋਇਆ ਕਿ ਰੋਮਨ ਸ਼ਹਿਨਸ਼ਾਹੀ ਦੀ ਆਮ ਜਨਤਾ ਨੇ, ਦੂਜੇ ਸਾਰੇ ਧਰਮਾਂ ਦੇ ਮੁਕਾਬਲੇ ਇਸਾਈ ਧਰਮ ਨੂੰ ਇੰਨੀ ਬਹੁਤੀ ਤਰਜੀਹ ਦਿੱਤੀ ਅਤੇ ਉਸ ਨੂੰ ਆਪਣੇ ਜੀਵਨ ਦਾ ਮੂਲ ਆਧਾਰ ਬਣਾ ਲਿਆ।" ... "ਧਰਮਾਂ ਦੀ ਬੁਨਿਆਦ ਸਿਰਫ ਉਹੀ ਲੋਕ ਰੱਖਦੇ ਹਨ ਜਿਹੜੇ ਆਪਣੇ ਲਈ ਧਰਮ (ਭਾਵ ਇਕ ਸਮਾਜੀ ਤੇ ਸਦਾਚਾਰਕ ਸਵੈ-ਜ਼ਾਬਤੇ) ਦੀ ਲੋੜ ਮਹਿਸੂਸ ਕਰਦੇ ਹਨ ਅਤੇ ਜਨਸਮੂਹ ਦੀਆਂ ਇਨ੍ਹਾਂ ਲੋੜਾਂ ਦਾ ਅਹਿਸਾਸ ਕਰਦੇ ਹਨ। ਇਸਾਈਅਤ ਨੇ ਇਸ ਸਰਬ-ਵਿਆਪੀ ਅਹਿਸਾਸ ਨੂੰ ਸਪਸ਼ਟ ਤੌਰ ਉਤੇ ਪ੍ਰਗਟ ਕੀਤਾ।... ਇਸਾਈਅਤ ਨੇ ਇਕ ਸੰਸਾਰ ਧਰਮ ਅਤੇ ਨਿਰਸੰਦੇਹ ਉਹ ਧਰਮ ਬਣਨ ਦੀ ਆਪਣੀ ਸਮਰੱਥਾ ਸਿੱਧ ਕੀਤੀ ਜਿਹੜੀ ਉਸ ਸਮੇਂ ਦੇ ਲੋਕਾਂ ਲਈ ਢੁਕਵੀਂ ਸੀ। ਉਸ ਮਾਰੂਥਲ ਦੇ ਹਜ਼ਾਰਾਂ ਪੈਗੰਬਰਾਂ ਅਤੇ ਉਪਦੇਸ਼ਕਾਂ ਵਿਚੋਂ, ਜਿਹੜੇ ਧਾਰਮਿਕ ਮੁੜ ਸੁਰਜੀਤੀ ਦੇ ਉਸ ਦੌਰ ਵਿਚ ਪੈਦਾ ਹੋਏ, ਕੇਵਲ ਇਸਾਈਅਤ ਦੇ ਬਾਨੀਆਂ ਨੂੰ ਹੀ ਸਫਲਤਾ ਮਿਲੀ। ਮਜ਼੍ਹਬਾਂ ਵਲੋਂ ਇਕ-ਦੂਜੇ ਵਿਰੁਧ ਅਤੇ ਬੁੱਤ-ਪੂਜ ਸੰਸਾਰ ਵਿਰੁਧ ਸੰਘਰਸ਼ ਵਿਚ, ਕੁਦਰਤੀ ਚੋਣ ਰਾਹੀਂ ਇਸ ਨੇ ਸੰਸਾਰ ਧਰਮ ਦੇ ਆਪਣੇ ਕਿਰਦਾਰ ਨੂੰ ਕਿਵੇਂ ਸਹਿਜੇ-ਸਹਿਜੇ ਵਿਕਸਿਤ ਕੀਤਾ, ਇਸ ਦਾ ਪਤਾ ਪਹਿਲੀਆਂ ਤਿੰਨ ਸਦੀਆਂ ਵਿਚ ਚਰਚ ਦੇ ਹੋਏ ਵਿਸਥਾਰ ਦੇ ਇਤਿਹਾਸ ਤੋਂ ਲਗਦਾ ਹੈ।" ... "ਮੁਢਲੀ ਇਸਾਈਅਤ ਦਾ ਇਤਿਹਾਸ 19-20ਵੀਂ ਸਦੀ ਦੀ ਮਜ਼ਦੂਰ ਜਮਾਤ ਦੀ ਸਮਾਜਵਾਦੀ ਲਹਿਰ ਨਾਲ ਬਹੁਤ ਹੱਦ ਤੱਕ ਮੇਲ ਖਾਂਦਾ ਹੈ। ਮਜ਼ਦੂਰ ਜਮਾਤ ਦੀ ਲਹਿਰ ਵਾਂਗ ਇਸਾਈਅਤ ਵੀ ਮੂਲ ਰੂਪ ਵਿਚ ਦੱਬੇ-ਕੁਚਲੇ ਲੋਕਾਂ ਦੀ ਲਹਿਰ ਸੀ। ਮੁੱਢ ਵਿਚ ਇਹ ਗੁਲਾਮਾਂ ਅਤੇ ਆਜ਼ਾਦ ਹੋਏ ਗੁਲਾਮਾਂ ਦਾ ਧਰਮ ਸੀ। ਸਾਰੇ ਹੱਕਾਂ ਤੋਂ ਵਾਂਝੇ ਗਰੀਬ ਲੋਕਾਂ ਦਾ ਧਰਮ। ਰੋਮਨ ਬਾਦਸ਼ਾਹੀ ਵਲੋਂ ਗੁਲਾਮ ਬਣਾਏ ਗਏ ਅਤੇ ਗੁਲਾਮੀ ਤੋਂ ਭਗੌੜੇ ਹੋਏ ਲੋਕਾਂ ਦਾ ਧਰਮ। ਇਸਾਈਅਤ ਅਤੇ ਕਿਰਤੀਆਂ ਦਾ ਸਮਾਜਵਾਦ, ਦੋਵੇਂ-ਗੁਲਾਮੀ ਅਤੇ ਦੁੱਖਾਂ ਤੋਂ ਮਿਲਣ ਵਾਲੀ ਮੁਕਤੀ ਦਾ ਪ੍ਰਚਾਰ ਕਰਦੇ ਹਨ। ਇਸਾਈਅਤ ਇਹ ਮੁਕਤੀ ਮੌਤ ਤੋਂ ਬਾਅਦ, ਸਵਰਗ ਵਿਚ ਦੱਸਦੀ ਹੈ ਅਤੇ ਸਮਾਜਵਾਦ ਇਹ ਮੁਕਤੀ ਸਮਾਜ ਅੰਦਰ ਇਕ ਤਬਦੀਲੀ ਤੋਂ ਬਾਅਦ, ਇਸੇ ਸੰਸਾਰ ਵਿਚ ਦੱਸਦਾ ਹੈ। ਦੋਵੇਂ ਲਹਿਰਾਂ ਅਤਿਆਚਾਰ ਅਤੇ ਨਫ਼ਰਤ ਦਾ ਸ਼ਿਕਾਰ ਬਣੀਆਂ। ਦੋਵੇਂ ਲਹਿਰਾਂ ਦੇ ਪੈਰੋਕਾਰਾਂ ਨੂੰ ਘ੍ਰਿਣਾ ਅਤੇ ਜਾਬਰ ਕਾਨੂੰਨਾਂ ਦਾ ਸ਼ਿਕਾਰ ਬਣਾਇਆ ਗਿਆ। ਇਸਾਈਅਤ ਨੂੰ ਆਦਮ ਜਾਤੀ ਦੀ ਦੁਸ਼ਮਣ ਕਰਾਰ ਦਿਤਾ ਗਿਆ ਅਤੇ ਕਿਰਤੀ ਲਹਿਰ ਨੂੰ ਸਰਕਾਰ, ਧਰਮ, ਪਰਿਵਾਰ ਅਤੇ ਸਮਾਜ ਦੇ ਅਮਨ-ਚੈਨ ਦਾ ਦੁਸ਼ਮਣ ਗਰਦਾਨਿਆ ਗਿਆ ਪਰ ਇਸ ਜਬਰ ਦੇ ਬਾਵਜੂਦ, ਇਨ੍ਹਾਂ ਲਹਿਰਾਂ ਦਾ ਸ਼ਿਕਾਰੀਆਂ ਵਾਂਗ ਪਿਛਾ ਕਰਨ ਦੇ ਬਾਵਜੂਦ, ਇਹ ਦੋਵੇਂ ਲਹਿਰਾਂ ਜੇਤੂ ਅੰਦਾਜ਼ ਵਿਚ ਅਗੇ ਵਧਦੀਆਂ ਰਹੀਆਂ। ਆਪਣੇ ਜਨਮ ਤੋਂ ਤਿੰਨ ਸੌ ਸਾਲ ਬਾਅਦ ਇਸਾਈਅਤ ਰੋਮਨ ਸ਼ਹਿਨਸ਼ਾਹੀ ਦਾ ਧਰਮ ਬਣ ਗਈ।"

***ਕਾਰਲ ਮਾਰਕਸ ਦੀ ਇਹੀ ਪ੍ਰਤਿਭਾ ਸੀ ਕਿ ਉਸ ਨੇ 'ਮਾਇਆ' ਦੇ ਦੋਵੇਂ, ਆਤਮਿਕ ਤੇ ਭੌਤਿਕ ਪੱਖਾਂ ਦੀ ਪਛਾਣ ਕੀਤੀ ਅਤੇ ਇਸ ਦੇ ਭੌਤਿਕ ਪੱਖ ਦੇ ਅਜੋਕੇ ਰੂਪ 'ਪੂੰਜੀ' ਦੀ ਬਣਤਰ ਦੇ ਵਜੂਦ ਸਮੋਈਆਂ ਅਲਾਮਤਾਂ (ਵਿਰੋਧਤਾਈਆਂ) ਦੀ ਜਾਣਕਾਰੀ ਦਿਤੀ। ਮਨੁੱਖ ਜਾਤੀ ਦੇ ਭਵਿਖ ਉਤੇ ਇਨ੍ਹਾਂ ਅਲਾਮਤਾਂ ਦੇ ਪੈਣ ਵਾਲੇ ਖਤਰਨਾਕ ਪ੍ਰਭਾਵਾਂ ਦੀ ਬੜੀ ਸਪਸ਼ਟ ਨਿਸ਼ਾਨਦੇਹੀ ਕੀਤੀ। ਮਾਰਕਸ ਨੇ ਨਾ ਸਿਰਫ ਪੂੰਜੀ ਦੇ ਵਜੂਦ ਸਮੋਈਆਂ ਅਲਾਮਤਾਂ ਦੀ ਜਾਣਕਾਰੀ ਦਿੱਤੀ, ਸਗੋਂ ਮਾਇਆ ਦੀ ਇਸ ਹੋੜ ਤੋਂ ਸਦਾ-ਸਦਾ ਲਈ ਖਹਿੜਾ ਛੁਡਾਉਣ ਦਾ ਰਾਹ ਦੱਸਿਆ। ਇਹ ਰਾਹ ਮਾਰਕਸ ਦੀ ਕਿਸੇ ਖਿਆਲੀ ਕਲਪਨਾ ਵਿਚੋਂ ਨਹੀਂ ਸੀ ਨਿਕਲਿਆ, ਸਗੋਂ ਜ਼ਮੀਨੀ ਹਕੀਕਤਾਂ ਉਤੇ ਆਧਾਰਤ ਸੀ ਅਤੇ ਉਦੋਂ ਤਕ ਹੋ ਚੁੱਕੇ ਸਾਰੇ ਪੈਗੰਬਰਾਂ ਵੱਲੋਂ ਦਿੱਤੇ ਗਏ ਆਤਮਿਕ ਗਿਆਨ ਨੂੰ ਆਪਣੇ ਆਤਮ ਵਿਚ ਸਮੇਟ ਕੇ, ਉਸ ਦਾ ਕੀਤਾ ਗਿਆ ਵਿਸਥਾਰ ਸੀ। ਮਾਰਕਸ ਨੇ ਆਪਣੇ ਤੋਂ ਪਹਿਲੇ ਧਰਮਾਂ ਵਿਚਲੇ ਫਲਸਫੇ ਦੀ ਪੜਚੋਲ ਕੀਤੀ ਅਤੇ ਉਸ ਫਲਸਫੇ ਦਾ ਹੋਰ ਵਿਸਥਾਰ ਕੀਤਾ। ਇਸੇ ਮੌਲਿਕ ਆਧਾਰ ਉਤੇ ਉਸ ਨੇ ਸਗਲ ਮਨੁੱਖ ਜਾਤੀ ਨੂੰ ਇਸ 'ਮਾਇਆ ਦੀ ਹੋੜ' ਤੋਂ ਆਪਣੀ ਮੁਕਤੀ ਦਾ ਰਾਹ ਦੱਸਿਆ, ਤਾਂ ਕਿ ਮਨੁੱਖ ਜਾਤੀ ਇਸ ਹੋੜ ਤੋਂ ਖਹਿੜਾ ਛੁਡਾ ਸਕੇ।***



ਦਿਲਚਸਪ ਗੱਲ ਇਹ ਹੈ ਕਿ ਏਂਗਲਜ ਨੇ ਇਨ੍ਹਾਂ ਸਾਰੇ ਧਰਮਾਂ ਦਾ ਪਿਛੋਕੜ ਵੈਦਿਕ ਫਲਸਫੇ ਵਿਚ ਦੱਸਿਆ ਹੈ। ਉਸ ਦੇ ਆਪਣੇ ਕਥਨ ਅਨੁਸਾਰ "ਤੁਲਨਾਤਮਿਕ ਮਿਥਿਹਾਸ ਦੇ ਅਧਿਅਨ ਨੇ ਹਿੰਦ-ਯੂਰਪੀਨ ਲੋਕਾਂ ਦੇ ਸਬੰਧ ਵਿਚ, ਇਸ ਧਾਰਮਿਕ ਵਰਤਾਰੇ ਦਾ ਮੁੱਢ ਭਾਰਤੀ ਵੇਦਾਂ ਵਿਚ ਲੱਭਿਆ ਹੈ। ਇਹ ਸਪਸ਼ਟ ਹੋ ਗਿਆ ਹੈ ਕਿ ਭਾਰਤੀ, ਇਰਾਨੀ, ਯੂਨਾਨੀ, ਰੋਮਨ, ਜਰਮਨ ਅਤੇ ਜਿਥੋਂ ਤਕ ਤੱਥ ਲਭੇ ਹਨ, ਕੇਂਦਰੀ ਯੂਰਪ, ਲਿਥੂਨੀਅਨ ਅਤੇ ਸਲਾਵ, ਸਾਰੇ ਇਨ੍ਹਾਂ ਲੋਕਾਂ ਵਿਚ ਸ਼ਾਮਿਲ ਹਨ।"

ਏਂਗਲਜ ਦੀ ਦਿੱਤੀ ਗਈ ਇਸ ਜਾਣਕਾਰੀ ਅਨੁਸਾਰ, ਹਿੰਦ-ਯੂਰਪੀਨ ਲੋਕਾਂ ਦੇ ਧਾਰਮਿਕ ਵਿਕਾਸ ਦੀਆਂ ਜੜ੍ਹਾਂ, ਵੈਦਿਕ ਫਲਸਫੇ ਅੰਦਰ ਮੌਜੂਦ ਹਨ ਅਤੇ ਮਾਰਕਸ ਦੀ ਸਮੁੱਚੀ ਫਿਲਾਸਫੀ ਨੂੰ ਜੇ ਵੇਦਾਂ ਦੀ ਖੂਬਸੂਰਤ ਭਾਸ਼ਾ ਵਿਚ ਬਿਆਨ ਕਰਨਾ ਹੋਵੇ ਤਾਂ ਇਉਂ ਕਿਹਾ ਜਾ ਸਕਦਾ ਹੈ: ਕੁਦਰਤ ਮਨੁੱਖੀ ਇਤਿਹਾਸ ਦਾ ਰੱਥ ਹੈ, ਮਨੁੱਖੀ ਆਤਮਾ ਇਸ ਰੱਥ ਦੀ ਸਾਰਥੀ ਅਤੇ ਮਨ ਇਸ ਰੱਥ ਅੱਗੇ ਜੁਪਿਆ ਘੋੜਾ ਹੈ। ਮਾਰਕਸ ਦੀ ਸ਼ਬਦਾਵਲੀ ਵਿਚ ਆਤਮਾ ਕੋਈ ਰਹੱਸ ਨਹੀਂ, ਸਗੋਂ ਫਿਲਾਸਫੀ ਦੇ ਰੂਪ ਵਿਚ ਮਨੁੱਖੀ ਸਿਆਣਪ ਹੈ ਜਿਹੜੀ ਹਜ਼ਾਰਾਂ ਸਾਲਾਂ ਅੰਦਰ ਅਰਬਾਂ-ਖਰਬਾਂ-ਨਰਬਾਂ ਮਨੁੱਖਾਂ ਦੀ ਹੰਢਾਈ ਜ਼ਿੰਦਗੀ ਦੇ ਤਜ਼ਰਬਿਆਂ ਦੀ ਅਨੁਭਵੀ ਮਨਾਂ ਵਿਚ ਹੋਈ ਪੁਸ਼ਟੀ ਦਾ ਗਿਆਨ ਹੈ। ਕੁਦਰਤ ਸਿਰਮੌਰ ਹੈ ਅਤੇ ਮਨੁੱਖੀ ਮਨ ਇਸ ਕੁਦਰਤ ਦੀ ਸਿਰਮੌਰ ਸਿਰਜਣਾ ਹੈ।

ਮਾਰਕਸ ਨੇ ਹੇਗਲ ਨਾਲੋਂ ਇਹੀ ਨਿਖੇੜਾ ਕੀਤਾ ਹੈ। ਹੇਗਲ ਦਾ ਮੰਨਣਾ ਹੈ ਕਿ ਇਹ ਭੌਤਿਕ ਯਥਾਰਥ ਭਾਵ ਕੁਦਰਤ ਮਨੁੱਖੀ ਮਨ ਵਿਚ ਬਣਦੇ ਸੰਕਲਪ ਦਾ ਬਾਹਰੀ ਪ੍ਰਗਟ ਰੂਪ ਹੈ; ਭਾਵ ਮਨ ਸਿਰਮੌਰ ਹੈ ਅਤੇ ਕੁਦਰਤ ਇਸ ਮਨ ਵਿਚ ਬਣਦੇ ਸੰਕਲਪ (ਭਾਵ ਵਿਚਾਰ) ਦੀ ਸਿਰਜਣਾ; ਜਦੋਂ ਕਿ ਮਾਰਕਸ ਕਹਿਣਾ ਹੈ ਨਹੀਂ, ਇਹ ਭੌਤਿਕ ਯਥਾਰਥ ਭਾਵ ਕੁਦਰਤ ਸਿਰਮੌਰ ਹੈ ਅਤੇ ਮਨ ਵਿਚ ਬਣਿਆ ਸੰਕਲਪ ਇਸ ਭੌਤਿਕ ਯਥਾਰਥ ਭਾਵ ਕੁਦਰਤ ਦੀ ਹੋਂਦ ਦਾ ਮਨ ਵਿਚ ਬਣਿਆ ਪ੍ਰਤੀਬਿੰਬ (ਅਕਸ) ਹੈ। ਮਾਇਆ ਦਾ ਆਤਮਿਕ ਤੇ ਭੌਤਿਕ ਆਧਾਰ ਇਹੀ ਭਰਮਜਾਲ ਭਾਵ ਕਲਪਨਾ ਹੈ ਜਿਹੜੀ ਮਨੁੱਖੀ ਮਨ ਨੂੰ ਉਸ ਦੀ ਸਰੀਰੀ ਹੋਂਦ ਨਾਲੋਂ ਤੋੜ ਕੇ, ਉਸ ਨੂੰ ਦੂਹਰੀ ਕਲਪਨਾ ਵਿਚ ਜਿਉਣ ਲਾਉਂਦੀ ਹੈ।

ਇਸ ਕਲਪਨਾ ਦਾ ਪਹਿਲਾ ਰੂਪ ਹੈ, ਆਪਣੀ ਕੁਦਰਤੀ ਨਾਸ਼ਵੰਤ ਹੋਂਦ ਨੂੰ ਭੁੱਲ ਕੇ ਕਿਸੇ ਭਰਮਾਊ ਸਦੀਵੀ ਹੋਂਦ ਵਿਚ ਜਿਉਣ ਦਾ ਭਰਮ ਪਾਲਣਾ, ਤੇ ਇਸ ਕਲਪਨਾ ਦਾ ਦੂਜਾ ਰੂਪ ਹੈ ਆਪਣੀਆਂ ਸੀਮਤ ਕੁਦਰਤੀ ਮਨੁੱਖੀ ਸਰੀਰੀ ਲੋੜਾਂ ਨੂੰ ਭੁੱਲ ਕੇ, ਹੋਰ-ਹੋਰ ਧਨ (ਜਾਇਦਾਦ) ਜੋੜਨ ਦੀ ਭਟਕਣਾ ਅਤੇ ਕਲਪਿਤ ਸਹੂਲਤਾਂ ਦੇ ਭਰਮਜਾਲ ਵਿਚ ਉਲਝ ਜਾਣਾ ਜਿਹੜਾ ਅਜੋਕੇ ਸਾਮਰਾਜੀ ਦੌਰ ਵਿਚ ਆ ਕੇ ਖਪਤਕਾਰੀ ਵਹਿਸ਼ਤ ਦਾ ਰੂਪ ਧਾਰ ਗਿਆ ਹੈ।

ਮਾਰਕਸ ਨੇ ਮਾਇਆ ਦੇ ਇਨ੍ਹਾਂ ਦੋਵੇਂ ਰੂਪਾਂ ਦਾ ਬਿਆਨ ਕੀਤਾ ਹੈ। ਮਾਇਆ ਦਾ ਇਕ ਰੂਪ ਆਤਮਿਕ ਹੈ, ਭਾਵ ਕਿਸੇ ਕਲਪਿਤ ਰੱਬ ਰਾਹੀਂ ਆਪਣੀ ਨਕਲੀ ਜਾਂ ਸਦੀਵੀ ਹੋਂਦ ਦਾ ਬਣਿਆ ਭਰਮ ਜਿਹੜਾ ਹਉਮੈ ਦਾ ਆਧਾਰ ਹੈ। ਮਾਇਆ ਦਾ ਦੂਜਾ ਰੂਪ ਮਨੁੱਖੀ ਮਨ ਵਿਚ ਆਪਣੀ ਸਦੀਵੀ, ਭਾਵ ਝੂਠੀ ਹੋਂਦ ਦੇ ਬਣੇ ਭਰਮ ਕਾਰਨ ਗੈਰ-ਕੁਦਰਤੀ ਤੇ ਗੈਰ-ਮਨੁੱਖੀ ਲੋੜਾਂ ਦੀ ਪੈਦਾ ਹੋਈ ਭੁੱਖ, ਭਾਵ ਤ੍ਰਿਸ਼ਨਾ ਹੈ ਜਿਹੜੀ 'ਮਾਇਆ ਦੀ ਹੋੜ' ਦੀ ਜਨਮ ਦਾਤੀ ਹੈ।

## ਵਿਸ਼ਵ ਕੱਪ ਫੁੱਟਬਾਲ ਦੇ ਪਹਿਲੇ ਗੇੜ ਵਿਚ ਗੁਲ ਕੈਸੇ ਖਿੜੇ

# ਇਰਾਨੀਆਂ ਨੇ ਅਰਜਨਟੀਨੀਆਂ ਦੀ 'ਤੋਬਾ ਤੋਬਾ' ਕਿਵੇਂ ਕਰਵਾਈ

ਇਨਸਾਨ ਨੂੰ ਜਿਉਂਦੇ ਰਹਿਣ ਲਈ ਨਿਸ਼ਚੇ ਹੀ ਸਭ ਤੋਂ ਪਹਿਲਾਂ ਰੋਟੀ ਦੀ ਜ਼ਰੂਰਤ ਹੈ ਤੇ ਉਸ ਤੋਂ ਤੁਰੰਤ ਬਾਅਦ ਕਿਸੇ ਅਜਿਹੇ ਵਿਸ਼ਵਾਸ ਦੀ ਜ਼ਰੂਰਤ ਹੈ ਜਿਸ ਤੋਂ ਜ਼ਿੰਦਗੀ ਨੂੰ ਕੋਈ ਅਰਥ ਮਿਲ ਸਕੇ। ਇਨਸਾਨ ਨੂੰ ਜਿਉਂਦੇ ਰਹਿਣ ਲਈ ਮਿੱਥ ਦੀ ਜ਼ਰੂਰਤ ਹੈ ਅਤੇ ਮਿੱਥ ਨੂੰ ਨਵਿਆਉਣ ਲਈ ਹੀ ਤਾਂ ਬਰਾਜ਼ੀਲ ਦੇ ਲੋਕ ਪੂਰੇ 4 ਵਰ੍ਹੇ ਵਿਸ਼ਵ ਕੱਪ ਫੁੱਟਬਾਲ ਦੇ 'ਮਹਾਂ ਕੁੰਭ' ਨੂੰ ਨਿਰੰਤਰ ਉਡੀਕਦੇ ਰਹਿੰਦੇ ਹਨ। ਮਿੱਥਾਂ ਨਕਾਰਾਤਮਕ ਰੋਲ ਵੀ ਅਦਾ ਕਰਦੀਆਂ ਹਨ- ਤੇ ਉਂਜ ਆਦਮ ਜਾਤ 20ਵੀਂ ਸਦੀ ਵਿਚ ਅਡੋਲਫ ਹਿਟਲਰ ਦੀ ਅਗਵਾਈ ਹੇਠ ਪਹਿਲਾਂ ਨਾਜ਼ੀਆਂ ਦੀਆਂ ਕਰਤੂਤਾਂ ਤੋਂ ਅਤੇ ਫਿਰ ਸਾਡੇ ਆਪਣੇ ਸਮਿਆਂ ਵਿਚ ਉਤਨੇ ਹੀ ਬਦਤਰ ਸਰਬ ਕੌਮਪ੍ਰਸਤਾਂ ਦੇ ਪਹਿਲਾਂ ਬੋਸਨੀਆ ਅੰਦਰ ਤੇ ਫਿਰ ਕੋਸੋਵੋ ਵਿਚਲੇ ਕਾਲੇ

**ਗੁਰਦਿਆਲ ਸਿੰਘ ਬੱਲ**
**ਫੋਨ: 905-866-6091**

ਕਾਰਨਾਮਿਆਂ ਨੂੰ ਵੇਖ ਹੀ ਚੁੱਕੀਆਂ ਹਨ, ਪਰ ਮਿੱਥਾਂ ਸਕਾਰਾਤਮਕ ਵੀ ਹੁੰਦੀਆਂ ਹਨ ਜਿਵੇਂ ਮਹਾਨ ਮਾਨਵਵਾਦੀ ਚੇ ਗੁਵੇਰਾ ਦੀ ਮਿੱਥ ਸੀ, ਜਾਂ ਜਿਵੇਂ ਸਾਡੇ ਆਪਣੇ ਪੰਜਾਬ ਵਿਚ ਮਹਾਨ ਲੋਕ ਗਾਇਕਾ ਸੁਰਿੰਦਰ ਕੌਰ ਜਾਂ ਕਬੱਡੀ ਦੇ ਸ਼ਾਨਾਂਮਤੇ ਖਿਡਾਰੀ ਹਰਜੀਤ ਬਾਜਾਖਾਨਾ ਨੂੰ ਉਸਾਰੂ ਪ੍ਰੇਰਨਾ ਦੇ ਮਿੱਥਕਾਂ ਵਜੋਂ ਸਵੀਕਾਰ ਕੀਤਾ ਜਾ ਸਕਦਾ ਹੈ।

ਹੁਣ ਬਰਾਜ਼ੀਲ ਦੇ ਵੱਖ-ਵੱਖ ਸ਼ਹਿਰਾਂ ਅੰਦਰ ਕਰਵਾਇਆ ਜਾ ਰਿਹਾ ਵਿਸ਼ਵ ਕੱਪ ਫੁੱਟਬਾਲ ਦਾ 'ਮਹਾਂ ਦੰਗਲ' ਇਨਸਾਨ ਦੀ ਇਸੇ ਤਲਾਸ਼ ਜਾਂ ਸਿੱਕ ਦਾ ਹੀ ਪਰਤੌਅ ਹੈ। ਇਸ ਤੋਂ ਪਹਿਲਾਂ ਵਿਸ਼ਵ ਕੱਪ ਫੁੱਟਬਾਲ ਸਾਲ 1950, 1954 ਜਾਂ 1958 ਵਾਲੇ ਵੀ ਦੰਤ ਕਥਾਵਾਂ ਸਿਰਜ ਗਏ ਸਨ। 1958 ਦੇ ਮਾਰਾਡੋਨਾ ਅਤੇ ਮਾਈਕਲ ਪਲਾਟੀਨੀ ਦੀ ਸ਼ਮੂਲੀਅਤ ਵਾਲੇ ਕੱਪ ਦਾ ਤਾਂ ਭਲਾਂ ਕਹਿਣਾ ਹੀ ਕੀ ਸੀ, ਪਰ ਪ੍ਰਿੰਸੀਪਲ ਸਾਹਿਬ ਦੀ ਉਸ ਦਿਨ ਦੀ ਕਹੀ ਗੱਲ ਦੀ ਤਸਦੀਕ ਐਤਕਾਂ ਦੇ ਵਿਸ਼ਵ ਕੱਪ ਟੂਰਨਾਮੈਂਟ ਦੇ ਪਹਿਲੇ ਗੇੜ ਦੇ ਮੈਚਾਂ ਦੌਰਾਨ ਉਸ ਸਮੇਂ ਹੋਈ ਜਦੋਂ ਟਰਾਫੀ ਦੀ ਦੌੜ ਲਈ ਇਕ ਦੂਜੇ ਦੇ ਆਹਮੋ-ਸਾਹਮਣੇ ਹੋਈਆਂ ਲਗਪਗ ਸਾਰੀਆਂ ਹੀ ਟੀਮਾਂ ਐਨ ਉਸੇ ਤਰ੍ਹਾਂ ਕਲਾਸਿਕ ਸਿਰਜ ਗਈਆਂ ਜਿਸ ਤਰ੍ਹਾਂ ਦੇ ਕਲਾਸਿਕ 70ਵਿਆਂ ਦੇ ਦਹਾਕੇ ਵਿਚ ਮਹਾਨ ਅਮਰੀਕਨ ਸ਼ਤਰੰਜ ਖਿਡਾਰੀ ਬੌਬੀ ਫਿਸ਼ਰ ਅਤੇ ਰੂਸ ਦੇ ਅਨਤੋਲੀ ਕਾਰਪੋਵ ਨੇ ਸਿਰਜੇ ਸਨ। ਦੁਨੀਆਂ ਦੀਆਂ ਮਹਾਂ ਸ਼ਕਤੀਆਂ ਵਿਚਾਲੇ ਠੰਢੀ ਜੰਗ ਉਦੋਂ ਆਪਣੇ ਸਿਖਰ ਵੱਲ ਜਾ ਰਹੀ ਸੀ ਅਤੇ ਉਨ੍ਹਾਂ ਕਲਾਕਾਰਾਂ ਨੇ ਦਸਿਆ ਸੀ ਕਿ ਇਕ ਦੂਜੇ ਉਪਰ ਸ੍ਰੇਸ਼ਟਤਾ ਸਥਾਪਤ ਕਰਨ ਲਈ ਮਾਨਵ ਜਾਤੀ ਨੂੰ ਪਰਮਾਣੂ ਜੰਗ ਦੀ ਭੱਠੀ ਵਿਚ ਝੋਕਣ ਦੀ ਜ਼ਰੂਰਤ ਨਹੀਂ- ਸ੍ਰੇਸ਼ਟਤਾ ਸ਼ਤਰੰਜ ਦੀ ਬਿਸਾਤ ਵਿਛਾਅ ਕੇ ਵੀ ਆਸ਼ਕਾਰ ਕੀਤੀ ਜਾ ਸਕਦੀ ਹੈ। ਟੂਰਨਾਮੈਂਟ ਦੇ ਪਹਿਲੇ ਗੇੜ ਦਾ ਹਰ ਮੈਚ ਖਿਡਾਰੀਆਂ ਵਲੋਂ ਨਿਸ਼ਚੇ ਹੀ ਜਹਾਦੀ ਜੋਸ਼ ਅਤੇ ਜਾਂਨਿਸਾਰੀ ਦੀ ਭਾਵਨਾ ਨਾਲ ਖੇਡਿਆ ਗਿਆ; ਭਲੇ ਹੀ ਇਥੇ ਜਹਾਦੀ ਜੋਸ਼ ਇਸ ਕਿਸਮ ਦਾ ਨਹੀਂ ਸੀ ਜਿਸ ਕਿਸਮ ਦਾ ਅੱਜ ਕੱਲ੍ਹ ਇਰਾਕ ਤੇ ਪਾਕਿਸਤਾਨ ਅੰਦਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਆਪਣੇ ਇਸ ਦਾਅਵੇ ਜਾਂ ਪ੍ਰਭਾਵ ਦੀ ਵਜਾਹਤ ਕਰਨ ਲਈ ਅਸੀਂ ਆਪਣੇ ਪਾਠਕਾਂ ਨਾਲ ਸਭ ਤੋਂ ਪਹਿਲਾਂ 21 ਜੂਨ ਨੂੰ ਇਰਾਨ ਅਤੇ ਅਰਜਨਟਾਈਨਾ ਦੀਆਂ ਟੀਮਾਂ ਵਿਚਾਲੇ ਖੇਡੇ ਅਤੇ ਮਿੱਥਕ ਬਣ ਜਾਣ ਦੀ ਸਮਰੱਥਾ ਵਾਲੇ ਮੁਕਾਬਲੇ ਦੀ ਕਹਾਣੀ ਸਾਂਝੀ ਕਰਨ ਦੀ ਕੋਸ਼ਿਸ਼ ਕਰਾਂਗੇ। ਇਹ ਮੈਚ ਅਰਜਨਟਾਈਨਾ ਨੇ ਜਿੱਤ ਤਾਂ ਲਿਆ, ਤੇ ਇਰਾਨੀ ਫੁੱਟਬਾਲ ਦੇ ਸੁਪਰ 'ਜਹਾਦੀਆਂ' ਦੀ ਟੀਮ ਨੂੰ ਟੂਰਨਾਮੈਂਟ ਤੋਂ ਬਾਹਰ ਵੀ ਕਰ ਦਿਤਾ ਪਰ ਮੈਦਾਨ ਵਿਚੋਂ ਬਾਹਰ ਹੋਣ ਤੋਂ ਪਹਿਲਾਂ ਇਰਾਨ ਦੇ ਖਿਡਾਰੀਆਂ ਨੇ ਆਪਣੀ ਖੇਡ ਕਲਾ, ਦ੍ਰਿੜਤਾ, ਹੌਸਲੇ ਅਤੇ ਜਨੂੰਨ ਦੇ ਅਜਿਹੇ ਰੰਗ ਦਿਖਾਏ ਕਿ ਦਰਸ਼ਕਾਂ ਦੀਆਂ ਯਾਦਾਂ ਅੰਦਰ ਆਉਣ ਵਾਲੇ ਵਰ੍ਹਿਆਂ ਤੱਕ ਬਣੇ ਰਹਿਣਗੇ। ਅਰਜਨਟਾਈਨਾ ਦੀ ਗੋਲ ਪੋਸਟ 'ਤੇ ਸਰਗੀਓ ਰੋਮੇਰੋ ਖੜ੍ਹਾ ਸੀ; ਮਾਰਕੋਸ ਰੋਜੋ, ਫਰੈਡਰਿਕੋ ਫਰਨੈਂਡੇਜ ਅਤੇ ਪਾਬਲੋ ਜਾਬਾਲੇਟਾ ਰੱਖਿਆ ਪੰਕਤੀ 'ਚ ਅਤੇ ਮੱਧ ਪੰਕਤੀ ਚੋਂ ਜੇਵੀਅਰ ਮੈਸਚੇਰਾਨੋ, ਫਰਨੈਂਡੋ ਗਾਗੋ ਅਤੇ ਏਂਜਲ ਡੀ ਮਾਰੀਆ, ਹਮਲਾਵਰ ਪੰਕਤੀ ਵਿਚ ਲਿਓਨਲ ਮੈਸੀ, ਗੋਂਜਾਲੋ ਹਿਗੂਏਂ ਅਤੇ ਸਰਗੀਓ ਅਗੇਰੂ ਨੂੰ ਇਰਾਨੀ ਗੋਲਾਂ 'ਤੇ ਹਮਲੇ ਕਰਨ ਲਈ ਲਗਾਤਾਰ 'ਐਮਿਊਨੀਸ਼ਨ' ਮੁਹੱਈਆ ਕਰਵਾ ਰਹੇ ਸਨ। ਦੂਜੇ ਪਾਸੇ ਇਰਾਨੀ ਗੋਲ ਪੋਸਟ 'ਚ ਜਰਨੈਲਾਂ ਦੇ ਹਾਰ ਖੜ੍ਹੇ ਅਲੀ ਰੇਜਾ ਹਗੀਗੀ ਨੇ ਤਾਂ ਇਰਾਨੀਆਂ ਦੇ ਵੱਕਾਰ ਨੂੰ ਬਚਾਉਣ ਲਈ ਸਿਰ ਉਤੇ 'ਕਫਨ' ਹੀ ਬੰਨ੍ਹਿਆ ਹੋਇਆ ਸੀ- ਰੱਖਿਅਕ ਪੰਕਤੀ ਵਿਚ ਮਿਹਰਦਾਦ ਪੂਲਾਦੀ, ਪੇਜਮਾਨ ਮੋਂਤਾਜੇਰੀ, ਅਮੀਰ ਹੁਸੈਨ ਸਾਦੀਗੀ ਅਤੇ ਜਲਾਲ ਹੁਸੈਨੀ ਦਾ ਵੀ ਕੋਈ ਜਵਾਬ ਨਹੀਂ ਸੀ ਪਰ ਇਰਾਨੀਆਂ ਦੀ ਮੁਹਿੰਮ ਦੇ ਹੋਰ ਵੀ ਵੱਡੇ ਨਾਇਕ ਤਾਂ ਉਨ੍ਹਾਂ ਦੀ ਹਮਲਾਵਰ ਪੰਕਤੀ ਵਿਚ ਰੇਜਾ ਅਤੇ ਆਸ਼ਕਾਨ ਦੇਜਾਗਾ ਨਾਂ ਦੇ ਖਿਡਾਰੀਆਂ ਦੀ ਜ਼ਬਰਦਸਤ ਜੋੜੀ ਸੀ ਜੋ ਅਰਜਨਟਾਈਨੀ ਹਮਲਿਆਂ ਤੋਂ ਸਾਹ ਮਿਲਦਿਆਂ ਹੀ ਵਿਰੋਧੀ ਗੋਲਾਂ ਵੱਲ ਧਾਈ ਕਰ ਦਿੰਦੇ ਸਨ ਅਤੇ ਵਾਰ-ਵਾਰ ਅਰਜਨਟਾਈਨਾ ਨੂੰ ਹੱਥਾਂ-ਪੈਰਾਂ ਦੀਆਂ ਪਾ ਦਿੰਦੇ ਸਨ। ਮੈਚ ਦੇ ਚੌਥੇ ਮਿੰਟ ਵਿਚ ਹੀ ਇਰਾਨੀ ਖਿਡਾਰੀ ਅਹਿਸਾਨ ਹਾਜਸਾਫੀ ਨੇ ਫਰੀ ਕਿੱਕ ਤੋਂ ਬਾਲ ਬੜੇ ਹੀ ਸਸ਼ਕਤ ਅੰਦਾਜ਼ ਵਿਚ ਵਿਰੋਧੀ ਗੋਲਾਂ ਵੱਲ ਚੁੱਕ ਦਿੱਤੀ; ਫਰਨੈਂਡੇਜ ਤੇ ਗੈਰੇ, ਦੋਵੇਂ ਹੀ ਮਾਤ ਹੋ ਗਏ ਸਨ, ਪਰ ਬਾਲ ਗੋਲ ਪੋਸਟ ਦੇ ਬਾਜੂ ਨਾਲ ਟਕਰਾ ਕੇ ਵਾਪਸ ਮੈਦਾਨ ਵਿਚ ਆ ਡਿਗੀ। ਜਲਾਲ ਹੁਸੈਨੀ ਦਾ ਪੈਰ ਬੱਸ ਬਾਲ ਨੂੰ ਛੂੰਹਦਾ-ਛੂੰਹਦਾ ਹੀ ਰਹਿ ਗਿਆ, ਵਰਨਾ ਅਰਜਨਟਾਈਨਾ ਦੀ ਗੋਲ ਪੋਸਟ ਖਾਲੀ ਪਈ ਸੀ।

ਇਰਾਨ ਦੇ ਇਸ ਹਮਲੇ ਨੇ ਅਰਜਨਟਾਈਨੀ ਸਫਾਂ ਵਿਚ ਚੁਸਤੀ ਲਿਆ ਦਿੱਤੀ। ਖੇਡ ਅਜੇ 10 ਕੁ ਮਿੰਟ ਦੀ ਹੀ ਹੋਈ ਸੀ ਕਿ ਫੁੱਟਬਾਲ ਦੇ ਮਹਾਨ ਕਲਾਕਾਰ ਏਂਜਲ ਡੀ ਮਾਰੀਆ ਨੇ ਬੈਕ ਹੀਲ ਰਾਹੀਂ ਬਹੁਤ ਤੇਜ਼ੀ ਨਾਲ ਬਾਲ ਗੋਂਜਾਲੋ ਹਿਗੂਏਂ ਵੱਲ ਵਧਾਇਆ ਪਰ ਉਹ ਲੋੜੀਂਦਾ ਤਵਾਜ਼ਨ ਰੱਖ ਨਾ ਸਕਿਆ। ਤੁਰੰਤ ਬਾਅਦ ਗਾਗੋ ਨੇ ਇਕ ਵਾਰ ਮੁੜ ਹਿਗੂਏਂ ਨੂੰ ਬੜਾ ਸੋਹਣਾ ਪਾਸ ਸੌਂਪਿਆ। ਉਹਨੇ ਇਰਾਨੀ ਗੋਲਾਂ ਵੱਲ ਕਿਕ ਵੀ ਰਾਕਟ ਵਾਂਗ ਅੱਖ ਦੇ ਫੋਰ ਵਿਚ ਮਾਰ ਦਿੱਤੀ, ਪਰ ਇਰਾਨ ਦੇ ਜਾਂਬਾਜ਼ ਗੋਲਕੀਪਰ ਅਲੀ ਰੇਜਾ ਹਗੀਗੀ ਨੇ ਜਿਸ ਆਸਾਨੀ ਨਾਲ ਉਸ ਦੀ ਇਸ ਕੋਸ਼ਿਸ਼ ਨੂੰ ਜਾਇਆ ਕੀਤਾ, ਉਹ ਨਜ਼ਾਰਾ ਵੇਖਿਆਂ ਹੀ ਬਣਦਾ ਸੀ।

ਮੈਚ ਦੇ ਅਗਲੇ 15-20 ਮਿੰਟ ਇਹ ਕਹਾਣੀ ਇਸੇ ਤਰ੍ਹਾਂ ਹੀ ਜਾਰੀ ਰਹੀ। ਅਖੀਰ ਅਰਜਨਟਾਈਨੀ ਸੁਪਰ ਸਟਾਰ ਲਿਓਨੇਲ ਮੈਸੀ ਨੇ ਬਹੁਤ ਹੀ ਜ਼ਾਇਕੇਦਾਰ ਕਰਾਸ ਆਪਣੇ ਸਾਥੀ ਖਿਡਾਰੀ ਗੈਰੇ ਵੰਨੀ ਸੁਟਿਆ ਜੋ ਉਹ ਸਾਂਭ ਭਲੇ ਹੀ ਨਾ ਸਕਿਆ ਪਰ ਸਟੇਡੀਅਮ ਅੰਦਰ ਹੀ ਨਹੀਂ, ਬਲਕਿ ਦੁਨੀਆਂ ਭਰ ਵਿਚ ਮੈਚ ਦਾ ਨਜ਼ਾਰਾ ਕਰ ਰਹੇ ਕਰੋੜਾਂ ਦਰਸ਼ਕ ਅਸ਼-ਅਸ਼ ਕਰ ਉਠੇ। ਫਿਰ 5-7 ਮਿੰਟਾਂ ਪਿਛੋਂ ਹੀ ਇਰਾਨ ਦੀ ਤਰਫੋਂ ਮੋੜਵਾਂ ਹਮਲਾ ਬੰਨ੍ਹਦਿਆਂ ਉਸੇ ਤਰ੍ਹਾਂ ਦਾ ਕੌਤਕ ਜਲਾਲ ਹੁਸੈਨੀ ਨੇ ਕਰ ਦਿੱਤਾ। ਮਾੜੀ ਕਿਸਮਤ ਨੂੰ ਉਸ ਦਾ ਹੈਡਰ ਗੋਲ ਪੋਸਟ ਤੋਂ ਜ਼ਰਾ ਕੁ ਉਪਰੋਂ ਦੀ ਨਿਕਲ ਗਿਆ।

ਅੱਧ ਸਮੇਂ ਦੀ ਖੇਡ ਤੋਂ ਪਿਛੋਂ ਮੈਦਾਨ ਵਿਚ ਵਾਪਸ ਪਰਤਦਿਆਂ 5-4 ਮਿੰਟ ਬਾਅਦ ਹੀ ਅਰਜਨਟਾਈਨੀ ਰੱਖਿਅਕ ਪੰਕਤੀ ਦੇ ਖਿਡਾਰੀ ਮਾਰਕੋਸ ਰੋਜੋ ਨੇ ਇਕ ਦੋ ਵਾਰੀ ਵਧੀਆਂ ਚਾਲਾਂ ਚੱਲੀਆਂ, ਪਰ ਗੱਲ ਬਣੀ ਨਾ। ਇਸੇ ਦੌਰਾਨ ਇਰਾਨੀ ਹਮਲਾਵਰ ਖਿਡਾਰੀ ਦੇਜਾਗਾ ਦੇ ਹਮਲੇ ਦੌਰਾਨ ਗੋਲ ਪੋਸਟ ਸਾਹਮਣੇ ਪਾਬਲੋ ਜਾਬਾਲੇਟਾ ਨੇ ਉਸ ਨੂੰ ਬਹੁਤ ਹੀ ਭੈੜਾ ਫਾਊਲ ਕਰ ਕੇ ਬੜੀ ਮੁਸ਼ਕਲ ਨਾਲ ਠੱਲ੍ਹਿਆ। ਅਰਜਨਟਾਈਨਾ ਦੀ ਕਿਸਮਤ ਚੰਗੀ ਸੀ ਕਿ ਰੈਫਰੀ ਨੇ ਇਸ ਦਾ ਨੋਟਿਸ ਹੀ ਨਾ ਲਿਆ, ਨਹੀਂ ਤਾਂ ਪੈਨਲਟੀ ਕਿੱਕ ਉਨ੍ਹਾਂ ਵਿਰੁਧ ਦਿੱਤੀ ਜਾ ਸਕਦੀ ਸੀ। ਇਹ ਛਿਣ ਇੰਟਰਨੈਟ 'ਤੇ ਅਗਲੇ 3-4 ਦਿਨ ਲਗਾਤਾਰ ਦਿਖਾਇਆ ਜਾਂਦਾ ਰਿਹਾ। ਸਾਡਾ ਪਾਕਿਸਤਾਨੀ ਮਿੱਤਰ ਜਾਹਿਦ ਹੁਸੈਨ ਵੜੈਚ ਮੈਚ ਵਿਹਿੰਦਿਆਂ ਬੇਹੱਦ ਪ੍ਰੇਸ਼ਾਨ ਹੋ ਉਠਿਆ। ਉਸ ਨੇ ਫੋਨ 'ਤੇ ਹੋਈ ਗੱਲਬਾਤ ਦੌਰਾਨ ਮੈਨੂੰ ਉਹ ਮੂਮੈਂਟ ਨੈਟ 'ਤੇ ਵੇਖਣ ਲਈ ਕਿਹਾ। ਉਹ ਅਗਲੇ 2-3 ਦਿਨ ਰੈਫਰੀ ਦੀ ਇਸ ਮੁਜਰਮਾਨਾ ਉਕਾਈ ਨੂੰ ਕੋਸੀ ਗਿਆ।

67ਵੇਂ ਮਿੰਟ ਵਿਚ ਡੇਜਾਗਾ ਨੇ ਇਕ ਵਾਰ ਮੁੜ ਹੈਡਰ ਮਾਰ ਕੇ ਅਰਜਨਟਾਈਨੀ ਖੇਮੇ ਵਿਚ ਵਿਸਫੋਟ ਕਰਨ ਲਈ ਜ਼ੋਰਦਾਰ ਹੰਭਲਾ ਮਾਰਿਆ ਪਰ ਗੋਲਕੀਪਰ ਰੋਮੈਰੋ ਨੇ ਉਤਨੇ ਹੀ ਚਮਤਕਾਰੀ ਅੰਦਾਜ਼ ਵਿਚ ਉਪਰ ਛਲਾਂਗ ਮਾਰ ਕੇ ਬਾਲ ਨੂੰ ਪੋਸਟ ਤੋਂ ਬਾਹਰ ਲੰਘਾ ਦਿਤਾ। ਮੈਚ ਮੁੱਕਣ ਦੀਆਂ ਘੜੀਆਂ ਨੇੜੇ ਆ ਰਹੀਆਂ ਸਨ ਕਿ 15 ਮਿੰਟ ਰਹਿੰਦਿਆਂ ਹਾਰ ਕੇ ਕੋਚ ਨੇ ਗੋਂਜਾਲੋ ਹਿਗੂਏਂ ਅਤੇ ਸਰਗਈ ਆਗੇਰੀ, ਦੋਵਾਂ ਨੂੰ ਵਾਪਸ ਬੁਲਾ ਕੇ ਉਨ੍ਹਾਂ ਦੀ ਜਗ੍ਹਾ ਲਾਵੇਜੀ ਤੇ ਪਲਾਸੀਓਨਾਂ ਨੂੰ ਲਿਓਨਲ ਮੈਸੀ ਦੀ ਸਹਾਇਤਾ ਲਈ ਭੇਜ ਦਿੱਤਾ ਪਰ ਇਰਾਨੀਆਂ ਦੀ ਦ੍ਰਿੜਤਾ ਦੀ ਦਾਦ ਦੇਣੀ ਪਵੇਗੀ ਕਿ ਉਹ ਉਨ੍ਹਾਂ ਦੀ ਹਰ ਕੋਸ਼ਿਸ਼ ਨੂੰ ਜਾਇਆ ਕਰੀ ਗਏ। ਅਸਲ ਵਿਚ ਇਸ ਦਿਨ ਇਰਾਨੀ ਖਿਡਾਰੀਆਂ ਨੂੰ ਅਰਜਨਟਾਈਨਾ ਦੇ ਸੁਪਰ ਸਟਾਰਾਂ ਵਿਰੁਧ ਜੂਝਦਿਆਂ ਵੇਖ ਕੇ ਇੰਝ ਲਗਦਾ ਸੀ ਜਿਵੇਂ ਉਨ੍ਹਾਂ ਅੰਦਰ ਮਾਨੋ ਕਰੂਸੇਡਾਂ ਦੇ ਜ਼ਮਾਨਿਆਂ ਦੇ ਮਹਾਨ ਜਰਨੈਲ ਸਲਾਦੀਨ ਦੀ ਰੂਹ ਆ ਗਈ ਹੋਵੇ।



*ਜਿੱਤ ਦੀ ਖੁਸ਼ੀ: ਅਰਜਨਟੀਨਾ ਦਾ ਸਟਾਰ ਖਿਡਾਰੀ ਮੈਸੀ ਇਰਾਨ ਵਿਰੁੱਧ ਗੋਲ ਕਰਨ ਤੋਂ ਬਾਅਦ ਬਾਂਹ ਉਲਾਰਦਾ ਹੋਇਆ।*

ਹੁਣ ਮੈਚ ਦਾ 90 ਮਿੰਟ ਦਾ ਸਮਾਂ ਖਤਮ ਹੋ ਗਿਆ ਸੀ ਅਤੇ ਉਸ ਤੋਂ ਬਾਅਦ ਇੰਜਰੀ ਟਾਈਮ ਦੇ 2-4 ਮਿੰਟਾਂ ਦੀ ਖੇਡ ਬਾਕੀ ਰਹਿ ਗਈ ਸੀ ਕਿ ਲਿਓਨਲ ਮੈਸੀ ਨੇ ਪੈਨਲਟੀ ਖੇਤਰ ਦੇ ਬਾਹਰੋਂ ਬਹੁਤ ਹੀ ਜਾਦੂਈ ਅੰਦਾਜ਼ ਵਿਚ ਕਿੱਕ ਲਈ ਜਗ੍ਹਾ ਬਣਾਈ ਅਤੇ ਬਾਲ ਨੂੰ ਆਖਰ ਇਰਾਨ ਦੇ ਦੀਵਾਰ ਵਰਗੇ ਗੋਲਚੀ ਤੋਂ ਪਾਰ ਨੈਟ ਵਿਚ ਟੰਗ ਦਿਤਾ। ਮੈਸੀ ਦੇ ਪ੍ਰਸ਼ੰਸਕ ਰਛਪਾਲ ਗਿੱਲ ਦਾ ਦਾਅਵਾ ਇਹ ਸੀ ਕਿ ਮੈਸੀ ਦਾ ਇਹ ਅਲੌਕਿਕ ਗੋਲ 1986 ਦੇ ਵਿਸ਼ਵ ਕੱਪ ਦੌਰਾਨ ਮੈਸੀ ਦੇ ਉਸਤਾਦ ਡੀਗੋ ਮਾਰਾਡੋਨਾ ਵਲੋਂ ਕਵਾਰਟਰ ਫਾਈਨਲ ਗੇੜ ਵਿਚ ਇੰਗਲੈਂਡ ਵਿਰੁਧ ਕੀਤੇ ਉਸ ਗੋਲ ਵਾਂਗ ਹੀ ਚੇਤੇ ਰਖਿਆ ਜਾਵੇਗਾ ਜਿਸ ਨੂੰ ਸਦੀ ਦਾ ਸਭ ਤੋਂ ਆਕਰਸ਼ਕ ਗੋਲ ਕਿਹਾ ਗਿਆ ਸੀ।

---

18 ਜੂਨ ਦਿਨ ਬੁੱਧਵਾਰ ਨੂੰ ਸਪੇਨ ਅਤੇ ਚਿੱਲੀ ਦੀਆਂ ਟੀਮਾਂ ਵਿਚਾਲੇ ਖੇਡਿਆ ਗਿਆ ਕਲਾਸਿਕ ਮੁਕਾਬਲਾ ਵੀ ਕਿਸੇ ਯੂਨਾਨੀ ਤਰਾਸਦਿਕ ਕਹਾਣੀ ਤੋਂ ਘੱਟ ਨਹੀਂ ਸੀ...।

ਸਪੇਨ ਦਾ ਕੋਚ ਬਸੰਤ ਡੀ ਬੋਸਕ ਦੁਨੀਆਂ ਦਾ ਬਿਹਤਰੀਨ ਕੋਚ ਹੈ। ਸਪੇਨ ਦੀ ਪਿਛਲੀ ਅੱਧੀ ਸਦੀ ਤੋਂ ਵੀ ਵੱਧ ਸਮੇਂ ਤੋਂ ਦੁਨੀਆਂ ਦੀ ਸਭ ਤੋਂ ਤਾਕਤਵਰ ਫੁੱਟਬਾਲ ਲੀਗ ਹੈ। ਸਪੇਨ 2008 ਅਤੇ 2012 ਦਾ ਯੂਰਪੀ ਚੈਂਪੀਅਨ ਹੈ ਅਤੇ 2014 ਦਾ ਵਿਸ਼ਵ ਕੱਪ ਵੀ ਉਸੇ ਕੋਲ ਹੈ। ਸਪੇਨ ਕੋਲ ਲਿਓਨਲ ਮੈਸੀ, ਰੂਨੀ ਜਾਂ ਰੋਨਾਲਡੋ ਵਰਗੇ ਮਹਿਜ਼ ਇਕ ਜਾਂ ਦੋ ਸੁਪਰ ਸਟਾਰ ਨਹੀਂ, ਬਲਕਿ ਉਨ੍ਹਾਂ ਕੋਲ ਸੁਪਰ ਫੁੱਟਬਾਲ ਜਗਤ ਦੇ ਸੁਪਰ ਸਟਾਰਾਂ ਦੀ ਪੂਰੀ ਬੈਟਰੀ ਹੈ। ਕੋਚ ਨੇ ਚਿੱਲੀ ਵਿਰੁਧ ਜ਼ਿੰਦਗੀ-ਮੌਤ ਦੀ ਬਾਜ਼ੀ ਵਾਲੇ ਮੈਚ ਵਿਚ ਰੱਖਿਅਕ ਪੰਕਤੀ ਦੇ ਸਿਪਾਹ-ਸਲਾਰ ਪੀਕ ਦੀ ਜਗ੍ਹਾ ਜਾਵੀ ਮਾਰਟੀਨੇ ਅਤੇ ਹਮਲਾਵਰ ਪੰਕਤੀ ਵਿਚ ਸ਼ਾਵੀ ਦੀ ਜਗ੍ਹਾ ਪੈਡਰੋ ਰੌਡਰੀਗੋ ਨੂੰ ਉਤਾਰਿਆ। ਟੀਮ ਦੇ ਹੋਰ ਮੈਂਬਰਾਂ ਵਿਚ ਗੋਲਚੀ ਵਿਕਰ ਕਾਸੀਅਸ ਨਾਲ ਐਂਡਰੀਆਸ ਇਨੀਸਟਾ, ਸ਼ਾਵੀ ਅਲੋਂਸੋ, ਸਰਜੀਓ ਰਿਮੋਸ, ਸਰਜੀਓ ਬਿਸਕਿਤਸ, ਜੋਰਡੀ ਆਲਬਾ, ਡੀਆਗੋ ਕੋਸਟਾ ਅਤੇ ਡੇਵਿਡ ਸਿਲਵਾ ਸ਼ਾਮਲ ਸਨ। ਡਿਆਗੋ ਕੋਸਟਾ ਅਤੇ ਡੇਵਿਡ ਸਿਲਵਾ ਹਮਲਾਵਰ ਪੰਕਤੀ ਦੇ ਤਾਜ਼ਾਦਮ ਸਿਤਾਰੇ ਸਨ ਜਿਨ੍ਹਾਂ ਨੇ ਪਿਛਲੇ ਪੂਰੇ ਸਾਲ ਦੌਰਾਨ ਯੂਰਪੀ ਲੀਗ ਦੇ ਅਨੇਕਾਂ ਮੈਚਾਂ ਵਿਚ ਆਪਣੀ ਤਾਕਤ ਦਾ ਲੋਹਾ ਮਨਵਾਇਆ ਹੋਇਆ ਸੀ। ਇਸੇ ਤਰ੍ਹਾਂ ਰਾਖਵੇਂ ਖਿਡਾਰੀਆਂ ਦੇ ਖੇਮੇ ਵਿਚ ਕੋਚ ਕੋਲ ਫਰਨੈਂਡੋ ਟੋਰਸ, ਡੇਵਿਡ ਵੀਆ, ਸ਼ਾਵੀ ਹਰਨੈਂਡਸ, ਜੁਆਨ ਫਰਾਨ, ਫੈਬਰਾਗਾਸ, ਜੁਆਨ ਮਾਟਾ, ਕੋਕੋ, ਸਾਂਤੀ ਕਜੋਰਲਾ ਅਤੇ ਪੇਪ ਰੇਨਾ ਵਰਗੇ ਇਕ ਤੋਂ ਇਕ ਵਧ ਕੇ ਸੁਪਰ ਸਟਾਰ ਮੌਜੂਦ ਸਨ। ਸਪੇਨ ਦੀ ਇਹ 'ਫੌਜ' ਕਿਤਨੀ ਕੁ ਸਸ਼ਕਤ ਸੀ, ਇਸ ਦਾ ਪਤਾ ਉਨ੍ਹਾਂ ਦਰਸ਼ਕਾਂ ਨੂੰ ਭਲੀਭਾਂਤ ਲੱਗ ਚੁੱਕਾ ਹੋਵੇਗਾ ਕਿ 23 ਜੂਨ ਨੂੰ ਗਰੁੱਪ ਦੇ ਆਪਣੇ ਆਖਰੀ ਲੀਗ ਮੈਚ ਵਿਚ ਉਹ ਆਸਟਰੇਲੀਆ ਵਰਗੀ ਤੇਜ਼ ਤਰਾਰ ਟੀਮ ਨੂੰ ਸਿਫਰ ਦੇ ਮੁਕਾਬਲੇ 3 ਗੋਲਾਂ ਦੇ ਸਪਸ਼ਟ ਫਰਕ ਨਾਲ ਸਹਿਜ ਭਾਅ ਹੀ ਹਰਾਉਣ ਵਿਚ ਉਹ ਕਿਸ ਕਦਰ ਕਾਮਯਾਬ ਰਹੇ। ...ਤੇ ਆਸਟਰੇਲੀਆ ਦੀ ਟੀਮ ਦੀ ਤਾਕਤ ਦਾ ਅਨੁਮਾਨ ਸਹਿਜੇ ਹੀ ਉਹ ਪਾਠਕ ਲਗਾ ਸਕਦੇ ਹਨ ਜਿਨ੍ਹਾਂ ਪੂਲ ਅੰਦਰ ਪਹਿਲਾਂ ਚਿੱਲੀ ਤੇ ਫਿਰ ਹਾਲੈਂਡ ਵਿਰੁਧ ਮੈਚਾਂ ਵਿਚ ਉਨ੍ਹਾਂ ਦੀ ਖੇਡ ਦਾ ਜ਼ਬਰਦਸਤ ਤਾਲ ਤੇ ਲੈਅ ਵੇਖੀ ਹੋਵੇ। ਚਿੱਲੀ ਵਿਰੁਧ ਮੈਚ ਵਿਚ ਸਪੇਨੀ ਖਿਡਾਰੀ ਪੂਰੀ ਦ੍ਰਿੜਤਾ ਅਤੇ ਅਕੀਦਤ ਨਾਲ ਮੈਦਾਨ ਵਿਚ ਉਤਰੇ ਤੇ ਉਨ੍ਹਾਂ ਸ਼ੁਰੂਆਤ ਵੀ ਬੜੇ ਜ਼ੋਰਦਾਰ ਅੰਦਾਜ਼ ਵਿਚ ਕਰਨ ਦੀ ਕੋਸ਼ਿਸ਼ ਕੀਤੀ।

ਦੂਜੇ ਪਾਸੇ ਚਿੱਲੀ ਦੇ ਫੁੱਟਬਾਲ ਦਾ ਵੀ ਬੜਾ ਰੁਮਾਂਚਿਕ ਇਤਿਹਾਸ ਹੈ ਅਤੇ 1962 ਵਿਚ ਵਿਸ਼ਵ ਕੱਪ ਫੁੱਟਬਾਲ ਦੇ ਫਾਈਨਲ ਮੁਕਾਮ ਨੂੰ ਉਨ੍ਹਾਂ ਨੇ ਵੀ ਹੱਥ ਲਗਾਇਆ ਹੋਇਆ ਹੈ, ਤੇ ਅਜੇ ਦੋ ਮਹੀਨੇ ਪਹਿਲਾਂ ਹੀ 24 ਅਪਰੈਲ 2014 ਨੂੰ ਉਨ੍ਹਾਂ ਮੇਜ਼ਬਾਨ ਦੇਸ਼ ਬਰਾਜ਼ੀਲ ਦੀ ਕੌਮੀ ਟੀਮ ਨਾਲ ਅਜ਼ਮਾਇਸ਼ੀ ਮੈਚ ਖੇਡਿਆ ਸੀ ਅਤੇ 2-2 ਗੋਲਾਂ ਦੀ ਬਰਾਬਰੀ 'ਤੇ ਚੈਂਪੀਅਨਾਂ ਨੂੰ ਠੱਲ੍ਹ ਦਿੱਤਾ ਸੀ।

18 ਜੂਨ ਦੇ ਮੈਚ ਵਿਚ ਸਪੇਨੀਆਂ ਨੇ ਚਿੱਲੀ ਵਿਰੁਧ ਨੀਦਰਲੈਂਡ ਦੀ ਹਾਰ ਦੇ ਸਦਮੇ ਤੋਂ ਪਾਰ ਪਾਉਣ ਦੀ ਕੋਸ਼ਿਸ਼ ਕਰਨੀ ਸੀ ਪਰ ਚਿੱਲੀਅਨ ਟੀਮ ਦਾ ਚੱਕਰ ਇਹ ਸੀ ਕਿ 2010 ਦੇ ਵਿਸ਼ਵ ਕੱਪ ਦੌਰਾਨ ਸਪੇਨੀਆਂ ਨੇ ਉਨ੍ਹਾਂ ਨੂੰ 1 ਦੇ ਮੁਕਾਬਲੇ 2 ਗੋਲਾਂ ਨਾਲ ਹਰਾ ਕੇ ਕੱਪ ਦੀ ਦੌੜ 'ਚੋਂ ਜੋ ਬਾਹਰ ਕੀਤਾ ਸੀ। ਉਨ੍ਹਾਂ ਨੇ ਸਪੇਨੀਆਂ ਨਾਲ ਉਹ ਪੁਰਾਣਾ ਹਿਸਾਬ-ਕਿਤਾਬ ਚੁਕਤਾ ਕਰਨਾ ਸੀ। ਫਿਰ ਵੀ ਸਪੇਨੀ ਟੀਮ ਪੂਰੇ ਤਹੱਈਏ ਅਤੇ ਆਤਮ ਵਿਸ਼ਵਾਸ ਨਾਲ ਮੈਦਾਨ ਵਿਚ ਉਤਰੀ, ਤੇ ਸ਼ਾਵੀ ਅਲੋਂਸੋ ਅਤੇ ਡੀਅਗੋ ਕੋਸਟਾ ਨੇ ਖੇਡ ਸ਼ੁਰੂ ਹੁੰਦਿਆਂ ਹੀ ਚਿੱਲੀਅਨ ਗੋਲਾਂ 'ਤੇ ਲਗਾਤਾਰ ਦੋ-ਤਿੰਨ ਤਾਬੜਤੋੜ ਹਮਲੇ ਕਰ ਦਿੱਤੇ। ਚਿੱਲੀਅਨ ਗੋਲਕੀਪਰ ਕਲਾਡੀਓ ਬਰਾਵੋ ਦੀ ਦਾਦ ਦੇਣੀ ਹੋਵੇਗੀ ਕਿ ਉਹਨੇ ਫੁਰਤੀ ਨਾਲ ਮੁਢਲੇ ਹਮਲੇ ਅਸਾਨੀ ਨਾਲ ਹੀ ਜਾਇਆ ਕਰ ਦਿੱਤੇ।

ਮੈਚ ਬਰਾਬਰੀ 'ਤੇ ਚੱਲ ਰਿਹਾ ਸੀ, ਬਲਕਿ ਸਪੇਨੀਆਂ ਦਾ ਪਲੜਾ ਭਾਰੀ ਲਗਦਾ ਸੀ ਕਿ 20 ਵੇਂ ਮਿੰਟ ਵਿਚ ਸ਼ਾਵੀ ਅਲੋਂਸੋ ਵਰਗੇ ਮਿੱਡ ਫੀਲਡ ਦੇ ਮੰਨੇ ਹੋਏ ਜਰਨੈਲ ਕੋਲੋਂ ਅਚਾਨਕ ਬਾਲ ਖੁੰਝ ਗਈ ਅਤੇ ਚਿੱਲੀਅਨ ਖਿਡਾਰੀ ਨੇ ਬਾਲ ਕਬਜ਼ੇ 'ਚ ਕਰ ਕੇ ਅੱਖ ਦੇ ਫੋਰ ਵਿਚ ਹੀ ਸਪੇਨੀ ਗੋਲਾਂ ਵਿਚ ਜਾ ਸੁੱਟਿਆ। ਸਪੇਨ ਦਾ ਚੈਂਪੀਅਨ ਗੋਲਕੀਪਰ ਕੈਸੀਆਸ ਅਤੇ ਕੋਲ ਹੀ ਖੜ੍ਹਾ ਸਰਗੀਓ ਰੋਮੋਸ ਵੇਖਦੇ ਹੀ ਰਹਿ ਗਏ ਕਿ ਮੁੜ ਇਹ ਕੈਸਾ ਭਾਣਾ ਵਾਪਰਨਾ ਸ਼ੁਰੂ ਹੋ ਗਿਆ ਸੀ!

ਇਸ ਤੋਂ ਬਾਅਦ ਸਪੇਨੀਆਂ ਨੇ ਖੁਦ ਨੂੰ ਸੰਭਾਲਣ ਅਤੇ ਮੋੜਵੇਂ ਹਮਲੇ ਕਰਨ ਦੀ ਪੂਰੀ ਵਾਹ ਲਗਾਈ ਪਰ ਕਲਾਡੀਓ ਬਰਾਵੋ ਨੇ ਉਨ੍ਹਾਂ ਦੀ ਕੋਈ ਵਾਹ ਪੇਸ਼ ਨਾ ਜਾਣ ਦਿਤੀ। ਉਲਟਾ ਹੋਇਆ ਇਹ ਕਿ ਪਹਿਲੇ ਅੱਧ ਦੀ ਖੇਡ ਖਤਮ ਹੋਣ ਦੀ ਘੰਟੀ ਵੱਜਣ ਹੀ ਵਾਲੀ ਸੀ ਕਿ ਚਿੱਲੀ ਨੂੰ ਸਪੇਨੀ ਗੋਲਾਂ ਮੂਹਰੇ ਫਰੀ ਕਿੱਕ ਮਿਲ ਗਈ ਜਿਸ ਨੂੰ ਚਿਲੀਅਨ ਫੁੱਟਬਾਲ ਦੇ ਮਹਾਂ ਨਾਇਕ ਅਲੈਕਸ ਸੰਚੇਜ਼ ਨੇ ਰਾਕਟ ਵਾਂਗੂ ਸਪੇਨੀ ਗੋਲ ਪੋਸਟ ਵੱਲ ਸੇਧ ਦਿੱਤਾ। ਸਪੇਨ ਦੇ ਸਾਬਕਾ ਕਪਤਾਨ ਕਾਸੀਅਸ ਨੇ ਇਸ 'ਰਾਕਟ' ਨੂੰ ਰੋਕ ਤਾਂ ਦਿੱਤਾ ਪਰ ਉਹ ਬਾਲ ਨੂੰ ਕਾਬੂ ਨਾ ਰੱਖ ਸਕਿਆ। ਉਸ ਦਾ ਕਸੂਰ ਵੀ ਕੋਈ ਨਹੀਂ ਸੀ। ਬਾਲ ਉਸ ਦੇ ਹੱਥਾਂ ਨੂੰ ਵੱਜ ਕੇ ਵਾਪਸ ਰੀਬਾਊਂਡ ਚਿੱਲੀ ਦੇ ਆਰਨਗੂਏ ਦੇ ਐਨ ਪੈਰਾਂ 'ਤੇ ਆ ਡਿੱਗੀ ਜਿਸ ਨੂੰ ਉਸ ਨੇ ਅੱਖ ਦੇ ਫੋਰ ਵਿਚ ਸਪੇਨੀ ਗੋਲ ਪੋਸਟ ਦੇ ਅੰਦਰ ਸੁੱਟ ਦਿੱਤਾ।... ਤੇ ਇਸ ਗੋਲ ਨੇ ਸਪੇਨੀਆਂ ਦੀਆਂ ਆਸਾਂ ਉਮੀਦਾਂ 'ਤੇ ਬਿਜਲੀ ਡਿੱਗਣ ਵਾਂਗ ਸਾਬਤ ਹੋ ਜਾਣਾ ਸੀ।

ਦੂਜੇ ਅੱਧ ਦੀ ਖੇਡ ਸ਼ੁਰੂ ਹੁੰਦਿਆਂ ਸਪੇਨੀ ਕੋਚ ਨੇ ਸ਼ਾਵੀ ਅਲੋਂਸੋ ਨੂੰ ਮੈਦਾਨ ਵਿਚ ਉਤਾਰ ਦਿੱਤਾ ਪਰ ਗੱਲ ਬਣ ਨਹੀਂ ਰਹੀ ਸੀ। ਇਸੇ ਤਰ੍ਹਾਂ ਸਾਂਤੀ ਕਜੋਰਲਾ ਨੂੰ ਲਿਆਂਦਾ ਗਿਆ ਅਤੇ ਕਜੋਰਲਾ ਵਰਗੇ 'ਤੇਗ ਦੇ ਧਨੀ' ਦੇ 'ਵਾਰਾਂ' ਨੂੰ ਚਿਲੀਅਨ ਬਰਾਵੋ ਜਿਸ ਅੰਦਾਜ਼ ਵਿਚ ਰੋਕ ਰਿਹਾ ਸੀ, ਉਸ ਨੂੰ ਵੇਖਦਿਆਂ ਵਾਰ-ਵਾਰ ਦਰਸ਼ਕਾਂ ਦੇ ਦੰਦੂੜਿਕੇ ਵੱਜ ਰਹੇ ਸਨ।

ਸਪੇਨੀ ਕੋਚ ਅਖੀਰ ਜਦੋਂ ਟੋਰਸ ਵਰਗੇ ਆਪਣੇ ਸ਼ਾਨਾਂਮਤੇ 'ਜਰਨੈਲ' ਨੂੰ ਗਰਾਊਂਡ ਵਿਚ ਭੇਜ ਰਿਹਾ ਸੀ ਤਾਂ ਇਉਂ ਲਗਦਾ ਸੀ ਜਿਵੇਂ ਸ਼ਹਿਨਸ਼ਾਹ ਸ਼ਾਹ ਜਹਾਨ ਦਾ ਫਰਜ਼ੰਦ ਮਹਾਨ ਪਰ ਬੇਵਸ ਦਾਰਾ ਸ਼ਿਕੋਹ ਅੰਤਿਮ ਦਾਅ ਵਜੋਂ ਆਪਣੇ ਹੋਣਹਾਰ ਪੁੱਤਰ ਨੂੰ ਜੰਗ ਦੇ ਮੈਦਾਨ ਵਿਚ ਭੇਜ ਰਿਹਾ ਹੋਵੇ!... 2008 ਦਾ ਵਿਸ਼ਵ ਕੱਪ ਫਾਈਨਲ ਜਿਨ੍ਹਾਂ ਨੇ ਵੇਖਿਆ ਹੋਇਆ ਹੈ, ਉਨ੍ਹਾਂ ਨੂੰ ਟੋਰਸ ਦੀ ਅਹਿਮੀਅਤ ਦਾ ਪਤਾ ਹੋਵੇਗਾ ਅਤੇ ਇਹ ਵੀ ਯਾਦ ਹੋਵੇਗਾ ਕਿ ਇਹ ਉਸ ਦੇ ਸਬਲਾਈਮ ਗੋਲ ਸਦਕਾ ਪੂਰੇ 60 ਵਰ੍ਹਿਆਂ ਦੀ ਲੰਮੀ ਜਦੋ-ਜਹਿਦ ਤੋਂ ਬਾਅਦ ਸਪੇਨ ਪਹਿਲੀ ਵਾਰ ਯੂਰਪੀ ਚੈਂਪੀਅਨ ਬਣਿਆ ਸੀ। ਇਸੇ ਤਰ੍ਹਾਂ 2010 ਦੇ ਵਿਸ਼ਵ ਕੱਪ ਫਾਈਨਲ ਮੈਚ ਦੇ 116ਵੇਂ ਮਿੰਟ ਵਿਚ ਗੋਲ ਕਰ ਕੇ ਇਨੀਸਟਾ ਨੇ ਨੀਦਰਲੈਂਡ ਦੀ ਮੁਹਿੰਮ ਨੂੰ ਪੰਕਚਰ ਕੀਤਾ ਸੀ ਅਤੇ ਵਿਸ਼ਵ ਵਿਜੇਤਾ ਦਾ ਤਾਜ ਸਪੇਨੀਆਂ ਦੇ ਸਿਰ 'ਤੇ ਟਿਕਿਆ ਸੀ; ਪਰ ਇਸ ਵਾਰ ਟੋਰਸ ਜਾਂ ਇਨੀਸਟਾ ਕੋਲ ਬਰਾਵੋ ਜਾਂ ਚਿਲੀਅਨ ਰੱਖਿਅਕ ਪੰਕਤੀ ਦੀ ਦ੍ਰਿੜਤਾ ਦਾ ਕੋਈ ਵੀ ਤੋੜ ਨਹੀਂ ਬਣ ਰਿਹਾ ਸੀ। ਨਹੀਂ ਤਾਂ 15 ਕੁ ਮਿੰਟਾਂ ਦੀ ਖੇਡ ਰਹਿੰਦਿਆਂ ਇਨੀਸਟੀ ਦੀ ਸਾਰੀ ਤਾਕਤ ਨਾਲ ਲਗਾਈ ਕਰਾਸਿੰਗ ਕਿੱਕ ਨੂੰ ਰੋਕ

***(ਅਗਲੇ ਸਫੇ 'ਤੇ ਜਾਰੀ)***

# ਗੁਰਦਾਸ ਸਿੰਘ ਘਾਰੂ ਦੀ ਦ੍ਰਿੜਤਾ ਨੂੰ ਸਲਾਮ


ਨਰਭਿੰਦਰ
ਫੋਨ: 91-93544-30211

ਮਜ਼ਦੂਰ ਵਿਹੜਿਆਂ ਦੀ ਮੁਕਤੀ ਅਤੇ ਉਨ੍ਹਾਂ ਲਈ ਚੰਗੇਰੀ ਜ਼ਿੰਦਗੀ ਦਾ ਸੁਪਨਾ ਸਾਕਾਰ ਕਰਨ ਲਈ ਜਿਹੜੇ ਲੋਕ ਉਮਰ ਭਰ ਸੰਘਰਸ਼ਸ਼ੀਲ ਰਹੇ, ਉਨ੍ਹਾਂ ਵਿਚੋਂ ਇਕ ਗੁਰਦਾਸ ਘਾਰੂ ਸਨ। 93 ਕੁ ਸਾਲ ਦੀ ਉਮਰ ਭੋਗ ਕੇ ਦੁਨੀਆਂ ਨੂੰ ਅਲਵਿਦਾ ਕਹਿਣ ਵਾਲੇ ਗੁਰਦਾਸ ਨੂੰ ਬਚਪਨ ਤੋਂ ਰਾਜਸੀ ਲਹਿਰਾਂ ਦੀ ਗੁੜਤੀ ਮਿਲੀ ਅਤੇ 1965-66 ਵਿਚ ਉਨ੍ਹਾਂ ਕਮਿਊਨਿਸਟ ਵਿਚਾਰਧਾਰਾ ਦਾ ਲੜ ਫੜਿਆ। ਫਿਰ ਉਨ੍ਹਾਂ ਸਾਰੀ ਉਮਰ ਮਜ਼ਦੂਰਾਂ ਦੀ ਬਿਹਤਰ ਜ਼ਿੰਦਗੀ ਅਤੇ ਮਾਲਕ ਜਮਾਤਾਂ ਵਿਰੁੱਧ ਲੜਾਈ ਦਾ ਝੰਡਾ ਚੁੱਕੀ ਰੱਖਿਆ।

ਗੁਰਦਾਸ ਘਾਰੂ ਪਿੰਡ ਰਾਏਸਰ (ਬਰਨਾਲਾ) ਵਿਚ ਖੇਤ ਮਜ਼ਦੂਰ ਪਰਿਵਾਰ ਵਿਚ ਸ੍ਰੀ ਮਿਹਰ ਸਿੰਘ ਦੇ ਘਰ 14 ਮਈ 1923 ਨੂੰ ਜਨਮੇ। ਮਾਤਾ ਧੰਨ ਕੌਰ ਮਜ਼ਦੂਰ ਸੀ ਅਤੇ ਮਿਹਨਤੀ ਸੁਭਾਅ ਦੀ ਸੀ। ਪੰਜ ਭਰਾਵਾਂ ਅਤੇ ਤਿੰਨ ਭੈਣਾਂ ਵਿਚੋਂ ਸਭ ਤੋਂ ਵੱਡੇ ਗੁਰਦਾਸ ਨੂੰ ਮੁੱਢਲੀ ਵਿਦਿਆ ਨਿਰਮਾਣਸਰ ਵਿਦਿਆਲੇ ਤੋਂ ਮਿਲੀ ਜਿਸ ਨੂੰ ਸੰਤ ਈਸ਼ਰ ਦਾਸ ਚਲਾਉਂਦੇ ਸਨ। ਪਿੰਡ ਸਰਕਾਰੀ ਸਕੂਲ ਨਹੀਂ ਸੀ, ਪਰ ਉਸ ਸਮੇਂ ਕੂਕਿਆਂ ਵੱਲੋਂ ਸਰਕਾਰੀ ਸਕੂਲਾਂ ਦਾ ਬਾਈਕਾਟ ਕੀਤਾ ਜਾਂਦਾ ਸੀ ਅਤੇ ਵਿਦਿਆ ਲਈ ਡੇਰੇ ਤੇ ਸੰਤਾਂ ਵੱਲੋਂ ਖੋਲ੍ਹੇ ਵਿਦਿਆਲੇ ਹੀ ਕੰਮ ਆਉਂਦੇ ਸਨ। ਮੁਢਲੀ ਰਾਜਸੀ ਸੂਝ ਦਾ ਸਫ਼ਰ ਇਥੋਂ ਹੀ ਸ਼ੁਰੂ ਹੋਇਆ। ਇਹ ਡੇਰੇ ਅੱਜ ਵਰਗੇ ਡੇਰਿਆਂ ਵਰਗੇ ਨਹੀਂ ਸਨ, ਸਗੋਂ ਇਹ ਅੰਗਰੇਜ਼ਾਂ ਵਿਰੁੱਧ ਚੱਲ ਰਹੀਆਂ ਲਹਿਰਾਂ ਦੇ ਕੇਂਦਰ ਵੀ ਹੁੰਦੇ ਸਨ। ਇਹ ਬੱਚਿਆਂ ਨੂੰ ਅੱਖਰੀ ਗਿਆਨ ਦੇਣ ਦੇ ਨਾਲ-ਨਾਲ ਉਨ੍ਹਾਂ ਵਿਚ ਮੁਸ਼ੱਕਤ ਕਰਨ ਦੀ ਰੁਚੀ ਵੀ ਪੈਦਾ ਕਰਦੇ ਸਨ।

ਉਧਰ ਪਿੰਡ ਰਾਏਸਰ ਵੀ ਰਾਜਸੀ ਲਹਿਰਾਂ ਦਾ ਕੇਂਦਰ ਸੀ, ਕਿਉਂਕਿ ਪਿੰਡ ਦੋ ਸਰਕਾਰਾਂ 'ਚ ਵੰਡਿਆ ਹੋਇਆ ਸੀ। ਪਿੰਡ ਦਾ ਇਕ ਅੱਧ ਪਟਿਆਲੇ ਦੇ ਰਾਜੇ ਦੀ ਮਾਲਕੀ ਸੀ ਅਤੇ ਦੂਜੇ ਅੱਧ ਉਤੇ ਅੰਗਰੇਜ਼ਾਂ ਦਾ ਕਬਜ਼ਾ ਸੀ। ਦੋਹਾਂ ਸਰਕਾਰਾਂ ਦੇ ਬਾਗੀ ਆਪਣੇ ਬਚਾਅ ਲਈ ਇੱਧਰ-ਉਧਰ ਸ਼ਰਨ ਲੈਂਦੇ ਸਨ। ਸੁਭਾਵਕ ਹੀ ਸੀ ਕਿ ਇਨ੍ਹਾਂ ਰਾਜਸੀ ਸਰਗਰਮੀਆਂ ਦਾ ਅਸਰ ਜੁਆਨ ਹੋ ਰਹੀ ਪੀੜ੍ਹੀ 'ਤੇ ਪਿਆ, ਪਰ 1947 ਦੀ ਵੰਡ ਅਤੇ ਇਲਾਕੇ ਵਿਚ ਮੁਸਲਮਾਨਾਂ ਉਤੇ ਖੁੱਲ੍ਹੀ ਕਹਿਰ ਦੀ ਹਨੇਰੀ ਨੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ, ਤੇ ਉਨ੍ਹਾਂ ਅੰਦਰਲੇ ਮਾਨਵਤਾਵਾਦ ਨੂੰ ਜਗਾਇਆ। ਪਿੰਡ ਰਾਏਸਰ ਜੰਗਲੀ ਇਲਾਕੇ ਵਿਚ ਸੀ ਜਿਸ ਕਰ ਕੇ ਕਮਿਊਨਿਸਟ ਵਿਸ਼ੇਸ਼ ਕਰ ਕੇ ਲਾਲ ਕਮਿਊਨਿਸਟ ਪਾਰਟੀ ਦੇ ਕਾਰਕੁਨ ਅਤੇ ਆਗੂਆਂ ਦਾ ਵੀ ਇਹ ਕੇਂਦਰ ਰਿਹਾ। ਕਾਮਰੇਡ ਤੇਜਾ ਸਿੰਘ ਸੁਤੰਤਰ ਇਸ ਇਲਾਕੇ ਵਿਚ ਆਮ ਹੀ ਠਹਿਰ ਰੱਖਦੇ ਸਨ। ਪਿੰਡ ਦੇ ਗੁਰਦਿਆਲ ਸਿੰਘ ਇਸੇ ਪਾਰਟੀ ਨਾਲ ਜੁੜੇ ਹੋਏ ਸਨ ਜਿਨ੍ਹਾਂ ਰਾਹੀਂ ਪਿੰਡ ਵਾਸੀਆਂ ਦੀ ਮੁਢਲੀ ਹਮਦਰਦੀ ਲਾਲ ਕਮਿਊਟਿਸਟ ਪਾਰਟੀ ਨਾਲ ਹੀ ਜੁੜੀ।

ਗੁਰਦਾਸ ਘਾਰੂ ਨੇ ਆਪਣੀ ਮੁਢਲੀ ਭੂਮਿਕਾ 50ਵਿਆਂ 'ਚ ਚੱਲੀ ਛੂਆ-ਛੂਤ ਵਿਰੁੱਧ ਮੁਹਿੰਮ ਵਿਚ ਨਿਭਾਈ। ਫਿਰ ਰੋਜ਼ਗਾਰ ਲਈ ਪਰਿਵਾਰ ਸਿਰਸਾ ਤਹਿਸੀਲ ਦੇ ਪਿੰਡ ਜਗਮਲੇਰੇ ਜਾ ਟਿਕਿਆ। ਉਥੇ ਪੁੱਜ ਕੇ ਉਹ ਰਾਜਸੀ ਸਰਗਰਮੀਆਂ ਵਿਚ ਕੁੱਦ ਪਏ। ਛੋਟਾ ਭਰਾ ਪ੍ਰਕਾਸ਼ ਰਾਏ ਸੀ ਜਿਹੜਾ ਪਿੱਛੋਂ ਸੀ.ਪੀ.ਆਈ. ਪੰਜਾਬ ਦੀ ਜ਼ਿਲ੍ਹਾ ਕਮੇਟੀ ਤੇ ਮਜ਼ਦੂਰ ਜਥੇਬੰਦੀ ਦੀ ਸੂਬਾ ਕਮੇਟੀ 'ਚ ਵੀ ਰਿਹਾ। ਉਸ ਤੋਂ ਛੋਟਾ ਸੰਤ ਰਾਮ ਉਦਾਸੀ ਕਮਿਊਨਿਸਟ ਇਨਕਲਾਬੀ ਦੇ ਤੌਰ 'ਤੇ ਚਰਚਿਤ ਹੋਇਆ। ਗੁਰਦਾਸ ਦਾ ਘਰ ਉਨ੍ਹੀਂ ਦਿਨੀਂ ਰਾਜਸੀ ਸਰਗਰਮੀਆਂ ਦਾ ਕੇਂਦਰ ਸੀ। ਇਲਾਕਾ ਨਾਮਧਾਰੀਆਂ ਦੇ ਪ੍ਰਭਾਵ ਵਾਲਾ ਸੀ। ਸਿਰਸਾ ਖੇਤਰ ਦੀ ਜ਼ਿੰਮੇਵਾਰੀ ਕਾਮਰੇਡ ਬਲਦੇਵ ਬਖ਼ਸ਼ੀ ਅਤੇ



ਟੀਕਾ ਰਾਮ ਸੁਖਨ ਨਿਭਾਅ ਰਹੇ ਸਨ। 1970 ਦੀਆਂ ਚੋਣਾਂ ਆਈਆਂ ਤਾਂ ਕਾਮਰੇਡ ਜਸਵੰਤ ਜੋਸ਼ ਨੂੰ ਐਮ.ਐਲ.ਏ. ਦੀ ਚੋਣ ਲੜਾਈ ਗਈ। ਚੋਣ ਖਰਚਾ ਹੋਇਆ 45000 ਰੁਪਏ ਅਤੇ ਵੋਟਾਂ 5665 ਮਿਲੀਆਂ। ਬੱਸ, ਇਹੀ ਸਵਾਲ ਗੁਰਦਾਸ ਦੇ ਦਿਮਾਗ ਵਿਚ ਖੜ੍ਹਾ ਹੋ ਗਿਆ- ਐਨੇ ਮਹਿੰਗੇ ਪ੍ਰਬੰਧ ਅਤੇ ਕਈ ਸਾਲਾਂ ਦੇ ਕੰਮ ਪਿੱਛੋਂ ਵੀ ਲੋਕਾਂ ਦਾ ਹੁੰਗਾਰਾ ਕਿਉਂ ਨਹੀਂ? ਪਾਰਟੀ ਅੰਦਰ ਰਹਿੰਦਿਆਂ ਇਹ ਪਹਿਲਾ ਵੱਡਾ ਸੁਆਲ ਸੀ।

ਦੂਜੀ ਘਟਨਾ ਸੀ 21 ਨਵੰਬਰ 1972 ਵਾਲੀ, ਜਦੋਂ ਸੋਵੀਅਤ ਕਲਚਰ ਸੁਸਾਇਟੀ ਵਲੋਂ ਜਗਮਲੇਰੇ ਫਿਲਮ ਦਿਖਾਈ ਜਾਣੀ ਸੀ। ਪਹਿਲਾਂ ਰਾਜਸੀ ਕਾਨਫਰੰਸ ਸੀ। ਇਲਾਕੇ ਵਿਚ ਸਥਾਪਤ ਧਿਰ ਨੂੰ ਇਹ ਬਰਦਾਸ਼ਤ ਨਹੀਂ ਸੀ। ਇਸ ਲਈ ਬਿਜਲੀ ਟਰਾਂਸਫਰਮਰ ਦੀ ਰਾਖੀ ਲਈ ਗੁਰਦਾਸ ਸਿੰਘ ਅਤੇ ਇਕ ਹੋਰ ਸਾਥੀ ਦੀ ਜ਼ਿੰਮੇਵਾਰੀ ਲਾਈ ਗਈ। ਜੋ ਚਿਤਵਿਆ ਸੀ, ਉਹੀ ਹੋਇਆ। ਸਥਾਪਤ ਧਿਰ ਵੱਲੋਂ ਹਮਲਾ ਹੋਇਆ। ਗੁਰਦਾਸ ਘਾਰੂ ਬਚ ਤਾਂ ਗਏ, ਪਰ ਸੱਟਾਂ ਬਹੁਤ ਜ਼ਿਆਦਾ ਲੱਗੀਆਂ। ਉਦੋਂ ਪਹਿਲਾਂ ਤਾਂ ਮੁਕੱਦਮਾ ਨਾ ਕੀਤਾ, ਫਿਰ ਇਸਤਗਾਸਾ ਕੀਤਾ ਤਾਂ 18 ਮਹੀਨੇ ਪਿੱਛੋਂ ਕੇਸ ਸ਼ੁਰੂ ਹੋਇਆ; ਪਰ ਪਾਰਟੀ ਨੇ ਦਬਾਅ ਹੇਠ ਸਮਝੌਤਾ ਕਰ ਲਿਆ। ਇਸ ਤੋਂ ਬਆਦ ਗੁਰਦਾਸ ਨੇ ਕਲਮ ਫੜ ਲਈ। ਪਹਿਲਾਂ ਕਿਤਾਬਚਾ ਲਿਖਿਆ- 'ਰੰਗਰੇਟੇ ਗੁਰੂ ਕੇ ਬੇਟੇ' ਅਤੇ ਫਿਰ ਨਾਵਲ 'ਅਣਖਾਂ ਦੀ ਪਹਿਰੇਦਾਰ।' ਉਨ੍ਹਾਂ ਮਜ਼ਦੂਰ ਵਰਗ, ਵਿਸ਼ੇਸ਼ ਕਰ ਕੇ ਮਜ਼ਹਬੀ ਸਿੱਖਾਂ ਦੀ ਜ਼ਿੰਦਗੀ ਬਾਰੇ ਲਿਖਿਆ। ਇਨ੍ਹਾਂ ਲਿਖਤਾਂ ਦੀ ਪਾਰਟੀ ਵਿਚ ਆਲੋਚਨਾ ਹੋਈ। ਕੁਝ ਸ਼ਰਾਰਤੀ ਅਨਸਰਾਂ ਨੇ ਜਬਰੀ ਅਸਤੀਫਾ ਲੈ ਲਿਆ ਪਰ ਉਨ੍ਹਾਂ ਦੀ ਸਿਧਾਂਤ ਨਾਲ ਵਫਾਦਾਰੀ ਵਿਚ ਕੋਈ ਆਂਚ ਨਾ ਆਈ।

ਛੋਟੇ ਭਰਾ ਸੰਤ ਰਾਮ ਉਦਾਸੀ ਦੀ ਇਨਕਲਾਬੀ ਲਹਿਰ ਵਿਚ ਚੜ੍ਹਤ ਸੀ। ਸੋ, ਗੁਰਦਾਸ ਦੀਆਂ ਲਿਖਤਾਂ ਕਮਿਊਨਿਸਟ ਇਨਕਲਾਬੀ ਖੇਮੇ ਤੱਕ ਪਹੁੰਚੀਆਂ। ਇਸ ਖੇਮੇ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ। ਬਾਰੂ ਸਤਵਰਗ ਦੀ ਪ੍ਰੇਰਨਾ ਸਦਕਾ ਉਹ ਕ੍ਰਾਂਤੀਕਾਰੀ ਸਾਹਿਤ ਸਭਾ ਵਿਚ ਸ਼ਾਮਲ ਹੋ ਗਏ। 22 ਅਪਰੈਲ 1981 ਵਿਚ ਬਣੀ ਕ੍ਰਾਂਤੀਕਾਰੀ ਸਾਹਿਤ ਸਭਾ ਦੀ ਦੂਜੀ ਕਾਨਫਰੰਸ (1982) ਵਿਚ ਗੁਰਦਾਸ ਸਿੰਘ ਸੂਬਾ ਕਮੇਟੀ ਮੈਂਬਰ ਬਣ ਗਏ।

1984 ਦੇ ਪੀੜਾਦਾਇਕ ਮਾਹੌਲ ਵਿਚ ਉਨ੍ਹਾਂ ਨੇ ਸਰਗਰਮ ਭੂਮਿਕਾ ਨਿਭਾਈ। ਲੋਕਾਂ ਨੂੰ ਫਿਰਕੂ ਵੰਡ ਅਤੇ ਨਫ਼ਰਤ ਤੋਂ ਚੇਤੰਨ ਕਰਨ ਲਈ ਹਰਿਆਣਾ ਦੇ ਪਿੰਡਾਂ ਵਿਚ ਰੰਗਕਰਮੀ ਗੁਰਸ਼ਰਨ ਸਿੰਘ ਦੇ ਨਾਟਕ ਕਰਵਾਏ। ਇਸੇ ਦੌਰਾਨ ਉਨ੍ਹਾਂ ਨੇ ਲਿਖਣ ਕਾਰਜ ਨੂੰ ਅੱਗੇ ਵਧਾਇਆ। ਪਹਿਲੀਆਂ ਜ਼ਿਕਰ ਕੀਤੀਆਂ ਦੋ ਕਿਤਾਬਾਂ ਤੋਂ ਪਿੱਛੋਂ 'ਬਾਗੀ ਦੀ ਪਤਨੀ' ਨਾਵਲ ਲਿਖਿਆ। ਉਨ੍ਹਾਂ ਦੀਆਂ ਹੋਰ ਪੁਸਤਕਾਂ ਵਿਚ 'ਮਨੁੱਖੀ ਬਰਾਬਰੀ ਲਈ ਕੂਕਾ ਲਹਿਰ ਦਾ ਆਜ਼ਾਦੀ ਸੰਗਰਾਮ', 'ਖ਼ੂਨ ਤੋਂ ਬਾਅਦ', 'ਖ਼ਾਲਸਾ ਗੁਰੀਲਾ ਜੰਗ ਚੱਲਦਾ ਰਿਹਾ' ਅਤੇ 'ਰਿਆਸਤੀ ਪਰਜਾ ਮੰਡਲ ਦਾ ਯੋਧਾ ਬਾਬਾ ਨਰੈਣ ਸਿੰਘ' ਸ਼ਾਮਲ ਹਨ। ਉਨ੍ਹਾਂ ਦੀ ਸਵੈ-ਜੀਵਨੀ ਦਾ ਨਾਂ 'ਪਗਡੰਡੀਆਂ ਤੋਂ ਜੀਵਨ ਮਾਰਗ ਤੱਕ' ਹੈ। ਇਨ੍ਹਾਂ ਤੋਂ ਇਲਾਵਾ ਦੋ-ਤਿੰਨ ਪੁਸਤਕਾਂ ਦੇ ਖਰੜੇ ਅਜੇ ਛਪਣ ਹਿੱਤ ਪਏ ਹਨ ਜਿਨ੍ਹਾਂ ਵਿਚ ਨਕਸਲੀ ਯੋਧਿਆਂ ਦੀਆਂ ਯਾਦਾਂ ਸ਼ਾਮਲ ਹਨ।

ਉਨ੍ਹਾਂ ਹਰ ਵਰਗ ਦੀਆਂ ਕੁੜੀਆਂ ਦੀ ਪੜ੍ਹਾਈ ਨੂੰ ਉਤਸ਼ਾਹਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦਾ ਵਿਚਾਰ ਸੀ ਕਿ ਜੇ ਕੁੜੀਆਂ ਪੜ੍ਹ ਗਈਆਂ ਤਾਂ ਸਮਾਜਕ ਇਨਕਲਾਬ ਦਾ ਅੱਧਾ ਸਫਰ ਪਾਰ ਹੋ ਜਾਵੇਗਾ। ਉਹ ਕਮਿਊਨਿਸਟਾਂ ਦੀ ਉਸ ਪੀੜ੍ਹੀ ਵਿਚੋਂ ਸਨ ਜਿਹੜੇ ਦਿਖਾਵੇ ਅਤੇ ਸਿਧਾਂਤਕ ਚਲਾਕੀਆਂ ਤੋਂ ਬਹੁਤ ਦੂਰ ਸਨ। ਉਨ੍ਹਾਂ ਲਈ ਮਾਰਕਸ, ਲੈਨਿਨ, ਸਟਾਲਿਨ, ਮਾਓ ਸਦਾ ਪ੍ਰੇਰਨਾ ਸਰੋਤ ਰਹੇ। ਉਨ੍ਹਾਂ ਬੇਸ਼ਕ ਸਿਧਾਂਤਕ ਲਿਖਤਾਂ ਜ਼ਿਆਦਾ ਨਾ ਪੜ੍ਹੀਆਂ ਹੋਣ ਪਰ ਉਨ੍ਹਾਂ ਦੀ ਸਮਾਜਵਾਦ ਵਿਚ ਦ੍ਰਿੜਤਾ ਸਲਾਮ ਕਰਨ ਯੋਗ ਹੈ। ਉਹ ਹਾਰੇ ਨਹੀਂ, ਹੰਭੇ ਨਹੀਂ; ਸਗੋਂ ਨਿਰੰਤਰ ਤੁਰਦੇ ਗਏ।

# *ਇਰਾਨੀਆਂ ਨੇ...*

*(ਪਿਛਲੇ ਸਫੇ ਤੋਂ ਜਾਰੀ)*

ਪਾਉਣਾ ਕਿਵੇਂ ਵੀ ਖਾਲਾ ਜੀ ਦੀ ਖੇਡ ਨਹੀਂ ਸੀ!

ਇਸ ਫੈਸਲਾਕੁਨ ਮੈਚ ਵਿਚ ਸਪੇਨੀਆਂ ਦੀ ਬੇਵਸੀ ਦਾ ਰੰਗ ਸਭ ਤੋਂ ਵੱਧ ਉਘੜਵੇਂ ਰੂਪ ਵਿਚ ਉਸ ਸਮੇਂ ਸਾਹਮਣੇ ਆਇਆ ਜਦੋਂ 16 ਨੰਬਰ ਦੀ ਜਰਸੀ ਵਾਲੇ ਨਾਮਵਰ ਖਿਡਾਰੀ ਸਰਜੀਓ ਬਿਸਕਿਤਸ ਨੂੰ ਗੋਲ ਕਰਨ ਦਾ ਸੁਨਹਿਰੀ ਮੌਕਾ ਮਿਲਿਆ ਪਰ ਉਹਨੇ ਬਾਲ ਨੂੰ ਬੱਚਿਆਂ ਵਾਂਗੂ ਚਿਲੀਅਨ ਗੋਲਚੀ ਬਰਾਵੋ ਨੂੰ 'ਸੰਭਾਲ' ਦਿਤਾ ਤੇ ਫਿਰ ਗੋਲਚੀ ਦੇ ਸਾਹਮਣੇ ਗੋਡੇ ਟੇਕ ਕੇ ਨਿੰਮੋਝੂਣ ਵਿਚਾਰਿਆਂ ਦੇ ਹਾਰ ਬੈਠ ਗਿਆ। ਹੁਣ ਵੇਖਣਾ ਇਹ ਹੈ ਕਿ ਚਿਲੀਅਨ ਟੀਮ ਵੀ ਮੰਨਿਆ ਕਿ ਬੜੀ ਮਜ਼ਬੂਤ ਸੀ, ਪਰ ਉਸ ਅੰਦਰ ਉਸ ਦਿਨ ਅਜਿਹੀ ਸਪਿਰਿਟ ਕਿਸ ਸੋਮੇ ਤੋਂ ਆ ਗਈ ਸੀ ਕਿ ਉਹ ਸਪੇਨੀਆਂ ਨੂੰ ਇਕ ਤਰ੍ਹਾਂ ਨਾਲ ਸਾਹ-ਸਤਹੀਣ ਹੀ ਕਰ ਕੇ ਰੱਖ ਦੇਵੇ?

ਇਹ ਸਾਲ 2010 ਦੇ ਵਿਸ਼ਵ ਕੱਪ 'ਚ ਹੋਈ ਸਪੇਨੀਆਂ ਹੱਥੋਂ ਹਾਰ ਦਾ ਬਦਲਾ ਚੁਕਾਉਣ ਦੀ ਭਾਵਨਾ ਵਿਚੋਂ ਹੀ ਆਈ ਸੀ, ਇਹ ਤਾਂ ਪੱਕੇ ਤੌਰ ਤੇ ਕਹਿਣਾ ਮੁਸ਼ਕਲ ਹੈ; ਪਰ ਸਵੈਮਾਣ 'ਤੇ ਲੱਗੀ ਸੱਟ ਜਾਂ ਬਦਲੇ ਦੀ ਭਾਵਨਾ ਕਿਸ ਕਿਸਮ ਦਾ ਕੌਤਿਕ ਕਰ ਸਕਦੀ ਹੈ, ਉਹ ਕਿੱਸਾ ਬੇਹਤਰ ਰਹੇਗਾ ਕਿ ਕਿਸੇ ਹੋਰ ਦੇ ਨਹੀਂ ਬਲਕਿ ਵਿਸ਼ਵ ਫੁੱਟਬਾਲ ਜਗਤ ਦੇ ਸ਼ਹਿਨਸ਼ਾਹ ਪੇਲੇ ਦੇ ਸ਼ਬਦਾਂ ਵਿਚ ਹੀ ਪਾਠਕਾਂ ਨੂੰ ਬਿਰਤਾਂਤ ਸੁਣਾਇਆ ਜਾਵੇ।

ਇਹ ਕਹਾਣੀ ਪੇਲੇ ਵਲੋਂ 'ਮਾਈ ਲਾਈਫ ਐਂਡ ਦਿ ਬਿਊਟੀਫੁਲ ਗੇਮ' ਸਿਰਲੇਖ ਹੇਠ ਰੌਬਰਟ ਫਿਸ਼ ਦੇ ਸਹਿਯੋਗ ਨਾਲ ਲਿਖੀ ਅਤੇ 2007 ਵਿਚ ਛਪੀ ਆਪਣੀ ਸਵੈ-ਜੀਵਨੀ ਵਿਚ 1970 ਦੇ ਆਪਣੇ ਆਖਰੀ ਵਿਸ਼ਵ ਕੱਪ ਟੂਰਨਾਮੈਂਟ ਦੇ ਉਰੂਗੂਏ ਵਿਰੁਧ ਖੇਡੇ ਗਏ ਸੈਮੀ ਫਾਈਨਲ ਮੈਚ ਬਾਰੇ ਦੱਸਦਿਆਂ ਬੜੇ ਹੀ ਰੌਚਿਕ ਅੰਦਾਜ਼ ਵਿਚ ਸੁਣਾਈ ਹੋਈ ਹੈ। ਉਸ ਵਿਸ਼ਵ ਕੱਪ ਦੌਰਾਨ ਬਰਾਜ਼ੀਲ ਨੇ ਆਪਣੀ ਮੁਹਿੰਮ ਚੈਕੋਸਲੋਵਾਕੀਆ ਦੀ ਟੀਮ ਨੂੰ 4-1 ਨਾਲ ਹਰਾ ਕੇ ਸ਼ੁਰੂ ਕੀਤੀ ਸੀ ਅਤੇ ਬਾਅਦ ਵਿਚ ਉਨ੍ਹਾਂ ਪੂਲ ਅੰਦਰ ਹੀ ਉਨ੍ਹਾਂ ਜ਼ਮਾਨਿਆਂ 'ਚ ਮਹਾਨ ਗੋਲਕੀਪਰ ਗੌਰਡਨ ਬੈਂਕਸ, ਬੌਬੀ ਮੂਰ, ਬੌਬੀ ਚਾਰਲਟਨ, ਜੈਕ ਚਾਰਲਟਨ ਅਤੇ ਕੂਪਰ ਵਰਗੇ ਸਦੀ ਦੇ ਮਹਾਨ ਫੁੱਟਬਾਲ ਖਿਡਾਰੀਆਂ ਨਾਲ ਲੈਸ ਇੰਗਲੈਂਡ ਦੀ ਟੀਮ ਨੂੰ ਸਿਕਸ਼ਤ ਦੇ ਕੇ ਕਵਾਰਟਰ ਫਾਈਨਲ ਵਿਚ ਦਾਖਲਾ ਪਾਇਆ ਸੀ। ਮੈਚ ਨੂੰ ਉਸ ਸਮੇਂ ਵਿਸ਼ਵ ਕੱਪ ਦਾ ਅਸਲ 'ਫਾਈਨਲ' ਤਾਂ ਕਿਹਾ ਹੀ ਗਿਆ ਸੀ।

ਸੈਮੀ ਫਾਈਨਲ ਵਿਚ ਬਰਾਜ਼ੀਲ ਦੀ ਟੱਕਰ ਉਰੂਗੂਏ ਦੀ ਟੀਮ ਨਾਲ ਸੀ। ਇਸ ਮੈਚ ਦੇ ਪਿਛੋਕੜ ਵਿਚ ਬਦਲੇ ਦੀ ਭਾਵਨਾ ਦਾ 20 ਸਾਲ ਪੁਰਾਣਾ ਉਹ ਇਤਿਹਾਸ ਸੀ ਜਦੋਂ 1950 ਦੇ ਵਿਸ਼ਵ ਕੱਪ ਫਾਈਨਲ ਵਿਚ ਬਰਾਜ਼ੀਲ ਦੀ ਟੀਮ ਉਨ੍ਹਾਂ ਜ਼ਮਾਨਿਆਂ ਦੇ ਮਾਹਰਾਂ ਦੀ ਨਜ਼ਰ ਵਿਚ ਹਰ ਪੱਖੋਂ ਸੋਲਾਂ ਕਲਾ ਸੰਪੂਰਨ ਹੋਣ ਦੇ ਬਾਵਜੂਦ ਉਰੂਗੂਏ ਹੱਥੋਂ ਹਾਰ ਗਈ ਸੀ। ਪੇਲੇ ਦੇ ਦੱਸਣ ਅਨੁਸਾਰ ਉਸ ਸਮੇਂ ਉਹ ਨਿਆਣਾ ਸੀ, ਮਹਿਜ਼ 9 ਵਰ੍ਹੇ ਉਸ ਦੀ ਉਮਰ ਸੀ; ਪਰ ਉਸ ਨੇ ਆਪਣੇ ਪਿਤਾ ਦੀਆਂ ਅੱਖਾਂ ਵਿਚ ਪਹਿਲੀ ਵਾਰ ਅੱਥਰੂ ਵੇਖੇ ਸਨ। ਪੇਲੇ ਦਾਅਵਾ ਕਰਦਾ ਹੈ ਕਿ ਮੱਲੋ-ਮੱਲੀ ਉਹਨੇ ਉਸੇ ਦਿਨ ਹੀ ਤਹੱਈਆ ਕਰ ਲਿਆ ਸੀ ਕਿ ਵੱਡਾ ਹੋ ਕੇ ਉਹ ਫੁੱਟਬਾਲਰ ਬਣੇਗਾ ਅਤੇ ਆਪਣੇ ਪਿਆਰੇ ਪਿਤਾ ਦੀਆਂ ਅੱਖੀਆਂ 'ਚ ਅੱਥਰੂ ਲਿਆਉਣ ਵਾਲੀ ਧਿਰ ਨੂੰ ਬਦਲਾ ਹਰ ਹਾਲ ਵਿਚ ਚੁਕਾਵੇਗਾ।

1970 ਦੀ ਉਸ ਸ਼ਾਮ ਪੂਰਾ ਬਰਾਜ਼ੀਲ ਪੱਬਾਂ ਭਾਰ ਸੀ ਕਿ ਉਨ੍ਹਾਂ ਦੇ 'ਨਾਇਕ' ਉਨ੍ਹਾਂ ਨੂੰ ਉਸ ਨਮੋਸ਼ੀ ਤੋਂ ਸੁਰਖਰੂ ਭਲਾਂ ਕਿਵੇਂ ਤੇ ਕਦੋਂ ਕਰਦੇ ਹਨ! ਪੇਲੇ ਨੇ ਕਿਤਾਬ ਵਿਚ ਇਹ ਵੀ ਦਰਜ ਕੀਤਾ ਹੋਇਆ ਹੈ ਕਿ ਖੁਦ ਮੈਕਸੀਕੋ ਵਿਚ ਰਹਿ ਰਹੇ ਲੱਖਾਂ ਬਰਾਜ਼ੀਲੀਅਨਾਂ ਵਿਚੋਂ ਹਰ ਕੋਈ ਵਾਹ ਲਗਦੀ ਉਨ੍ਹਾਂ ਨੂੰ ਉਸ ਸ਼ਾਮ ਨੂੰ ਇਹੋ ਯਾਦ ਕਰਵਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ 20 ਵਰ੍ਹੇ ਪਹਿਲੋਂ ਹੋਇਆ ਕੀ ਸੀ...ਮਾਨੋ ਟੀਮ ਮੈਂਬਰਾਂ ਨੂੰ ਪਤਾ ਹੀ ਨਾ ਹੋਵੇ!! ਖੈਰ! 1970 ਦੇ ਉਸ ਵਿਚ ਮੁੜ ਪਹਿਲਾ ਗੋਲ ਉਰੂਗੂਏ ਨੇ ਕਰ ਦਿੱਤਾ, ਪਰ ਆਖਰਕਾਰ ਪੇਲੇ ਦੀ ਟੀਮ 3-1 ਨਾਲ ਜੇਤੂ ਰਹੀ ਸੀ।... ਸੋ, ਸਪੇਨ ਦੀ ਟੀਮ ਦੀ ਅਸਲ ਸਮਰੱਥਾ ਕੈਸੀ ਸੀ, ਉਹ ਤਾਂ ਦਰਸ਼ਕਾਂ ਨੂੰ ਆਸਟਰੇਲੀਆ ਦੀ ਟੀਮ ਵਿਰੁੱਧ ਖੇਡੇ ਮੈਚ ਦੌਰਾਨ ਹੀ ਲੱਗਾ। ਉਸ ਦਿਨ ਡੇਵਿਡ ਵੀਆ, ਟੋਰਸ ਅਤੇ ਉਨ੍ਹਾਂ ਦੇ ਸਾਥੀਆਂ ਦੀ ਖੇਡ ਵਿਚ ਅਜਿਹਾ ਰੰਗ, ਤਾਲ ਅਤੇ ਲੈਅ ਸੀ ਕਿ ਪੂਰਾ ਮਹੌਲ ਕਿਸੇ ਟੂਣੇਹਾਰ ਰੰਗ ਵਿਚ ਰੰਗਿਆ ਮਲੂਮ ਹੋ ਰਿਹਾ ਸੀ। ਸਪੇਨੀਆਂ ਵਲੋਂ ਮੈਚ ਦੇ 36ਵੇਂ ਮਿੰਟ ਵਿਚ ਜੁਆਨ ਫਰਾਨ ਨੇ ਆਸਟਰੇਲੀਅਨ ਗੋਲਾਂ ਦੇ ਮੂਹਰੇ ਡੇਵਿਡ ਵੀਆ ਨੂੰ ਪਾਸ ਦਿੱਤਾ ਤਾਂ ਉਸ ਦਾ ਬੈਕ ਹੀਲ ਰਾਹੀਂ ਕੀਤਾ ਗੋਲ ਵੇਖਿਆਂ ਹੀ ਬਣਦਾ ਸੀ। ਮੈਚ ਦੇ 70ਵੇਂ ਮਿੰਟ ਵਿਚ ਐਂਡਰੀਅਨ ਐਨੀਸਟਾ ਦੇ ਪਾਸ 'ਤੇ ਜਿਵੇਂ ਟੋਰਸ ਨੇ ਗੋਲੀ ਵਾਂਗ ਬਾਲ ਆਸਟਰੇਲੀਅਨ ਗੋਲਕੀਪਰ ਰਿਆਨ ਦੇ ਪਿਛੋਂ ਦੀ ਦੂਜੇ ਗੋਲ ਲਈ ਕੱਢੀ, ਉਹ ਵੀ ਕਮਾਲ ਸੀ। ਸਪੇਨ ਵਲੋਂ ਤੀਜਾ ਗੋਲ ਮਾਟਾ ਨੇ ਫੈਬਰਾਗਾਸ ਦੇ ਪਾਸ ਤੋਂ ਜਿਸ ਅੰਦਾਜ਼ ਵਿਚ ਕੀਤਾ, ਉਸ ਦੇ ਤਾਂ ਕਹਿਣੇ ਕਿਆ ਸਨ!

---

ਟੂਰਨਾਮੈਂਟ ਦੇ ਪਹਿਲੇ ਗੇੜ ਦੇ ਆਖਰੀ ਦਿਨ 26 ਜੂਨ ਨੂੰ ਪੁਰਤਗਾਲ ਨੇ ਘਾਨਾ ਅਤੇ ਜਰਮਨਾਂ ਨੇ ਅਮਰੀਕਨਾਂ ਵਿਰੁੱਧ ਖੇਡਣਾ ਸੀ। ਘਾਨਾ ਵਾਲਿਆਂ ਨੇ ਸ਼ੁਰੂਆਤ ਬਹੁਤ ਵਧੀਆ ਕੀਤੀ। ਅੱਧੇ ਕੁ ਘੰਟੇ ਦੀ ਖੇਡ ਤੋਂ ਬਾਅਦ ਭਾਣਾ ਵੇਖੋ ਕਿੰਝ ਵਾਪਰਿਆ ਕਿ ਪੁਰਤਗਾਲੀ ਖਿਡਾਰੀ ਮਿਗੁਇਲ ਵੇਲੋਸੋ ਵੱਲੋਂ ਚੁੱਕ ਕੇ ਸੁੱਟੇ ਬਾਲ ਨੂੰ ਕਲੀਅਰ ਕਰਨ ਦੇ ਚੱਕਰ ਵਿਚ ਘਾਨਾ ਦੀ ਰੱਖਿਅਕ ਪੰਕਤੀ ਦਾ ਖਿਡਾਰੀ ਪੱਥਰ ਦੀ ਕੰਧ ਵਰਗੇ ਆਪਣੇ ਗੋਲਚੀ ਫਤਾਵੂਦੌਦਾ ਦੇ ਉਪਰੋਂ ਦੀ ਖੁਦ ਆਪਣੇ ਹੀ ਗੋਲਾਂ ਵਿਚ ਸੁੱਟ ਬੈਠਦਾ ਹੈ।



*ਬੇਵਸੀ ਦਾ ਆਲਮ: ਸਪੇਨੀ ਮਿੱਡ ਫੀਲਡ ਦਾ 'ਜਰਨੈਲ' ਸਰਜੀਓ ਬਿਜਕਿਤਸ ਗੋਲ ਕਰਨ ਦਾ ਸੁਨਹਿਰੀ ਮੌਕਾ ਗੁਆਉਣ ਤੋਂ ਬਾਅਦ ਚਿਲੀਅਨ ਗੋਲਚੀ ਅੱਗੇ ਬੈਠ ਕੇ ਝੂਰਦਾ ਹੋਇਆ।*

ਪਹਿਲੇ ਅੱਧ ਦੀ ਖੇਡ ਤੋਂ ਬਾਅਦ ਐਸਾਮੋਆ ਜਿਆਨ ਨੇ ਬਹੁਤ ਆਕਰਸ਼ਕ ਅੰਦਾਜ਼ ਵਿਚ ਹੈਡਰ ਰਾਹੀਂ ਪੁਰਤਗਾਲੀ ਟੀਮ ਵਿਰੁੱਧ ਗੋਲ ਕਰ ਕੇ ਆਪਣੀ ਟੀਮ ਨੂੰ ਵਾਪਸ ਤਾਂ ਲੈ ਆਂਦਾ, ਪਰ ਸਵਾਲ ਇਕ ਹੋਰ ਗੋਲ ਦਾ ਸੀ ਅਤੇ ਜਲਦੀ ਬਾਅਦ ਘਾਨਾ ਦੇ ਅਬਦੁਲ ਮਜੀਦ ਵਾਰਸ ਨੂੰ ਉਹ ਕ੍ਰਿਸ਼ਮਾ ਕਰਨ ਦਾ ਸੁਨਹਿਰੀ ਮੌਕਾ ਮਿਲ ਵੀ ਗਿਆ। ਪੁਰਤਗਾਲੀ ਗੋਲ ਪੋਸਟ ਖਾਲੀ ਸੀ, ਗੋਲਕੀਪਰ ਬਾਹਰ ਸੀ, ਪਰ ਕਿਸਮਤ!

ਘਾਨਾ ਅਤੇ ਨਾਲ ਹੀ ਘਾਨਾ ਦੇ ਦੁਨੀਆਂ ਭਰ ਵਿਚ ਮੈਚ ਵੇਖ ਰਹੇ ਪ੍ਰਸ਼ੰਸਕਾਂ ਦੀਆਂ ਉਮੀਦਾਂ 'ਤੇ ਪਾਣੀ 80ਵੇਂ ਮਿੰਟ 'ਚ ਉਦੋਂ ਫਿਰਿਆ ਜਦੋਂ ਗੋਲਚੀ ਆਪਣੇ ਹੀ ਸਾਥੀ ਖਿਡਾਰੀ ਜੋਨਾਥਨ ਮੇਨਸਾ ਨਾਲ ਉਲਝ ਗਿਆ ਅਤੇ ਨੇੜੇ ਹੀ ਖੜ੍ਹੇ ਵਿਸ਼ਵ ਫੁੱਟਬਾਲ ਜਗਤ ਦੇ ਮਹਾਂ ਨਾਇਕ ਰੋਨਾਲਡੋ ਨੂੰ ਬਾਲ ਅਸਾਨੀ ਨਾਲ ਹੀ ਘਾਨਾ ਦੇ ਗੋਲਾਂ ਵਿਚ ਸੁੱਟਣ ਦਾ ਮੌਕਾ ਮਿਲ ਗਿਆ। ਇਸ ਦੇ ਨਾਲ ਹੀ ਘਾਨਾ ਵਾਲੇ ਟੂਰਨਾਮੈਂਟ ਤੋਂ ਬਾਹਰ ਹੋ ਗਏ।

---

ਜਰਮਨੀ ਅਤੇ ਅਮਰੀਕਾ ਵਾਲਾ ਮੈਚ ਹੋਰ ਵੀ ਦਿਲਚਸਪ ਬਣਿਆ। ਜਰਮਨ ਦੀ ਟੀਮ ਦਾ ਕੋਚ ਜੋਗੀ ਅਤੇ ਅਮਰੀਕਾ ਦੀ ਟੀਮ ਦਾ ਕੋਚ ਕਲਿੰਜਮੈਨ ਪੱਕੇ ਯਾਰ ਹਨ। ਕਲਿੰਜਮੈਨ 1990 ਦੀ ਵਿਸ਼ਵ ਕੱਪ ਵਿਜੇਤਾ ਜਰਮਨ ਟੀਮ ਦਾ ਮਹਾਂ ਨਾਇਕ ਤਾਂ ਸੀ ਹੀ, ਜਰਮਨ ਟੀਮ ਦੇ ਮੌਜੂਦਾ ਨਾਇਕ ਟਾਮਸ ਮੁਲਰ ਦਾ ਮੁਢਲਾ ਉਸਤਾਦ ਵੀ ਉਹੀ ਸੀ। ਮੈਚ ਤੋਂ ਪਹਿਲਾਂ ਦੋਵਾਂ ਟੀਮਾਂ ਕੋਲ 4-4 ਅੰਕ ਸਨ ਅਤੇ ਘਾਨਾ-ਪੁਰਤਗਾਲੀ ਮੈਚ ਦਾ ਨਤੀਜਾ ਕੋਈ ਵੀ ਹੁੰਦਾ, ਜਰਮਨੀ ਅਤੇ ਅਮਰੀਕਾ, ਦੋਹਾਂ ਟੀਮਾਂ ਨੂੰ ਮਹਿਜ਼ ਇਕ-ਇਕ ਅੰਕ ਦੀ ਲੋੜ ਸੀ, ਪਰ ਕਲਿੰਜਮੈਨ ਅਤੇ ਜੋਗੀ ਨੇ ਆਪਣੀਆਂ ਟੀਮਾਂ ਨੂੰ ਮਿਲ ਕੇ ਖੇਡਣ ਦੀ ਇਜਾਜ਼ਤ ਕਤਈ ਨਹੀਂ ਸੀ ਦੇਣੀ। ਉਂਜ ਵੀ ਦੋਵਾਂ 'ਜਰਨੈਲਾਂ' ਨੂੰ 1982 ਦੇ ਵਿਸ਼ਵ ਕੱਪ ਦੌਰਾਨ ਜਰਮਨੀ ਅਤੇ ਆਸਟਰੀਆ ਵਿਚਾਲੇ ਕਥਿਤ ਤੌਰ 'ਤੇ ਮਿਲ ਕੇ ਖੇਡੇ ਗਏ ਮੈਚ ਦੀ ਬੂ-ਦੁਹਾਈ ਚੰਗੀ ਤਰ੍ਹਾਂ ਯਾਦ ਸੀ।... ਜ਼ਾਹਰ ਕਿ ਦੋਵਾਂ ਟੀਮਾਂ ਦੇ ਖਿਡਾਰੀ ਮੈਚ ਦੌਰਾਨ ਜਾਨ ਲੜਾ ਕੇ ਖੇਡੇ।

ਜਰਮਨਾਂ ਨੇ ਮੈਚ ਸ਼ੁਰੂ ਹੁੰਦਿਆਂ ਹੀ ਹਮਲੇ ਸ਼ੁਰੂ ਕਰ ਦਿੱਤੇ, ਪਰ ਅਮਰੀਕਨ ਗੋਲਕੀਪਰ ਟਿਮ ਹੋਵਰਡ ਨੇ ਪਹਿਲੇ ਅੱਧ ਤਕ ਉਨ੍ਹਾਂ ਦੀ ਕੋਈ ਵੀ ਚਾਲ ਸਿਰੇ ਨਾ ਚੜ੍ਹਨ ਦਿਤੀ। ਜਰਮਨੀ ਵਲੋਂ ਮੁਲਰ, ਓਜਿਲ ਅਤੇ ਪੋਡੋਲਸਕੀ ਦੀ ਖੇਡ ਵੇਖਣ ਯੋਗ ਸੀ। ਹਮਲਾਵਰ ਪੰਕਤੀ ਦੇ ਤਿੰਨੇ ਖਿਡਾਰੀ ਵਾਰ-ਵਾਰ ਬਾਜਾਂ ਵਾਂਗ ਅਮਰੀਕਨ ਗੋਲਾਂ ਉਪਰ ਝਪਟ ਰਹੇ ਸਨ। ਅਮਰੀਕਨ ਖਿਡਾਰੀ ਵੀ ਮੋੜਵੇਂ ਹਮਲੇ ਕਰ ਰਹੇ ਸਨ। ਮੈਚ ਦੇ 22ਵੇਂ ਜਾਂ ਸ਼ਾਇਦ 23ਵੇਂ ਮਿੰਟ ਅਮਰੀਕਨ ਖਿਡਾਰੀ ਮਾਈਕਲ ਬਰੈਡਲੀ ਦੇ ਕਰਾਸ ਤੇ ਗ੍ਰਾਹਮ ਜ਼ੂਸੀ ਬਾਲ ਨੇ ਅਜਿਹੇ ਜ਼ੋਰ ਨਾਲ ਗੋਲ ਪੋਸਟ ਵੱਲ ਘੁਮਾਇਆ, ਪਰ ਬਾਲ ਗੋਲ ਪੋਸਟ ਦੀ ਉਪਰਲੀ ਬਾਰ ਨੂੰ ਚੁੰਮਦੀ ਬਾਹਰ ਨਿਕਲ ਗਈ।

ਖੈਰ! ਦੂਜੇ ਅੱਧ ਦੀ ਖੇਡ 10 ਕੁ ਮਿੰਟ ਵੀ ਅਜੇ ਲੰਘੀ ਨਹੀਂ ਸੀ ਕਿ ਜਰਮਨਾਂ ਨੂੰ ਮਿਲੀ ਲਾਂਗ ਕਾਰਨਰ ਤੋਂ ਉਡੇ ਆ ਰਹੇ ਬਾਲ ਨੂੰ ਓਜਿਲ ਨੇ ਹੈਡਰ ਮਾਰ ਕੇ ਅਮਰੀਕਨ ਗੋਲਾਂ ਵੱਲ ਕਿਸੇ ਅਗਨ ਬਾਣ ਵਾਂਗ ਘੁਕਾ ਦਿੱਤਾ, ਪਰ ਟਿਮ ਹੋਵਰਡ ਨੇ ਹੈਰਤਅੰਗੇਜ਼ ਫੁਰਤੀ ਨਾਲ ਇਸ 'ਰਾਕਟ' ਨੂੰ ਰੋਕ ਲਿਆ। ਹੋਇਆ ਇਹ ਕਿ ਬਾਲ ਗੋਲ ਪੋਸਟ ਅੱਗੇ ਖਿਡਾਰੀਆਂ ਦੇ ਜਮਘਟੇ ਵਿਚ ਮੁਲਰ ਦੇ ਪੈਰਾਂ ਉਤੇ ਆ ਡਿੱਗੀ ਤੇ ਉਸ ਭੀੜ ਵਿਚੋਂ ਸੁਨਹਿਰੀ ਗੋਲ ਕੱਢਣ ਦਾ ਜੋ ਚਮਤਕਾਰ ਉਸ ਨੇ ਕੀਤਾ, ਉਹ ਮੁਲਰ ਵਰਗਾ ਹੀ ਕਰ ਸਕਦਾ ਸੀ।... ਇਸ ਤੋਂ ਬਾਅਦ ਸੰਘਰਸ਼ ਹੋਰ ਤਿੱਖਾ ਹੋ ਗਿਆ ਅਤੇ 90 ਮਿੰਟਾਂ ਦੇ ਪੂਰੇ ਸਮੇਂ ਤੱਕ ਮਾਰੋ-ਮਾਰ ਚਲੀ। ਹੁਣ ਆ ਗਿਆ 2-3 ਮਿੰਟਾਂ ਵਾਲਾ ਵਾਧੂ ਸਮਾਂ। ਅਮਰੀਕਨ ਟੀਮ ਦਾ ਅਲੈਜਾਂਡਰੋ ਬੇਡੋਇਆ ਨਾਂ ਦਾ ਬਦਲਵਾਂ ਖਿਡਾਰੀ ਬਾਲ ਲੈ ਕੇ ਜਰਮਨ ਗੋਲਾਂ ਵਲ ਵਧਿਆ। ਜਰਮਨ ਕਪਤਾਨ ਲਾਹਮ ਚਾਣਚੱਕ ਹੀ ਬਾਲ ਨੂੰ ਕਲੀਅਰ ਕਰਨ ਲਈ ਕਿਸੇ ਪਾਸਿਉਂ ਪਰਗਟ ਹੋ ਗਿਆ। ਫਿਰ ਵੀ ਅਮਰੀਕਨਾਂ ਨੂੰ ਕਾਰਨਰ ਕਿੱਕ ਦਾ ਆਖਰੀ ਮੌਕਾ ਮਿਲ ਗਿਆ ਜਿਸ ਤੋਂ ਕਲਿੰਟ ਡੈਂਪਸੀ ਦੇ ਜ਼ੋਰਦਾਰ ਹੈਡਰ ਤੋਂ ਜਰਮਨ ਬੱਸ ਵਾਲ-ਵਾਲ ਹੀ ਬਚੇ।

ਇਸ ਮੈਚ ਦੌਰਾਨ ਟੀ.ਵੀ. ਕੈਮਰਾ ਕਈ ਵਾਰ ਅਮਰੀਕਨਾਂ ਦੇ ਜਰਮਨ ਕੋਚ ਕਲਿੰਜਮੈਨ 'ਤੇ ਫੋਕਸ ਹੁੰਦਾ ਰਿਹਾ। ਜਿੰਨਾ ਜ਼ੋਰ ਮੈਦਾਨ ਵਿਚ ਖਿਡਾਰੀਆਂ ਦਾ ਇਕ-ਦੂਜੇ ਤੋਂ ਪਾਰ ਪਾਉਣ ਲਈ ਲੱਗ ਰਿਹਾ ਸੀ, ਉਨਾ ਜ਼ੋਰ ਹੀ ਬਾਹਰ ਬੈਠੇ ਕਲਿੰਜਮੈਨ ਦਾ ਲੱਗ ਰਿਹਾ ਸੀ। ਕਲਿੰਜਮੈਨ ਨੂੰ ਜਰਮਨੀ ਨਾਲ ਅਤੇ ਜਰਮਨ ਟੀਮ ਨਾਲ ਬੇਹੱਦ ਪਿਆਰ ਸੀ, ਪਰ ਗੱਲ ਅਸੂਲ ਦੀ ਸੀ, ਉਸ ਦੀ ਚੋਣ ਦੀ ਸੀ ਅਤੇ ਇਸ ਪੱਖ ਤੋਂ ਪਹਿਲੀ ਪ੍ਰਤੀਬਧਤਾ ਉਸ ਦੀ ਅਮਰੀਕਨ ਟੀਮ ਦੇ ਨਾਲ ਸੀ। ਮੈਚ ਦੇ ਖਾਤਮੇ ਤੋਂ ਤੁਰੰਤ ਬਾਅਦ ਉਹ ਭੱਜ ਕੇ ਜਰਮਨ ਕੋਚ ਜੋਗੀ ਕੋਲ ਆਇਆ, ਉਸ ਨੂੰ ਜੱਫੀ ਪਾ ਕੇ ਵਧਾਈ ਦਿਤੀ। ਦੋਵੇਂ ਬਾਗੋ-ਬਾਗ ਸਨ। ਦੋਹਾਂ ਕੋਚਾਂ ਦੀਆਂ ਟੀਮਾਂ ਪਹਿਲਾ 'ਅੜਿੱਕਾ' ਪਾਰ ਕਰ ਗਈਆਂ ਸਨ।

---

ਬੈਲਜੀਅਮ, ਕੋਲੰਬੀਆ, ਨਾਇਜੀਰੀਆ ਦੀਆਂ ਟੀਮਾਂ ਨੇ ਵੀ ਪਹਿਲੇ ਗੇੜ ਵਿਚ ਵਾਹਵਾ ਜੌਹਰ ਦਿਖਾਏ।

ਕਹਾਣੀ

# ਤੂਹਫਾ

ਦਰਸ਼ਨ ਸਿੰਘ

"ਬੱਲੀ ਵੀਰ ਜੀ ਕਹਿੰਦੇ ਸਨ, ਮੈਨੂੰ ਜ਼ਰੂਰ ਮਿਲ ਕੇ ਜਾਈਂ", ਸ਼ਮਿੰਦਰ ਦੇ ਅੰਦਰ ਵੜਦਿਆਂ ਹੀ ਰਜਵੰਤ ਨੇ ਸੁਨੇਹਾ ਦਿੱਤਾ।

ਸ਼ਮਿੰਦਰ ਹੁਣੇ-ਹੁਣੇ ਲੰਡਨ ਤੋਂ ਉਡ ਕੇ ਪਹੁੰਚੀ ਸੀ। ਉਹਨੇ ਪੰਦਰਾਂ ਦਿਨ ਇਥੇ ਉਹਦੇ ਕੋਲ ਹੀ ਟਿਕਣਾ ਸੀ। ਉਹ ਉਹਨੂੰ ਹਰ ਸਾਲ ਦਿੱਲੀ ਬੁਲਾਂਦੀ ਸੀ। ਉਹਦੀ ਪੱਕੀ ਸਹੇਲੀ ਸੀ। ਅੱਜ ਦੀ ਹੀ ਨਹੀਂ, ਉਸ ਸਮੇਂ ਦੀ ਸੀ ਜਦੋਂ ਉਹ ਪੰਜਵੀਂ ਜਮਾਤੇ ਇਕੱਠੀਆਂ ਪੜ੍ਹਦੀਆਂ ਹੁੰਦੀਆਂ ਸਨ। ਕਈ ਸਾਲ ਉਹ ਉਹਦੀ ਨਨਾਣ ਵੀ ਰਹੀ ਸੀ। ਸ਼ਮਿੰਦਰ ਦਾ ਉਹਦੇ ਬੱਲੀ ਵੀਰ ਜੀ ਨਾਲ ਵਿਆਹ ਹੋਇਆ ਰਿਹਾ ਸੀ। ਦੋਵਾਂ ਨੂੰ ਮਿਲਾਇਆ ਵੀ ਉਹਨੇ ਹੀ ਸੀ। ਪਰ ਪਿਛਲੇ ਪੰਜਾਂ ਵਰ੍ਹਿਆਂ ਤੋਂ ਉਹ ਉਹਦੀ ਸਿਰਫ ਸਹੇਲੀ ਸੀ, ਭਰਜਾਈ ਨਹੀਂ ਸੀ। ਉਹਦੇ ਵੀਰ ਤੇ ਸ਼ਮਿੰਦਰ ਦਾ ਤਲਾਕ ਹੋ ਚੁੱਕਾ ਸੀ।

"ਕੀ ਕਰਾਂਗੀ ਮਿਲ ਕੇ?" ਸ਼ਮਿੰਦਰ ਨੇ ਪਰਸ ਸੋਫੇ 'ਤੇ ਸੁੱਟਦਿਆਂ ਪੁੱਛਿਆ, "ਅੱਗੇ ਬੜਾ ਮਿਲ ਲਿਐ। ਤੈਨੂੰ ਪਤੈ ਇਥੇ ਮੈਂ ਉਨ੍ਹਾਂ ਨੂੰ ਮਿਲਣ ਨਹੀਂ ਆਉਂਦੀ। ਮੈਨੂੰ ਹੋਰ ਕੰਮ ਹੁੰਦੇ ਨੇ।"

"ਸ਼ੰਮੀ, ਪਤੈ ਮੈਨੂੰ। ਚੰਗੀ ਤਰ੍ਹਾਂ ਪਤੈ। ਪਰ ਹਰਜ਼ ਕੀ ਏ ਮਿਲਣ 'ਚ। ਏਨੀ ਖਾਹਿਸ਼ ਕਰਦੇ ਨੇ। ਅੱਗੇ ਵੀ ਤਾਂ ਮਿਲੀ ਏਂ। ਕੀ ਘਸ ਗਿਆ ਸੀ ਤੇਰਾ? ਅੱਧਾ ਘੰਟਾ ਕੋਲ ਬਹਿ ਆ ਜਾ ਕੇ। ਕਹਿੰਦੇ ਸਨ, ਸ਼ੰਮੀ ਨੂੰ ਕੋਈ ਤੁਹਫਾ ਵੀ ਦੇਣੈ।"

"ਰੱਜੋ, ਮੈਨੂੰ ਨਹੀਂ ਚਾਹੀਦੇ ਉਨ੍ਹਾਂ ਦੇ ਤੁਹਫੇ। ਬੜੇ ਲੈ ਚੁੱਕੀ ਹਾਂ। ਅਜੀਬ ਬੰਦੇ ਨੇ। ਅਜੇ ਤੱਕ ਇਹ ਨਹੀਂ ਸਮਝੇ ਕਿ ਮੈਂ ਹੁਣ ਉਨ੍ਹਾਂ ਦੀ ਕੁਝ ਨਹੀਂ ਲਗਦੀ", ਸ਼ਮਿੰਦਰ ਨੇ ਖਿਝ ਕੇ ਕਿਹਾ।

ਸ਼ਮਿੰਦਰ ਪਿਛਲੇ ਕਈ ਸਾਲਾਂ 'ਚ ਕਈ ਵਾਰੀ ਲੰਡਨ ਤੋਂ ਦਿੱਲੀ ਆਈ ਸੀ। ਅੱਜ ਸ਼ਾਇਦ ਚੌਥੀ ਜਾਂ ਪੰਜਵੀਂ ਵਾਰੀ ਸੀ। ਹਰ ਵਾਰੀ ਹੀ ਉਹਨੂੰ ਮਿਲਣ ਦੀ ਫਰਮਾਇਸ਼ ਪਈ ਸੀ ਤੇ ਹਰ ਵਾਰੀ ਹੀ ਉਹਨੂੰ ਕੋਈ ਨਾ ਕੋਈ ਕੀਮਤੀ ਤੁਹਫਾ ਦਿੱਤਾ ਗਿਆ ਸੀ। ਤੁਹਫਾ ਉਹ ਲੈ ਕੇ ਰਜਵੰਤ ਕੋਲ ਛੱਡ ਜਾਂਦੀ ਰਹੀ ਸੀ, ਇਹ ਕਹਿੰਦੀ ਹੋਈ ਕਿ ਆਪਣੇ ਵੀਰ ਜੀ ਨੂੰ ਮੋੜ ਦਈਂ। ਮੈਂ ਨਹੀਂ ਰੱਖ ਸਕਦੀ।

"ਵੇਖ ਸ਼ੰਮੀ, ਵੀਰ ਜੀ ਬੜੇ ਬੀਮਾਰ ਨੇ। ਸੂਗਰ ਵਧੀ ਹੋਈ ਏ। ਪਿੰਡੇ 'ਤੇ ਕੋਈ ਰੈਸ਼ ਨਿਕਲ ਪਈ ਏ। ਲੇਟੇ ਰਹਿੰਦੇ ਨੇ। ਮਿਲ ਲੈ, ਮੇਰੇ ਲਈ ਹੀ ਮਿਲ ਲੈ। ਉਨ੍ਹਾਂ ਲਈ ਨਾ ਸਹੀ।"

"ਠੀਕ ਏ, ਮਿਲ ਲਾਂਗੀ ਕਿਸੇ ਦਿਨ। ਪਰ ਕਹਿ ਦਈਂ, ਤੁਹਫਾ ਮੈਂ ਕੋਈ ਨਹੀਂ ਲੈਣਾ। ਉਨ੍ਹਾਂ ਦੇ ਪਹਿਲੇ ਦਿੱਤੇ ਵੀ ਏਥੇ ਹੀ ਪਏ ਨੇ।"

ਦਸ ਵਰ੍ਹੇ ਪਹਿਲਾਂ ਸ਼ਮਿੰਦਰ ਨੇ ਬਲਜੀਤ ਨਾਲ ਬੜੇ ਜ਼ੋਰ ਨਾਲ ਵਿਆਹ ਕੀਤਾ ਸੀ। ਸਭ ਦੀ ਮਰਜ਼ੀ ਦੇ ਖਿਲਾਫ। ਵਿਆਹ ਕੇ ਉਹਨੂੰ ਉਹ ਲੰਡਨ ਲੈ ਗਈ ਸੀ। ਵਿਆਹ ਕੁਝ ਸਾਲ ਠੀਕ ਰਿਹਾ, ਫੇਰ ਡੋਲਣ ਲੱਗਾ। ਸ਼ਮਿੰਦਰ ਨੇ ਵੇਖਿਆ, ਬਲਜੀਤ ਦਾ ਇਕੱਲੀ ਉਹਦੇ ਨਾਲ ਮਨ ਨਾ ਭਰਦਾ। ਉਹਨੂੰ ਹੋਰਨਾਂ ਔਰਤਾਂ ਦੀ ਝਾਕ ਵੀ ਰਹਿੰਦੀ ਸੀ। ਇਕ ਦਿਨ ਤੰਗ ਆ ਉਹਨੇ ਉਹਨੂੰ ਆਪਣੇ ਸਾਹਮਣੇ ਬਿਠਾਇਆ ਤੇ ਪੁੱਛਿਆ।

"ਇਹ ਦੱਸੋ, ਮੇਰੇ 'ਚ ਕੁਝ ਕਮੀ ਏ?"

"ਨਹੀਂ ਤੂੰ ਤਾਂ ਪੂਰੀਆਂ ਨਾਲੋਂ ਵੀ ਪੂਰੀ ਏਂ।"

"ਤਾਂ ਫੇਰ ਸੁਣੋ", ਸ਼ਮਿੰਦਰ ਨੇ ਸਖਤੀ ਨਾਲ ਕਿਹਾ, "ਧਿਆਨ ਨਾਲ। ਅੱਜ ਤੋਂ ਬਾਅਦ ਜੇ ਤੁਸੀਂ ਕਿਸੇ ਹੋਰ ਔਰਤ ਪਿੱਛੇ ਲੱਗੇ ਤਾਂ ਤੁਹਾਡੀ ਮੇਰੀ ਖਤਮ। ਮੈਂ ਬਿਲਕੁਲ ਬਰਦਾਸ਼ਤ ਨਹੀਂ ਕਰਾਂਗੀ।"

ਬਲਜੀਤ ਡਰ ਗਿਆ। ਆਪਣੇ ਆਪ ਨੂੰ ਹੋੜਨ ਲੱਗਾ। ਪਰ ਉਹਦੇ ਅੰਦਰਲੀ ਕੋਈ ਕਲਾ ਖਰਾਬ ਸੀ। ਸੁਹਣੀ ਰੰਨ ਨੂੰ ਵੇਖ ਉਹਦਾ ਆਪਣੇ ਆਪ 'ਤੇ ਕਾਬੂ ਨਹੀਂ ਸੀ ਰਹਿੰਦਾ। ਸ਼ਮਿੰਦਰ ਹੋਰ ਨਾ ਜਰ ਸਕੀ। ਉਹਨੇ ਬਲਜੀਤ ਨੂੰ ਛੱਡ ਦਿੱਤਾ ਤੇ ਉਹਨੂੰ ਵਾਪਸ ਦਿੱਲੀ ਘੱਲ ਦਿੱਤਾ। ਪਿੱਛੋਂ ਹੋਰ ਵਿਆਹ ਨਾ ਕੀਤਾ। ਏਧਰ ਬਲਜੀਤ ਵੀ ਛੜਾ ਰਿਹਾ।

ਸ਼ਮਿੰਦਰ ਤੇ ਬਲਜੀਤ ਦਾ ਰਿਸ਼ਤਾ ਤਾਂ ਟੁੱਟ ਗਿਆ, ਪਰ ਸ਼ਮਿੰਦਰ ਤੇ ਰਜਵੰਤ ਦਾ ਸਹੇਲਪੁਣਾ ਨਾ ਟੁੱਟਿਆ। ਰਜਵੰਤ ਭਰਾ ਨੂੰ ਨਹੀਂ ਸੀ ਛੱਡ ਸਕਦੀ, ਪਰ ਉਹਨੇ ਸਹੇਲੀ ਨੂੰ ਵੀ ਨਾ ਛੱਡਿਆ। ਉਹਨੂੰ ਉਹ ਦਿੱਲੀ ਸੱਦਦੀ ਰਹਿੰਦੀ ਤੇ ਆਪਣੇ ਕੋਲ ਰੱਖਦੀ। ਆਉਣ 'ਤੇ ਹਰ ਵਾਰੀ ਕਹਿੰਦੀ, ਉਹਦੇ ਵੀਰ ਜੀ ਉਹਨੂੰ ਮਿਲਣਾ ਚਾਹੁੰਦੇ ਨੇ। ਹਰ ਵਾਰੀ ਸ਼ਮਿੰਦਰ ਔਖਿਆਂ-ਸੌਖਿਆਂ ਮਿਲ ਆਉਂਦੀ। ਕੁਝ ਲੈ ਵੀ ਆਉਂਦੀ। ਲਿਆ ਕੇ ਰਜਵੰਤ ਕੋਲ ਛੱਡ ਜਾਂਦੀ।

ਐਤਕੀਂ ਉਹਨੂੰ ਫੇਰ ਕੌੜਾ ਘੁੱਟ ਭਰਨਾ ਪੈਣਾ ਸੀ। ਉਹਦੀ ਵੱਢੀ ਰੂਹ ਨਹੀਂ ਸੀ ਕਰ ਰਹੀ। ਪਰ ਸਹੇਲੀ ਦਾ ਦਿਲ ਉਹਨੂੰ ਰੱਖਣਾ ਹੀ ਪੈਣਾ ਸੀ। ਸੋਚਣ ਲੱਗੀ, ਕਦੋਂ ਜਾਵੇ। ਸ਼ਾਇਦ ਕੁਝ ਦਿਨਾਂ ਬਾਅਦ, ਜਦੋਂ ਉਹ ਆਪਣੇ ਆਪ ਨੂੰ ਮੁਲਾਕਾਤ ਲਈ ਤਿਆਰ ਕਰ ਲਵੇ। ਇਨ੍ਹਾਂ ਸੋਚਾਂ 'ਚ ਹੀ ਉਹਨੂੰ ਆਪਣੀਆਂ ਏਸ ਤੋਂ ਪਹਿਲੀਆਂ ਮਜ਼ਬੂਤ ਮੁਲਾਕਾਤਾਂ ਯਾਦ ਆਉਣ ਲੱਗੀਆਂ।

ਤਲਾਕ ਤੋਂ ਬਾਅਦ ਪਹਿਲੀ ਵਾਰੀ ਉਹ ਦਿੱਲੀ ਆਈ ਸੀ ਤੇ ਉਹਨੂੰ ਅੱਜ ਵਾਂਗ ਹੀ ਮਿਲਣ ਦੀ ਫਰਮਾਇਸ਼ ਪਈ ਸੀ। ਉਹਨੂੰ ਆਪਣੇ ਆਪ ਨੂੰ ਤਿਆਰ ਕਰਨ 'ਚ ਬੜੇ ਦਿਨ ਲੱਗੇ। ਉਹ ਖੁਦ ਨੂੰ ਪੁੱਛਦੀ ਰਹੀ, ਉਹ ਕਿਉਂ ਉਸ ਬੰਦੇ ਦੇ ਮੱਥੇ ਲੱਗੇ, ਜਿਹਨੂੰ ਉਹਨੇ ਛੱਡ ਦਿੱਤਾ ਹੋਵੇ? ਉਹਦੇ ਤੁਹਫੇ ਕਿਉਂ ਲਵੇ? ਤੁਹਫਾ ਬੰਦਾ ਉਸ ਤੋਂ ਲੈ ਸਕਦਾ ਏ, ਜਿਹਨੂੰ ਅੱਗੋਂ ਉਹ ਕੁਝ ਦੇ ਸਕਦਾ ਹੋਵੇ। ਉਹ ਬਲਜੀਤ ਨੂੰ ਕੁਝ ਵੀ ਨਹੀਂ ਸੀ ਦੇ ਸਕਦੀ। ਪਰ ਸ਼ਾਇਦ ਬਲਜੀਤ ਉਹਨੂੰ ਏਡੀ ਕੰਜੂਸ ਨਹੀਂ ਸੀ ਸਮਝਦਾ। ਏਡੀ ਪੱਕੀ ਪੀਡੀ ਵੀ ਨਹੀਂ ਸੀ ਸਮਝਦਾ। ਸ਼ਾਇਦ ਉਹ ਸਮਝਦਾ ਸੀ ਕਿ ਉਹ ਭਰਮ ਜਾਏਗੀ। ਦਿਆਲ ਹੋ ਜਾਏਗੀ ਕੋਈ ਮੌਕਾ ਆਉਣ 'ਤੇ। ਏਸ ਮੁਲਾਕਾਤ 'ਚੋਂ ਸ਼ਾਇਦ ਉਹ ਇਹੀਉ ਮੌਕਾ ਭਾਲਦਾ ਸੀ।

ਸ਼ਮਿੰਦਰ ਮਿਲਣ ਉਸ ਦਿਨ ਗਈ, ਜਦੋਂ ਉਹਨੇ ਰਾਤੀਂ ਵਾਪਸ ਲੰਡਨ ਉਡ ਜਾਣਾ ਸੀ। ਸਵੇਰੇ ਨਾਸ਼ਤੇ ਤੋਂ ਬਾਅਦ।

ਬਲਜੀਤ ਦਾ ਛੋਟਾ ਜਿਹਾ ਫਲੈਟ ਸੀ। ਦੋ ਹੀ ਕਮਰੇ ਸਨ। ਇਕ ਬਹਿਣ-ਖਲੋਣ ਵਾਲਾ ਤੇ ਇਕ ਸੌਣ ਵਾਲਾ। ਬੜੇ ਸਾਫ ਕੀਤੇ ਹੋਏ ਸਨ। ਆਪ ਬਲਜੀਤ ਨੇ ਫਿਰੋਜ਼ੀ ਪਗੜੀ ਬੰਨ੍ਹੀ ਹੋਈ ਸੀ। ਇਹ ਰੰਗ ਸ਼ਮਿੰਦਰ ਨੂੰ ਬੜਾ ਚੰਗਾ ਲਗਦਾ ਸੀ। ਉਹਦੇ ਆਪਣੇ ਬੜੇ ਕੱਪੜੇ ਫਿਰੋਜ਼ੀ ਰੰਗ ਦੇ ਸਨ। ਅੱਜ ਵੀ ਉਹਨੇ ਫਿਰੋਜ਼ੀ ਚੁੰਨੀ ਲਈ ਹੋਈ ਸੀ।

ਫਿਰੋਜ਼ੀ ਪੱਗ ਵੇਖ ਉਹ ਕੁਝ ਚਿੜ ਪਈ ਸੀ। ਬਹਿੰਦਿਆਂ ਹੀ ਸਮਝਾਣ ਲੱਗ ਪਈ, "ਵੇਖੋ, ਹੁਣ ਐਵੇਂ ਮਿਲਣ-ਮਿਲਾਣ ਦੀ ਜਿੰਦ ਨਾ ਕਰਿਆ ਕਰੋ। ਮੈਂ ਆ ਗਈ ਹਾਂ, ਏਸ ਕਰਕੇ ਕਿ ਰੱਜੋ ਨੇ ਬੜਾ ਜ਼ੋਰ ਲਾਇਐ। ਮੈਂ ਉਹਦਾ ਕਿਹਾ ਨਹੀਂ ਮੋੜ ਸਕੀ। ਵੈਸੇ, ਸਾਡੇ ਮਿਲਣ ਦਾ ਮਤਲਬ ਕੋਈ ਨਹੀਂ।"

"ਅਸੀਂ ਮਤਲਬ ਕੀ ਕੱਢਣੈ?" ਬਲਜੀਤ ਨੇ ਗੱਲ ਗੰਵਾਣੀ ਚਾਹੀ, "ਜੇ ਕੁਝ ਮਿੰਟ ਬਹਿਲਾਂਗੇ, ਪਿਆਲਾ ਚਾਹ ਦਾ ਪੀਲਾਂਗੇ ਤਾਂ ਕਿਸੇ ਦਾ ਜਾਣਾ ਕੁਝ ਨਹੀਂ। ਤੇਰੀ ਫਲਾਈਟ ਵੀ ਠੀਕ ਵਕਤ 'ਤੇ ਹੀ ਨਿਕਲੇਗੀ...।"

ਸ਼ਮਿੰਦਰ ਨੂੰ ਮਜ਼ਾਕ ਚੰਗਾ ਨਾ ਲੱਗਾ। ਉਹ ਬਹਿ ਗਈ। ਚਾਹ ਵੀ ਸੁਰਕਣ ਲੱਗੀ, ਪਰ ਉਹਨੂੰ ਗੱਲ ਕਰਨ ਨੂੰ ਕੋਈ ਨਾ ਅਹੁੜੀ। ਉਹ ਆਪਣੀ ਲੇਟ ਨਾ ਹੋਣ ਵਾਲੀ ਫਲਾਈਟ ਨੂੰ ਹੀ ਲੈ ਬੈਠੀ।

"ਬੇਸ਼ੱਕ ਲੇਟ ਹੋ ਜਾਏ, ਪਰ ਹੋਵੇ ਕਿਸੇ ਹੋਰ ਏਅਰਲਾਈਨ ਦੀ। ਏਅਰੋਫਲੋਟ 'ਤੇ ਜਾਣ ਨੂੰ ਦਿਲ ਨਹੀਂ ਕਰਦਾ। ਆਉਂਦੀ ਵਾਰੀ ਵੀ ਬੜੀ ਔਖੀ ਹੋਈ ਸੀ। ਸਵਾਰੀਆਂ ਨੂੰ ਇੰਜ ਸਮਝਦੇ ਨੇ ਜਿਵੇਂ ਪਿੰਡੋਂ ਆਏ ਗਰੀਬ ਰਿਸ਼ਤੇਦਾਰ ਹੋਣ। ਅੱਜ ਵੀ ਮਾਸਕੋ ਏਅਰਪੋਰਟ 'ਤੇ ਦੋ ਘੰਟੇ ਉਡੀਕਣਾ ਪਏਗਾ। ਬੁਰਾ ਹਾਲ ਹੁੰਦੈ ਉਥੇ। ਬਹਿਣ ਨੂੰ ਥਾਂ ਨਹੀਂ ਮਿਲਦੀ। ਅੱਗੋਂ ਮੈਂ ਕਦੀ ਏਸ ਏਅਰਲਾਈਨ 'ਤੇ ਨਹੀਂ ਜਾਣਾ।"

"ਬਿਲਕੁਲ ਨਹੀਂ ਜਾਣਾ ਚਾਹੀਦਾ", ਬਲਜੀਤ ਨੇ ਹਾਮੀ ਭਰੀ, "ਯਾਦ ਈ, ਮੈਂ ਤੈਨੂੰ ਕਦੀ ਵੀ ਏਸ ਏਅਰਲਾਈਨਜ਼ ਦੀ ਟਿਕਟ ਨਹੀਂ ਸੀ ਲੈਣ ਦਿੱਤੀ। ਅਸੀਂ ਹਮੇਸ਼ਾ ਬ੍ਰਿਟਿਸ਼ ਏਅਰਵੇਜ਼ 'ਤੇ ਜਾਂਦੇ ਸਾਂ। ਅੱਗੋਂ ਬ੍ਰਿਟਿਸ਼ ਏਅਰਵੇਜ਼ 'ਤੇ ਹੀ ਆਇਆ ਕਰ।"

ਇਸ ਪਿੱਛੋਂ ਹਵਾਈ ਕੰਪਨੀਆਂ 'ਤੇ ਹਵਾਈ ਸਫਰ ਦੀਆਂ ਹੀ ਗੱਲਾਂ ਹੁੰਦੀਆਂ ਰਹੀਆਂ। ਇਨ੍ਹਾਂ ਗੱਲਾਂ 'ਚ ਹੀ ਸ਼ਮਿੰਦਰ ਦਾ ਛੁੱਟੀ ਲੈਣ ਦਾ ਵਕਤ ਹੋ ਗਿਆ। ਉਹਨੂੰ ਉਠਦੀ ਵੇਖ ਬਲਜੀਤ ਅੰਦਰ ਗਿਆ ਤੇ ਇਕ ਡੱਬਾ ਚੁੱਕ ਲਿਆਇਆ। ਡੱਬੇ ਨੂੰ ਖੋਲ੍ਹਦਿਆਂ ਕਹਿਣ ਲੱਗਾ, "ਮੇਰਾ ਇਕ ਦੋਸਤ ਕਾਂਚੀਪੁਰਮ ਗਿਆ ਸੀ। ਉਥੋਂ ਇਕ ਸਾੜ੍ਹੀ ਲਿਆਇਐ। ਸੁੱਚੀ ਰੇਸ਼ਮ ਤੇ ਸੁੱਚੇ ਤਿੱਲੇ ਦੀ। ਇਹ ਤੂੰ ਲੈ ਜਾ...।"

"ਮੈਂ ਬਿਲਕੁਲ ਨਹੀਂ ਲਾਂਗੀ।" ਸ਼ਮਿੰਦਰ ਨੇ ਬੜੇ ਜ਼ੋਰ ਨਾਲ ਨਾਂਹ ਕੀਤੀ। "ਸਾੜ੍ਹੀ ਮੈਂ ਬੰਨ੍ਹਦੀ ਹੀ ਨਹੀਂ।"

"ਉਥੇ ਵਿਆਹ ਸ਼ਾਦੀ ਵੇਲੇ ਬੰਨ੍ਹ ਲਈਂ। ਬੜੇ ਮੌਕੇ ਹੁੰਦੇ ਨੇ।"

ਬਲਜੀਤ ਦੇ ਤੇਵਰ ਵੇਖ ਸ਼ਮਿੰਦਰ ਬਹਿਸ 'ਚ ਨਾ ਪਈ। ਉਹਨੇ ਡੱਬਾ ਚੁੱਕਿਆ ਤੇ ਬਾਹਰ ਨਿਕਲ ਗਈ। ਘਰ ਆ ਕੇ ਡੱਬਾ ਰਜਵੰਤ ਨੂੰ ਫੜਾ ਦਿੱਤਾ, ਇਹ ਕਹਿੰਦਿਆਂ, "ਰੱਜੋ, ਇਹ ਸਾੜ੍ਹੀ ਆਪਣੇ ਵੀਰ ਜੀ ਨੂੰ ਮੋੜ ਦਈਂ। ਮੈਂ ਨਹੀਂ ਲੈਣੀ।"

ਰਜਵੰਤ ਨੇ ਵੀ ਕਿਹਾ, "ਕਦੀ ਵਿਆਹ ਢੰਗ ਵੇਲੇ ਪਾ ਲਈਂ। ਫਿਰੋਜ਼ੀ ਰੰਗ ਏ। ਇਹ ਰੰਗ ਤੈਨੂੰ ਸੱਜਦੈ।"

ਸ਼ਮਿੰਦਰ ਤਪ ਪਈ ਤੇ ਬੋਲੀ, "ਆਪਣੇ ਵੀਰ ਜੀ ਨੂੰ ਸਮਝਾ। ਇਨ੍ਹਾਂ ਤਿਲਾਂ 'ਚ ਤੇਲ ਕੋਈ ਨਹੀਂ। ਸਾੜ੍ਹੀ ਸਾਡੀ ਟੁੱਟੀ ਨਹੀਂ ਗੰਢ ਸਕਦੀ। ਮੇਰਾ ਬੂਹਾ ਦੋਵੇਂ ਪਾਸਿਉਂ ਬੰਦ ਏ। ਵੱਡਾ ਸਾਰਾ ਤਾਲਾ ਲੱਗਾ ਹੋਇਐ। ਸੁੱਚੀ ਰੇਸ਼ਮ ਤੇ ਸੁੱਚਾ ਤਿੱਲਾ ਇਹ ਤਾਲਾ ਨਹੀਂ ਖੋਲ੍ਹ ਸਕਦਾ...।"

"ਚਲ ਭਾਈ, ਇਕ ਤਾਲਾ ਹੋਰ ਲਾ ਲੈ। ਛੱਡ ਜਾ ਸਾੜ੍ਹੀ ਏਥੇ। ਕੋਈ ਹੋਰ ਬੰਨ੍ਹ ਲਏਗਾ।"

ਰਜਵੰਤ ਨੇ ਸ਼ਮਿੰਦਰ ਹੱਥੋਂ ਡੱਬਾ ਫੜ ਲਿਆ।

ਜਦੋਂ ਸ਼ਮਿੰਦਰ ਅਗਲੀ ਵੇਰ ਆਈ ਸੀ, ਦਸੰਬਰ ਦਾ ਅਖੀਰਲਾ ਹਫਤਾ ਸੀ। ਦਿੱਲੀ 'ਚ ਸਾਹੇ ਸਨ। ਇਕ ਅਖਬਾਰ ਨੇ ਅੰਦਾਜ਼ਾ ਲਾਇਆ ਸੀ ਕਿ ਐਤਵਾਰੇ ਦਿੱਲੀ 'ਚ ਪੰਝੀ ਹਜ਼ਾਰ ਵਿਆਹ ਹੋਣੇ ਹਨ। ਪਤਾ ਨਹੀਂ ਇਸ ਗਿਣਤੀ 'ਚ ਰਲਾਇਆ ਗਿਆ ਸੀ ਕਿ ਨਹੀਂ, ਇਕ ਵਿਆਹ ਰਜਵੰਤ ਦੀ ਨਨਾਣ ਦੀ ਧੀ ਦਾ ਵੀ ਧਰਿਆ ਪਿਆ ਸੀ। ਸ਼ਮਿੰਦਰ ਇਹ ਵਿਆਹ ਵੇਖਣ ਆਈ ਸੀ।

ਆਉਂਦਿਆਂ ਹੀ ਰਜਵੰਤ ਨੇ ਉਸ ਨੂੰ ਕਿਹਾ, "ਮੌਕਾ ਤਾਂ ਖੁਸ਼ੀ ਦਾ ਏ, ਪਰ ਬੱਲੀ ਵੀਰ ਜੀ ਬੜੇ ਉਦਾਸ ਰਹਿੰਦੇ ਨੇ। ਹੋਰ ਤਾਂ ਹੋਰ, ਅੱਜ ਕੱਲ੍ਹ ਗਾਣੇ ਵੀ ਨਹੀਂ ਸੁਣਦੇ। ਐਫ. ਐਮ. ਰੇਡੀਓ ਵੀ ਨਹੀਂ ਲਾਉਂਦੇ। ਕਹਿੰਦੇ ਨੇ, ਅੰਦਰ ਕੁਝ ਹੋ ਗਿਐ। ਗਾਣਾ ਕੀ ਕਰੇਗਾ। ਇਕ ਵਾਰੀ ਮਿਲ ਆ ਨਾ ਜਾ ਕੇ। ਤੈਨੂੰ ਯਾਦ ਕਰਦੇ ਸਨ...।"



"ਏਥੇ ਵਿਆਹ 'ਚ ਮੁਲਾਕਾਤ ਹੋ ਹੀ ਜਾਏਗੀ।"

"ਇਹ ਮੁਲਾਕਾਤ ਥੋੜ੍ਹੀ ਹੋਏਗੀ। ਉਨ੍ਹਾਂ ਦੀ ਤਸੱਲੀ ਨਹੀਂ ਹੋਣੀ। ਪਤਾ ਨਹੀਂ, ਵਿਆਹ 'ਤੇ ਆਉਣਗੇ ਵੀ ਕਿ ਨਹੀਂ। ਸਿਹਤ ਬਹੁਤੀ ਠੀਕ ਨਹੀਂ ਨਾ ਰਹਿੰਦੀ...।"

"ਸੋਚਾਂਗੀ।"

"ਸ਼ੰਮੀ, ਸੋਚ ਨਾ, ਮਿਲ ਆ ਨਾ ਜਾ ਕੇ। ਤੇਰਾ ਕੁਝ ਖੋਹ ਨਹੀਂ ਲੈਣਗੇ। ਤੇਰੇ ਲਈ ਕੁਝ ਲੈ ਕੇ ਵੀ ਰੱਖਿਆ ਹੋਇਆ ਏ...।"

ਸ਼ਮਿੰਦਰ ਦਾ ਹਾਸਾ ਨਿਕਲ ਪਿਆ।

ਅਖੀਰ ਜਦੋਂ ਸ਼ਮਿੰਦਰ, ਬਲਜੀਤ ਨੂੰ ਮਿਲਣ ਪੁੱਜੀ, ਉਹਨੂੰ ਬਾਹਰੋਂ ਹੀ ਅੰਦਰ ਲੱਗੇ ਹੋਏ ਗਾਣੇ ਦੀ ਆਵਾਜ਼ ਸੁਣਾਈ ਦਿੱਤੀ। ਮਤਲਬ ਸੀ, ਗਾਣੇ ਬੰਦ ਨਹੀਂ ਸਨ ਹੋਏ। ਪਹਿਲਾਂ ਵਾਂਗ ਹੀ ਚਲ ਰਹੇ ਸਨ।

"...ਪਿਆਰ ਕੋ ਪਿਆਰ ਹੀ ਰਹਿਣੇ ਦੋ, ਕੋਈ ਨਾਮ ਨਾ ਦੋ।"

ਸ਼ਮਿੰਦਰ ਦਾ ਸੁਆਗਤ ਏਸ ਤੁਕ ਨੇ ਕੀਤਾ।

ਬਲਜੀਤ ਕੋਲ ਬਹਿੰਦਿਆਂ ਹੀ ਉਹ ਏਸ ਗਾਣੇ ਦੀ ਤਾਰੀਫ ਕਰਨ ਲੱਗੀ, "ਇਹ ਗਾਣਾ ਠੀਕ ਹੀ ਕਹਿੰਦੈ। ਜੇ ਪਿਆਰ ਹੋਵੇ ਤਾਂ ਬੰਦਾ ਉਹਨੂੰ ਅੰਦਰ ਰੱਖੇ। ਉਹਦੇ 'ਤੇ ਕੋਈ ਲੇਬਲ ਨਾ ਲਾਵੇ।"

"ਮੈਨੂੰ ਵੀ ਇੰਜ ਹੀ ਲੱਗਾ ਸੀ, ਜਦੋਂ ਮੈਂ ਇਹ ਗਾਣਾ ਪਹਿਲੀ ਵਾਰ ਸੁਣਿਆ ਸੀ", ਬਲਜੀਤ ਨੇ ਇਕ ਤਰ੍ਹਾਂ ਪ੍ਰੋੜ੍ਹਤਾ ਕੀਤੀ, "ਪਰ ਹੁਣ ਇੰਜ ਨਹੀਂ ਲਗਦਾ। ਸੱਚਾ ਤੇ ਡੂੰਘਾ ਪਿਆਰ ਆਪਣਾ ਹੱਕ ਮੰਗਦੈ। ਲੇਬਲ ਲਾਏ ਬਿਨਾਂ ਨਹੀਂ ਰਹਿੰਦਾ।"

ਸ਼ਮਿੰਦਰ ਚੁੱਪ ਰਹੀ। ਅੱਗੋਂ ਗੱਲ ਨਾ ਚੁੱਕੀ ਜਾਂਦੀ ਵੇਖ ਬਲਜੀਤ ਨੇ ਵੀ ਸੇਧ ਬਦਲ ਦਿੱਤੀ। ਉਹ ਪੁਰਾਣੇ ਗਾਣਿਆਂ ਦੀਆਂ ਸਿਫਤਾਂ ਕਰਨ ਲੱਗ ਪਿਆ ਤੇ ਅੱਜਕੱਲ੍ਹ ਦੇ ਗਾਣਿਆਂ ਦੀ ਪੜਚੋਲ।

"ਅੱਜਕੱਲ੍ਹ ਤਾਂ ਬੱਸ ਨੱਚਣ-ਟੱਪਣ ਵਾਲਾ ਗਾਣਾ ਏ। ਇਹਦਾ ਮਤਲਬ ਏ, ਜਿਹੜਾ ਬੰਦਾ ਕੁਝ ਵੱਡੀ ਉਮਰ ਦਾ ਹੋਵੇ, ਉਹ ਗਾਣਾ ਗਾਏ ਹੀ ਨਾ। ਉਹਦੇ ਤੋਂ ਨੱਚਿਆ ਟੱਪਿਆ ਤਾਂ ਜਾ ਨਹੀਂ ਸਕਦਾ।"

ਸ਼ਮਿੰਦਰ ਨੇ ਫੇਰ ਗੱਲ ਨਾ ਚੁੱਕੀ। ਏਨਾ ਹੀ ਕਿਹਾ, "ਗਾਣੇ ਆਪਣੇ ਵਕਤ ਦੇ ਹੁੰਦੇ ਨੇ। ਜੋ ਪਹਿਲੋਂ ਪਸੰਦ ਕੀਤੇ ਜਾਂਦੇ ਸਨ, ਉਹ ਅੱਜ ਨਹੀਂ ਕੀਤੇ ਜਾਂਦੇ। ਨਵੀਂ ਪੀੜ੍ਹੀ ਬੜੀ ਨੱਚਣੀ-ਟੱਪਣੀ ਏ...।"

ਸ਼ਮਿੰਦਰ ਖਾਨਾਪੂਰੀ ਕਰਨ ਆਈ ਸੀ। ਉਹਨੇ ਛੇਤੀ ਨਾਲ ਚਾਹ ਮੁਕਾਈ। ਇਕ ਬਿਸਕੁਟ ਵੀ ਟੁਕ ਲਿਆ ਤੇ ਉਠਣ ਲੱਗੀ।

ਬਲਜੀਤ ਨੇ ਨਾਲ ਲੱਗੇ ਮੇਜ਼ ਦਾ ਦਰਾਜ਼ ਖਿੱਚਿਆ ਤੇ ਵਿਚੋਂ ਇਕ ਫਿਰੋਜ਼ੀ ਮਖਮਲ ਦੀ ਡੱਬੀ ਕੱਢੀ। ਉਹਦੇ 'ਚੋਂ ਸੋਨੇ ਦਾ ਇਕ ਕੜਾ ਕੱਢਿਆ ਤੇ ਉਹਨੂੰ ਸ਼ਮਿੰਦਰ ਵਲ ਕਰਦਿਆਂ ਕਹਿਣ ਲੱਗਾ, "ਸ਼ੰਮੀ, ਇਹ ਤੇਰੇ ਲਈ ਕੜਾ ਏ। ਰੱਜੋ ਨੇ ਵਿਆਹ ਤੇ ਆਪਣੇ ਲਈ ਬਣਵਾਇਆ ਸੀ। ਮੈਂ ਵੇਖਿਆ, ਮੈਨੂੰ ਚੰਗਾ ਲੱਗਾ। ਮੈਂ ਕਿਹਾ, ਇਕ ਸ਼ੰਮੀ ਲਈ ਵੀ ਬਣਵਾ ਲੈ। ਉਹਨੂੰ ਬੜਾ ਸੱਜੇਗਾ। ਹੁਣ ਨਾਂਹ ਨਾ ਕਰੀਂ। ਸਾਲ ਪਿੱਛੋਂ ਆਈ ਏਂ। ਤੈਨੂੰ ਖਾਲੀ ਹੱਥ ਨਹੀਂ ਟੋਰ ਸਕਦਾ।"

"ਵੇਖੋ", ਸ਼ਮਿੰਦਰ ਕੁਝ ਤਪ ਕੇ ਬੋਲੀ, "ਇਹ ਖਾਲੀ ਹੱਥ ਵਾਲੀ ਗੱਲ ਝੂਠੀ ਜੇ। ਤੁਹਾਡੀ ਕੋਈ ਜ਼ਿੰਮੇਵਾਰੀ ਨਹੀਂ। ਨਾ ਤੁਹਾਡਾ ਦੇਣਾ ਬਣਦਾ ਏ, ਨਾ ਮੇਰਾ ਲੈਣਾ। ਤੁਹਾਡਾ ਇਹ ਕੜਾ ਮੈਂ ਨਹੀਂ ਲੈ ਸਕਦੀ।"

ਸ਼ਮਿੰਦਰ ਨੇ ਮੂੰਹ ਬਾਹਰਲੇ ਬੂਹੇ ਵਲ ਕਰ ਲਿਆ। ਬਲਜੀਤ ਉਹਦੇ ਅੱਗੇ ਆਣ ਖਲੋਤਾ ਤੇ ਜ਼ਿੱਦ ਕਰਨ ਲੱਗਾ, "ਸ਼ੰਮੀ, ਕੜਾ ਤੈਨੂੰ ਲੈਣਾ ਹੀ ਪਏਗਾ। ਬਣਿਆ ਈ ਤੇਰੇ ਲਈ ਏ। ਮੇਚ ਵੀ ਤੇਰੇ...।"

ਸ਼ਮਿੰਦਰ ਹੱਥੋਪਾਈ ਨਹੀਂ ਸੀ ਕਰਨਾ ਚਾਹੁੰਦੀ। ਉਹਨੇ ਡੱਬਾ ਫੜ ਲਿਆ ਤੇ ਪਰਸ 'ਚ ਰੱਖ ਲਿਆ।

ਵਾਪਸ ਪਹੁੰਚੀ। ਉਹਨੇ ਕੜਾ ਕੱਢਿਆ ਤੇ ਵੇਖਿਆ। ਸੋਨੇ ਦਾ ਸੀ। ਉਤੇ ਮੀਨੇ ਦਾ ਬੜਾ ਸੁਹਣਾ ਕੰਮ ਸੀ। ਉਹਨੂੰ ਏਸ ਤਰ੍ਹਾਂ ਦਾ ਕੰਮ ਬੜਾ ਚੰਗਾ ਲਗਦਾ ਸੀ। ਇਹਦਾ ਬਲਜੀਤ ਨੂੰ ਪਤਾ ਸੀ। ਉਹਨੇ ਕੜਾ ਵਾਪਸ ਡੱਬੀ 'ਚ ਪਾ ਦਿੱਤਾ ਤੇ ਰਜਵੰਤ ਨੂੰ ਫੜਾ ਦਿੱਤਾ। ਨਾਲ ਤਾੜ ਕੇ ਕਿਹਾ, "ਇਹ ਫੜ ਸਾਂਭ ਇਹਨੂੰ। ਜਦੋਂ ਅਸੀਂ ਵਿਆਹੇ ਹੁੰਦੇ ਸਾਂ, ਤੇਰੇ ਵੀਰ ਜੀ ਨੇ ਮੈਨੂੰ ਕਦੀ ਵੀ ਕੋਈ ਏਡੀ ਸੁਹਣੀ ਚੀਜ਼ ਨਹੀਂ ਸੀ ਦਿੱਤੀ। ਮੈਨੂੰ ਲਗਦੈ, ਮੈਨੂੰ ਭਰਮਾਣਾ ਚਾਹੁੰਦੇ ਨੇ, ਕੀਮਤੀ ਚੀਜ਼ਾਂ ਦੇ ਕੇ। ਮੈਂ ਨਹੀਂ ਲੈ ਸਕਦੀ। ਮੋੜ ਦਈਂ ਉਨ੍ਹਾਂ ਨੂੰ। ਰੱਖਣ ਉਥੇ, ਜਿੱਥੇ ਸਾੜ੍ਹੀ ਰੱਖੀ। ਸੁੱਚੀ ਰੇਸ਼ਮ ਤੇ ਸੁੱਚੇ ਤਿੱਲੇ ਵਾਲੀ।"

ਰਜਵੰਤ ਨੇ ਡੱਬੀ ਚੁੱਪ-ਚਾਪ ਫੜ ਲਈ। ਉਹਨੂੰ ਉਹਦੇ ਨਜ਼ਰ ਦਾ ਪਹਿਲੋਂ ਹੀ ਅਨੁਮਾਨ ਸੀ।

ਅਗਲੇ ਸਾਲ ਰਜਵੰਤ ਦੇ ਵਿਆਹ ਦੀ ਪੰਝੀਵੀਂ ਵਰ੍ਹੇਗੰਢ ਸੀ। ਵੱਡਾ ਮੌਕਾ ਸੀ। ਸ਼ਮਿੰਦਰ ਦਿੱਲੀ ਪੁੱਜੀ। ਉਸ ਨੇ ਪੁੱਜਣਾ ਹੀ ਸੀ, ਭਾਵੇਂ ਵਰ੍ਹੇਗੰਢ ਭਰ ਗਰਮੀਆਂ 'ਚ ਹੁੰਦੀ। ਰੱਬੋਂ ਉਹ ਦਸੰਬਰ 'ਚ ਸੀ। ਏਸ ਲਈ ਉਹਨੂੰ ਤਪਸ਼ਾਂ ਨਾ ਝਾਗਣੀਆਂ ਪਈਆਂ।

ਹਮੇਸ਼ਾ ਵਾਂਗ ਹੀ ਰਜਵੰਤ ਨੇ ਉਹਨੂੰ ਆਪਣੇ ਵੀਰ ਜੀ ਦੀ ਦੱਸ ਪਾਉਣ 'ਚ ਢਿੱਲ ਨਾ ਕੀਤੀ। ਮਿਲਦਿਆਂ ਹੀ ਕਹਿਣ ਲੱਗੀ, "ਤੈਨੂੰ ਉਡੀਕ ਰਹੇ ਨੇ ਉਹ ਵੀ। ਬੜਾ ਚਾਅ ਕਰਦੇ ਨੇ। ਤੇਰੇ ਲਈ ਕੁਝ ਖਾਸ ਖਰੀਦ ਕੇ ਰੱਖਿਆ ਹੋਇਆ ਏ।"

ਸ਼ਮਿੰਦਰ ਅੱਗੋਂ ਭੜਕ ਪਈ, "ਰੱਜੋ, ਤੂੰ ਉਨ੍ਹਾਂ ਨੂੰ ਸਮਝਾਉਂਦੀ ਕਿਉਂ ਨਹੀਂ, ਮੈਂ ਹੁਣ ਉਨ੍ਹਾਂ ਦੀ ਬੀਵੀ ਨਹੀਂ, ਨਾ ਹੀ ਉਨ੍ਹਾਂ ਦੀ ਪ੍ਰੇਮਿਕਾ ਹਾਂ। ਮੈਂ ਉਨ੍ਹਾਂ ਦਾ ਖਾਸ-ਆਮ ਕੁਝ ਨਹੀਂ ਲੈ ਸਕਦੀ। ਸਮਝਾ ਨਾ, ਅਸੀਂ ਫੇਰ 'ਕੱਠੇ ਨਹੀਂ ਹੋ ਸਕਦੇ। ਬੜਾ ਪਾਣੀ ਲੰਘ ਗਿਐ ਸਾਡੇ ਪੁਲਾਂ ਹੇਠੋਂ...।"

"ਸ਼ੰਮੀ, ਆਪ ਸਮਝਾ ਨਾ। ਮੇਰੇ ਸਮਝਾਇਆਂ ਨਹੀਂ ਸਮਝਦੇ। ਮਿਲ ਲੈ ਨਾ ਜਾ ਕੇ। ਉਡੀਕ ਰਹੇ ਨੇ।"

ਸ਼ਮਿੰਦਰ ਨੂੰ ਪਤਾ ਸੀ, ਰਜਵੰਤ ਨੇ ਉਹਨੂੰ ਆਪਣੇ ਵੀਰ ਜੀ ਨਾਲ ਮਿਲਾ ਕੇ ਰਹਿਣਾ ਸੀ। ਇਹ ਮੂੰਹ ਰੱਖਣੀ ਉਹਨੂੰ ਕਰਨੀ ਹੀ ਪੈਣੀ ਸੀ। ਉਹਨੇ ਕਹਿ ਦਿੱਤਾ, ਕਦੀ ਮਿਲ ਲਾਂਗੀ ਜਾ ਕੇ।

ਜਦੋਂ ਉਹ ਬਲਜੀਤ ਦੇ ਘਰ ਪੁੱਜੀ, ਉਹ ਆਪਣੇ ਸੌਣ ਵਾਲੇ ਕਮਰੇ 'ਚ ਲੇਟਿਆ ਹੋਇਆ ਸੀ। ਸ਼ਮਿੰਦਰ ਨੇ ਵਜ੍ਹਾ ਪੁੱਛੀ ਤਾਂ ਕਹਿਣ ਲੱਗਾ, "ਤਬੀਅਤ ਅੱਜਕੱਲ੍ਹ ਠੀਕ ਨਹੀਂ ਰਹਿੰਦੀ। ਡਾਕਟਰ ਕਹਿੰਦੈ, ਜਿਗਰ ਖਰਾਬ ਏ। ਦੰਦ ਵੀ ਤੰਗ ਕਰ ਰਹੇ ਨੇ।"

"ਠੀਕ ਕਰਾਉ ਨਾ।"

"ਕਰਾ ਰਿਹਾ ਹਾਂ। ਅੱਜ ਸ਼ੰਮੀ, ਚਾਹ ਵੀ ਤੈਨੂੰ ਆਪ ਬਣਾਣੀ ਪਵੇਗੀ। ਬਹਾਦਰ ਭੱਜ ਗਿਐ। ਇਨ੍ਹਾਂ ਨੇਪਾਲੀਆਂ ਦਾ ਕੋਈ ਭਰੋਸਾ ਨਹੀਂ। ਕਹਿੰਦੇ ਨੇ, ਨੇਪਾਲੀ ਬੜੇ ਵਫਾਦਾਰ ਹੁੰਦੇ ਨੇ। ਬਿਲਕੁਲ ਝੂਠ ਏ। ਤੋਤਾ-ਚਸ਼ਮ ਨੇ। ਚੋਰ ਉਚੱਕੇ ਨੇ। ਕਿਸੇ ਦੇ ਸਕੇ ਨਹੀਂ...।" ਬਲਜੀਤ ਭੱਜ ਗਏ ਬਹਾਦਰ 'ਤੇ ਵਰ੍ਹਨ ਲੱਗ ਪਿਆ।

ਸ਼ਮਿੰਦਰ ਨੇ ਹਾਸਾ ਆਉਂਦਾ-ਆਉਂਦਾ ਰੋਕਿਆ। ਆਪਣੇ ਆਪ ਨੂੰ ਕਹਿਣ ਲੱਗੀ, "ਵੇਖ ਜਿਹੜੇ ਆਪ ਵਫਾਦਾਰ ਨਹੀਂ, ਦੂਜਿਆਂ ਤੋਂ ਵਫਾਦਾਰੀ ਮੰਗਦੇ ਨੇ।"

ਸ਼ਮਿੰਦਰ ਰਸੋਈ 'ਚੋਂ ਚਾਹ ਬਣਾ ਕੇ ਲੈ ਆਈ। ਬਲਜੀਤ ਕੰਧ ਨਾਲ ਢਾਸਣਾ ਲਾ ਕੇ ਪੀਣ ਲੱਗਾ। ਪੀਂਦਿਆਂ-ਪੀਂਦਿਆਂ ਬੋਲਿਆ, "ਰੱਜੋ ਨੂੰ ਕੀ ਸੁੱਝੀ ਏ? ਵਿਆਹ ਦੀ ਵਰ੍ਹੇਗੰਢ ਮਨਾਣ ਲੱਗੀ ਏ। ਸਾਡੇ ਦੇਸ਼ 'ਚ ਇਹ ਕਿਹੜਾ ਵੱਡੀ ਗੱਲ ਏ। ਸਾਡੇ ਬੀ ਜੀ ਨੇ ਆਪਣੇ ਵਿਆਹ ਦੀ ਸੱਠਵੀਂ ਵਰ੍ਹੇਗੰਢ ਮਨਾਈ ਸੀ। ਜੇ ਪੂਰੇ ਨਾ ਹੁੰਦੇ ਤਾਂ ਹੋਰ ਕਈ ਵਰ੍ਹੇਗੰਢਾਂ ਮਨਾਉਂਦੇ।"

"ਆਪੋ-ਆਪਣਾ ਸ਼ੌਂਕ ਹੁੰਦੈ," ਸ਼ਮਿੰਦਰ ਨੇ ਸਹਿਜ ਸੁਭਾ ਆਖਿਆ, "ਮਨਾਵੇ, ਜੋ ਵੀ ਚੰਗਾ ਲੱਗੇ। ਵੈਸੇ ਪੰਝੀਵੀਂ ਵਰ੍ਹੇਗੰਢ ਹੁਣ ਇੰਡੀਆ 'ਚ ਵੀ ਏਡੀ ਆਮ ਚੀਜ਼ ਨਹੀਂ...।"

ਸ਼ਮਿੰਦਰ ਅੱਧਾ ਕੁ ਘੰਟਾ ਬੈਠੀ। ਉਨਾ ਚਿਰ ਵਰ੍ਹੇਗੰਢਾਂ ਦੀਆਂ ਗੱਲਾਂ ਹੀ ਹੁੰਦੀਆਂ ਰਹੀਆਂ। ਜਦੋਂ ਚੱਲਣ ਲੱਗੀ ਤਾਂ ਬਲਜੀਤ ਨੇ ਕਿਹਾ, ਉਹ ਸਾਹਮਣੀ ਅਲਮਾਰੀ 'ਚੋਂ ਇਕ ਉਨਾਬੀ ਡੱਬਾ ਚੁੱਕ ਲਿਆ। ਸ਼ਮਿੰਦਰ ਨੇ ਡੱਬਾ ਲਿਆ ਕੇ ਬਲਜੀਤ ਨੂੰ ਫੜਾ ਦਿੱਤਾ। ਡੱਬਾ ਵੱਡਾ ਸਾਰਾ ਸੀ। ਬਲਜੀਤ ਨੇ ਖੋਲ੍ਹਿਆ। ਵਿਚੋਂ ਛੋਟੀ ਜਿਹੀ ਗੁਟ ਘੜੀ ਨਿਕਲੀ। ਜਿੱਡਾ ਡੱਬਾ ਵੱਡਾ ਸੀ, ਘੜੀ ਓਡੀ ਹੀ ਛੋਟੀ। ਘੜੀ ਨੂੰ ਸ਼ਮਿੰਦਰ ਵਲ ਕਰਦਿਆਂ ਕਹਿਣ ਲੱਗਾ, "ਇਹ ਘੜੀ ਮੈਂ ਅਖਬਾਰ 'ਚ ਐਸ਼ਵਰਿਆ ਦੇ ਗੁੱਟ 'ਤੇ ਬੱਝੀ ਵੇਖੀ ਸੀ। ਬੜੇ

(ਅਗਲੇ ਸਫੇ 'ਤੇ ਜਾਰੀ)

# ਜਦੋਂ ਮੇਰਾ ਪਿਸ਼ਾਬ ਨਿਕਲ ਗਿਆ



ਸ਼ਬਦ ਝਰੋਖਾ

ਬਲਜੀਤ ਬਾਸੀ
ਫੋਨ: 734-259-9353

ਪਿੰਡ ਦੇ ਖਾਲਸਾ ਹਾਈ ਸਕੂਲ ਦੀ ਪੰਜਵੀਂ ਜਮਾਤ ਵਿਚ ਦਾਖਿਲ ਹੋਇਆਂ ਅਜੇ ਕੁਝ ਦਿਨ ਹੀ ਹੋਏ ਸਨ ਕਿ ਸਾਰੀ ਛੁੱਟੀ ਵੇਲੇ ਸਕੂਲ ਦੇ ਗੇਟ ਤੋਂ ਬਾਹਰ ਆਉਂਦਿਆਂ ਇਕ ਵੱਡੀ ਜਮਾਤ ਦੇ ਮੇਰੀ ਹੀ ਗਲੀ ਦੇ ਮੁੰਡੇ ਫੀਰੀ ਚਾਊਂ ਨੇ ਮੈਨੂੰ ਸਰਸਰੀ ਜਿਹਾ ਕਿਹਾ, "ਕਹਿ ਟੋਪੀ।" ਵੱਡਿਆਂ ਦਾ ਕਿਹਾ ਤਾਂ ਮੰਨਣਾ ਹੀ ਸੀ। ਸੋ, ਆਪਾਂ ਭੋਲੇਭਾਅ 'ਟੋਪੀ' ਆਖ ਦਿੱਤਾ। ਉਸ ਨੇ ਸਿਰ ਫੇਰਿਆ, "ਇਸ ਤਰ੍ਹਾਂ ਨਹੀਂ, ਜ਼ਰਾ ਉਚੀ ਆਵਾਜ਼ ਵਿਚ।"

ਮੈਂ ਸੋਚਿਆ, ਹਾਸਾ ਮਜ਼ਾਕ ਕਰ ਰਿਹਾ ਹੈ, ਕੋਈ ਬਾਅਦ ਵਿਚ ਚੁਟਕਲਾ ਸੁਣਾਏਗਾ। ਮੈਂ ਉਚੀ ਦੇਣੀ 'ਟੋਪੀ' ਸ਼ਬਦ ਪੁਕਾਰ ਦਿੱਤਾ। ਕੀ ਦੇਖਦਾ ਹਾਂ ਕਿ ਸਾਡੇ ਤੋਂ ਅੱਗੇ ਥੋੜ੍ਹੀ ਵਿਥ 'ਤੇ ਤੁਰੇ ਜਾਂਦੇ ਇਕ ਸਫਾ ਚੱਟ ਹਿੰਦੂ ਅਧਿਆਪਕ, ਜਿਸ ਨੇ ਚਿੱਟੀ ਪਗੜੀ ਬੰਨ੍ਹੀ ਹੋਈ ਸੀ ਤੇ ਜਿਸ ਦਾ ਲੜ ਬਹੁਤ ਹੀ ਲਮਕਵਾਂ ਛੱਡਿਆ ਹੋਇਆ ਸੀ, ਪਿਛੇ ਮੁੜ ਕੇ ਸਾਡੇ ਵੱਲ ਨੀਝ ਨਾਲ ਦੇਖਣ ਲੱਗ ਪਿਆ। ਫਿਰ ਉਹ ਕਾਹਲੀ ਕਾਹਲੀ ਤੁਰਨ ਲੱਗ ਪਿਆ। ਉਸ ਨੇ ਦੁਪਹਿਰ ਦੀ ਗਰਮੀ ਵਿਚ ਦੋ ਤਿੰਨ ਕੋਹ ਦੂਰ ਹੋਰ ਪਿੰਡ ਤੁਰ ਕੇ ਜਾਣਾ ਸੀ।

ਅਗਲਾ ਦਿਨ, ਪੰਜਾਬੀ ਦਾ ਖੁਸ਼ਮਾਹੌਲ ਪੀਰੀਅਡ। ਪੰਜਾਬੀ ਪੜ੍ਹਨਾ ਤਾਂ ਆਪਾਂ ਨੂੰ ਬਚਪਨ ਤੋਂ ਹੀ ਚੰਗਾ ਲਗਦਾ ਸੀ। ਫਿਰ ਗਿਆਨੀ ਤਾਂ ਬਹੁਤ ਗਾਲੜੀ ਤੇ ਖੁਸ਼ਤਬੀਅਤ ਵਾਲੇ ਅਧਿਆਪਕ ਹੁੰਦੇ ਹਨ। ਇਕ ਹੋਰ ਵੱਡੀ ਕਲਾਸ ਦਾ ਮੁੰਡਾ, 'ਮੇ ਆਈ ਕਮ ਇਨ ਸਰ' ਬੋਲ ਕੇ ਸਾਡੀ ਕਲਾਸ ਵਿਚ ਆਇਆ। ਉਸ ਨੇ ਗਿਆਨੀ ਜੀ ਨੂੰ ਕਿਹਾ ਕਿ ਨੌਵੀਂ ਜਮਾਤ ਵਿਚ ਪੜ੍ਹਾ ਰਹੇ ਲਾਲ ਚੰਦ ਜੀ ਨੇ ਬਲਜੀਤ ਸਿੰਘ ਨੂੰ ਬੁਲਾਇਆ ਹੈ। "ਕੌਣ ਹੈ ਬਈ ਬਲਜੀਤ ਸਿੰਘ, ਖੜਾ ਹੋਵੇ।" ਆਪਾਂ ਹੀ ਹੋਣਾ ਸੀ। ਗਿਆਨੀ ਜੀ ਨੇ ਮੈਨੂੰ ਉਸ ਮੁੰਡੇ ਨਾਲ ਤੁਰ ਜਾਣ ਦਾ ਇਸ਼ਾਰਾ ਕੀਤਾ। ਕੀ ਗੱਲ ਹੋ ਸਕਦੀ ਹੈ? ਪੰਜਵੀਂ ਜਮਾਤ ਦੇ ਮੁੰਡੇ ਲਈ ਨੌਵੀਂ ਜਮਾਤ ਦੇ ਕਮਰੇ ਵਿਚ ਵੜਨ ਦਾ ਹੌਸਲਾ ਕਰਨਾ ਵੀ ਭਵਸਾਗਰ ਤਰਨ ਦੇ ਬਰਾਬਰ ਹੁੰਦਾ ਹੈ। ਮੇਰੀ ਦੇਹੀ ਵਿਚ ਕੰਬਣਵਾਈ ਛਿੜ ਪਈ। ਪਰ ਹੋਣੀ ਤਾਂ ਹੋਣੀ ਸੀ ਤੇ ਮੈਂ ਹੋਣੀ ਦੇ ਦਰਪੇਸ਼ ਸਾਂ। ਪਤਾ ਨਹੀਂ ਮੈਂ ਕਿਵੇਂ ਪੈਰ ਘਸੀਟਦਾ ਅੰਦਰ ਪੁੱਜਿਆ ਹੋਵਾਂਗਾ। ਨਾਲ ਲਿਜਾ ਰਿਹਾ ਮੁੰਡਾ ਤਾਂ ਕੋਈ ਗੀਤ ਹੀ ਗਾਈ ਜਾਵੇ। ਨੌਵੀਂ ਕਲਾਸ ਦੇ ਕਮਰੇ ਵਿਚ ਦਾਖਿਲ ਹੋਇਆ ਤਾਂ ਕੀ ਦੇਖਦਾ ਹਾਂ ਸਾਹਮਣੇ ਪੱਗ ਦਾ ਲੰਬਾ ਲੜ ਛੱਡਣ ਵਾਲਾ ਕੱਲ੍ਹ ਵਾਲਾ ਅਧਿਆਪਕ ਭਰਿਆ ਪੀਤਾ ਕਦੇ ਕਮਰੇ ਦੇ ਇਕ ਪਾਸੇ ਤੇ ਕਦੇ ਦੂਜੇ ਪਾਸੇ ਘੁੰਮ ਰਿਹਾ ਸੀ। ਜਿਵੇਂ ਫਿਲਮਾਂ ਵਿਚ ਬਾਪ ਕਮਰੇ ਦੀਆਂ ਘੁੰਮਣਘੇਰੀਆਂ ਕੱਢਦਾ ਹੈ ਜਦ ਉਸ ਨੂੰ ਪਤਾ ਲਗਦਾ ਹੈ ਕਿ ਉਸ ਦੀ ਲਾਡਲੀ ਕਿਸੇ ਮੁੰਡੇ ਦੇ ਇਸ਼ਕ ਵਿਚ ਮਸਤ ਹੈ। ਮੇਰੇ ਜਾਂਦੇ ਸਾਰ ਹੀ ਮਾਸਟਰ ਜੀ ਠੱਠੰਬਰ ਗਏ ਤੇ ਆਅ ਦੇਖਿਆ ਨਾ ਤਾਅ, ਮੈਨੂੰ ਘਸੀਟ ਕੇ ਪੁਛਣ ਲੱਗੇ, "ਕਲ੍ਹ ਛੁੱਟੀ ਵੇਲੇ ਟੋਪੀ ਤੂੰ ਹੀ ਕਿਹਾ ਸੀ?" ਮੇਰੇ ਕੋਲ ਸਵੀਕਾਰ ਕਰਨ ਤੋਂ ਬਿਨਾਂ ਕੋਈ ਚਾਰਾ ਹੀ ਨਹੀਂ ਸੀ। ਮੇਰੇ ਵਲੋਂ 'ਹਾਂ ਜੀ' ਕਹਿਣ ਦੀ ਦੇਰ ਸੀ ਕਿ ਉਸ ਨੇ ਵੱਟ ਕੇ ਥੱਪੜ ਮਾਰਿਆ। ਪਜਾਮੇ ਵਿਚ ਪਿਸ਼ਾਬ ਦੀ ਧਾਰ ਤਾਂ ਉਦੋਂ ਹੀ ਨਿਕਲ ਗਈ ਪਰ ਉਸ ਨੇ ਪੂਰਾ ਮਸਾਨਾ ਖਾਲੀ ਕਰਨ ਲਈ ਦੋ ਤਿੰਨ ਹੂਰੇ ਵੀ ਜੜ੍ਹ




ਦਿੱਤੇ। ਛੇਤੀ ਹੀ ਉਸ ਨੇ ਮੇਰਾ ਗਿੱਲਾ ਹੋਇਆ ਪਜਾਮਾ ਦੇਖਿਆ ਤਾਂ 'ਦਫਾ ਹੋ' ਕਹਿੰਦਿਆਂ ਮੈਨੂੰ ਦਰਵਾਜ਼ੇ ਦਾ ਰਾਹ ਦਿਖਾਇਆ। ਮੈਂ ਪਿਸ਼ਾਬ ਨਿਕਲਣ ਵਾਲੀ ਥਾਂ ਤੋਂ ਪਜਾਮੇ ਨੂੰ ਘੁੱਟ ਕੇ ਫੜਿਆ ਹੋਇਆ ਸੀ। ਮੈਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਮੇਰੇ ਟੋਪੀ ਕਹਿਣ ਦਾ ਇਸ ਕੁੱਟਮਈ ਸਲੂਕ ਨਾਲ ਕੀ ਤਾਅਲੁਕ ਸੀ। ਇਸ ਹਾਲਤ ਵਿਚ ਮੈਂ ਆਪਣੀ ਕਲਾਸ ਵਿਚ ਵੀ ਨਹੀਂ ਸੀ ਜਾ ਸਕਦਾ। ਅਜੇ ਇਸ ਸੋਚ ਵਿਚ ਹੀ ਪਿਆ ਸਾਂ ਕਿ ਮੈਨੂੰ ਸਾਹਮਣੇ ਸਕੂਲ ਦੇ ਪੀਟੀ ਸਾਹਿਬ ਦਿਖਾਈ ਦਿੱਤੇ ਜੋ ਮੇਰੇ ਇਕ ਤਰ੍ਹਾਂ ਚਾਚਾ ਜੀ ਹੀ ਲਗਦੇ ਸਨ। ਸਾਡੇ ਘਰ ਦਾ ਵਿਹੜਾ ਸਾਂਝਾ ਹੈ। ਉਨ੍ਹਾਂ ਨੇ ਮੇਰੀ ਹੌਲਨਾਕ ਹਾਲਤ ਦਾ ਕਾਰਨ ਪੁਛਿਆ ਤੇ ਮੈਂ ਜ਼ਾਰ ਜ਼ਾਰ ਰੋਂਦਿਆਂ ਸਾਰੀ ਆਪਬੀਤੀ ਸੁਣਾ ਦਿੱਤੀ। ਉਨ੍ਹਾਂ ਦੀ ਖਰਬੂਜ਼ੇ ਵਰਗੀ ਦਾਅੜੀ ਗੁੱਸੇ ਅਤੇ ਹਾਸੇ ਦੇ ਰਲਵੇਂ ਮਿਲਵੇਂ ਭਾਵਾਂ ਨਾਲ ਓਤ-ਪੋਤ ਹੋਈ ਕੰਬਣ ਲੱਗੀ। ਫਿਰ ਉਨ੍ਹਾਂ ਹਦਾਇਤ ਕੀਤੀ ਕਿ ਜਾਹ ਹੌਲੀ ਹੌਲੀ ਘਰ ਨੂੰ ਚਲਾ ਜਾਹ ਮੈਂ ਆਪੇ ਤੇਰੇ ਕਲਾਸ ਟੀਚਰ ਅਤੇ ਕੁੱਟਣ ਵਾਲੇ ਟੀਚਰ ਨਾਲ ਗੱਲ ਕਰਾਂਗਾ। ਮੈਂ ਫਸਲੋ ਫਸਲੀ ਘਰ ਵੱਲ ਨੂੰ ਤੁਰ ਪਿਆ, ਪਾਜਾਮਾ ਰਾਹ ਵਿਚ ਸੁੱਕ ਗਿਆ ਸੀ।

ਗੱਲ ਦੀ ਤਹਿ ਵਿਚ ਜਾਈਏ। ਸਾਡੇ ਪਿੰਡ ਦਾ ਖਾਲਸਾ ਹਾਈ ਸਕੂਲ ਜਲੰਧਰ ਜ਼ਿਲ੍ਹੇ ਵਿਚ ਸ਼ਾਇਦ ਸਭ ਤੋਂ ਪੁਰਾਣਾ ਹੈ। ਸਕੂਲ ਵਿਚ ਲੱਗਣ ਵਾਲੇ ਅਧਿਆਪਕ ਤੋਂ ਪ੍ਰਬੰਧਕੀ ਕਮੇਟੀ ਦੀ ਮੰਗ ਹੁੰਦੀ ਸੀ ਕਿ ਉਹ ਭਾਵੇਂ ਮੋਨਾ ਹਿੰਦੂ ਹੀ ਹੋਵੇ, ਪਰ ਸਿਰ 'ਤੇ ਪੱਗ ਜ਼ਰੂਰ ਬੰਨ੍ਹੇ। ਲਾਲਾ ਸੰਤ ਰਾਮ ਇਸ ਸਕੂਲ ਦਾ ਇਕ ਮੁਖ ਅਧਿਆਪਕ ਰਿਹਾ ਹੈ ਜੋ ਹਿੰਦੂ ਸੀ ਤੇ ਬਹੁਤ ਲੰਮਾ ਚਿਰ ਸਕੂਲ ਦੀ ਸੇਵਾ ਕਰਦਾ ਰਿਹਾ ਰਿਹਾ। ਉਸ ਨੇ ਪੂਰੇ ਸੇਵਾ ਕਾਲ ਦੌਰਾਨ ਸਿਰ 'ਤੇ ਚਿੱਟੇ ਰੰਗ ਦੀ ਪਗੜੀ ਬੰਨ੍ਹੀ ਰੱਖੀ। ਇਹ ਅਧਿਆਪਕ ਬਹੁਤ ਹੀ ਮਿਹਨਤੀ ਅਤੇ ਹਰਮਨਪਿਆਰਾ ਸੀ। ਟੋਪੀ ਸ਼ਬਦ ਤੋਂ ਖਿਝਣ ਵਾਲਾ ਅਧਿਆਪਕ ਵੀ ਹਿੰਦੂ ਸੀ ਜੋ ਨਿਯੁਕਤੀ ਤੋਂ ਕੁਝ ਸਮੇਂ ਬਾਅਦ ਤੱਕ ਟੋਪੀ ਪਹਿਨਦਾ ਰਿਹਾ। ਪੱਗਾਂ ਵਾਲੇ ਅਧਿਆਪਕਾਂ ਦਰਮਿਆਨ ਵਿਦਿਆਰਥੀਆਂ ਨੂੰ ਉਸ ਦੀ ਟੋਪੀ ਵਚਿਤਰ ਜਿਹੀ ਲਗਦੀ ਸੀ। ਇਸ ਲਈ ਇਸ ਦਾ ਨਾਂ ਪੈ ਗਿਆ-ਲਾਲ ਚੰਦ ਟੋਪੀ ਜਾਂ ਸਿਰਫ ਟੋਪੀ। ਬਾਅਦ ਵਿਚ ਭਾਵੇਂ ਉਸ ਨੇ ਪੱਗ ਬੰਨ੍ਹਣੀ ਸ਼ੁਰੂ ਕਰ ਦਿੱਤੀ ਪਰ ਵਿਦਿਆਰਥੀਆਂ ਵਿਚ ਉਸ ਦਾ ਕੁ-ਨਾਂ ਟੋਪੀ ਹੀ ਚਲਦਾ ਰਿਹਾ। ਹੁਣ ਤੁਹਾਨੂੰ ਮੇਰੇ ਦੁਖਾਂਤ ਦੀ ਸਮਝ ਆ ਗਈ ਹੋਵੇਗੀ। ਮੇਰੇ ਤੋਂ ਸੀਨੀਅਰ ਫੀਰੀ ਚਾਊਂ ਨੇ ਮੈਨੂੰ ਫਸਾਉਣ ਲਈ ਮੈਥੋਂ ਟੋਪੀ ਕਹਾਇਆ ਜਿਸ ਸ਼ਬਦ ਤੇ ਲਾਲ ਚੰਦ ਬਹੁਤ ਤਮਕਿਆ। ਇਕ ਵਿਦਿਆਰਥੀ ਦੀ ਕੀ ਮਜਾਲ ਕਿ ਉਹ ਅਧਿਆਪਕ ਦਾ ਇਸ ਤਰ੍ਹਾਂ ਨਿਰਾਦਰ ਕਰੇ। ਲਾਲ ਚੰਦ ਹਿਸਾਬ ਦਾ ਮਾਸਟਰ ਸੀ। ਇਸ ਦੀ ਇਕ ਵਿਸ਼ੇਸ਼ਤਾ ਇਹ ਸੀ ਕਿ ਇਹ ਹਰ ਰੋਜ਼ ਕਲਾਸ ਵਿਚ ਦਾਤਣਾਂ, ਪੈਨਸਿਲਾਂ, ਰਬੜਾਂ, ਪ੍ਰਕਾਰਾਂ ਆਦਿ ਲੈ ਆਉਂਦਾ ਤੇ ਵਿਦਿਆਰਥੀਆਂ ਨੂੰ ਦੁਕਾਨ ਤੋਂ ਸਸਤੇ ਭਾਅ 'ਤੇ ਖਰੀਦਣ ਲਈ ਪ੍ਰੇਰਦਾ। ਵਿਦਿਆਰਥੀ ਵਿਚਾਰੇ ਕੁੱਟ ਤੋਂ ਡਰਦੇ ਖਰੀਦਦੇ ਰਹਿੰਦੇ।

ਹਰ ਸਕੂਲ ਵਿਚ ਵਿਦਿਆਰਥੀਆਂ ਨੇ ਲਗਭਗ ਸਾਰੇ ਅਧਿਆਪਕਾਂ ਦੇ ਨਾਂ ਰੱਖੇ ਹੁੰਦੇ ਹਨ। ਕੋਈ ਵਿਦਿਆਰਥੀ ਅਧਿਆਪਕਾਂ ਨੂੰ ਦਿਲੋਂ ਸਤਿਕਾਰ ਨਹੀਂ ਕਰਦਾ। ਬਹੁਤ ਕੁਟਣ ਵਾਲੇ ਅਧਿਆਪਕਾਂ ਦੇ ਤਾਂ ਕਈ ਵਾਰੀ ਚਲ ਵਸਣ ਦੀ ਵੀ ਸੋਚੀ ਜਾਂਦੀ ਹੈ। ਮੇਰੇ ਸਕੂਲ 'ਚ ਪੜ੍ਹਦੇ ਵਕਤ ਇਕ ਨਵਾਂ ਅਧਿਆਪਕ ਆਇਆ। ਪਤਾ ਨਹੀਂ ਕੀ ਗੱਲ ਹੋ ਗਈ ਕਿ ਇਸ ਦਾ ਨਾਂ ਹੀ ਨਵਾਂ ਮਾਸਟਰ ਚੱਲ ਪਿਆ। ਉਹ ਵਿਚਾਰਾ ਵੀਹ ਸਾਲ ਪੜ੍ਹਾਅ ਕੇ ਬੁਢਾ ਹੋ ਕੇ ਰਿਟਾਇਰ ਹੋ ਗਿਆ ਪਰ ਉਸ ਦਾ ਨਾਂ ਨਵਾਂ ਮਾਸਟਰ ਹੀ ਚਲਦਾ ਰਿਹਾ। ਡਰਾਇੰਗ ਮਾਸਟਰ ਦਾ ਨਾਂ ਡਰੈਂਗਾ ਚਲਦਾ ਸੀ ਜਿਸ ਨੇ ਪੰਜਵੀਂ ਜਮਾਤ ਦੇ ਪੂਰੇ ਸਾਲ ਦੌਰਾਨ ਸਾਨੂੰ ਤਿਰੰਗਾ ਝੰਡਾ, ਕੱਚ ਦਾ ਗਲਾਸ ਅਤੇ ਬੈਂਗਣ ਦੇ ਚਿੱਤਰ ਬਣਾਉਣੇ ਹੀ ਸਿਖਾਏ। ਹਿੰਦੀ ਵਾਲਾ ਕਮਜ਼ੋਰ ਤੇ ਬੁਢਾ ਜਿਹਾ 'ਹੜਾਮੀ ਸੜਾਮੀ' ਹਮੇਸ਼ਾ ਝੋਲੇ ਵਿਚ ਇਕ ਅਰਲੀ ਰਖਦਾ ਤੇ ਜੇ ਕਿਸੇ ਤੋਂ ਹਿੰਦੀ ਦਾ ਸ਼ਬਦ ਨਾ ਬੋਲਿਆ ਜਾਂਦਾ ਤਾਂ ਅਰਲੀ ਦੀ ਮਾਰ ਪੈਂਦੀ। ਕਈ ਤਕੜੇ ਮੁੰਡੇ ਤਾਂ ਹੱਥ 'ਤੇ ਅਰਲੀ ਦੀ ਮਾਰ ਪੈਂਦੇ ਹੀ ਉਸ ਨੂੰ ਘੁਟ ਕੇ ਫੜ ਲੈਂਦੇ। ਕਈ ਹੱਥ ਇਕ ਦਮ ਪਰੇ ਕਰ ਲੈਂਦੇ ਤਾਂ ਅਰਲੀ ਉਲਟਾ ਟੀਚਰ ਦੇ ਪੱਟਾਂ 'ਤੇ ਹੀ ਜਾ ਲਗਦੀ। ਵਿਚਾਰੇ ਕੋਲ ਇਹ ਕਹਿਣ ਤੋਂ ਬਿਨਾਂ ਕੋਈ ਚਾਰਾ ਨਾ ਹੁੰਦਾ, "ਹੜਾਮੀਆਂ ਸੜਾਮੀਆਂ ਤੇਰੇ ਸਿਰ ਵਿਚ ਜੂਆਂ ਪੈਣ।"

## ਗੀਤ

ਲੀਡਰ ਕਹਿਣ ਵਿਕਾਸ ਹੋ ਰਿਹਾ
ਜਾਪੇ ਸੱਤਿਆਨਾਸ ਹੋ ਰਿਹਾ।
ਤੱਕ ਕੇ ਮਨ ਉਦਾਸ ਹੋ ਰਿਹਾ
ਉਲਝੀ ਤਾਣੀ ਜਿਹੜੀ।
ਕੰਧੀਂ-ਕੌਲੀਂ ਵੱਜਦੇ ਫਿਰਦੇ
ਪਿੰਡੋ ਪਿੰਡ ਨਸ਼ੇੜੀ।

'ਕੱਲੇ 'ਕੱਲੇ ਪਿੰਡ 'ਚ ਠੇਕਾ
ਮੋੜ ਮੋੜ 'ਤੇ ਸ਼ਹਿਰੀਂ।
ਟੱਲੀ ਹੋ ਕੇ ਕਰਨ ਲੜਾਈਆਂ
'ਵਾਜਾਂ ਪੈਣ ਕਚਹਿਰੀ।
ਕੀ ਪੀਤੀ ਦਾ ਫਾਇਦਾ ਕਹਿੰਦੇ,
ਜੇ ਨਾ ਕਿਧਰੇ ਖੇੜੀ।
ਕੰਧੀਂ-ਕੌਲੀਂ ਵੱਜਦੇ ਫਿਰਦੇ...।

ਮਹਿੰਗੇ ਭਾਅ ਦੇ ਨਸ਼ੇ ਅਵੱਲਿਆਂ
ਕੀਤੀ ਬੜੀ ਤਬਾਹੀ।
ਅੱਖਾਂ ਮੀਚੀਆਂ ਪਹਿਰੇਦਾਰਾਂ
ਫਿਰਦੇ ਸ਼ਰਮਾਂ ਲਾਹੀ।
ਜ਼ੋਰ-ਜਬਰ ਦਾ ਡੰਡਾ ਚੱਲਦਾ
ਜੇ ਕਿਸੇ ਗੱਲ ਛੇੜੀ।
ਕੰਧੀਂ-ਕੌਲੀਂ ਵੱਜਦੇ ਫਿਰਦੇ...।

ਲੁੱਟਾਂ-ਖੋਹਾਂ ਕਰ ਕਰ
ਦਹਿਸ਼ਤ ਪਾਈ ਨਸ਼ੱਈਆਂ ਨੇ।
ਪਿਓ-ਦਾਦੇ ਦੀ ਕਰੀ ਕਮਾਈ
ਬੰਨੇ ਲਾਈ ਕਈਆਂ ਨੇ।
ਟੀਕੇ ਲਾ ਲਾ ਰੱਤ ਸੁਕਾਈ
ਫਿਰਦੇ ਮੌਤ ਸਹੇੜੀ।
ਕੰਧੀਂ-ਕੌਲੀਂ ਵੱਜਦੇ ਫਿਰਦੇ...।

ਵੱਡੇ ਘਰਾਂ ਦੇ ਕਾਕਿਆਂ
ਪਾਲੇ ਸ਼ੌਕ ਹਥਿਆਰਾਂ ਦੇ।
ਹਰ ਦਿਨ ਪੜ੍ਹੀਏ ਖਬਰ
ਅਜਿਹੀ ਵਿਚ ਅਖਬਾਰਾਂ ਦੇ।
'ਕਿਸੇ ਦੇ ਵਿਗੜੇ ਕੂੱਕੂ,
ਕੀਤਾ ਅੱਜ ਦਲਵਿੰਦਰ ਢੇਰੀ।
ਕੰਧੀਂ-ਕੌਲੀਂ ਵੱਜਦੇ ਫਿਰਦੇ...।

ਕਦ ਤੱਕ ਪਾਉਣੇ ਹੋਰ ਹਾਕਮੋ
ਇਹ ਸਭਨਾਂ 'ਤੇ ਪਰਦੇ।
ਕਰੋ ਰਹਿਮ ਗਰੀਬਾਂ ਉਤੇ
ਜਾਂਦੇ ਪੁੱਤ ਜਿਨ੍ਹਾਂ ਦੇ ਮਰਦੇ।
ਸੁਣ ਵਿਰਲਾਪ ਮਾਪਿਆਂ ਦਾ 'ਤੂਰ'
ਦਿਲ ਖਾ ਜਾਂਦਾ ਏ ਗੇੜੀ।
ਕੰਧੀਂ-ਕੌਲੀਂ ਵੱਜਦੇ ਫਿਰਦੇ
ਪਿੰਡੋ ਪਿੰਡ ਨਸ਼ੇੜੀ।

**-ਪਰਸ਼ਨ ਤੂਰ, ਫੇਅਰਫੀਲਡ**
**ਫੋਨ: 707-399-7561**

# ਤੁਹਫਾ

*(ਪਿਛਲੇ ਸਫੇ ਤੋਂ ਜਾਰੀ)*

ਵਧੀਆ ਸਵਿੱਸ ਬਰੈਂਡ ਦੀ ਘੜੀ ਏ। ਮੈਨੂੰ ਲੱਗਾ, ਤੇਰੇ ਗੁੱਟ 'ਤੇ ਬੱਝੀ ਉਵੇਂ ਹੀ ਲੱਗੇਗੀ, ਜਿਵੇਂ ਐਸ਼ਵਰਿਆ ਦੇ ਗੁੱਟ 'ਤੇ ਬੱਝੀ। ਮੈਂ ਤੇਰੇ ਲਈ, ਖਰੀਦ ਲਈ...।"

"ਮੇਰੇ ਕੋਲ ਘੜੀ ਹੈ", ਸ਼ਮਿੰਦਰ ਨੇ ਗੱਲ ਪੂਰੀ ਨਾ ਹੋਣ ਦਿੱਤੀ। "ਬੜੀ ਪੁਰਾਣੀ। ਵਫਾਦਾਰ 'ਤੇ ਭਰੋਸੇਯੋਗ। ਮੈਂ ਹੋਰ ਕੋਈ ਘੜੀ ਨਹੀਂ ਬੰਨ੍ਹਣੀ।"

"ਚਲ ਕਦੀ-ਕਦੀ ਬੰਨ੍ਹ ਲਿਆ ਕਰੀਂ। ਬੜੀ ਸੁਹਣੀ ਲੱਗੇਗੀ। ਖਲੋਤੀ ਪਾਸਿਉਂ ਤੂੰ ਵੀ ਐਸ਼ਵਰਿਆ ਹੀ ਲਗਣੀ ਏਂ...।"

ਸ਼ਮਿੰਦਰ ਬਹਿਸ 'ਚ ਨਾ ਪਈ। ਉਹਨੇ ਘੜੀ ਫੜ ਲਈ ਤੇ ਆ ਕੇ ਰਜਵੰਤ ਦੇ ਹਵਾਲੇ ਕਰ ਦਿੱਤੀ। ਉਹਨੂੰ ਆਖ ਦਿੱਤਾ, "ਰੱਜੋ, ਇਹ ਆਪਣੇ ਵੀਰ ਜੀ ਨੂੰ ਮੋੜ ਦਈਂ। ਮੈਂ ਇਹ ਨਹੀਂ ਬੰਨ੍ਹਣੀ। ਮੈਂ ਕਿਉਂ ਬੰਨ੍ਹਾਂ ਉਨ੍ਹਾਂ ਦੀ ਦਿੱਤੀ ਘੜੀ। ਸਮਝਾ ਉਨ੍ਹਾਂ ਨੂੰ। ਮੈਂ ਬੜੀ ਜ਼ਿੱਦੀ ਔਰਤ ਹਾਂ। ਜ਼ਿੱਦ ਕਰਕੇ ਹੀ ਮੈਂ ਉਨ੍ਹਾਂ ਨਾਲ ਵਿਆਹ ਕੀਤਾ ਸੀ ਤੇ ਜ਼ਿੱਦ ਕਰਕੇ ਹੀ ਮੈਂ ਤਿਲਾਂਜਲੀ ਲਈ ਸੀ। ਮੈਂ ਫੇਰ ਨਹੀਂ ਅਪਨਾ ਸਕਦੀ ਉਨ੍ਹਾਂ ਨੂੰ, ਭਾਵੇਂ ਘੜੀਆਂ ਦੀ ਦੁਕਾਨ ਖਰੀਦ ਲਿਆਉਣ।"

"ਸ਼ੰਮੀ, ਤੂੰ ਆਪ ਕਿਉਂ ਨਹੀਂ ਸੀ ਸਮਝਾਇਆ? ਮੇਰੇ ਵੱਡੇ ਵੀਰ ਨੇ ਉਹ। ਮੈਂ ਡਾਂਟ ਨਹੀਂ ਸਕਦੀ ਉਨ੍ਹਾਂ ਨੂੰ।"

"ਸਮਝਾਵਾਂ ਉਨ੍ਹਾਂ ਨੂੰ ਜਿਹੜੇ ਸਮਝ ਸਕਣ।"

"ਚਲ ਕੋਈ ਗੱਲ ਨਹੀਂ। ਘੜੀ ਵਾਪਸ ਕਰ ਦਿਆਂਗੀ ਉਨ੍ਹਾਂ ਨੂੰ। ਸ਼ਾਇਦ ਮੈਨੂੰ ਹੀ ਦੇ ਦੇਣ। ਮੈਂ ਬੰਨ੍ਹਾਂਗੀ, ਸ਼ੌਂਕ ਨਾਲ।"

"ਤੂੰ ਜਾਣ ਤੇ ਤੇਰਾ ਵੱਡਾ ਵੀਰ ਤੇ ਉਹਦੀ ਘੜੀ।" ਸ਼ਮਿੰਦਰ ਨੇ ਗੱਲ ਮੁਕਾ ਦਿੱਤੀ ਸੀ।

ਐਤਕੀਂ ਵੀ ਉਹਨੂੰ ਮਿਲਣ ਦਾ ਸੁਨੇਹਾ ਮਿਲਿਆ ਸੀ। ਸ਼ਮਿੰਦਰ ਬੜਾ ਚਿਰ ਟਾਲਦੀ ਰਹੀ। ਅਖੀਰ ਇਕ ਦਿਨ ਉਹਨੂੰ ਰਜਵੰਤ ਨੇ ਤਿਆਰ ਕਰ ਹੀ ਲਿਆ। ਟੁਰਨ ਲੱਗੀ ਨੂੰ ਕਹਿਣ ਲੱਗੀ, "ਤੁਹਫਾ ਉਨ੍ਹਾਂ ਤੇਰੇ ਲਈ ਐਤਕੀਂ ਵੀ ਖਰੀਦਿਆ ਹੋਇਐ। ਵਿਚਾਰੇ ਰਹਿ ਨਹੀਂ ਸਕਦੇ। ਲੈ ਲਈਂ ਜੋ ਦੇਣ। ਬਹਿਸ 'ਚ ਨਾ ਪਈਂ। ਉਹ ਬਹਿਸਣ ਜੋਗੇ ਨਹੀਂ ਏਸ ਵੇਲੇ। ਮੈਨੂੰ ਦੇ ਦਈਂ ਭਾਵੇਂ ਵਾਪਸ ਆ ਕੇ।"

ਸ਼ਮਿੰਦਰ ਗਈ। ਬਲਜੀਤ ਆਪਣੇ ਸੌਣ ਵਾਲੇ ਕਮਰੇ 'ਚ ਪਿਆ ਸੀ। ਸ਼ਮਿੰਦਰ ਉਥੇ ਹੀ ਚਲੀ ਗਈ।

ਉਹਨੇ ਵੇਖਿਆ, ਬਲਜੀਤ ਦਾ ਹਾਲ ਮਾੜਾ ਸੀ। ਕਮਜ਼ੋਰ ਹੋਇਆ ਪਿਆ ਸੀ। ਅਗਲੇ ਦੋ ਦੰਦ ਭੁਰੇ ਪਏ ਸਨ। ਸਿਰ ਉਤੇ ਇਕ ਪਗੜੀ ਨੁਮਾ ਟੋਪੀ ਲਈ ਹੋਈ ਸੀ। ਸ਼ਮਿੰਦਰ ਨੂੰ ਵੇਖ ਉਹ ਕਹਿਣ ਲੱਗਾ, "ਐਤਕੀਂ ਤੈਨੂੰ ਚਾਹ ਆਪ ਨਹੀਂ ਬਣਾਣੀ ਪਏਗੀ। ਬਹਾਦਰ ਮੁੜ ਆਇਆ ਸੀ। ਏਥੋਂ ਜਿਸ ਥਾਂ ਗਿਆ ਸੀ, ਉਥੇ ਉਹਦਾ ਦਿਲ ਨਹੀਂ ਸੀ ਲੱਗਾ।...ਓਏ ਬਹਾਦਰ।" ਬਲਜੀਤ ਨੇ ਨੌਕਰ ਨੂੰ ਆਵਾਜ਼ ਦਿੱਤੀ, "ਚਾਹ ਲਿਆ ਭਾਈ, ਮੇਮ ਸਾਹਿਬ ਆ ਗਏ ਨੇ।"

ਸਿਹਤ ਦਾ ਪੁੱਛੇ ਜਾਣ 'ਤੇ ਉਹ ਦੱਸਣ ਲੱਗਾ, "ਡਾਕਟਰ ਨੇ ਬੜੀਆਂ ਪਾਬੰਦੀਆਂ ਲਾ ਦਿੱਤੀਆਂ ਨੇ। ਥਿੰਦਾ ਬੰਦ ਏ। ਸਿਰਫ ਉਬਲੀਆਂ ਸਬਜ਼ੀਆਂ ਖਾਣੀਆਂ ਨੇ। ਤਲਿਆ ਹੋਇਆ ਬੰਦ ਏ। ਵਿਸਕੀ ਬੰਦ ਏ। ਮਿਰਚ-ਮਸਾਲਾ ਬੰਦ ਏ। ਮਿਰਚ-ਮਸਾਲਾ ਸਿਰਫ ਖਾਣੇ 'ਚ ਹੀ ਰਹਿ ਗਿਆ ਸੀ, ਉਹ ਵੀ ਡਾਕਟਰ ਨੇ ਬੰਦ ਕਰ ਦਿੱਤਾ।"

ਸ਼ਮਿੰਦਰ ਨੇ ਗੱਲ ਨਾ ਚੁੱਕੀ। ਚੁੱਪ ਰਹੀ। ਵੈਸੇ ਵੀ ਉਹ ਬਹੁਤਾ ਸੁਣ ਰਹੀ ਸੀ, ਬੋਲ ਘੱਟ ਰਹੀ ਸੀ।

ਚਾਹ ਆ ਗਈ। ਬਲਜੀਤ ਨੇ ਕੰਧ ਨਾਲ ਢਾਸਣਾ ਲਾ ਲਿਆ ਤੇ ਬੋਲੀ ਗਿਆ, "ਕੱਲ੍ਹ ਮੈਨੂੰ ਇਕ ਮੇਰਾ ਪੁਰਾਣਾ ਕੁਲੀਗ ਮਿਲਣ ਆਇਆ। ਵਿਚਾਰਾ ਮੁਸੀਬਤ 'ਚ ਸੀ। ਉਹਨੇ ਆਖਿਆ ਕਿ ਉਹਦੀ ਐਮ.ਏ. ਫਾਈਨਲ 'ਚ ਪੜ੍ਹਦੀ ਧੀ ਇਕ ਮੁੰਡੇ ਨਾਲ ਵਿਆਹ ਕਰਾਉਣਾ ਚਾਹੁੰਦੀ ਸੀ। ਪਿਆਰ ਹੋ ਗਿਆ ਸੀ ਉਹਨੂੰ। ਮੇਰੇ ਕੁਲੀਗ ਨੇ ਮੁੰਡੇ ਦਾ ਪਤਾ ਕਰਾਇਆ। ਉਹ ਕਿਸੇ ਹੋਰ ਕੁੜੀ 'ਤੇ ਮਰਦਾ ਸੀ। ਕੁਲੀਗ ਨੇ ਵਿਆਹ ਤੋਂ ਨਾਂਹ ਕਰ ਦਿੱਤੀ। ਧੀ ਦਾ ਦਿਲ ਟੁੱਟ ਗਿਆ। ਵਿਚਾਰੀ ਫਾਈਨਲ ਦੇ ਇਮਤਿਹਾਨ 'ਚ ਨਾ ਬਹਿ ਸਕੀ। ਉਹਦਾ ਸਾਲ ਮਾਰਿਆ ਗਿਆ।"

"ਏਡੀ ਕੋਈ ਗੱਲ ਨਹੀਂ। ਅਗਲੇ ਸਾਲ ਬਹਿ ਜਾਏਗੀ", ਸ਼ਮਿੰਦਰ ਦੇ ਮੂੰਹੋਂ ਨਿਕਲਿਆ, "ਜ਼ਿੰਦਗੀ ਗੁਆਣ ਨਾਲੋਂ ਸਾਲ ਗੁਆਣਾ ਚੰਗੈ।"

"ਮੈਂ ਸ਼ੰਮੀ, ਉਦੋਂ ਦਾ ਇਕ ਪਾਸੜ ਪਿਆਰ ਬਾਰੇ ਹੀ ਸੋਚ ਰਿਹਾਂ।" ਪਤਾ ਨਹੀਂ ਕਿਉਂ, ਬਲਜੀਤ ਗੱਲ ਆਪਣੇ 'ਤੇ ਲੈ ਆਇਆ, "ਵੈਸੇ ਇਕ ਪਾਸੇ ਪਿਆਰ 'ਚ ਵੀ ਕੀ ਮਾੜਾ ਏ। ਪਿਆਰ ਈ ਨਾ। ਪਿਆਰ ਨੇਅਮਤ ਏ, ਭਾਵੇਂ ਇਕ ਪਾਸੇ ਹੋਵੇ...।"

"ਨੇਹਮਤ ਨਹੀਂ, ਸ਼ਰਾਪ ਏ।"

"ਨਹੀਂ ਸ਼ੰਮੀ, ਤੂੰ ਇਹਨੂੰ ਉਸ ਤਰ੍ਹਾਂ ਨਹੀਂ ਸਮਝ ਰਹੀ, ਜਿਵੇਂ ਮੈਂ ਸਮਝ ਰਿਹਾਂ। ਜੇ ਬੰਦਾ ਕਿਸੇ ਨੂੰ ਪਿਆਰ ਕਰਦਾ ਹੋਏ ਤੇ ਅੱਗੋਂ ਉਸ ਤੋਂ ਕੋਈ ਆਸ ਨਾ ਰੱਖਦਾ ਹੋਵੇ ਤਾਂ ਕੀ ਹਰਜ਼ ਏ? ਇਹ ਤਾਂ ਏਸੇ ਤਰ੍ਹਾਂ ਹੀ ਏ ਨਾ ਕਿ ਕੋਈ ਆਪਣੇ ਘਰ ਦੀਵਾ ਬਾਲ ਕੇ ਬਹਿ ਜਾਵੇ। ਉਹਦਾ ਦੀਵਾ ਕਿਸੇ ਹੋਰ ਦੇ ਘਰ ਤਾਂ ਹਨੇਰਾ ਨਹੀਂ ਕਰਦਾ।"

ਸ਼ਮਿੰਦਰ ਫੇਰ ਵੀ ਸਹਿਮਤ ਨਾ ਹੋਈ। ਕਹਿਣ ਲੱਗੀ, "ਇਸ ਤਰ੍ਹਾਂ ਦੇ ਦੀਵੇ ਸਿਰਫ ਕਿਤਾਬਾਂ 'ਚ ਬਲਦੇ ਨੇ। ਉਹ ਵੀ ਪੁਰਾਣੀਆਂ ਕਿਤਾਬਾਂ 'ਚ। ਪਿਆਰ ਆਸ਼ਕਾਰ ਹੋਣਾ ਚਾਹੁੰਦੈ। ਤੁਹਾਡਾ ਇਹ ਦੀਵਾ ਹਨੇਰਿਆਂ ਲਈ ਖਤਰਾ ਬਣ ਜਾਂਦੈ।"

ਬਲਜੀਤ ਨੂੰ ਅੱਜ ਅਜੀਬ ਫੁਰਨੇ ਫੁਰ ਰਹੇ ਸਨ। ਉਚੀਆਂ ਗੱਲਾਂ ਕਰ ਰਿਹਾ ਸੀ। ਉਹ ਚੁੱਪ ਨਾ ਹੋਇਆ, ਬੋਲਦਾ ਗਿਆ। ਸ਼ਮਿੰਦਰ ਸੁਣਦੀ ਰਹੀ। ਫੇਰ ਬੇਧਿਆਨ ਹੋ ਗਈ। ਕੁਝ ਦੇਰ ਬਾਅਦ ਘੜੀ ਵੇਖਣ ਲੱਗੀ। ਉਹੀਓ ਆਪਣੀ ਵਫਾਦਾਰ ਘੜੀ। ਇਥੋਂ ਛੁੱਟੀ ਦਾ ਵਕਤ ਹੋਣ ਵਾਲਾ ਸੀ।

ਬਲਜੀਤ ਨੇ ਆਪਣੀ ਲਗਾਮ ਕੱਸ ਲਈ ਤੇ ਉਹਨੂੰ ਆਖਿਆ, "ਅਲਮਾਰੀ 'ਚ ਇਕ ਪੁੜੀ ਜਿਹੀ ਪਈ ਏ। ਕੱਢ ਲਿਆ। ਤੇਰੇ ਲਈ ਕੁਝ ਏ।" ਸ਼ਮਿੰਦਰ ਨੇ ਅਲਮਾਰੀ 'ਚੋਂ ਇਕ ਪੈਕੇਟ ਜਿਹਾ ਕੱਢਿਆ ਤੇ ਬਲਜੀਤ ਨੂੰ ਫੜਾ ਦਿੱਤਾ। ਪੁਰਾਣੇ ਅਖਬਾਰ 'ਚ ਕੁਝ ਗੋਲ-ਮੋਲ ਵਲ੍ਹੇਟਿਆ ਹੋਇਆ ਸੀ।

"ਇਹ ਤੇਰੇ ਲਈ ਇਕ ਤੁਹਫਾ ਏ", ਬਲਜੀਤ ਨੇ ਪੈਕੇਟ ਉਹਦੇ ਵਲ ਕਰਦਿਆਂ ਕਿਹਾ, "ਲੈ-ਲੈ, ਭਾਵੇਂ ਘਰ ਜਾ ਕੇ ਰੱਜੋ ਕੋਲ ਛੱਡ ਜਾਈਂ। ਬਹਿਸ ਨਾ ਕਰੀਂ। ਮੇਰੇ 'ਚ ਬਹਿਸ ਦੀ ਤਾਕਤ ਨਹੀਂ। ਆਪੇ ਹੀ ਖੋਲ੍ਹ ਲੈ।"

ਸ਼ਮਿੰਦਰ ਨੇ ਕਾਗਜ਼ ਲਾਹਿਆ। ਕਈ ਤੈਹਾਂ ਸਨ। ਵਿਚੋਂ ਦਰਜਨ ਕੁ ਚੂੜੀਆਂ ਨਿਕਲੀਆਂ। ਅੱਧੀਆਂ ਸ਼ਾਹ ਕਾਲੀਆਂ। ਅੱਧੀਆਂ ਸਾਵੀਆਂ। ਗੂਹੜੀਆਂ। ਬਰੀਕ-ਬਰੀਕ। ਕੱਚ ਦੀਆਂ। ਜਿਹੋ ਜਿਹੀਆਂ ਉਹ ਕਦੀ ਕੰਵਾਰੀ ਹੁੰਦਿਆਂ ਪਾਉਂਦੀ ਹੁੰਦੀ ਸੀ। ਤਿੜਕ ਪੈਣ ਵਾਲੀਆਂ।

ਉਹਨੂੰ ਹੈਰਾਨ ਹੁੰਦੀ ਵੇਖ ਬਲਜੀਤ ਦੱਸਣ ਲੱਗਾ, "ਇਕ ਦਿਨ ਮੈਂ ਹਨੂਮਾਨ ਮੰਦਿਰ ਅੱਗੋਂ ਲੰਘ ਰਿਹਾ ਸਾਂ। ਮੰਗਲਵਾਰ ਸੀ। ਬੜੀ ਭੀੜ ਸੀ। ਮੈਂ ਉਥੋਂ ਖਰੀਦੀਆਂ ਸਨ।"

ਸ਼ਮਿੰਦਰ ਚਿਟਕੀ ਪਈ ਸੀ। ਉਹਨੇ ਜਿਵੇਂ ਕੁਝ ਨਹੀਂ ਸੀ ਸੁਣਿਆ। ਉਹ ਚੂੜੀਆਂ ਵਲ ਵੇਖ ਰਹੀ ਸੀ। ਮਸਕੀਨ ਜਿਹੀਆਂ ਸਨ। ਨਿਆਸਰੀਆਂ ਜਿਹੀਆਂ। ਪੋਲੇ ਜਿਹੇ ਫੜਨ ਵਾਲੀਆਂ। ਬਹੁਤਾ ਲਿਸ਼ਕ ਵੀ ਨਹੀਂ ਸਨ ਰਹੀਆਂ। ਸਸਤੀਆਂ ਸਨ। ਦਸ ਪੰਦਰਾਂ ਰੁਪਈਆਂ ਦੀਆਂ ਹੋਣਗੀਆਂ। ਪਤਾ ਨਹੀਂ, ਕਦੋਂ ਦੀਆਂ ਪਈਆਂ ਸਨ। ਹੁਣ ਤੱਕ ਸਬੂਤੀਆਂ ਕਿਵੇਂ ਰਹੀਆਂ ਸਨ।

ਬਲਜੀਤ ਚੁੱਪ ਸੀ ਤੇ ਸ਼ਮਿੰਦਰ ਵਲ ਵੇਖ ਰਿਹਾ ਸੀ। ਸ਼ਮਿੰਦਰ ਨੂੰ ਸਿਰਫ ਚੂੜੀਆਂ ਹੀ ਦਿਸ ਰਹੀਆਂ ਸਨ। ਉਹਨੂੰ ਲੱਗਾ, ਉਹ ਕੁਝ ਕਹਿ ਰਹੀਆਂ ਸਨ। ਸ਼ਾਇਦ ਉਹ ਸੁਣ ਰਹੀ ਲਗਦੀ ਸੀ, "ਅਸੀਂ ਨਿਮਾਣੀਆਂ ਹਾਂ। ਨਿਰਫਲ ਹਾਂ। ਸਾਡਾ ਕੁਝ ਖਾਸ ਮੁੱਲ ਨਹੀਂ। ਠਹਿ ਕੇ ਟੁੱਟ ਸਕਦੀਆਂ ਹਾਂ। ਅਸੀਂ ਭਰਮਾਉਂਦੀਆਂ ਨਹੀਂ। ਸਿਰਫ ਸੁਹਣੀਆਂ ਲਗਦੀਆਂ ਹਾਂ। ਛਣਕਦੀਆਂ ਹਾਂ।"

ਚੂੜੀਆਂ ਨੇ ਕਿਹਾ ਸੀ ਜਾਂ ਨਹੀਂ, ਪਰ ਸ਼ਮਿੰਦਰ ਨੇ ਸੁਣਿਆ ਜ਼ਰੂਰ ਸੀ। ਉਹਦੇ ਭਾਣੇ ਉਹ ਅਜੇ ਵੀ ਚੁੱਪ ਨਹੀਂ ਸਨ ਹੋਈਆਂ। ਬੋਲੀ ਜਾ ਰਹੀਆਂ ਸਨ, "ਅਸੀਂ ਚਿੰਨ੍ਹ ਹਾਂ, ਇਕ ਪਾਸੜ ਪਿਆਰ ਦੀਆਂ। ਉਸ ਦੀਵੇ ਦੀਆਂ, ਜਿਹੜਾ ਇਕੱਲਵਾਂਝੇ ਬਲਦਾ ਏ, ਜਿਹੜਾ ਦੂਜਿਆਂ ਦੇ ਹਨ੍ਹੇਰੇ 'ਚ ਗਲਬਾ ਨਹੀਂ ਪਾਉਣਾ ਚਾਹੁੰਦਾ...।"

ਸ਼ਮਿੰਦਰ ਨੇ ਬਲਜੀਤ ਵਲ ਵੇਖਿਆ ਤੇ ਕਿਹਾ, "ਮੈਨੂੰ ਚੜ੍ਹਾ ਦਿਓ।"

ਬਲਜੀਤ ਦਾ ਉਦਾਸ ਮੂੰਹ ਲਿਸ਼ਕ ਪਿਆ। ਉਹਨੇ ਸ਼ਮਿੰਦਰ ਦੀ ਅੱਗੇ ਕੀਤੀ ਬਾਂਹ 'ਚ ਕਾਲੀਆਂ ਤੇ ਸਾਵੀਆਂ ਚੂੜ੍ਹੀਆਂ ਆਪੋ 'ਚ ਰਲਾ ਕੇ ਚੜ੍ਹਾ ਦਿੱਤੀਆਂ। ਉਹ ਮਾੜਾ ਜਿਹਾ ਚਮਕੀਆਂ। ਮਾੜਾ ਜਿਹੀਆਂ ਛਣਕੀਆਂ। ਛਣਕ ਸ਼ਮਿੰਦਰ ਦੇ ਘਰੋਂ ਨਿਕਲ ਜਾਣ ਬਾਅਦ ਵੀ ਸੁਣੀਂਦੀ ਰਹੀ।

ਘਰ ਜਾ ਕੇ ਸ਼ਮਿੰਦਰ ਨੇ ਬਲਜੀਤ ਦਾ ਇਹ ਤੁਹਫਾ ਰਜਵੰਤ ਨੂੰ ਵਾਪਸ ਨਾ ਕੀਤਾ।

# ਪੰਜਾਬ ਸਰਕਾਰ ਨੇ ਪੁਸਤਕ ਸਭਿਆਚਾਰ ਵਿਸਾਰਿਆ

ਪੁਸਤਕਾਂ ਗਿਆਨ ਦਾ ਸੋਮਾ ਹਨ। ਅੱਜ ਕੱਲ੍ਹ ਹਰ ਵਿਸ਼ੇ 'ਤੇ ਪੁਸਤਕਾਂ ਮਿਲਦੀਆਂ ਹਨ। ਹੁਣ ਤਾਂ ਇੰਟਰਨੈਟ ਨੇ ਵਿਸ਼ਵ ਵਿਚ ਕਿਤੇ ਵੀ ਬੈਠੇ ਮਨੁੱਖ ਨੂੰ ਘਰ ਬੈਠੇ ਪੁਸਤਕਾਂ ਪੜ੍ਹਨ ਅਤੇ ਖਰੀਦਣ ਦੀ ਸਹੂਲਤ ਦੇ ਦਿੱਤੀ ਹੈ। ਬਹੁਤ ਸਾਰੀਆਂ ਪੁਸਤਕਾਂ ਇੰਟਰਨੈਟ 'ਤੇ ਹਨ ਤੇ ਜਿਹੜੀਆਂ ਨਹੀਂ, ਉਹ ਹੁਣ ਸੌਖਿਆਂ ਹੀ ਮੰਗਵਾਈਆਂ ਜਾ ਸਕਦੀਆਂ ਹਨ। ਜੇ ਪੰਜਾਬ ਵਿਚ ਪੁਸਤਕਾਂ ਪੜ੍ਹਨ ਦੀ ਰੁਚੀ ਪੈਦਾ ਹੋ ਜਾਵੇ ਤਾਂ ਇਸ ਨਾਲ ਪੰਜਾਬੀ ਹੋਰ ਸੂਝਵਾਨ ਹੋ ਸਕਦੇ ਹਨ। ਨਸ਼ਿਆਂ ਅਤੇ ਹੋਰ ਸਮਾਜਕ ਬੁਰਿਆਈਆਂ ਤੋਂ ਨਿਜਾਤ ਮਿਲ ਸਕਦੀ ਹੈ। ਉਨ੍ਹਾਂ ਦੀ ਸਿਹਤ ਚੰਗੀ ਹੋ ਸਕਦੀ ਹੈ। ਚੰਗੇ



ਡਾ. ਚਰਨਜੀਤ ਸਿੰਘ ਗੁਮਟਾਲਾ
ਫੋਨ: 937-573-9812

ਇਨਸਾਨ ਦੀ ਘਾੜਤ ਚੰਗੀਆਂ ਪੁਸਤਕਾਂ ਨਾਲ ਹੀ ਹੋ ਸਕਦੀ ਹੈ। ਬੰਗਾਲੀਆਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਪੁਸਤਕਾਂ ਅਤੇ ਅਖ਼ਬਾਰਾਂ ਪੜ੍ਹਨ ਦੇ ਬਹੁਤ ਸ਼ੌਕੀਨ ਹਨ, ਇਹੋ ਕਾਰਨ ਹੈ ਕਿ ਉਹ ਭਾਰਤੀਆਂ ਵਿਚੋਂ ਸਭ ਤੋਂ ਜ਼ਿਆਦਾ ਸੂਝਵਾਨ ਹਨ।

ਪੁਸਤਕ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਦੁਨੀਆਂ ਦੇ ਬੁਧੀਜੀਵੀਆਂ ਨੇ ਜਨਤਕ ਲਾਇਬਰੇਰੀਆਂ ਦੀ ਸ਼ੁਰੂਆਤ ਕੀਤੀ। ਇੰਗਲੈਂਡ ਵਿਚ 1608 ਵਿਚ ਨਾਰਵਿਚ ਲਾਇਬ੍ਰੇਰੀ ਅਤੇ ਅਮਰੀਕਾ ਵਿਚ 1636 ਵਿਚ ਬੋਸਟਨ ਵਿਚ ਜਨਤਕ ਲਾਇਬ੍ਰੇਰੀ ਕਾਇਮ ਕੀਤੀ ਗਈ। ਵੱਡੀ ਪੱਧਰ 'ਤੇ ਜਨਤਕ ਲਾਇਬ੍ਰੇਰੀਆਂ ਸਥਾਪਤ ਕਰਨ ਦੀ ਲਹਿਰ ਇੰਗਲੈਂਡ ਵਿਚ 19ਵੀਂ ਸਦੀ ਦੇ ਅੱਧ ਵਿਚ ਸ਼ੁਰੂ ਹੋਈ ਜਦ ਯੂਰਪ ਵਿਚ ਇਨਕਲਾਬ ਆਇਆ। ਅਮਰੀਕਾ ਵਿਚ ਐਂਡਰੀਊ ਕਾਰਨਰੇਗੀ ਫਾਊਂਡੇਸ਼ਨ ਨੇ ਜਨਤਕ ਲਾਇਬ੍ਰੇਰੀਆਂ ਕਾਇਮ ਕਰਨ ਲਈ ਵੱਡਾ ਯੋਗਦਾਨ ਪਾਇਆ। ਇਸ ਸੰਸਥਾ ਨੇ 1900 ਤੋਂ 1917 ਤਕ 1700 ਦੇ ਕਰੀਬ ਜਨਤਕ ਲਾਇਬ੍ਰੇਰੀਆਂ ਕਾਇਮ ਕੀਤੀਆਂ।

ਅਮਰੀਕਾ, ਕੈਨੇਡਾ ਵਿਚ ਜਨਤਕ ਲਾਇਬ੍ਰੇਰੀਆਂ ਵਿਚ ਕਿਤਾਬਾਂ, ਅਖ਼ਬਾਰਾਂ ਤੋਂ ਇਲਾਵਾ ਇੰਟਰਨੈਟ, ਕੰਪਿਊਟਰ, ਸੀ.ਡੀ., ਡੀ.ਵੀ.ਡੀ. ਆਦਿ ਦੀ ਸਹੂਲਤ ਹੈ। ਦੇਸ਼ ਵਿਚ ਕਿਤੇ ਵੀ ਕੋਈ ਕਿਤਾਬ ਹੋਵੇ, ਲਾਇਬ੍ਰੇਰੀ ਵਾਲੇ ਤੁਹਾਨੂੰ ਮੰਗਵਾ ਕੇ ਦੇਣਗੇ। ਬੱਚਿਆਂ, ਬਾਲਗਾਂ ਲਈ ਵੱਖਰੇ-ਵੱਖਰੇ ਸੈਕਸ਼ਨ ਹਨ। ਲਾਇਬ੍ਰੇਰੀਆਂ ਵਿਚ ਹੋਰ ਬਹੁਤ ਸਾਰੀਆਂ ਸਰਗਰਮੀਆਂ ਹਨ, ਜਿਵੇਂ ਦੂਜੀਆਂ ਭਾਸ਼ਾਵਾਂ ਦਾ ਗਿਆਨ ਦੇਣਾ, ਇੰਟਰਨੈਟ ਉਪਰ ਪਾਠਕਾਂ ਦਾ ਇਕ-ਦੂਜੇ ਨਾਲ ਵਿਚਾਰ-ਵਟਾਂਦਰਾ ਕਰਾਉਣਾ, ਗਰਮੀ ਦੀਆਂ ਛੁੱਟੀਆਂ 'ਚ ਬੱਚਿਆਂ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕਣੇ। ਇਹ ਸਭਿਆਚਾਰਕ ਸਰਗਰਮੀਆਂ ਦਾ ਕੇਂਦਰ ਵੀ ਹਨ।

ਹਰ ਸਕੂਲ ਭਾਵੇਂ ਉਹ ਪ੍ਰਾਇਮਰੀ ਹੈ, ਉਥੇ ਵੀ ਬਹੁਤ ਵਧੀਆ ਲਾਇਬ੍ਰੇਰੀ ਹੈ। ਹਰ ਬੱਚੇ ਨੂੰ ਹਰ ਹਫ਼ਤੇ ਇਕ ਪੁਸਤਕ ਦਿੱਤੀ ਜਾਂਦੀ ਹੈ ਤੇ ਨਾਲ ਹੀ ਉਸ ਪੁਸਤਕ ਨਾਲ ਸਬੰਧਤ ਕੁਝ ਸੁਆਲ ਦਿੱਤੇ ਜਾਂਦੇ ਹਨ। ਭਾਰਤ/ਪੰਜਾਬ ਦੇ ਸੀਨੀਅਰ, ਸੈਕੰਡਰੀ ਸਕੂਲਾਂ ਵਿਚ ਇਹੋ ਜਿਹੀ ਕੋਈ ਸਹੂਲਤ ਨਹੀਂ ਜੋ ਇਥੇ ਪ੍ਰਾਇਮਰੀ ਸਕੂਲਾਂ ਵਿਚ ਹੈ। ਲਾਇਬ੍ਰੇਰੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ 'ਫਰੈਂਡਜ਼ ਆਫ਼ ਲਾਇਬ੍ਰੇਰੀ' ਸੰਸਥਾਵਾਂ ਹਨ ਪਰ ਸਾਡੀਆਂ ਲਾਇਬ੍ਰੇਰੀਆਂ ਵਿਚ ਅਸੀਂ ਅਜਿਹੀਆਂ ਸੰਸਥਾਵਾਂ ਬਣਾਉਣ ਵਿਚ ਕੋਈ ਰੁਚੀ ਨਹੀਂ ਲੈਂਦਾ।

ਪੰਜਾਬ ਵਿਚ 1884 ਵਿਚ ਪੰਜਾਬ ਜਨਤਕ ਲਾਇਬ੍ਰੇਰੀ-ਲਾਹੌਰ ਬਣਾਈ ਗਈ ਸੀ ਤੇ ਇਹ ਦੇਸ਼ ਵਿਚ ਦੂਜੀ ਸਭ ਤੋਂ ਵੱਡੀ ਲਾਇਬ੍ਰੇਰੀ ਸੀ। ਇਹ ਲਾਹੌਰ ਵਿਚ ਅਜੇ ਵੀ ਕੰਮ ਕਰ ਰਹੀ ਹੈ। ਸਭ ਤੋਂ ਵੱਡੀ ਲਾਇਬ੍ਰੇਰੀ ਜੋ ਕਾਇਮ ਹੋਈ ਸੀ, ਉਹ ਸੀ ਇੰਪੀਰੀਅਲ ਲਾਇਬ੍ਰੇਰੀ, ਕੋਲਕਾਤਾ।

ਜਿੱਥੋਂ ਤਕ ਸ਼ਹਿਰਾਂ ਵਿਚ ਜਨਤਕ ਲਾਇਬ੍ਰੇਰੀਆਂ ਕਾਇਮ ਕਰਨ ਦਾ ਸਬੰਧ ਹੈ, ਪਹਿਲੀ ਮਿਉਂਸਿਪਲ ਲਾਇਬ੍ਰੇਰੀ ਲੁਧਿਆਣਾ ਵਿਚ 1878 ਵਿਚ ਬਣੀ। ਲਾਹੌਰ ਵਿਚ 1884 ਦੌਰਾਨ, ਪਟਿਆਲਾ ਵਿਚ 1897, ਅੰਮ੍ਰਿਤਸਰ ਵਿਚ 1900, ਕਪੂਰਥਲਾ ਵਿਚ 1904 ਅਤੇ ਸੰਗਰੂਰ 'ਚ 1912 ਵਿਚ ਮਿਉਂਸਿਪਲ ਲਾਇਬ੍ਰੇਰੀਆਂ ਕਾਇਮ ਕੀਤੀਆਂ ਗਈਆਂ।

ਜਿੱਥੋਂ ਤਕ ਪਿੰਡਾਂ ਦਾ ਸਬੰਧ ਹੈ, 1920-30 ਦੇ ਦਰਮਿਆਨ ਸਿਖਿਆ ਅਤੇ ਸਹਿਕਾਰਤਾ ਵਿਭਾਗ ਨੇ ਮਿਡਲ ਤੇ ਨਾਰਮਲ ਸਕੂਲਾਂ ਵਿਚ 1500 ਦੇ ਕਰੀਬ ਲਾਇਬ੍ਰੇਰੀਆਂ ਖੋਲ੍ਹੀਆਂ।

ਵਿਦੇਸ਼ਾਂ ਵਾਂਗ ਪਿੰਡ-ਪਿੰਡ ਲਾਇਬ੍ਰੇਰੀਆਂ ਖੋਲ੍ਹਣ ਲਈ ਲਾਇਬ੍ਰੇਰੀ ਐਕਟ ਬਣਾਉਣ ਲਈ 1920 ਵਿਚ ਸੋਚਿਆ ਗਿਆ ਤੇ 1930 ਵਿਚ ਇਸ ਦਾ ਖਰੜਾ ਤਿਆਰ ਕੀਤਾ ਗਿਆ। ਇਸ ਖਰੜੇ ਦੇ ਆਧਾਰ 'ਤੇ 12 ਪਬਲਿਕ ਲਾਇਬ੍ਰੇਰੀ ਐਕਟ ਪਾਸ ਕੀਤੇ ਗਏ ਤੇ 10 ਰਾਜਾਂ ਨੇ ਐਕਟ ਪਾਸ ਕੀਤੇ। ਸਭ ਤੋਂ ਪਹਿਲਾਂ 1948 ਵਿਚ ਤਾਮਿਲਨਾਡੂ ਨੇ ਲਾਇਬ੍ਰੇਰੀ ਐਕਟ ਪਾਸ ਕੀਤਾ। ਇਸ ਪਿੱਛੋਂ ਆਂਧਰਾ ਪ੍ਰਦੇਸ਼ ਨੇ 1960 ਵਿਚ, ਕਰਨਾਟਕਾ ਨੇ 1965 ਵਿਚ, ਮਹਾਂਰਾਸ਼ਟਰ ਨੇ 1967, ਪੱਛਮੀ ਬੰਗਾਲ ਨੇ 1979, ਮਨੀਪੁਰ ਨੇ 1988, ਕੇਰਲ ਨੇ 1989, ਹਰਿਆਣਾ ਨੇ 1989, ਮੀਜ਼ੋਰਾਮ ਅਤੇ ਗੋਆ ਨੇ 1993 ਵਿਚ



ਇਹ ਐਕਟ ਪਾਸ ਕੀਤੇ।

ਜਿੱਥੋਂ ਤਕ ਪੰਜਾਬ ਦਾ ਸਬੰਧ ਹੈ, ਪੰਜਾਬ ਸਰਕਾਰ ਨੇ ਅਜੇ ਤਕ ਅਜਿਹਾ ਐਕਟ ਪਾਸ ਨਹੀਂ ਕੀਤਾ। ਜੇ ਇਹ ਐਕਟ ਪਾਸ ਹੋ ਜਾਂਦਾ ਹੈ ਤਾਂ ਇਸ ਨਾਲ ਪਬਲਿਕ ਲਾਇਬ੍ਰੇਰੀਆਂ ਲਈ ਵੱਖਰਾ ਵਿਭਾਗ ਹੋਵੇਗਾ। ਉਸ ਦਾ ਆਪਣਾ ਬਜਟ ਹੋਵੇਗਾ। ਹਰ ਪਿੰਡ ਵਿਚ ਲਾਇਬ੍ਰੇਰੀ ਹੋਵੇਗੀ, ਜਿੱਥੇ ਪੁਸਤਕਾਂ ਤੋਂ ਇਲਾਵਾ ਅਖਬਾਰਾਂ, ਰਸਾਲੇ ਆਦਿ ਹੋਣਗੇ ਜਿਸ ਨਾਲ ਹਰ ਪੰਜਾਬੀ ਵਿਚ ਪੜ੍ਹਨ ਦੀ ਰੁਚੀ ਹੋਵੇਗੀ। ਨਸ਼ੇ ਦੇ ਵਗ ਰਹੇ ਛੇਵੇਂ ਦਰਿਆ ਨੂੰ ਠੱਲ੍ਹ ਪਵੇਗੀ।

ਸੁਆਲ ਪੈਦਾ ਹੁੰਦਾ ਹੈ ਕਿ ਇਹ ਐਕਟ ਕਦੋਂ ਪਾਸ ਹੋਵੇਗਾ? ਪੰਜਾਬ ਲਾਇਬ੍ਰੇਰੀ ਐਕਟ ਬਣਾਉਣ ਲਈ 1962 ਵਿਚ ਸਭ ਤੋਂ ਪਹਿਲਾ ਸੈਮੀਨਾਰ ਚੰਡੀਗੜ੍ਹ ਵਿਚ ਹੋਇਆ। 1980 ਵਿਚ ਸਿਖਿਆ ਸਕੱਤਰ ਨੇ ਖਰੜਾ ਤਿਆਰ ਕਰਨ ਲਈ ਮਾਹਿਰਾਂ ਦੀ ਕਮੇਟੀ ਬਣਾਈ। ਜਦ ਸ. ਸੇਵਾ ਸਿੰਘ ਸੇਖਵਾਂ ਸਿੱਖਿਆ ਮੰਤਰੀ ਸਨ ਤਾਂ ਉਨ੍ਹਾਂ ਨੇ ਮਾਹਿਰਾਂ ਦੀ ਕਮੇਟੀ ਬਣਾਈ ਸੀ। ਇਸ ਸਬੰਧੀ 26 ਸਤੰਬਰ 2011 ਨੂੰ ਉਨ੍ਹਾਂ ਦਾ ਬਿਆਨ ਆਇਆ ਸੀ ਕਿ ਪੰਜਾਬ ਸਰਕਾਰ ਨੇ ਮਾਹਿਰਾਂ ਦੀ ਜਿਹੜੀ ਕਮੇਟੀ ਬਣਾਈ ਸੀ, ਉਸ ਨੇ ਦੂਜੇ ਸੂਬਿਆਂ ਦਾ ਅਧਿਐਨ ਕਰ ਕੇ ਇਹ ਰਿਪੋਰਟ ਦਿੱਤੀ ਹੈ ਕਿ ਕੇਰਲਾ ਲਾਇਬ੍ਰੇਰੀ ਐਕਟ ਸਭ ਤੋਂ ਵਧੀਆ ਹੈ ਤੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਪਹਿਲਾਂ ਇਸ ਬਾਰੇ ਆਰਡੀਨੈਂਸ ਜਾਰੀ ਕਰ ਦਿੱਤਾ ਜਾਵੇਗਾ ਤਾਂ ਜੋ ਪਿੰਡ-ਪਿੰਡ ਲਾਇਬ੍ਰੇਰੀ ਖੋਲ੍ਹਣ ਲਈ ਰਾਹ ਪੱਧਰਾ ਹੋ ਸਕੇ। ਉਨ੍ਹਾਂ ਇਹ ਵੀ ਕਿਹਾ ਸੀ ਕਿ ਇਸ ਐਕਟ ਨਾਲ ਹਰ ਪਿੰਡ, ਕਸਬੇ, ਸ਼ਹਿਰ ਵਿਚ ਲਾਇਬ੍ਰੇਰੀ ਬਣੇਗੀ ਜਿਥੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਵਧੀਆ ਪੁਸਤਕਾਂ, ਅਖ਼ਬਾਰਾਂ, ਰਸਾਲੇ ਮਿਲਣਗੇ। ਇਸ ਨਾਲ ਲੇਖਕਾਂ ਦੀਆਂ ਪੁਸਤਕਾਂ ਵੱਡੀ ਗਿਣਤੀ ਵਿਚ ਛਪਣਗੀਆਂ। ਲੇਖਕਾਂ ਤੇ ਪ੍ਰਕਾਸ਼ਕਾਂ ਨੂੰ ਲਾਭ ਹੋਵੇਗਾ; ਪਰ ਇਹ ਬਿਆਨ ਅਖ਼ਬਾਰਾਂ ਦਾ ਸ਼ਿੰਗਾਰ ਹੀ ਬਣ ਕੇ ਰਹਿ ਗਿਆ। ਉਨ੍ਹਾਂ ਪਿੱਛੋਂ ਨਵੀਂ ਸਰਕਾਰ ਬਣੀ ਅਤੇ ਸਿੱਖਿਆ ਮੰਤਰੀ ਬਣੇ ਸ. ਸਿਕੰਦਰ ਸਿੰਘ ਮਲੂਕਾ ਨੇ ਪਿਛਲੇ ਸਾਲ 27 ਫ਼ਰਵਰੀ 2013 ਨੂੰ ਮੁੜ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ। ...ਤੇ ਹੁਣ ਨਵੇਂ ਸਿੱਖਿਆ ਮੰਤਰੀ ਦਲਜੀਤ ਸਿੰਘ ਚੀਮਾ ਆਣ ਬਿਰਾਜੇ ਹਨ।

2 ਅਪਰੈਲ 2014 ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ 'ਪੰਜਾਬ ਲਾਇਬ੍ਰੇਰੀਜ਼ ਐਂਡ ਇਨਫਰਮੇਸ਼ਨ ਸਰਵਿਸਜ਼ ਬਿੱਲ' ਲਾਗੂ ਕਰਵਾਉਣ ਲਈ, ਸ੍ਰੀ ਹਰੀਸ਼ ਮੋਦਗਿਲ ਤੇ ਡਾ. ਜਸਵੰਤ ਸਿੰਘ ਦੀ ਲੋਕ ਹਿੱਤ ਪਟੀਸ਼ਨ ਦੀ ਸੁਣਵਾਈ ਕਰਦੇ ਹੋਏ ਕਿਹਾ ਕਿ ਅਦਾਲਤ, ਸਰਕਾਰ ਨੂੰ ਇਸ ਸਬੰਧੀ ਹਦਾਇਤਾਂ ਜਾਰੀ ਨਹੀਂ ਕਰ ਸਕਦੀ, ਪਰ ਆਸ ਪ੍ਰਗਟ ਕੀਤੀ ਕਿ ਸਰਕਾਰ ਚੋਣਾਂ ਪਿੱਛੋਂ ਇਹ ਕਾਨੂੰਨ ਜ਼ਰੂਰ ਲਾਗੂ ਕਰੇਗੀ, ਜੋ ਸਰਕਾਰ ਕੋਲ ਪਿਛਲੇ ਕਈ ਸਾਲਾਂ ਤੋਂ ਪਾਸ ਹੋਣ ਲਈ ਪਿਆ ਹੈ। ਇਹ ਬਿੱਲ ਕਦੋਂ ਪਾਸ ਹੁੰਦਾ ਹੈ, ਇਹ ਤਾਂ ਸਮਾਂ ਹੀ ਦੱਸੇਗਾ; ਪਰ ਇਸ ਸਬੰਧੀ ਸਰਕਾਰ ਦੀ ਉਦਾਸੀਨਤਾ ਜ਼ਰੂਰ ਨਜ਼ਰ ਆਉਂਦੀ ਹੈ। ਬਾਕੀ ਪਾਰਟੀਆਂ ਦਾ ਵੀ ਇਹੋ ਹਾਲ ਹੈ। ਕਿਸੇ ਵੀ ਪਾਰਟੀ ਨੇ ਇਸ ਨੂੰ ਚੋਣ ਮੁੱਦਾ ਨਹੀਂ ਬਣਾਇਆ ਜਿਸ ਤੋਂ ਪਤਾ ਲਗਦਾ ਹੈ ਕਿ ਕੋਈ ਵੀ ਪਾਰਟੀ ਲਾਇਬ੍ਰੇਰੀ ਐਕਟ ਪ੍ਰਤੀ ਸੰਜੀਦਾ ਨਹੀਂ।

ਹੈਰਾਨੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਪਿਛਲੇ 7 ਸਾਲਾਂ ਵਿਚ ਇਕ ਵੀ ਕਿਤਾਬ ਨਹੀਂ ਖਰੀਦੀ ਜਦ ਕਿ ਕਰੋੜਾਂ ਰੁਪਏ ਕਬੱਡੀ ਮੈਚਾਂ ਵਿਚ ਗਾਉਣ ਵਾਲਿਆਂ ਨੂੰ ਦੇ ਦਿੱਤੇ ਹਨ। ਰਾਜਾ ਰਾਮ ਮੋਹਨ ਰਾਇ ਫਾਊਂਡੇਸ਼ਨ ਵੱਲੋਂ ਪੰਜਾਬ ਦੀਆਂ ਮੌਜੂਦਾ ਲਾਇਬ੍ਰੇਰੀਆਂ ਨੂੰ ਮੁਫ਼ਤ ਵਿਚ ਕਿਤਾਬਾਂ ਦੇਣ ਲਈ ਜੋ 60 ਪ੍ਰਤੀਸ਼ਤ ਗ੍ਰਾਂਟ ਆਉਂਦੀ ਹੈ, ਉਸ ਵਿਚ 40 ਪ੍ਰਤੀਸ਼ਤ ਰਕਮ ਪੰਜਾਬ ਸਰਕਾਰ ਨੇ ਪਾਉਣੀ ਹੁੰਦੀ ਹੈ, ਜੋ ਨਹੀਂ ਪਾਈ ਜਾ ਰਹੀ; ਇਉਂ ਇਹ ਗ੍ਰਾਂਟ ਅਣਵਰਤੀ ਰਹਿ ਜਾਂਦੀ ਹੈ।

ਸੂਝਵਾਨ ਲੋਕਾਂ ਤੇ ਜਥੇਬੰਦੀਆਂ ਨੂੰ ਇਸ ਬਾਰੇ ਅੱਗੇ ਆਉਣਾ ਚਾਹੀਦਾ ਹੈ ਤੇ ਜਨਤਕ ਲਹਿਰ ਉਸਾਰਨੀ ਚਾਹੀਦੀ ਹੈ। ਹੁਣ ਜਦੋਂ ਬਾਕੀ ਸੂਬਿਆਂ ਦੀਆਂ ਸਰਕਾਰਾਂ ਲਾਇਬ੍ਰੇਰੀ ਐਕਟ ਕਈ-ਕਈ ਸਾਲ ਪਹਿਲਾਂ ਪਾਸ ਕਰ ਚੁੱਕੀਆਂ ਹਨ ਤਾਂ ਪੰਜਾਬ ਸਰਕਾਰ ਨੂੰ ਭਲਾ ਕੀ ਮੁਸ਼ਕਿਲ ਹੈ? ਇਸ ਕਾਨੂੰਨ ਦਾ ਖ਼ਰੜਾ ਤਾਂ 2011 ਦਾ ਤਿਆਰ ਹੈ, ਬੱਸ ਜਨਤਕ ਦਬਾਅ ਬਣਾਉਣ ਦੀ ਲੋੜ ਹੈ। ਵਿਰੋਧੀ ਪਾਰਟੀ ਨੂੰ ਵੀ ਇਹ ਮਸਲਾ ਪੰਜਾਬ ਵਿਧਾਨ ਸਭਾ ਦੇ ਆਉਂਦੇ ਇਜਲਾਸ ਵਿਚ ਜ਼ੋਰ-ਸ਼ੋਰ ਨਾਲ ਉਠਾਉਣਾ ਚਾਹੀਦਾ ਹੈ। ਨਵੇਂ ਸਿੱਖਿਆ ਮੰਤਰੀ ਨੂੰ ਚਾਹੀਦਾ ਹੈ ਕਿ ਉਹ ਖੁਦ ਦਿਲਚਸਪੀ ਲੈ ਕੇ ਇਸ ਸਬੰਧੀ ਆਰਡੀਨੈਂਸ ਜਾਰੀ ਕਰਵਾਉਣ।

# ਵਿਦਿਆ ਦੀ ਸੰਪੂਰਨ ਪ੍ਰਣਾਲੀ ਵਿਸ਼ਵ-ਕੋਸ਼

'ਕੋਸ਼' ਸ਼ਬਦ ਦੀ ਵਰਤੋਂ ਭਾਰਤੀ ਸਾਹਿਤ ਵਿਚ ਪ੍ਰਾਚੀਨ ਕਾਲ ਤੋਂ ਹੁੰਦੀ ਆ ਰਹੀ ਹੈ। ਪ੍ਰਾਚੀਨ ਸਮਿਆਂ ਤੋਂ ਸੰਸਾਰ ਭਰ ਦੇ ਚਿੰਤਕਾਂ ਨੇ ਆਪਣੇ ਗਿਆਨ ਭੰਡਾਰ ਨੂੰ ਆਪੋ ਆਪਣੀ ਭਾਸ਼ਾ ਦੇ ਗ੍ਰੰਥਾਂ ਵਿਚ ਸੰਕਲਿਤ ਕੀਤਾ ਹੈ। ਕੋਸ਼ਾਂ ਜਾਂ ਵਿਸ਼ਵ ਕੋਸ਼ਾਂ ਦੇ ਰੂਪ ਵਿਚ ਅਜਿਹੀ ਸਮਗਰੀ ਨੂੰ ਪੇਸ਼ ਕਰਨ ਦੀ ਪਹਿਲ ਯੂਨਾਨੀ ਅਤੇ ਲਾਤੀਨੀ ਵਿਦਵਾਨਾਂ ਨੇ ਕੀਤੀ। ਕੋਸ਼ ਸਿਰਫ ਅੱਖਰ ਮਾਤ੍ਰਾ 'ਚ ਨੇਮਬੱਧ ਸ਼ਾਬਦਿਕ ਖ਼ਜਾਨਾ ਹੀ ਨਹੀਂ ਹੁੰਦਾ, ਸਗੋਂ ਇਹ ਅੰਤਰ-ਭਾਸ਼ਾਈ ਸੰਚਾਰ ਸਮਰੱਥਾ ਨੂੰ ਵੀ ਕਾਇਮ ਕਰਦਾ ਹੈ। ਕੋਸ਼ ਅੰਤਰ-ਭਾਸ਼ਾ ਦੇ ਅੰਤਰ ਸਭਿਆਚਾਰ ਦੀ ਸਾਂਝ ਨੂੰ ਵੀ ਉਲੀਕਦਾ



ਡਾ. ਜਗਮੇਲ ਸਿੰਘ ਭਾਠੂਆਂ
ਫੋਨ: 91-98713-12541

ਹੈ। ਭਾਸ਼ਾ ਵਿਚ ਨਵੇਂ ਸ਼ਬਦਾਂ ਦੀ ਰਚਨਾ ਨਾਲ ਕਈ ਪੁਰਾਣੇ ਸ਼ਬਦਾਂ ਦੇ ਅਰਥ ਲੁਪਤ ਹੋ ਜਾਂਦੇ ਹਨ, ਕੋਸ਼ ਉਨ੍ਹਾਂ ਸ਼ਬਦਾਂ ਨੂੰ ਵੀ ਸਾਂਭਦਾ ਹੈ।

'ਕੋਸ਼' ਸੰਸਕ੍ਰਿਤ ਦਾ ਸ਼ਬਦ ਹੈ। ਸੰਸਕ੍ਰਿਤ ਵਿਚ ਭਾਵੇਂ ਇਸ ਦੇ ਕਈ ਅਰਥ ਮਿਲਦੇ ਹਨ, ਪਰੰਤੂ ਅੱਜ ਕਲ੍ਹ 'ਕੋਸ਼' ਸ਼ਬਦ ਦੇ ਵਧੇਰੇ ਪ੍ਰਚੱਲਿਤ ਅਰਥਾਂ ਮੁਤਾਬਿਕ ਕੋਸ਼ ਇਕ ਅਜਿਹੀ ਕਿਤਾਬ ਹੈ, ਜਿਸ ਵਿਚ ਇਕ ਭਾਸ਼ਾ ਦੇ ਸ਼ਬਦਾਂ ਨੂੰ ਅੱਖਰ ਕ੍ਰਮ ਵਿਚ ਰੱਖ ਕੇ, ਉਨ੍ਹਾਂ ਦੇ ਅਰਥ ਦਿੱਤੇ ਗਏ ਹੋਣ, ਅਤੇ ਉਨ੍ਹਾਂ ਸ਼ਬਦਾਂ ਬਾਰੇ ਅਹਿਮ ਜਾਣਕਾਰੀ ਇਕੱਠੀ ਕੀਤੀ ਗਈ ਹੋਵੇ।

ਭਾਰਤੀ ਸਾਹਿਤ ਵਿਚ ਕੋਸ਼ ਸ਼ਬਦ ਦੇ ਪੁਰਾਣੇ ਨਾਂ 'ਅਭਿਧਾਨ' ਅਤੇ 'ਨਿਘੰਟੂ' ਆਦਿ ਮਿਲਦੇ ਹਨ। ਵੈਦਿਕ ਸਾਹਿਤ ਵਿਚ ਕੋਸ਼ ਵਾਸਤੇ ਸਭ ਤੋਂ ਪ੍ਰਾਚੀਨ ਨਾਂ ਨਿਘੰਟੂ ਹੈ, ਜਿਸ ਵਿਚ ਵੇਦਾਂ ਦੀ ਵਿਆਖਿਆ ਲਈ ਸੰਸਕ੍ਰਿਤ ਸ਼ਬਦਾਂ ਦੇ ਸਮਾਨਅਰਥੀ ਸ਼ਬਦ ਲਿਖੇ ਗਏ, ਪ੍ਰੰਤੂ ਅੱਜ ਕੱਲ੍ਹ ਨਿਘੰਟੂ ਕਿਸੇ ਵਿਸ਼ੇਸ਼-ਵਿਸ਼ੇ ਦੀ ਵਿਵੇਚਨਾਤਮਕ ਸ਼ਬਦਾਵਲੀ ਦਾ ਵਾਚਕ ਹੋ ਗਿਆ ਹੈ ਜਿਵੇਂ ਵੈਦਿਕ ਨਿਘੰਟੂ ਆਦਿ। ਇਨਸਾਈਕਲੋਪੀਡੀਆ ਬ੍ਰਿਟੇਨਿਕਾ ਅਤੇ ਕੌਨਸਾਈਜ਼ ਔਕਸਫੋਰਡ ਡਿਕਸ਼ਨਰੀ ਅਨੁਸਾਰ ਅੰਗਰੇਜ਼ੀ ਵਿਚ ਇਸ ਪ੍ਰਕਾਰ ਦੀਆਂ ਰਚਨਾਵਾਂ ਲਈ ਡਿਕਸ਼ਨਰੀ, ਲੈਕਸੀਕਾਨ, ਗਲੌਸਰੀ ਅਤੇ ਥਿਜ਼ਾਰਸ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਅਰਬੀ, ਫਾਰਸੀ ਅਤੇ ਉਰਦੂ ਵਿਚ ਸ਼ਬਦ-ਕੋਸ਼ ਨੂੰ 'ਲੁਗਾਤ' ਕਹਿੰਦੇ ਹਨ।

ਪੁਰਾਣੇ ਸਮਿਆਂ ਵਿਚ ਭਾਵੇਂ ਕੋਸ਼ਾਂ ਦੀਆਂ ਬਹੁਤੀਆਂ ਕਿਸਮਾਂ ਨਹੀਂ ਸਨ, ਪਰ ਅਜੋਕੇ ਸਮੇਂ ਵਿਚ ਵਿਦਿਆ ਵਿਸਥਾਰ ਦੇ ਬਹੁਪੱਖੀ ਹੋ ਜਾਣ ਦੇ ਕਾਰਣ ਅਨੇਕ ਕਿਸਮਾਂ ਦੇ ਛਪੇ ਕੋਸ਼ ਮਿਲਦੇ ਹਨ ਜਿਵੇਂ ਕਿ ਸ਼ਬਦ ਕੋਸ਼, ਲਘੂ ਕੋਸ਼, ਗਿਆਨ ਕੋਸ਼, ਜੀਵਨੀ ਕੋਸ਼, ਉਪ ਬੋਲੀ ਕੋਸ਼, ਮੁਹਾਵਰਿਆਂ ਤੇ ਅਖਾਉਤਾਂ ਦੇ ਕੋਸ਼, ਵੱਖ-ਵੱਖ ਵਿਸ਼ਿਆਂ ਦੇ ਕੋਸ਼, ਬਹੁ ਅਰਥ ਕੋਸ਼, ਸਮਅਰਥ ਕੋਸ਼, ਵਿਸ਼ਵ-ਕੋਸ਼ ਆਦਿ। 'ਵਿਸ਼ਵ-ਕੋਸ਼' ਦੀ ਪਰਿਭਾਸ਼ਾ ਦਾ ਘੇਰਾ ਉਲੀਕਦਿਆਂ ਯੂਨਾਨੀ ਵਿਦਵਾਨਾਂ ਤੇ ਚਿੰਤਕਾਂ ਨੇ ਇਸ ਨੂੰ ਵਿਦਿਆ ਦੀ ਸੰਪੂਰਨ ਪ੍ਰਣਾਲੀ ਮੰਨਿਆ ਹੈ। ਅੰਗਰੇਜ਼ੀ ਵਿਚ 'ਵਿਸ਼ਵ-ਕੋਸ਼' ਨੂੰ 'ਇਨਸਾਈਕਲੋਪੀਡੀਆ' ਕਿਹਾ ਜਾਂਦਾ ਹੈ। ਵਿਦਵਾਨਾਂ ਅਨੁਸਾਰ, ਅੰਗਰੇਜ਼ੀ ਵਿਚ ਇਨਸਾਈਕਲੋਪੀਡੀਆ ਸ਼ਬਦ ਦੀ ਵਰਤੋਂ ਪਹਿਲੀ




ਵਾਰ ਟਾਮਸ ਈਲੀਅਟ ਨੇ 1531 ਈ. ਵਿਚ ਸੰਕਲਿਤ ਆਪਣੀ ਰਚਨਾ ਵਿਚ ਕੀਤੀ। ਫਰਾਂਸੀਸੀ ਭਾਸ਼ਾ ਵਿਚ ਇਸ ਸ਼ਬਦ ਦਾ ਪ੍ਰਯੋਗ ਪਹਿਲੀ ਵਾਰ 1533 ਈ. ਵਿਚ ਹੋਇਆ ਮਿਲਦਾ ਹੈ। ਪ੍ਰਾਚੀਨ ਕਾਲ ਤੋਂ ਹੀ ਇਸ ਸ਼ਬਦ ਦੀ ਵਰਤੋਂ ਕੇਵਲ ਅਜਿਹੀਆਂ ਪੁਸਤਕਾਂ ਲਈ ਹੁੰਦੀ ਆ ਰਹੀ ਹੈ ਜੋ ਮਨੁੱਖ ਨੂੰ ਸਰਵਪੱਖੀ ਗਿਆਨ ਪ੍ਰਦਾਨ ਕਰਦੀਆਂ ਹਨ। ਪਿਛਲੀਆਂ ਤਿੰਨ ਸਦੀਆਂ ਵਿਚ ਵਿਸ਼ਵ-ਕੋਸ਼ ਰਚਨਾ ਨੇ ਸਾਰਥਕ ਪ੍ਰਗਤੀ ਕੀਤੀ ਹੈ।

ਸਰਬ-ਪੱਖੀ ਸੰਪੂਰਨ ਗਿਆਨ ਪ੍ਰਣਾਲੀ ਦੇ ਆਧਾਰ ਵਾਲੇ ਅਨੇਕ ਉਤਮ ਵਿਸ਼ਵ-ਕੋਸ਼ ਵਿਦਵਾਨਾਂ ਵੱਲੋਂ ਸੰਕਲਿਤ ਕੀਤੇ ਗਏ ਹਨ ਜਿਨ੍ਹਾਂ ਵਿਚੋਂ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ- ਨਿਊ ਇੰਟਰਨੈਸ਼ਨਲ ਇਨਸਾਈਕਲੋਪੀਡੀਆ, ਚੈਂਬਰਜ਼ ਇਨਸਾਈਕਲੋਪੀਡੀਆ, ਇਨਸਾਈਕਲੋਪੀਡੀਆ ਅਮੈਰੀਕਾਨਾ, ਐਮੇਰੀਕਨ ਪੀਪਲਜ਼ ਇਨਸਾਈਕਲੋਪੀਡੀਆ, ਕੋਲੀਅਰਜ਼ ਇਨਸਾਈਕਲੋਪੀਡੀਆ, ਇਨਸਾਈਕਲੋਪੀਡੀਆ ਆਫ ਸਿਖਇਜ਼ਮ, ਇਨਸਾਈਕਲੋਪੀਡੀਆ ਰੀਲਿਜਨ ਐਂਡ ਐਥਿਕਸ ਅਤੇ ਇਨਸਾਈਕਲੋਪੀਡੀਆ ਬ੍ਰਿਟੇਨਿਕਾ ਆਦਿ। ਪੰਜਾਬੀ ਕੋਸ਼ਕਾਰੀ ਵਿਚ ਵਿਸ਼ਵ-ਕੋਸ਼ ਦੇ ਨਾਂ ਨਾਲ ਪਛਾਣੀ ਜਾਣ ਵਾਲੀ ਪਹਿਲੀ ਕਿਰਤ ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਰਚਿਤ 'ਗੁਰੁਸ਼ਬਦ ਰਤਨਾਕਰ ਮਹਾਨਕੋਸ਼' (ਸਿੱਖ ਲਿਟਰੇਚਰ ਦਾ ਇਨਸਾਈਕਲੋਪੀਡੀਆ) ਹੈ। ਮਹਾਨ ਕੋਸ਼ ਉਪਰੋਕਤ ਇਨਸਾਈਕਲੋਪੀਡੀਆ ਵਰਗਾ ਹੀ ਮਹੱਤਵ ਰੱਖਦਾ ਹੈ ਕਿਉਂਕਿ ਇਹ ਵਿਸ਼ਵ-ਕੋਸ਼ ਦੀ ਰੂਪ ਰੇਖਾ ਦੀ ਝਲਕ ਪੇਸ਼ ਕਰਦਾ ਹੈ। ਇਸ ਉਪਰੰਤ ਡਾ. ਵਣਜਾਰਾ ਸਿੰਘ ਬੇਦੀ ਰਚਿਤ 'ਪੰਜਾਬੀ ਲੋਕਧਾਰਾ ਵਿਸ਼ਵ-ਕੋਸ਼' ਅਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਿਤ 'ਪੰਜਾਬੀ ਵਿਸ਼ਵ-ਕੋਸ਼', ਡਾ. ਰਤਨ ਸਿੰਘ ਜੱਗੀ ਰਚਿਤ 'ਗੁਰੂ ਗ੍ਰੰਥ ਵਿਸ਼ਵ-ਕੋਸ਼', 'ਸਿੱਖ ਪੰਥ ਵਿਸ਼ਵ-ਕੋਸ਼' ਅਤੇ ਇੰਟਰਨੈਟ 'ਤੇ ਉਪਲਬਧ 'ਵਿਕੀਪੀਡੀਆ' ਆਦਿ ਇਸ ਦੀਆਂ ਕੁਝ ਹੋਰ ਵੰਨਗੀਆਂ ਹਨ।

ਕੋਸ਼ਕਾਰੀ, ਬੋਲੀ ਨਾਲ ਸਬੰਧਤ ਅਜਿਹਾ ਅਹਿਮ ਵਿਗਿਆਨ ਹੈ ਜੋ ਸ਼ਬਦ ਦੇ ਮੂਲ ਦੀ ਖੋਜ ਕਰਦਾ ਹੈ ਅਤੇ ਸ਼ਬਦ ਹੀ ਭਾਸ਼ਾ ਦੀ ਸਮੱਗਰੀ ਹੁੰਦੇ ਹਨ। ਕੋਸ਼ ਵਿਗਿਆਨ ਦੱਸਦਾ ਹੈ ਕਿ ਕਿਸੇ ਸ਼ਬਦ ਨੇ ਜਨਮ ਕਿਥੇ ਲਿਆ ਹੈ ਅਤੇ ਜਨਮ ਤੋਂ ਲੈ ਕੇ ਹੁਣ ਤੱਕ ਇਸ ਨੇ ਕੀ-ਕੀ ਰੂਪ ਬਦਲੇ ਹਨ ਅਤੇ ਇਨ੍ਹਾਂ ਦੇ ਅਰਥਾਂ ਨੇ ਕੀ-ਕੀ ਤਬਦੀਲੀਆਂ ਦੇਖੀਆਂ ਹਨ। ਵਿਦਵਾਨਾਂ ਅਨੁਸਾਰ ਰਿਗਵੇਦ ਦੀ ਰਚਨਾ ਪੰਜਾਬ ਵਿਚ ਦਰਿਆ ਰਾਵੀ, ਬਿਆਸ ਤੇ ਸਤਲੁਜ ਦੇ ਕੰਢਿਆਂ ਉਤੇ ਰਿਖੀਆਂ ਦੇ ਮਿਲਵੇਂ ਯਤਨਾਂ ਨਾਲ ਮੰਤਰਾਂ ਦੇ ਰੂਪ ਵਿਚ ਹੋਈ ਤੇ 'ਵੈਦਿਕ ਨਿਘੰਟੂ' ਦੇ ਰੂਪ ਵਿਚ ਵੇਦਾਂ ਦੇ ਸ਼ਬਦ-ਕੋਸ਼ੀ ਹੁਨਰ ਦੀ ਸ਼ੁਰੂਆਤ ਵੀ ਇਥੋਂ ਹੀ ਹੋਈ। ਕੋਸ਼ਕਾਰੀ ਦੇ ਮੁੱਢਲੇ ਰੂਪ ਨਿਘੰਟੂ ਤੋਂ ਲੈ ਕੇ ਅੱਜ ਤਕ ਪੰਜਾਬੀ ਕੋਸ਼ਕਾਰੀ ਕਈ ਪੜਾਅ ਪਾਰ ਕਰ ਚੁੱਕੀ ਹੈ। ਹੁਣੇ ਜਿਹੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਦੇ ਉਦਮ ਸਦਕਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 'ਵਿਕੀਪੀਡੀਆ' ਦੀ ਤਰਜ 'ਤੇ ਆਨ ਲਾਈਨ 'ਪੰਜਾਬੀ ਪੀਡੀਆ' ਤਿਆਰ ਕੀਤਾ ਹੈ। ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਇਹ ਮੀਲ ਪੱਥਰ ਸਾਬਿਤ ਹੋਵੇਗਾ ਅਤੇ ਪੰਜਾਬ ਦੀ ਵਿਸ਼ਵ ਨਾਲ ਸਭਿਆਚਾਰਕ ਸਾਂਝ ਲਈ ਬਹੁਤ ਸਹਾਈ ਹੋਵੇਗਾ।

# ਬਰੈਂਪਟਨ ਦੀ ਬਹਾਰ ਦੇ ਰੰਗ

***'ਬਰੈਂਪਟਨ ਦੀ ਬਹਾਰ ਦੇ ਰੰਗ' ਵਿਚ ਪ੍ਰਿੰਸੀਪਲ ਸਰਵਣ ਸਿੰਘ ਨੇ ਕੈਨੇਡਾ ਦੇ ਖੂਬਸੂਰਤ ਸ਼ਹਿਰ ਬਰੈਂਪਟਨ ਦਾ ਅੱਗਾ-ਪਿੱਛਾ ਫਰੋਲਦਿਆਂ ਨਾਲ ਹੀ ਪੰਜਾਬੀਆਂ ਬਾਰੇ ਗੱਲਾਂ ਕੀਤੀਆਂ ਹਨ। ਇਸ ਵਿਚ ਇਤਿਹਾਸ ਅਤੇ ਵਰਤਮਾਨ ਦੇ ਰੰਗ ਇਕੋ ਵੇਲੇ ਝਾਤੀਆਂ ਮਾਰਦੇ ਹਨ। ਬਰੈਂਪਟਨ ਦੇ ਸਹਿਜ ਨੂੰ ਲੇਖਕ ਨੇ ਪੰਜਾਬੀ ਸ਼ਾਇਰਾਂ ਦੀਆਂ ਰਚਨਾਵਾਂ ਨਾਲ ਯਾਦ ਕੀਤਾ ਹੈ। ਇਉਂ ਪ੍ਰਿੰਸੀਪਲ ਸਰਵਣ ਸਿੰਘ ਦੀ ਹਰ ਲਿਖਤ ਵਾਂਗ ਇਹ ਰਚਨਾ ਵੀ ਸਤਰੰਗੀ ਪੀਂਘ ਵਰਗਾ ਨਜ਼ਾਰਾ ਬੰਨ੍ਹਦੀ ਹੈ। ਪੜ੍ਹਦਿਆਂ-ਪੜ੍ਹਦਿਆਂ ਅਹਿਸਾਸ ਹੁੰਦਾ ਹੈ ਜਿਵੇਂ ਥਾਂ-ਪੁਰ-ਥਾਂ ਰੰਗ-ਬਰੰਗੇ ਝਰਨੇ ਫੁੱਟ ਰਹੇ ਹੋਣ। ਸ਼ਬਦਾਂ ਦੀ ਜੜਤ ਜਿਵੇਂ ਸਾਰੰਗੀ ਦੀਆਂ ਤਾਰਾਂ ਉਤੇ ਕੋਈ ਗਵੱਈਆ ਗਜ ਫੇਰ ਰਿਹਾ ਹੋਵੇ। ਪੰਜਾਬੀ ਵਾਰਤਕ ਵਿਚ ਇਸ ਤਰ੍ਹਾਂ ਦਾ ਵੇਗ ਬਹੁਤ ਘੱਟ ਪੜ੍ਹਨ ਨੂੰ ਮਿਲਦਾ ਹੈ। -ਸੰਪਾਦਕ***

ਬਰੈਂਪਟਨ ਦਾ ਲੋਗੋ।

**ਪ੍ਰਿੰਸੀਪਲ ਸਰਵਣ ਸਿੰਘ, ਕੈਨੇਡਾ**
**ਫੋਨ: 905-799-1661**

ਆਓ ਸਾਡੇ ਸ਼ਹਿਰ ਦੀ ਬਹਾਰ ਵੇਖ ਲਓ,
ਹਰ ਪਾਸੇ ਖਿੜੀ ਗੁਲਜ਼ਾਰ ਵੇਖ ਲਓ।

ਬਰੈਂਪਟਨ ਵਿਚ ਇੰਨੇ ਫੁੱਲ ਹਨ ਕਿ ਉਨ੍ਹਾਂ ਦਾ ਹਾਰ ਸਾਰੀ ਧਰਤੀ ਨੂੰ ਪਾਇਆ ਜਾ ਸਕਦੈ। ਬਰੈਂਪਟਨ ਨਾਲ ਪੰਜਾਬੀਆਂ ਦਾ ਹੁਣ ਖ਼ਾਸ ਰਿਸ਼ਤਾ ਬਣ ਗਿਐ। ਜਿਵੇਂ ਭਾਰਤ ਵਿਚ ਪੰਜਾਬੀ ਬੋਲਣ ਵਾਲਿਆਂ ਦਾ ਸਭ ਤੋਂ ਵੱਡਾ ਸ਼ਹਿਰ ਦਿੱਲੀ ਤੇ ਪਾਕਿਸਤਾਨ ਦਾ ਲਾਹੌਰ ਹੈ, ਉਵੇਂ ਕੈਨੇਡਾ ਵਿਚ ਪੰਜਾਬੀ ਬੋਲਣ ਵਾਲਿਆਂ ਦਾ ਸਭ ਤੋਂ ਵੱਡਾ ਸ਼ਹਿਰ ਬਰੈਂਪਟਨ ਹੈ। ਇਸ ਦੀ ਪੰਜਵਾਂ ਹਿੱਸਾ ਆਬਾਦੀ ਪੰਜਾਬੀ ਬੋਲਦੀ ਹੈ। ਮਈ-ਜੂਨ ਬਰੈਂਪਟਨ ਵਿਚ ਬਹਾਰ ਦੇ ਮਹੀਨੇ ਹੁੰਦੇ ਹਨ। ਇਨ੍ਹੀਂ ਦਿਨੀਂ ਰੁੱਖ ਬੂਟੇ ਮੌਲਦੇ ਤੇ ਅਨੇਕਾਂ ਰੰਗਾਂ ਦੇ ਫੁੱਲ ਖਿੜਦੇ ਹਨ। ਚਾਰ-ਚੁਫੇਰੇ ਰੰਗਾਂ ਦੀ ਲੀਲ੍ਹਾ ਰਚੀ ਜਾਂਦੀ ਹੈ ਤੇ ਚੌਗਿਰਦਾ ਮਹਿਕ ਉਠਦਾ ਹੈ। ਇਸੇ ਮਹਿਕ ਵਿਚ ਪੰਜਾਬੀਆਂ ਦੇ ਘਰਾਂ ਵਿਚ ਲੱਗਦੇ ਤੜਕਿਆਂ ਦੀ ਕਰਾਰੀ ਮਹਿਕ ਰਲ ਜਾਂਦੀ ਹੈ। ਸੈਰ ਕਰਦੇ ਸੱਜਣ ਸਰਸ਼ਾਰ ਨਾ ਹੋਣ ਤਾਂ ਹੋਰ ਕੀ ਹੋਣ!

ਮੈਂ 2001 ਤੋਂ ਇਸੇ ਸ਼ਹਿਰ ਵਿਚ ਰਹਿੰਨਾਂ ਜਿਸ ਕਰ ਕੇ ਇਸ ਦੀ ਬਹਾਰ ਦਾ ਅੱਖੀਂ ਡਿੱਠਾ ਦਰਸ਼ਕ ਹਾਂ। ਟੋਰਾਂਟੋ ਖੇਤਰ ਦਾ ਇਹ ਸ਼ਹਿਰ ਕੈਨੇਡਾ ਦਾ ਨੌਂਵਾਂ ਵੱਡਾ ਸ਼ਹਿਰ ਗਿਣਿਆ ਜਾਂਦਾ ਹੈ। ਇਹ 1852 ਵਿਚ ਛੋਟੇ ਜਿਹੇ ਪਿੰਡ ਵਜੋਂ ਵਜੂਦ ਵਿਚ ਆਇਆ ਸੀ। ਉਦੋਂ ਇਥੇ ਫਸਲਾਂ ਦੀ ਉਪਜ ਦਾ ਮੇਲਾ ਲੱਗਾ ਸੀ। ਮੇਲੇ ਦੀ ਵੇਚ-ਵੱਟ ਪਿੱਛੋਂ ਕੁਝ ਬੰਦੇ ਇਥੇ ਹੀ ਟਿਕ ਗਏ। ਇਸ ਦਾ ਨਾਂ ਇੰਗਲੈਂਡ ਦੇ ਨਿੱਕੇ ਜਿਹੇ ਕਸਬੇ ਦੇ ਨਾਂ ਉਤੇ ਬਰੈਂਪਟਨ ਰੱਖਿਆ ਗਿਆ। ਸੰਭਵ ਹੈ, ਇਥੇ ਵਸਣ ਵਾਲੇ ਬੰਦੇ ਇੰਗਲੈਂਡ ਦੇ ਕਸਬੇ ਬਰੈਂਪਟਨ ਤੋਂ ਆਏ ਹੋਣ। ਇਹ ਉਵੇਂ ਹੀ ਹੈ ਜਿਵੇਂ ਮਾਝੇ, ਮਾਲਵੇ ਤੇ ਦੁਆਬੇ 'ਚੋਂ ਬਾਰ ਵਿਚ ਗਏ ਬੰਦਿਆਂ ਨੇ ਚੱਕਾਂ ਦੇ ਨਾਂ ਆਪੋ ਆਪਣੇ ਪਿੰਡਾਂ ਦੇ ਨਾਂਵਾਂ ਨਾਲ ਜੋੜ ਲਏ ਸਨ।

1858 ਵਿਚ ਜਦੋਂ ਪੰਜਾਬ ਅੰਗਰੇਜ਼ਾਂ ਦੇ ਅਧੀਨ ਆ ਚੁੱਕਾ ਸੀ ਤੇ ਭਾਰਤ ਵਿਚ ਗਦਰ ਦੇ ਦਿਨ ਸਨ, ਉਦੋਂ ਬਰੈਂਪਟਨ ਵਿਚ ਕੇਵਲ 50 ਜਣਿਆਂ ਦਾ ਵਸੇਬਾ ਸੀ। 1869 ਤਕ ਇਥੇ 1800 ਜੀਅ ਰਹਿਣ ਲੱਗੇ। 1971 ਤਕ ਬਰੈਂਪਟਨ ਦੀ ਆਬਾਦੀ 41211, 1981 ਤਕ 149030 ਅਤੇ 1991 ਵਿਚ 234445 ਹੋ ਗਈ। ਪੰਜਾਬੀ ਇਥੇ 70ਵਿਆਂ 'ਚ ਆਉਣੇ ਸ਼ੁਰੂ ਹੋਏ ਜੋ ਤੀਹ-ਚਾਲੀ ਸਾਲਾਂ 'ਚ ਸਾਰੇ ਬਰੈਂਪਟਨ 'ਚ ਛਾ ਗਏ। 2011 ਦੀ ਜਨਸੰਖਿਆ ਅਨੁਸਾਰ ਬਰੈਂਪਟਨ ਦੀ ਆਬਾਦੀ 523911 ਸੀ ਜਿਸ ਵਿਚ 33% ਗੋਰੇ, 39% ਦੱਖਣੀ ਏਸ਼ਿਆਈ ਤੇ 13% ਕਾਲੇ ਹਨ। ਇਨ੍ਹਾਂ ਵਿਚ ਇਸਾਈ 50%, ਸਿੱਖ 19%, ਹਿੰਦੂ 12% ਤੇ ਮੁਸਲਮਾਨ 7% ਹਨ। 51% ਬਰੈਂਪਟਨੀਆਂ ਦੀ ਮਾਤ ਭਾਸ਼ਾ ਅੰਗਰੇਜ਼ੀ ਹੈ ਤੇ 18% ਦੀ ਮਾਂ ਬੋਲੀ ਪੰਜਾਬੀ। ਇਨ੍ਹਾਂ ਦੋ ਭਾਸ਼ਾਵਾਂ ਤੋਂ ਬਾਅਦ ਜਿਹੜੀਆਂ ਗਿਣਨਯੋਗ ਨੌਂ ਭਾਸ਼ਾਵਾਂ ਹੋਰ ਹਨ ਜਿਨ੍ਹਾਂ ਦੀ ਫੀਸਦੀ 1.5 ਤੋਂ 2.8 ਤਕ ਹੈ। ਇਸ ਫੀਸਦੀ ਤੋਂ ਜਾਪਦਾ ਹੈ ਕਿ ਪੰਜਾਬ ਵਾਂਗ ਸਾਰੇ ਪੰਜਾਬੀਆਂ ਨੇ ਆਪਣੀ ਮਾਤ ਭਾਸ਼ਾ ਪੰਜਾਬੀ ਨਹੀਂ ਲਿਖਾਈ। ਉਂਜ ਬਰੈਂਪਟਨ ਦੇ ਇਕ ਚੌਥਾਈ ਵਸਨੀਕ ਪੰਜਾਬੀ ਮੂਲ ਦੇ ਹਨ ਜਿਨ੍ਹਾਂ ਵਿਚ ਪਾਕਿਸਤਾਨੀ ਪੰਜਾਬੀ ਵੀ ਹਨ। ਪਤਾ ਨਹੀਂ ਪਰਦੇਸਾਂ ਵਿਚ ਵਸ ਕੇ ਵੀ ਕੁਝ ਪੰਜਾਬੀ ਆਪਣੀ ਮਾਤ ਭਾਸ਼ਾ ਉਰਦੂ, ਹਿੰਦੀ ਤੇ ਅੰਗਰੇਜ਼ੀ ਕਿਉਂ ਲਿਖਵਾਉਂਦੇ ਹਨ?



ਕੈਨੇਡਾ ਦਾ ਇਕ ਹੋਰ ਸ਼ਹਿਰ ਸਰੀ ਵੀ ਪੰਜਾਬੀਆਂ ਦੀ ਚੋਖੀ ਵਸੋਂ ਵਾਲਾ ਹੈ ਪਰ ਉਸ ਦੀ ਆਬਾਦੀ ਹੁਣ ਦੇ ਬਰੈਂਪਟਨ ਤੋਂ ਘੱਟ ਹੈ। ਸਰੀ 'ਚ ਸਿੱਖਾਂ ਦੀ ਵਸੋਂ 16.3% ਹੈ। ਓਂਟਾਰੀਓ ਸੂਬੇ ਵਿਚ ਬਰੈਂਪਟਨ ਤੇ ਬ੍ਰਿਟਿਸ਼ ਕੋਲੰਬੀਆ ਸੂਬੇ 'ਚ ਸੱਰੀ ਪੰਜਾਬੀਆਂ ਦੇ ਵੱਡੇ ਸ਼ਹਿਰ ਹਨ। ਇਨ੍ਹਾਂ ਸ਼ਹਿਰਾਂ ਵਿਚ ਪੰਜਾਬੀ ਦੇ ਅਨੇਕਾਂ ਅਖ਼ਬਾਰ ਛਪਦੇ ਅਤੇ ਦਰਜਨਾਂ ਰੇਡੀਓ ਤੇ ਟੀ.ਵੀ. ਦੇ ਪੰਜਾਬੀ ਪ੍ਰੋਗਰਾਮ ਚਲਦੇ ਹਨ। ਕਈ ਦੁਕਾਨਾਂ ਦੇ ਬੋਰਡ ਵੀ ਗੁਰਮੁਖੀ ਵਿਚ ਲਿਖੇ ਦਿਸਦੇ ਹਨ। ਪਾਰਕਾਂ ਵਿਚ ਪੰਜਾਬੀ ਬਾਬਿਆਂ ਦੀਆਂ ਸੱਥਾਂ ਜੁੜਦੀਆਂ ਤੇ ਕਮਿਊਨਿਟੀ ਹਾਲਾਂ 'ਚ ਮਹਿਫ਼ਲਾਂ ਲੱਗਦੀਆਂ ਹਨ। ਤਾਸ਼ ਦੀਆਂ ਖੇਡਾਂ ਸਰਾਂ ਮੰਗਣ, ਬੇਗੀ ਬਾਦਸ਼ਾਹ ਕੁੱਟ ਤੇ ਸੀਪ ਬਗੈਰਾ ਖੇਡੀਆਂ ਜਾਂਦੀਆਂ ਹਨ। ਗੱਲਾਂ-ਬਾਤਾਂ ਵਿਚ ਪੰਜਾਬ ਪੰਜਾਬ ਹੀ ਹੁੰਦੀ ਹੈ। ਅਨੇਕਾਂ ਗੁਰਦੁਆਰੇ ਹਨ ਜਿਥੇ ਕਥਾ ਕੀਰਤਨ ਤੇ ਅਨੰਦ ਕਾਰਜਾਂ ਦਾ ਵਾਰ ਨਹੀਂ ਆਉਂਦਾ। ਨਗਰ ਕੀਰਤਨਾਂ ਸਮੇਂ ਤਾਂ ਸੰਗਤਾਂ ਦਾ ਹੜ੍ਹ ਹੀ ਆ ਜਾਂਦਾ ਹੈ। ਗੋਰੇ ਹੈਰਾਨ ਹੁੰਦੇ ਹਨ ਕਿ ਏਡਾ ਕਟਕ ਕਿਥੋਂ ਆ ਚੜ੍ਹਿਆ? ਗਾਉਣ ਵਾਲਿਆਂ ਦੇ ਅਖਾੜੇ ਤੇ ਕਬੱਡੀ ਦੇ ਟੂਰਨਾਮੈਂਟ ਹਜ਼ਾਰਾਂ ਲੋਕ ਵੇਖਦੇ ਹਨ। ਤੀਆਂ ਦੇ ਮੇਲਿਆਂ ਵਿਚ ਵੀ ਤੀਵੀਆਂ ਦਾ ਧੱਕਾ ਪੈਂਦੈ। ਬਰੈਂਪਟਨ ਹੁਣ ਮੋਗਾ-ਜਲੰਧਰ ਵਾਂਗ ਲੱਗਦੈ।

ਬਰੈਂਪਟਨ ਸ਼ਹਿਰ 267 ਵਰਗ ਕਿਲੋਮੀਟਰ ਵਿਚ ਫੈਲਿਆ ਹੋਇਐ। ਇਥੋਂ ਦੇ ਮੈਂਬਰ ਪਾਰਲੀਮੈਂਟ ਤੇ ਮੈਂਬਰ ਪ੍ਰਾਵਿੰਸ ਪਾਰਲੀਮੈਂਟ ਵਧੇਰੇ ਕਰ ਕੇ ਪੰਜਾਬੀ ਮੂਲ ਦੇ ਬੰਦੇ ਹੀ ਬਣਦੇ ਹਨ ਜਦ ਕਿ ਬਰੈਂਪਟਨ ਦੀਆਂ ਕੌਂਸਲ/ਪੰਚਾਇਤੀ ਚੋਣਾਂ ਪੰਜਾਬੀ ਆਪਸ ਵਿਚ ਲੜ ਕੇ ਹਾਰ ਜਾਂਦੇ ਹਨ। ਬਰੈਂਪਟਨ ਕੌਂਸਲ ਦੀਆਂ ਦਰਜਨ ਸੀਟਾਂ 'ਚੋਂ ਪੰਜਾਬੀ ਕੈਨੇਡੀਅਨਾਂ ਨੇ ਕਦੇ ਇਕ ਤੋਂ ਵੱਧ ਸੀਟ ਨਹੀਂ ਜਿੱਤੀ!

ਬਰੈਂਪਟਨ ਨੂੰ ਪਹਿਲਾਂ ਪਿੰਡ ਤੇ ਫਿਰ ਕਸਬਾ ਕਿਹਾ ਜਾਂਦਾ ਸੀ। ਹੁਣ ਬਰੈਂਪਟਨ ਨੂੰ ਸਿਟੀ ਆਫ਼ ਫਲਾਵਰਜ਼ ਕਿਹਾ ਜਾਂਦਾ ਹੈ। ਇਸ ਸ਼ਹਿਰ ਦਾ ਲੋਗੋ ਵੀ ਖਿੜਿਆ ਹੋਇਆ ਫੁੱਲ ਹੈ। ਇੰਗਲੈਂਡ ਦੇ ਸ਼ਹਿਰ ਡੋਰਕਿੰਗ ਤੋਂ ਐਡਵਰਡ ਡੇਲ ਨਾਂ ਦਾ ਅੰਗਰੇਜ਼ ਉਦੋਂ ਇਥੇ ਆਇਆ ਜਦੋਂ ਇਸ ਪਿੰਡ ਦੀ ਆਬਾਦੀ ਹਜ਼ਾਰ ਤੋਂ ਵੀ ਘੱਟ ਸੀ। ਉਸ ਨੇ 1863 ਵਿਚ ਇਥੇ ਫੁੱਲਾਂ ਦੀ ਪਹਿਲੀ ਨਰਸਰੀ ਲਾਈ। ਇਥੋਂ ਦੀ ਧਰਤੀ ਤੇ ਪੌਣ ਪਾਣੀ ਫੁੱਲਾਂ ਦੇ ਅਨੁਕੂਲ ਸੀ। ਨਰਸਰੀ ਦਾ ਨਾਂ ਰੱਖਿਆ ਗਿਆ ਚਿਮਨੀ। ਚਿਮਨੀ ਕੰਪਨੀ ਰੁਜ਼ਗਾਰ ਦਾ ਵੱਡਾ ਸਾਧਨ ਬਣ ਗਈ ਤੇ ਇਹਦੇ ਫੁੱਲ ਬੂਟੇ ਸਾਰੇ ਉਤਰੀ ਅਮਰੀਕਾ ਵਿਚ ਜਾਣ ਲੱਗੇ। ਫੁੱਲ ਬੂਟੇ ਉਗਾਉਣ ਤੇ ਵੇਚਣ ਵਾਲੀ ਚਿਮਨੀ ਕੰਪਨੀ ਐਸੀ ਚੜ੍ਹੀ ਕਿ ਉਸ ਨੇ 140 ਗਰੀਨ ਹਾਊਸ ਤੇ 48 ਗਰਮ ਰੁੱਤ ਦੀਆਂ ਨਰਸਰੀਆਂ ਚਾਲੂ ਕਰ ਲਈਆਂ। ਫੁੱਲਾਂ ਦੀ ਬਹਾਰ ਤਾਂ ਫਿਰ ਆਉਣੀ ਹੀ ਸੀ। ਇਕ ਸੀਜ਼ਨ ਵਿਚ ਹੀ ਦੋ ਕਰੋੜ ਫੁੱਲ ਬੂਟਿਆਂ ਦਾ ਵਣਜ ਵਪਾਰ ਹੋਣ ਲੱਗਾ।

ਬਰੈਂਪਟਨ ਦੀਆਂ ਚਾਰ ਰੁੱਤਾਂ ਬਹਾਰ, ਗਰਮੀ, ਪਤਝੜ ਤੇ ਸਰਦੀ ਦੀਆਂ ਹਨ। ਗਰਮੀ ਵੱਧ ਤੋਂ ਵੱਧ 38 ਡਿਗਰੀ ਸੈਲਸੀਅਸ ਤਕ ਚਲੀ ਜਾਂਦੀ ਹੈ ਤੇ ਸਰਦੀ ਮਨਫ਼ੀ 38 ਡਿਗਰੀ ਤਕ ਡਿੱਗ ਪੈਂਦੀ ਹੈ। ਤੇਰਾਂ ਸਾਲਾਂ ਤੋਂ ਮੈਂ ਗਰਮੀਆਂ ਕੈਨੇਡਾ ਵਿਚ ਬਿਤਾ ਰਿਹਾਂ ਤੇ ਸਰਦੀਆਂ ਪੰਜਾਬ ਵਿਚ। ਬਰੈਂਪਟਨ ਦਾ ਸਿਆਲ ਇਥੇ ਵਸਣ ਵਾਲੇ ਬੁੱਢੇ ਬੁੱਢੀਆਂ ਨੂੰ ਅੰਦਰੀਂ ਤਾੜੀ ਰੱਖਦੈ ਜਿਸ ਨੂੰ ਮਿੱਠੀ ਜੇਲ੍ਹ ਵੀ ਕਿਹਾ ਜਾ ਸਕਦੈ। ਮੈਂ ਇਸ ਜੇਲ੍ਹ ਤੋਂ ਅਜੇ ਤਕ ਬਚਿਆ ਆ ਰਿਹਾਂ।



ਐਤਕੀਂ ਚੜ੍ਹਦੇ ਦਸੰਬਰ ਦਾ ਗਿਆ ਮਾਰਚ ਦੇ ਅਖ਼ੀਰ ਵਿਚ ਕੈਨੇਡਾ ਮੁੜਿਆ ਤਾਂ ਟੋਰਾਂਟੋ ਏਅਰਪੋਰਟ ਤੋਂ ਬਾਹਰ ਨਿਕਲਦਿਆਂ ਠੰਢੀ ਸੀਤ ਹਵਾ ਨੇ ਸੁਆਗਤ ਕੀਤਾ। ਫਗਵਾੜੇ ਤੋਂ ਦਿੱਲੀ ਏਅਰ ਪੋਰਟ ਦੀ ਬੱਸ ਚੜ੍ਹਨ ਸਮੇਂ ਇੰਨੀ ਗਰਮੀ ਸੀ ਕਿ ਕੈਨੇਡਾ ਜਾ ਕੇ ਪਾਉਣ ਵਾਲੀ ਜੈਕਟ ਬੱਸ ਦੇ ਉਤਲੇ ਰਖਣੇ ਵਿਚ ਰੱਖ ਦਿੱਤੀ। ਦਿੱਲੀ ਏਅਰਪੋਰਟ ਉਤੇ ਇਸ ਕਰ ਕੇ ਕੱਢਣੀ ਭੁੱਲ ਗਿਆ ਕਿ ਗਰਮੀ ਨੇ ਚੇਤਾ ਹੀ ਭੁਲਾ ਦਿੱਤਾ। ਜੈਕਟ ਦਾ ਚੇਤਾ ਟੋਰਾਂਟੋ ਦੀ ਠੰਢੀ ਸੀਤ ਹਵਾ ਨੇ ਕਰਾਇਆ। ਘਰ ਤਕ ਜਾਂਦਿਆਂ ਆਲੇ ਦੁਆਲੇ ਬਰਫ਼ ਦੇ ਢੇਰ ਲੱਗੇ ਵੇਖੇ। ਪੰਜਾਬ ਵਿਚ ਸਵੇਰੇ ਸ਼ਾਮ ਦੀ ਸੈਰ ਘੱਟ ਹੀ ਖੁੰਝੀ ਸੀ ਪਰ ਬਰੈਂਪਟਨ ਵਿਚ ਆਮ ਹੀ ਨਾਗੇ ਪੈਣ ਲੱਗੇ। ਦਿਨ-ਦਿਹਾਰ ਬਾਹਰ ਨਿਕਲਦੇ ਤਾਂ ਸੁੱਕੇ ਰੁੱਖ, ਸੁੱਕੀਆਂ ਝਾੜੀਆਂ, ਸੁੱਕਾ ਘਾਹ ਤੇ ਕਈ ਥਾਂਈਂ ਬਰਫ਼ ਦੇ ਭੰਨੇ ਦਰੱਖਤ ਦਿਸਦੇ। ਬਰੈਂਪਟਨ ਜਿਸ ਦੀ ਬਹਾਰ ਬਾਰੇ ਗੱਲ ਤੋਰੀ ਹੈ ਸਿਆਲ 'ਚ ਅਸਲੋਂ ਨਿਰਜਿੰਦ ਲੱਗਦੈ। ਉਪਰੋਂ ਉਜਾੜ ਬੀਆਬਾਨ!

ਫਿਰ ਜਿਵੇਂ ਮਾਰਚ ਵਿਚ ਪੰਜਾਬ ਦੀ ਪ੍ਰਕਿਰਤੀ ਮਹਿਕ ਉਠਦੀ ਹੈ, ਮਈ 'ਚ ਓਂਟਾਰੀਓ ਸੂਬੇ ਦੀ ਪ੍ਰਕਿਰਤੀ ਵੀ ਪੁੰਗਰਨ ਲੱਗਦੀ ਹੈ। ਦਿਨਾਂ ਵਿਚ ਹੀ ਬਰੈਂਪਟਨ ਵਰਗੇ ਸ਼ਹਿਰ ਹਰੇ ਘਾਹ ਤੇ ਰੰਗ-ਬਰੰਗੇ ਫੁੱਲਾਂ ਦੇ ਵੇਸ ਪਹਿਨ ਲੈਂਦੇ ਹਨ। ਮੈਂ ਕਈ ਵਾਰ ਹੈਰਾਨ ਹੁੰਨਾਂ ਕਿ ਇੰਨੇ ਰੰਗ ਕਿਧਰੋਂ ਆ ਜਾਂਦੇ ਹਨ! ਰੁੱਖਾਂ ਦੀਆਂ ਟਾਹਣੀਆਂ 'ਚੋਂ ਹਰੀਆਂ ਕਚੂਰ ਪੱਤੀਆਂ ਫੁੱਟ ਪੈਂਦੀਆਂ ਹਨ, ਘਰਾਂ ਦੇ ਅਗੇਰੇ ਪਿਛੇਰੇ ਦਾ ਸੁੱਕਾ ਮੁਰਝਾਇਆ ਘਾਹ ਹਰਾ ਭਰਾ ਹੋ ਜਾਂਦੈ, ਸੈਰ ਕਰਨ ਵਾਲੀਆਂ ਟ੍ਰੇਲਾਂ ਦਾ ਆਲਾ-ਦੁਆਲਾ ਹਰਿਆਵਲ ਨਾਲ ਸ਼ਿਗਾਰਿਆ ਜਾਂਦੈ, ਝੀਲਾਂ ਵਿਚ ਸਫੈਦ ਬੱਤਖਾਂ ਤੈਰਨ ਲੱਗਦੀਐਂ ਅਤੇ ਆਲ੍ਹਣਿਆਂ ਵਿਚ ਪੰਛੀ ਚਹਿਕਣ ਤੇ ਅੰਬਰ ਉਤੇ ਉਡਾਰੀਆਂ ਭਰਨ ਲੱਗਦੇ ਨੇ। ਬਾਗ ਬਗੀਚੇ ਫੁੱਲਾਂ ਨਾਲ ਲੱਦੇ ਜਾਂਦੇ ਨੇ। ਧਨੀ ਰਾਮ ਚਾਤ੍ਰਿਕ ਦੀ ਕਵਿਤਾ- ਪੁੰਗਰੀਆਂ ਵੇਲਾਂ ਵੱਲਾਂ ਰੁੱਖੀਂ ਚੜ੍ਹੀਆਂ, ਫੁੱਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ, ਵਾਲਾ ਦ੍ਰਿਸ਼ ਸਾਹਵੇਂ ਆ ਖੜ੍ਹਦੈ। ਸਵੱਖਤੇ ਸੈਰ ਕਰਦਿਆਂ ਰੱਖਾਂ ਦੇ ਰੁੱਖਾਂ ਵਿਚ ਜਨੌਰਾਂ ਦੀ ਚਹਿਚਿਹਾਟ ਸੁਣਦਿਆਂ ਵਾਰਸ ਦੀ ਹੀਰ ਦਾ ਬੈਂਤ ਯਾਦ ਆ ਜਾਂਦੈ,

ਚਿੜੀ ਚੂਕਦੀ ਨਾਲ ਉਠ ਤੁਰੇ ਪਾਂਧੀ,
ਪਈਆਂ ਦੁੱਧਾਂ ਦੇ ਵਿਚ ਮਧਾਣੀਆਂ ਨੀ।
ਹੋਈ ਸੁਬਹਾ ਸਾਦਿਕ ਜਦੋਂ ਆਣ ਰੋਸ਼ਨ,
ਤਦੋਂ ਲਾਲੀਆਂ ਆਣ ਚਿਚਲਾਣੀਆਂ ਨੀ।
ਲਈਆਂ ਕੱਢ ਹਰਨਾਲੀਆਂ ਹਾਲੀਆਂ ਨੇ,
ਸੈਆਂ ਭੂਈਂ ਨੂੰ ਜਿਨ੍ਹਾਂ ਨੇ ਲਾਣੀਆਂ ਨੀ।
ਘਰਬਾਰਨਾਂ ਚੱਕੀਆਂ ਝੋਤੀਆਂ ਨੀ,
ਜਿਨ੍ਹਾਂ ਤਉਣਾਂ ਗੁੰਨ੍ਹ ਪਕਾਣੀਆਂ ਨੀ।
ਕਾਰੋਬਾਰ ਵਿਚ ਹੋਇਆ ਜਹਾਨ ਸਾਰਾ,
ਚਰਖੇ ਕੱਤਦੀਆਂ ਉਠ ਸਵਾਣੀਆਂ ਨੀ...।

ਬਰੈਂਪਟਨ ਵਿਚ ਫੁੱਲ ਸਿਰਫ਼ ਬਾਗਾਂ ਤੇ ਪਾਰਕਾਂ ਵਿਚ ਹੀ ਨਹੀਂ, ਇਹ ਘਰਾਂ ਦੇ ਦਰਾਂ ਮੂਹਰੇ ਵੀ ਬੇਸ਼ੁਮਾਰ ਹਨ। ਚੌਂਕਾਂ 'ਚ ਫੁੱਲ, ਗਮਲਿਆਂ 'ਚ ਫੁੱਲ, ਪਾਰਕਾਂ 'ਚ ਫੁੱਲ ਤੇ ਛੰਭਾਂ ਕਿਨਾਰੇ ਫੁੱਲ। ਕੋਲੋਂ ਦੀ ਲੰਘਦਿਆਂ ਮੋਹਨ ਸਿੰਘ ਦੀ ਕਵਿਤਾ ਦਾ ਬੰਦ ਯਾਦ ਆ ਜਾਂਦੈ,

ਇਕ ਦਿਨ ਮੈਂ ਫੁਲਵਾੜੀ ਵਿਚੋਂ
ਲੰਘ ਰਿਹਾ ਸਾਂ 'ਕੱਲਾ।
ਕੰਡੇ ਇਕ ਗੁਲਾਬੀ ਫੁੱਲ ਦੇ
ਬਹਿ ਗਏ ਫੜ ਕੇ ਪੱਲਾ।
ਨਾ ਕਰ ਐਡੀ ਕਾਹਲੀ ਰਾਹੀਆ
ਪਲ ਦਾ ਪਲ ਖਲੋਵੀਂ,
ਖ਼ੁਸ਼ਬੂਆਂ ਦੇ ਢੋਏ ਬਾਝੋਂ
ਜਾਣ ਨਹੀਂ ਦੇਣਾ ਮੱਲਾ!

ਤੇ ਨਾਲ ਹੀ ਯਾਦ ਆਉਂਦਾ ਭਾਈ ਵੀਰ ਸਿੰਘ ਦਾ ਲਿਖਿਆ ਫੁੱਲਾਂ ਦਾ ਤਰਲਾ,

ਡਾਲੀ ਨਾਲੋਂ ਤੋੜ ਨਾ ਸਾਨੂੰ
ਅਸਾਂ ਹੱਟ ਮਹਿਕ ਦੀ ਲਾਈ
ਲੱਖ ਗਾਹਕ ਜੇ ਸੁੰਘੇ ਆ ਕੇ
ਖਾਲੀ ਇਕ ਨਾ ਜਾਈ
ਤੂੰ ਜੇ ਇਕ ਤੋੜ ਕੇ ਲੈ ਗਿਓਂ
ਇਕ ਜੋਗਾ ਰਹਿ ਜਾਸਾਂ
ਉਹ ਵੀ ਪਲਕ ਝਲਕ ਦਾ ਮੇਲਾ
ਰੂਪ ਮਹਿਕ ਨੱਸ ਜਾਈ

ਇਕ ਦਿਨ ਮੈਂ ਬਰੈਂਪਟਨ ਦੀ ਬਹਾਰ ਦੇ ਰੰਗ ਨੋਟ ਕਰਨ ਲੱਗਾ ਤਾਂ ਰੰਗਾਂ ਦੀ ਵੰਨਗੀ ਵੇਖ ਕੇ ਦੰਗ ਰਹਿ ਗਿਆ। ਨੋਟ ਕੀਤੇ ਰੰਗ ਗਿਣੇ ਤਾਂ ਆਪਣੀ ਮਾਂ ਬੋਲੀ ਦੀ ਅਮੀਰੀ 'ਤੇ ਵੀ ਮਾਣ ਹੋਇਆ ਕਿ ਪੰਜਾਬੀ ਵਿਚ ਹਰ ਫੁੱਲਪਤੀ ਦੇ ਰੰਗ ਦਾ ਨਾਂ ਮੌਜੂਦ ਹੈ।

ਉਹ ਰੰਗ ਕੁਝ ਇਸ ਤਰ੍ਹਾਂ ਦੇ ਸਨ: ਹਰਾ, ਨੀਲਾ, ਪੀਲਾ, ਕੇਸਰੀ, ਕਪਾਹੀ, ਕਾਲਾ, ਸਰਦਈ, ਅੰਗੂਰੀ, ਅੰਬਰੀ, ਕਥੱਈ, ਊਦਾ, ਬਲੰਭਰੀ, ਦਾਲਚੀਨੀ, ਮੂੰਗੀਆ, ਤੋਤੇਰੰਗਾ, ਅੰਡਰਈ, ਫ਼ਿਰੋਜ਼ੀ, ਦਾਖੀ, ਬਦਾਮੀ, ਬਿਸਕੁਟੀ, ਲਾਜਵਰੀ, ਮੋਤੀਆ, ਕੱਦੂਮੋਤੀਆ, ਚਿੱਟਾ, ਬਡਮੋਤੀਆ, ਪਿਆਜ਼ੀ, ਹਵਾ ਪਿਆਜ਼ੀ, ਅਸਮਾਨੀ, ਭਗਵਾ, ਮਹਿੰਦੀਰੰਗਾ, ਘੁੱਗੀਰੰਗਾ, ਤਰਬੂਜ਼ੀਆ, ਸਰ੍ਹੋਂਫੁੱਲਾ, ਬੈਂਗਣੀ, ਸੁਨਹਿਰੀ, ਗੇਰੂਆ, ਗ਼ੁਲਾਨਾਰੀ, ਉਨਾਭੀ, ਜਾਮਣੀ, ਲਾਲ, ਗੁਲਾਬੀ, ਸਲੇਟੀ, ਸੁਰਮਈ, ਘਿਉਕਪੂਰੀ, ਕਾਸ਼ਨੀ, ਜੋਗੀਆ, ਅੰਬਰਸੀਆ, ਚਾਂਦੀਰੰਗਾ, ਤਾਂਬੇਰੰਗਾ, ਸੰਧੂਰੀ, ਗਾਜਰੀ, ਸੰਤਰੀ, ਲਸੂੜੀਆ, ਸੁਰਖ਼, ਲਾਖਾ, ਬੱਗਾ, ਖਾਕੀ, ਬੂਰਾ, ਸਾਵਾ, ਕਬੂਤਰੀ, ਚਿਤਕਬਰਾ, ਗ਼ੁਲਾਬਾਸੀ, ਮੋਰਪੰਖੀਆ, ਕੋਕਾ ਕੋਲਾ, ਮਟਮੈਲਾ, ਸ਼ਬਨਮੀ, ਗੁਲਮੋਹਰੀ, ਰੱਤਾ, ਲੂਸਣੀ, ਸੰਦਲੀ, ਯਾਕੂਤੀ, ਸ਼ਰਬਤੀ, ਸੂਹਾ, ਨਸਵਾਰੀ, ਕਿਰਮਚੀ।...ਇਥੇ ਬੱਸ ਨਹੀਂ, ਪੰਜਾਬੀ ਵਿਚ ਰੰਗਾਂ ਦੇ ਨਾਂ ਹੋਰ ਵੀ ਹਨ। ਬਰੈਂਪਟਨ ਦੀ ਪਤਝੜ ਵੀ ਇਸ ਦੀ ਬਹਾਰ ਵਾਂਗ ਰੰਗਾਂ ਦੀ ਛਹਿਬਰ ਹੁੰਦੀ ਹੈ।

---

## ਅਰਜ਼ ਕਰਾਂ

ਜੇ ਹੋਏ ਆਗਿਆ, ਅਰਜ਼ ਕਰਾਂ।
ਸਭ ਖ੍ਹੋਲ ਵਾਕਿਆ, ਅਰਜ਼ ਕਰਾਂ।

ਇਕ ਪਲਕ ਉਠਾ ਕੇ ਤੱਕ ਲੈਂਦੇ,
ਮੈਂ ਖੜਾ ਤਾਬਿਆ, ਅਰਜ਼ ਕਰਾਂ।

ਨਾ ਹੋਠਾਂ ਦੀ, ਨਾ ਨੈਣਾਂ ਦੀ,
ਫਿਰ ਕੇਸ ਭਾਖਿਆ, ਅਰਜ਼ ਕਰਾਂ।

ਅਸਾਂ ਹੁਕਮ ਰਜਾਈ ਚਲਣਾ ਹੈ,
ਕੁਰਲਾ ਨਾ ਕਾਗਿਆ, ਅਰਜ਼ ਕਰਾਂ।

ਸਭ ਓਟ ਉਮੀਦ ਹੈ ਤੇਰੇ 'ਤੇ,
ਐ ਕੱਚਿਆ ਧਾਗਿਆ, ਅਰਜ਼ ਕਰਾਂ।

ਮੈਂ ਕੁਝ ਵੀ ਪਾਇਆ ਕੱਢਿਆ ਨਹੀਂ,
ਜੋ ਦਿਲ ਨੇ ਆਖਿਆ, ਅਰਜ਼ ਕਰਾਂ।

ਦੇਹ ਖੱਟਾ ਟੀਟ ਜਿਹਾ ਸਾਨੂੰ,
ਅੰਬਾਂ ਦੇ ਰਾਖਿਆ, ਅਰਜ਼ ਕਰਾਂ।

ਕੀ ਜੁਰਮ ਕਮਾਏ ਤੇਰੇ ਲਈ,
ਡਰੱਗ ਖਾਹ ਨਾ ਕਾਕਿਆ, ਅਰਜ਼ ਕਰਾਂ।

'ਮੇਰਾ ਅੰਗ-ਅੰਗ ਨੋਚੋ ਨਾ ਪੁੱਤਰੋ'
ਮਾਂ ਬੋਲੀ ਆਖਿਆ, 'ਅਰਜ਼ ਕਰਾਂ।'

'ਕੁਲਬੀਰ' ਅੜਾ ਨਾ ਅੱਡੀਆਂ ਹੁਣ,
ਕਿ ਵਕਤ ਆ ਗਿਆ, ਅਰਜ਼ ਕਰਾਂ।


**-ਕੁਲਬੀਰ ਪੱਡਾ**

# ਪੰਜਾਬ ਦੀ ਪੀੜ

# ਪੰਜਾਬ 1984



ਕਿਰਨ ਖੇਰ




ਫਿਲਮ 'ਪੰਜਾਬ 1984' ਵਿਚ ਦਲਜੀਤ ਦੁਸਾਂਝ ਤੇ ਸੋਨਮ ਬਾਜਵਾ

ਪੰਜਾਬੀ ਫਿਲਮ 'ਪੰਜਾਬ 1984' ਦੀ ਪਹਿਲੇ ਦਿਨ ਹੀ ਰਿਕਾਰਡ ਕਮਾਈ ਨੇ ਦਰਸਾ ਦਿੱਤਾ ਕਿ ਲੋਕ ਇਹ ਫਿਲਮ ਦੇਖਣ ਲਈ ਕਿੰਨੇ ਉਤਸਕ ਸਨ। ਆਮ ਰਿਵਾਜ ਦੇ ਉਲਟ ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ ਵਿਸ਼ੇਸ਼ ਸ਼ੋਅ (ਪ੍ਰੀਮੀਅਰ ਸ਼ੋਅ) ਵੀ ਨਹੀਂ ਸੀ ਰੱਖਿਆ ਗਿਆ। ਆਮ ਦਰਸ਼ਕਾਂ ਦੀ ਰਾਏ ਵੱਲ ਧਿਆਨ ਧਰੀਏ ਤਾਂ ਸਭ ਦੰਗ ਹੀ ਰਹਿ ਗਏ ਸਨ ਕਿ ਦਲਜੀਤ ਦੁਸਾਂਝ ਵਰਗਾ ਗਾਇਕ ਇਸ ਤਰ੍ਹਾਂ ਦੀ ਫਿਲਮ ਵੀ ਬਣਾ ਸਕਦਾ ਹੈ! ਅਸਲ ਵਿਚ ਇਸ ਫਿਲਮ ਦੇ ਪਟਕਥਾ ਲੇਖਕ ਅਤੇ ਨਿਰਦੇਸ਼ਕ ਅਨੁਰਾਗ ਸਿੰਘ ਨੇ ਜਿਸ ਤਰ੍ਹਾਂ ਪੰਜਾਬ ਵਿਚ ਝੁੱਲੀ ਹਿੰਸਾ ਦੀ ਹਨੇਰੀ ਨੂੰ ਪਰਦੇ ਉਤੇ ਪੇਸ਼ ਕਰਨ ਦਾ ਯਤਨ ਕੀਤਾ ਹੈ, ਉਸ ਨੇ ਹਰ ਕਿਸੇ ਦੀ ਦੁਖਦੀ ਰਗ ਉਤੇ ਹੱਥ ਰੱਖ ਦਿੱਤਾ। 1984 ਤੋਂ ਬਾਅਦ ਜਿਸ ਤਰ੍ਹਾਂ ਸਿੱਖ ਅਤੇ ਸਮੁੱਚੇ ਪੰਜਾਬ ਦੀ ਮਾਨਸਿਕਤਾ ਜ਼ਖਮੀ ਹੋਈ ਪਈ ਸੀ, ਉਸ ਦੀਆਂ ਬੜੀਆਂ ਅਣਗਿਣਤ ਕਹਾਣੀਆਂ ਹਨ ਅਤੇ ਹਰ ਕਹਾਣੀ ਆਪੋ-ਆਪਣੇ ਕੋਣ ਤੋਂ ਸੱਚੀ ਹੈ। ਉਹ ਅਜਿਹਾ ਦੌਰ ਸੀ ਜਦੋਂ ਬੰਦੇ ਦਾ ਬੰਦੇ ਤੋਂ ਹੀ ਭਰੋਸਾ ਉਠ ਗਿਆ ਸੀ ਅਤੇ ਆਪਾ-ਧਾਪੀ ਹੀ ਜ਼ਿੰਦਗੀ ਦੀ ਇਕੋ-ਇਕ ਸਚਾਈ ਜਾਪਣ ਲੱਗ ਪਈ ਸੀ। ਅਨੁਰਾਗ ਸਿੰਘ ਨੇ ਫਿਲਮ ਦੀ ਕਹਾਣੀ ਨੂੰ ਕਿਸੇ ਇਕ ਕਹਾਣੀ ਉਤੇ ਕੇਂਦਰਤ ਕਰਨ ਦੀ ਥਾਂ ਆਮ ਮਨੁੱਖ ਦੇ ਸੀਨੇ ਉਤੇ ਚੱਲੇ ਬਰਛਿਆਂ ਦਾ ਦਰਦ ਇਸ ਫਿਲਮ ਵਿਚ ਭਰਿਆ।... ਤੇ ਇਹ ਦਰਦ ਕਿਸੇ ਇਕ ਧਿਰ ਦਾ ਨਹੀਂ ਸੀ। ਅਨੁਰਾਗ ਸਿੰਘ ਦਾ ਇਹ ਕਹਿਣਾ ਭਾਵੇਂ ਬਹੁਤਾ ਜਾਇਜ਼ ਨਹੀਂ ਲਗਦਾ ਕਿ ਇਹ ਫਿਲਮ ਕਿਸੇ ਖਾਸ ਸਿਆਸੀ ਧਿਰ ਦੇ ਦ੍ਰਿਸ਼ਟੀਕੋਣ ਤੋਂ ਨਹੀਂ ਬਣਾਈ ਗਈ, ਪਰ ਇੰਨਾ ਸੱਚ ਜ਼ਰੂਰ ਹੈ ਕਿ ਉਸ ਵੇਲੇ ਦੀ ਸਿਆਸਤ ਕਾਰਨ ਆਮ ਬੰਦੇ ਨਾਲ ਜੋ ਕੁਝ ਬੀਤਿਆ, ਉਸ ਦੀ ਝਲਕ ਇਸ ਫਿਲਮ ਵਿਚ ਬਾਖੂਬ ਨਜ਼ਰੀਂ ਪੈਂਦੀ ਹੈ।

ਫਿਲਮ ਵਿਚ ਮੁੱਖ ਰੋਲ ਕਿਰਨ ਖੇਰ, ਦਲਜੀਤ ਦੁਸਾਂਝ, ਪਵਨ ਮਲਹੋਤਰਾ, ਸੋਨਮ ਬਾਜਵਾ, ਰਾਣਾ ਰਣਬੀਰ ਆਦਿ ਦਾ ਹੈ। ਦਲਜੀਤ ਦੁਸਾਂਝ ਅਤੇ ਅਨੁਰਾਗ ਸਿੰਘ ਨੇ ਪਹਿਲਾਂ ਜਿਸ ਤਰ੍ਹਾਂ ਦੀਆਂ ਚੁਟਕਲਾਨੁਮਾ ਫਿਲਮਾਂ ਬਣਾਈਆਂ ਹਨ, ਉਸ ਦੇ ਮੁਕਾਬਲੇ ਇਹ ਫਿਲਮ ਬਹੁਤ ਜ਼ਿਆਦਾ ਗੰਭੀਰ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਦਲਜੀਤ ਨੇ ਤਾਂ ਪਹਿਲਾਂ ਨਾਲੋਂ ਐਨ ਉਲਟ ਕਿਰਦਾਰ ਫਿਲਮ ਵਿਚ ਨਿਭਾਇਆ ਹੈ। ਬਾਅਦ ਵਿਚ ਉਸ ਨੇ ਜਿੰਨੀਆਂ ਵੀ ਇੰਟਰਵਿਊ ਦਿੱਤੀਆਂ, ਉਨ੍ਹਾਂ ਵਿਚ ਵੀ ਗਹਿਰ-ਗੰਭੀਰ ਦਿਸਣ ਦੀ ਪੂਰੀ ਵਾਹ ਲਾਈ। ਇਕ ਇੰਟਰਵਿਊ ਵਿਚ ਤਾਂ ਦਲਜੀਤ ਨੇ ਇਹ ਵੀ ਕਹਿ ਦਿੱਤਾ- "ਮੈਂ ਤਾਂ ਅਨੁਰਾਗ ਭਾਅਜੀ ਨੂੰ ਕਿਹਾ ਕਿ ਉਹ 'ਜੱਟ ਤੇ ਜੂਲੀਅਟ' ਵਰਗੀਆਂ ਫਿਲਮਾਂ ਦਾ ਨਹੀਂ ਸਗੋਂ 'ਪੰਜਾਬ 1984' ਵਰਗੀਆਂ ਫਿਲਮਾਂ ਦੇ ਪੱਧਰ ਦਾ ਡਾਇਰੈਕਟਰ ਹੈ।" ਕਹਿਣ ਦਾ ਭਾਵ ਦਲਜੀਤ ਖੁਦ ਵੀ ਇਹ ਸਵੀਕਾਰ ਕਰ ਰਿਹਾ ਹੈ ਕਿ ਉਸ ਦੀਆਂ ਪਹਿਲੀਆਂ ਫਿਲਮ ਸੱਚ-ਮੁੱਚ ਰੱਦ ਕਰਨ ਵਾਲੀਆਂ ਹਨ। ਇਸ ਫਿਲਮ ਵਿਚ ਕਿਰਨ ਖੇਰ ਨੇ ਮਾਂ ਦੇ ਕਿਰਦਾਰ ਵਿਚ ਪੂਰੀ ਜਾਨ ਭਰ ਦਿੱਤੀ। ਹਾਂ, ਕਿਰਨ ਖੇਰ ਦੇ ਮਾਮਲੇ ਵਿਚ ਨਿਰਦੇਸ਼ਕ ਜ਼ਰੂਰ ਮਾਰ ਖਾ ਗਿਆ ਹੈ। ਉਹ ਕਿਰਨ ਨੂੰ ਪੇਂਡੂ ਮਾਂ ਦੇ ਰੂਪ ਵਿਚ ਨਹੀਂ ਦਿਖਾ ਸਕਿਆ। ਜਿਸ ਤਰ੍ਹਾਂ ਦੀ ਦਿੱਖ ਇਸ ਫਿਲਮ ਵਿਚ ਕਿਰਨ ਖੇਰ ਦੀ ਹੈ, ਉਹ ਬਹੁਤ ਜ਼ੋਰ ਲਾ ਕੇ ਵੀ ਹਜ਼ਮ ਨਹੀਂ ਹੁੰਦੀ। ਖੈਰ! ਉਸ ਦੀ ਅਦਾਕਾਰੀ ਅਤੇ ਅੰਦਾਜ਼ ਨੇ ਗੱਲ ਪੂਰੀ ਬਣਾ ਦਿੱਤੀ। ਉਸ ਦੇ ਘਰਵਾਲੇ ਅਨੁਪਮ ਖੇਰ ਨੇ ਤਾਂ ਭਾਵੇਂ ਉਸ ਦੀ ਅਦਾਕਾਰੀ ਨੂੰ ਆਸਕਰ ਪੱਧਰ ਦੀ ਅਦਾਕਾਰੀ ਕਹਿਣ ਤੱਕ ਛਾਲ ਮਾਰ ਦਿੱਤੀ ਹੈ, ਪਰ ਸੱਚ-ਮੁੱਚ ਕਿਰਨ ਖੇਰ ਨੇ ਆਪਣੀ ਅਦਾਕਾਰੀ ਨਾਲ ਸਭ ਦਾ ਮਨ ਮੋਹਿਆ ਹੈ। ਸੋਨਮ ਬਾਜਵਾ ਕੋਲ ਕਰਨ ਲਈ ਭਾਵੇਂ ਬਹੁਤਾ ਕੁਝ ਨਹੀਂ ਸੀ, ਪਰ ਉਸ ਨੇ ਆਪਣੇ ਕਿਰਦਾਰ ਨਾਲ ਪੂਰਾ ਨਿਆਂ ਕੀਤਾ। ਪਵਨ ਮਲਹੋਤਰਾ ਵੀ ਠੀਕ ਰਿਹਾ। ਉਸ ਵਰਗੇ ਅਦਾਕਾਰ ਦਾ ਪੰਜਾਬੀ ਫਿਲਮ ਵਿਚ ਕੰਮ ਕਰਨਾ ਹੀ ਮਾਣ ਵਾਲੀ ਗੱਲ ਹੈ।



ਪਵਨ ਮਲਹੋਤਰਾ ਫਿਲਮ 'ਪੰਜਾਬ 1984' ਦੇ ਇਕ ਸੀਨ ਵਿਚ।

ਰਹੀ ਗੱਲ ਪੰਜਾਬ ਦੇ ਸਿਧਾਂਤਕ ਮਸਲੇ ਦੀ, ਫਿਲਮ ਦੇ ਤਿੰਨ ਕਿਰਦਾਰ ਖਾੜਕੂ ਸਫਾਂ ਵਿਚ ਰਲਦੇ ਹਨ, ਪਰ ਤਿੰਨਾਂ ਦਾ ਹੀ ਸਿੱਖ ਸੰਘਰਸ਼ ਨਾਲ ਸਿੱਧਾ ਸਬੰਧ ਨਹੀਂ। ਇਥੋਂ ਹੀ ਫਿਲਮ ਦੀ ਕਹਾਣੀ ਪੰਜਾਬ ਸੰਕਟ ਦੀਆਂ ਉਹ ਪਰਤਾਂ ਫਰੋਲਦੀ ਹੈ, ਜੋ ਅੱਜ ਤੱਕ ਪੰਜਾਬੀ ਜਿਊੜਿਆਂ ਨੂੰ ਪ੍ਰੇਸ਼ਾਨ ਕਰ ਰਹੀਆਂ ਹਨ। ਪੰਜਾਬ ਪੁਲਿਸ ਦਾ ਜੋ ਕਿਰਦਾਰ ਇਸ ਫਿਲਮ ਵਿਚ ਪੇਸ਼ ਹੋਇਆ ਹੈ, ਉਸ ਦੇ ਸਹੀ ਹੋਣ ਬਾਰੇ ਤਾਂ ਕਿਸੇ ਦੀਆਂ ਦੋ ਰਾਵਾਂ ਨਹੀਂ ਹੋਣਗੀਆਂ, ਕਿਉਂਕਿ ਉਸ ਦੌਰ ਵਿਚ ਪੁਲਿਸ ਨੇ ਹੀ ਤਾਂ ਸਭ ਤੋਂ ਵੱਧ ਚੰਮ ਦੀਆਂ ਚਲਾਈਆਂ ਸਨ। ਇਸ ਫਿਲਮ ਨੇ ਪੰਜਾਬ ਦੀ ਜਿਹੜੀ ਕਹਾਣੀ ਸੁਣਾਈ ਹੈ, ਉਸ ਦੀਆਂ ਬਹੁਤ ਸਾਰੀਆਂ ਪਰਤਾਂ ਹਨ। ਹਰ ਪਰਤ ਦਾ ਪਰਦਾ ਚੁੱਕਿਆਂ ਰਿਸਦੇ ਜ਼ਖਮ ਦਿਸਣੇ ਸ਼ੁਰੂ ਹੋ ਜਾਂਦੇ ਹਨ। ਇਹ ਅਸਲ ਵਿਚ ਸਾਡੇ ਸਮਿਆਂ ਦਾ ਉਹ ਸੰਤਾਪ ਸੀ ਜਿਸ ਨੇ ਸਾਰੀ ਉਮਰ ਪੰਜਾਬ ਦੇ ਹਰ ਜੀਅ ਨੂੰ ਪ੍ਰੇਸ਼ਾਨ ਕਰੀ ਰੱਖਣਾ ਹੈ।

## ਸਿਨੇਮਾ ਤੇ ਪੰਜਾਬ ਸੰਤਾਪ

ਕਈ ਹਿੰਦੀ ਅਤੇ ਪੰਜਾਬੀ ਫਿਲਮਾਂ ਵਿਚ ਪੰਜਾਬ ਸੰਕਟ ਦਾ ਗਾਹੇ-ਬਗਾਹੇ ਜ਼ਿਕਰ ਆਉਂਦਾ ਰਿਹਾ ਹੈ, ਪਰ ਪਿਛਲੇ ਕੁਝ ਸਮੇਂ ਤੋਂ ਸਿਨੇਮਾ ਵਿਚ ਪੰਜਾਬ ਦੇ ਉਨ੍ਹਾਂ ਲਹੂ-ਲੁਹਾਣ ਦੋ ਦਹਾਕਿਆਂ ਬਾਰੇ ਵਾਹਵਾ ਚਰਚਾ ਹੋਣ ਲੱਗੀ ਹੈ ਜਿਨ੍ਹਾਂ ਨੇ ਪੰਜਾਬੀਆਂ ਨੂੰ ਇਕ ਤਰ੍ਹਾਂ ਨਾਲ ਉਜਾੜ-ਉਖਾੜ ਹੀ ਦਿੱਤਾ ਸੀ। ਉਂਝ ਵੀ ਪਿਛਲੇ ਕੁਝ ਸਮੇਂ ਤੋਂ ਪੰਜਾਬ, ਫਿਲਮ ਨਿਰਮਾਣ ਦਾ ਗੜ੍ਹ ਬਣ ਰਿਹਾ ਹੈ। ਹਿੰਦੀ ਫਿਲਮਾਂ ਦੀ ਸ਼ੂਟਿੰਗ ਹੁਣ ਪੰਜਾਬ ਵਿਚ ਹੁੰਦੀ ਦੇਖੀ ਜਾ ਸਕਦੀ ਹੈ। ਪੰਜਾਬ ਸੰਕਟ ਨਾਲ ਸਿੱਧੀ ਸਬੰਧਤ ਫਿਲਮ 'ਮਾਚਿਸ' ਨਾਮਵਰ ਫਿਲਮਸਾਜ਼ ਅਤੇ ਸ਼ਾਇਰ ਗੁਲਜ਼ਾਰ ਨੇ 1996 ਵਿਚ ਬਣਾਈ ਸੀ। ਉਦੋਂ ਅਜੇ 90ਵਿਆਂ ਦੇ ਸ਼ੁਰੂ ਵਿਚ ਪੰਜਾਬ ਵਿਚ ਹਿੰਸਾ ਦਾ ਦੌਰ ਅਜੇ ਖਤਮ ਹੀ ਹੋਇਆ ਸੀ। ਇੰਨੇ ਨੇੜਲੇ ਸਮੇਂ ਬਾਰੇ ਫਿਲਮ ਰਾਹੀਂ ਟਿੱਪਣੀ ਕਰਨੀ ਕੋਈ ਸੌਖਾ ਕੰਮ ਨਹੀਂ ਹੁੰਦਾ ਪਰ ਫਿਲਮ ਵਿਚ ਗੁਲਜ਼ਾਰ ਨੇ ਆਪਣੀ ਸੰਵੇਦਨਸ਼ੀਲਤਾ ਵਾਲਾ ਰੰਗ ਛੱਡਿਆ। ਫਿਲਮ ਅਜਿਹੇ ਨੌਜਵਾਨਾਂ ਦੀ ਕਹਾਣੀ ਹੈ ਜੋ ਬਦਲੇ ਦੀ ਅੱਗ ਵਿਚ ਭੁੱਜ ਰਹੇ ਹਨ। ਇਹ ਸਾਧਾਰਨ ਨੌਜਵਾਨ ਆਖਰਕਾਰ ਕਿਸ ਤਰ੍ਹਾਂ ਹੱਥਾਂ ਵਿਚ ਬੰਦੂਕਾਂ ਲੈ ਤੁਰੇ, ਇਹ ਸਵਾਲ ਛੱਡਣ ਵਿਚ ਫਿਲਮਸਾਜ਼ ਕਾਮਯਾਬ ਰਹਿੰਦਾ ਹੈ।




ਗੁਲਜ਼ਾਰ ਦੀ ਫਿਲਮ 'ਮਾਚਿਸ' ਵਿਚ ਅਦਾਕਾਰਾ ਤੱਬੂ

ਇਕ ਹੋਰ ਹਿੰਦੀ ਫਿਲਮ 'ਹਵਾਏਂ' ਪੰਜਾਬ ਸੰਕਟ ਨਾਲ ਸਬੰਧਤ ਹੈ। ਇਹ ਫਿਲਮ ਭਾਵੇਂ ਹਿੰਦੀ ਵਿਚ ਬਣੀ ਸੀ ਪਰ ਇਸ ਨੂੰ ਬਣਾਉਣ ਵਾਲੇ ਅਤੇ ਇਸ ਵਿਚ ਅਦਾਕਾਰੀ ਕਰਨ ਵਾਲੇ ਤਕਰੀਬਨ ਸਾਰੇ ਕਲਾਕਾਰ ਪੰਜਾਬੀ ਹੀ ਸਨ। ਇਸ ਫਿਲਮ ਵਿਚ 1984 ਵਿਚ ਸਿੱਖਾਂ ਦੇ ਕਤਲੇਆਮ ਤੋਂ ਬਆਦ ਦੇ ਹਾਲਾਤ ਬਾਰੇ ਚਰਚਾ ਕੀਤੀ ਗਈ ਹੈ। ਇਹ ਫਿਲਮ 2003 ਵਿਚ ਆਈ ਸੀ ਅਤੇ ਇਸ ਫਿਲਮ ਦਾ ਨਿਰਦੇਸ਼ਕ ਪਟਕਥਾ ਲੇਖਕ ਤੇ ਨਾਇਕ ਅਮਿਤੋਜ ਮਾਨ ਸਨ। ਪੰਜਾਬੀ ਗਾਇਕ ਬੱਬੂ ਮਾਨ ਨੇ ਵੀ ਇਸ ਫਿਲਮ ਵਿਚ ਅਹਿਮ ਕਿਰਦਾਰ ਨਿਭਾਇਆ ਸੀ ਤੇ ਇਸ ਬਾਰੇ ਖੂਬ ਚਰਚਾ ਹੋਈ ਸੀ।

ਪੰਜਾਬ ਸੰਕਟ ਬਾਰੇ ਬਣਾਈ ਤੀਜੀ ਅਹਿਮ ਫ਼ਿਲਮ 'ਦੇਸ ਹੋਇਆ ਪਰਦੇਸ' ਹੈ। ਇਹ ਫਿਲਮ ਫਿਲਮਸਾਜ਼ ਮਨੋਜ ਪੁੰਜ ਨੇ ਬਣਾਈ ਸੀ ਅਤੇ ਇਹ 2004 ਵਿਚ ਸਿਨੇਮਿਆਂ ਵਿਚ ਦਿਖਾਈ ਗਈ ਸੀ। ਇਸ ਫ਼ਿਲਮ ਦੀ ਕਹਾਣੀ 1984 ਤੋਂ ਬਾਅਦ ਦੇ ਸਮੇਂ ਨਾਲ ਸਬੰਧਤ ਹੈ। ਫ਼ਿਲਮ ਪੰਜਾਬ ਅਤੇ ਅਮਰੀਕਾ, ਦੋ ਥਾਈਂ ਵਾਪਰਦੀ ਹੈ। ਫ਼ਿਲਮ ਬਣਾਉਣ ਵਾਲਿਆਂ ਦਾ ਇਹ ਦਾਅਵਾ ਸੀ ਕਿ ਇਹ ਫਿਲਮ ਸੱਚੀ ਘਟਨਾ ਉਤੇ ਆਧਾਰਤ ਹੈ। ਪੰਜਾਬ ਸੰਕਟ ਬਾਰੇ ਜਿਹੜੀ ਫਿਲਮ ਸਭ ਤੋਂ ਵੱਧ ਚਰਚਿਤ ਹੋਈ, ਉਹ ਸੀ 'ਸਾਡਾ ਹੱਕ'। ਇਹ ਫ਼ਿਲਮ ਭਾਰਤ ਤੋਂ ਬਾਹਰ 5 ਅਪਰੈਲ 2013 ਅਤੇ ਭਾਰਤ ਵਿਚ 10 ਮਈ 2013 ਨੂੰ ਰਿਲੀਜ਼ ਹੋਈ। ਮਨਦੀਪ ਬੈਨੀਪਾਲ ਇਸ ਫਿਲਮ ਦੇ ਨਿਰਦੇਸ਼ਕ ਸਨ। ਫ਼ਿਲਮ ਦੀ ਕਹਾਣੀ, ਪਟਕਥਾ ਅਤੇ ਸੰਵਾਦ ਕੁਲਜਿੰਦਰ ਸਿੰਘ ਸਿੱਧੂ ਦੇ ਸਨ। 'ਸਾਡਾ ਹੱਕ' ਰਿਲੀਜ਼ ਹੋਣ ਤੋਂ ਪਹਿਲਾਂ ਹੀ ਵਿਵਾਦਾਂ ਵਿਚ ਘਿਰ ਗਈ ਸੀ। ਇਹ ਫਿਲਮ ਅਸਲ ਵਿਚ ਹੱਕ ਉਭਾਰਨ ਦਾ ਇਕ ਜਰੀਆ ਹੋ ਨਿਬੜੀ।

ਇਸ ਤੋਂ ਬਿਨਾਂ ਮਨਿੰਦਰ ਕਾਂਗ ਦੀ ਮਸ਼ਹੂਰ ਕਹਾਣੀ 'ਭਾਰ' ਦੇ ਆਧਾਰ 'ਤੇ ਬਣੀ ਫ਼ਿਲਮ 'ਭਾਰ' ਦੀ ਵੀ ਖੂਬ ਚਰਚਿਤ ਹੋਈ। ਸ਼ੁਭਆਸ਼ੀਸ਼ ਭੁਟਾਨੀ ਵੱਲੋਂ ਨਿਰਦੇਸ਼ਤ ਫਿਲਮ 'ਕੁਸ਼' ਸਿੱਖ ਕਤਲੇਆਮ ਦਾ ਦਰਦ ਬਿਆਨ ਕਰਦੀ ਹੈ। ਫਿਲਮਸਾਜ਼ ਪ੍ਰਿੰਸ ਕੁਲਵਿੰਦਰ ਸਿੰਘ ਦੀ ਫਿਲਮ 'ਲੈਦਰ ਲਾਈਫ਼' ਅਤੇ ਰਾਜ ਕਾਕੜਾ ਦੀ ਫਿਲਮ 'ਕੌਮ ਦੇ ਹੀਰੇ' ਨੇ ਵੀ ਪੰਜਾਬ ਸੰਕਟ ਬਾਰੇ ਗੱਲਾਂ ਛੇੜੀਆਂ। ਫਿਲਮਸਾਜ਼ ਰਾਜੀਵ ਸ਼ਰਮਾ ਦੀ ਫਿਲਮ '47 ਤੋਂ 84' ਨੇ ਸਿੱਖ ਕਤਲੇਆਮ ਨੂੰ ਵਿਸ਼ਾ ਬਣਾ ਕੇ ਪੰਜਾਬ ਦੀ ਸਿਆਸਤ ਬਾਰੇ ਬਾਤ ਪਾਈ।




ਪੰਜਾਬ ਸੰਕਟ ਬਾਰੇ ਬਣੀਆਂ ਫਿਲਮਾਂ ਦੇ ਪੋਸਟਰ


Healthy Body Healthy Mind!
Sikh Sports Association of U.S.A.
a non-profit organization 501(c)(3)
presents
ਅੱਠਵੀਆਂ ਸਾਲਾਨਾ ਖੇਡਾਂ
OPEN TO ALL COMMUNITIES
8th ANNUAL GAMES
JULY 12-13 , 2014
Golf
Tag Football
Soccer
Volleyball
Basketball
Tennis
Kabaddi
Track & Field
Field Hockey
JAMES LOGAN HIGH SCHOOL
1800 H STREET UNION CITY, CA 94587
SIKH SPORTS ASSOCIATION OF U.S.A.
To advertise in our souvenir, set up a booth or banner ad, please call
Ph: 866.499.0032.
ਕੈਲੀਫੋਰਨੀਆ ਦੀਆਂ ਇੱਕੋ ਇੱਕ ਸਲਾਨਾ ਖੇਡਾਂ ਜਿੱਥੇ 1350 ਤੋ ਵੱਧ ਖਿਡਾਰੀ ਹਰੇਕ ਸਾਲ ਭਾਗ ਲੈਂਦੇ ਹਨ।
for registration visit WWW.SIKHSPORTS.COM
Donations: Online www.sikhsports.com or mail check to 4430 Deer Field Way, Danville, CA 94506
Sikh Sports Association of USA is a non-profit organization 501(c)(3)
Sandeep Chahal 408.931.5200

ੴ ਸਤਿਗੁਰ ਪ੍ਰਸਾਦਿ

ਸੰਤ ਕਾ ਮਾਰਗ ਧਰਮੁ ਕੀ ਪੌੜੀ ਕੋ ਵਡਭਾਗੀ ਪਾਏ॥

# ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ ਸੈਂਟਾ ਕਲਾਰਾ

**64ਵੀਂ ਬਰਸੀ**

## ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲੇ

## 6 ਜੁਲਾਈ, ਦਿਨ ਐਤਵਾਰ

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਪੰਥ ਦੇ ਮਹਾਨ ਤਪੱਸਵੀ, ਗੁਰਮਤਿ ਪ੍ਰਚਾਰਕ, ਸਮਾਜ ਸੇਵਕ, ਵਿਦਿਆ-ਦਾਨੀ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ (ਬੇਗੋਵਾਲ, ਜ਼ਿਲ੍ਹਾ ਕਪੂਰਥਲਾ) ਦੀ ਸਾਲਾਨਾ ਬਰਸੀ ਗੁਰਦੁਆਰਾ ਸਾਹਿਬ, ਸਿਲੀਕਾਨ ਵੈਲੀ, ਸੈਂਟਾ ਕਲਾਰਾ ਵਿਖੇ ਬੜੇ ਪਿਆਰ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧ ਵਿਚ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ।

### ਪ੍ਰੋਗਰਾਮ

**ਅਰੰਭ ਸ੍ਰੀ ਅਖੰਡਪਾਠ ਸਾਹਿਬ 4 ਜੁਲਾਈ, 2014 ਸਵੇਰੇ 10 ਵਜੇ**
**ਸਮਾਪਤੀ 6 ਜੁਲਾਈ, 2014 ਸਵੇਰੇ 10 ਵਜੇ**

ਭਾਈ ਹਰਦੀਪ ਸਿੰਘ ਕੰਚਨ, ਭਾਈ ਨਿਰਮਲ ਸਿੰਘ ਸੂਰਾ ਅਤੇ ਭਾਈ ਚਰਨਜੀਤ ਸਿੰਘ ਦਿੱਲੀਵਾਲੇ ਕੀਰਤਨ ਕਰਨਗੇ ਅਤੇ ਇਸ ਦੇ ਨਾਲ ਹੀ ਵਿਦਵਾਨਾਂ ਵਲੋਂ ਸੰਤ ਜੀ ਦੇ ਜੀਵਨ ਉਪਰ ਰੋਸ਼ਨੀ ਪਾਈ ਜਾਵੇਗੀ।



ਸੰਤ ਬਾਬਾ ਪ੍ਰੇਮ ਸਿੰਘ ਜੀ

ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕਥਾ-ਕੀਰਤਨ ਦਾ ਪਰਵਾਹ ਚੱਲੇਗਾ। ਉਪਰੰਤ ਅਰਦਾਸ ਹੋਵੇਗੀ। ਸਮੂਹ ਸਾਧ ਸੰਗਤ ਦੀ ਸੇਵਾ ਵਿਚ ਬੇਨਤੀ ਹੈ ਕਿ ਪਰਿਵਾਰਾਂ ਸਮੇਤ, ਸਮੇਂ ਸਿਰ ਗੁਰਦੁਆਰਾ ਸਾਹਿਬ ਪਹੁੰਚ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਗੁਰੂ ਕਾ ਲੰਗਰ 11 ਵਜੇ ਤੋਂ ਅਟੁੱਟ ਵਰਤੇਗਾ ਜੀ। ਲੰਗਰ ਦੀ ਸੇਵਾ ਸੰਤ ਜੀ ਦੇ ਸ਼ਰਧਾਲੂਆਂ ਵਲੋਂ ਹੋਵੇਗੀ ਜੀ।

ਲੰਗਰ ਦੀ ਸੇਵਾ ਸਮੂਹ ਸਾਧ ਸੰਗਤ ਕਰਨਾਲ ਨਿਵਾਸੀ, ਉਤਰਾਖੰਡ ਯੂਪੀ ਨਿਵਾਸੀ ਤੇ ਜਿਲਾ ਕਪੂਰਥਲਾ ਦੇ ਸੰਤ ਜੀ ਦੇ ਸ਼ਰਧਾਲੂਆਂ ਵਲੋਂ ਹੋਵੇਗੀ।

*64th Barsi of Sant Baba Prem Singh Ji Muralewale (Begowal, Distt. Kapurthala) is being celebrated at Gurudwara Sahib from July 4 to July 6, 2014. All are requested to participate in paying homage to the great Saint of the 20th Century & Seek God's blessings.*

### ਹੋਰ ਜਾਣਕਾਰੀ ਲਈ ਸੰਪਰਕ ਕਰੋ

ਤਰਲੋਚਨ ਸਿੰਘ ਮੁਲਤਾਨੀ 408-298-1857, ਦਰਸ਼ਨ ਸਿੰਘ ਮੁਲਤਾਨੀ 408-832-6190
ਜੋਗਿੰਦਰ ਸਿੰਘ 650-630-0375, ਜਰਨੈਲ ਸਿੰਘ ਮੁਲਤਾਨੀ 408-608-4722
ਸੁਖਦੇਵ ਸਿੰਘ ਘੋਤੜਾ 408-541-1515, ਗੁਰਦਿਆਲ ਸਿੰਘ ਘੋਤੜਾ 408-849-1593

ਐਡ ਸਪਾਂਸਰ: ਸਿੰਘ ਪਲੰਬਿੰਗ ਸਰਵਿਸ, ਸੈਨ ਹੋਜ਼ੇ 408-888-5670